EVEREST TRANSPORT INC
We are Hiring
Company Drivers
For team 60 cents per mile+Safety Bonus.
For Single Driver Run 52 cents per mile.
Call, Goldy Ph: 260-797-1122

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਖੁੱਲ੍ਹ ਗਿਆ ਹੈ ! ਨਵਾਂ ਗਰੌਸਰੀ ਸਟੋਰ
Big Bazaar Indian Grocery & Sweets
5425 E. Thompson Rd. Indianapolis IN 46237
(South side of Indianapolis close to I-465 Exit 52)
ਗੁਰੂ ਘਰ ਅਤੇ ਧਾਰਮਕ ਪ੍ਰੋਗਰਾਮਾਂ ਤੇ ਗੁਰੂ ਘਰ ਦੇ ਪਾਠੀ ਸਿੰਘਾਂ ਲਈ ਵਿਸ਼ੇਸ਼ 10% ਛੋਟ
Ph: 317-640-2400

BUYING OR SELLING A HOME IN MICHIGAN
734-330-7933
734-459-1010
gary@soldbysingh.com
soldbysingh.com
RE/MAX CLASSIC
7 Offices to better Serve YOU!
Plymouth • Novi • Canton • Farmington Hills
Milford • Commerce Twp • Bloomfield Hills
Gurjeet Singh (Realtor)

Twentieth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 11, March 16, 2019
20451 N. Plum Grove Rd., Palatine, IL 60074
Ph:847-359-0746, Fax:847-705-9388

# ਭਾਰਤ ਵਿਚ ਚੋਣ-ਜੰਗ ਦੇ ਨਗਾਰੇ 'ਤੇ ਲੱਗੀ ਚੋਟ

## ਲੰਮੀ ਚੋਣ ਪ੍ਰਕ੍ਰਿਆ ਉਤੇ ਉਠੇ ਸਵਾਲ

**ਨਵੀਂ ਦਿੱਲੀ:** ਕੇਂਦਰੀ ਚੋਣ ਕਮਿਸ਼ਨ ਵੱਲੋਂ ਸਤਾਰ੍ਹਵੀਂ ਲੋਕ ਸਭਾ ਲਈ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰਨ ਨਾਲ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ, ਪਰ ਇੰਨੀ ਲੰਮੀ ਚੋਣ ਪ੍ਰਕਿਰਿਆ ਵੱਡੇ ਸਵਾਲ ਖੜ੍ਹੇ ਕਰਨ ਵਾਲੀ ਹੈ। ਇਹ ਚੋਣਾਂ ਸੱਤ ਪੜਾਵਾਂ ਵਿਚ ਹੋਣਗੀਆਂ।

ਪਹਿਲੇ ਪੜਾਅ ਲਈ ਵੋਟਾਂ 11 ਅਪਰੈਲ ਨੂੰ ਪੈਣਗੀਆਂ ਅਤੇ ਆਖਰੀ (ਸੱਤਵੇਂ) ਪੜਾਅ ਲਈ 19 ਮਈ ਨੂੰ। ਪੰਜਾਬ ਤੇ ਚੰਡੀਗੜ੍ਹ ਵਿਚ ਵੋਟਾਂ ਆਖਰੀ ਪੜਾਅ ਦੌਰਾਨ ਹੋਣਗੀਆਂ। ਵੋਟਾਂ ਦੀ ਗਿਣਤੀ 23 ਮਈ ਨੂੰ ਹੋਵੇਗੀ। ਉਤਰ ਪ੍ਰਦੇਸ਼, ਬਿਹਾਰ ਅਤੇ ਪੱਛਮੀ ਬੰਗਾਲ ਵਿਚ ਚੋਣ ਪ੍ਰਕਿਰਿਆ ਸੱਤ ਪੜਾਵਾਂ ਵਿਚ ਮੁਕੰਮਲ ਹੋਵੇਗੀ। ਤੀਜੇ ਪੜਾਅ ਵਿਚ ਸਭ ਤੋਂ ਵੱਧ ਸੀਟਾਂ (115) ਲਈ ਵੋਟਾਂ ਪੈਣਗੀਆਂ। ਇਸ ਦੇ ਨਾਲ-ਨਾਲ ਚਾਰ ਰਾਜਾਂ-ਆਂਧਰਾ ਪ੍ਰਦੇਸ਼, ਸਿੱਕਮ, ਅਰੁਣਾਚਲ ਪ੍ਰਦੇਸ਼ ਅਤੇ ਉੜੀਸਾ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵੀ ਹੋਣਗੀਆਂ। ਇਹ ਪਹਿਲੀ ਵਾਰ ਹੈ ਜਦੋਂ ਚੋਣ ਪ੍ਰਕਿਰਿਆ ਨੂੰ ਇੰਨਾ ਲੰਮਾ ਖਿੱਚਿਆ ਗਿਆ ਹੋਵੇ। ਬਿਹਾਰ, ਪੱਛਮੀ ਬੰਗਾਲ ਤੇ ਉਤਰ ਪ੍ਰਦੇਸ਼ ਵਿਚ ਚੋਣਾਂ ਸੱਤ ਪੜਾਵਾਂ ਵਿਚ ਹੋਣਗੀਆਂ। ਆਬਾਦੀ ਪੱਖੋਂ ਦੇਸ਼ ਦਾ ਸਭ ਤੋਂ ਵੱਡਾ ਸੂਬਾ ਹੋਣ ਕਾਰਨ ਉਤਰ ਪ੍ਰਦੇਸ਼ ਵਿਚ ਇੰਨੇ ਪੜਾਵਾਂ ਵਿਚ ਚੋਣਾਂ ਕਰਵਾਉਣ ਦੀ ਗੱਲ ਤਾਂ ਸਮਝ ਆਉਂਦੀ ਹੈ ਪਰ ਬਿਹਾਰ ਤੇ ਪੱਛਮੀ ਬੰਗਾਲ ਵਿਚ ਚੋਣਾਂ ਦਾ ਸੱਤ ਪੜਾਵਾਂ ਵਿਚ ਹੋਣਾ ਹੈਰਾਨੀ ਵਾਲਾ ਫੈਸਲਾ ਹੈ। ਇਸੇ ਤਰ੍ਹਾਂ ਉੜੀਸਾ ਵਿਚ ਚੋਣਾਂ ਚਾਰ ਪੜਾਵਾਂ ਵਿਚ ਹੋਣਗੀਆਂ। ਇਸ ਦੇ ਮੁਕਾਬਲੇ ਆਂਧਰਾ ਪ੍ਰਦੇਸ਼, ਗੁਜਰਾਤ, ਤਿਲੰਗਾਨਾ ਤੇ ਤਾਮਿਲ ਨਾਡੂ ਜਿਹੇ ਵੱਡੇ ਸੂਬਿਆਂ ਵਿਚ ਵੋਟਾਂ ਇਕੋ ਪੜਾਅ ਵਿਚ ਹੀ ਪੈਣਗੀਆਂ।

ਚੋਣ ਕਮਿਸ਼ਨ ਦੇ ਅਧਿਐਨ ਅਤੇ ਰਾਜਸੀ ਵਿਸ਼ਲੇਸ਼ਕਾਂ ਮੁਤਾਬਕ ਪੰਜਾਬ ਦੀਆਂ ਚੋਣਾਂ ਵਿਚ



ਸਭ ਤੋਂ ਜ਼ਿਆਦਾ ਧਨ ਸ਼ਕਤੀ ਅਤੇ ਨਸ਼ਿਆਂ ਦੀ ਵਰਤੋਂ ਹੁੰਦੀ ਹੈ। ਚੋਣ ਅਮਲ ਲੰਮਾ ਹੋਣ ਕਾਰਨ ਸੂਬੇ ਤੋਂ ਚੋਣ ਲੜਨ ਵਾਲੇ ਉਮੀਦਵਾਰਾਂ ਨੂੰ ਇਸ ਵਾਰ ਖਰਚ ਜ਼ਿਆਦਾ ਕਰਨਾ ਪਵੇਗਾ। ਸੂਬੇ ਵਿਚ ਸਵਾ ਦੋ ਮਹੀਨਿਆਂ ਦੇ ਵਕਫੇ ਬਾਅਦ ਵੋਟਾਂ ਪੈਣਗੀਆਂ। ਚੋਣ ਜ਼ਾਬਤਾ ਲਾਗੂ ਹੋਣ ਨਾਲ ਸਰਕਾਰੀ ਮਸ਼ੀਨਰੀ ਨੂੰ ਬਰੇਕਾਂ ਲੱਗ ਗਈਆਂ ਹਨ। ਕੈਪਟਨ ਸਰਕਾਰ ਵੱਲੋਂ ਚੋਣ ਕਮਿਸ਼ਨ ਨੂੰ ਸੁਝਾਅ ਦਿੱਤਾ ਗਿਆ ਸੀ ਕਿ ਚੋਣਾਂ ਦਾ ਅਮਲ ਜੇਕਰ ਸੰਭਵ ਹੋ ਸਕੇ ਤਾਂ ਕਣਕ ਦੀ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਨਿਬੇੜ ਲਿਆ ਜਾਵੇ। ਚੋਣ ਕਮਿਸ਼ਨ ਜੇਕਰ ਸੁਝਾਅ ਮੰਨਦਾ ਹੈ ਤਾਂ ਵੋਟਾਂ ਪਹਿਲੇ ਗੇੜ ਭਾਵ 11 ਅਪਰੈਲ ਨੂੰ ਪਵਾਈਆਂ ਜਾ ਸਕਦੀਆਂ ਸਨ ਪਰ ਹੁਣ 19 ਮਈ ਨੂੰ ਵੋਟਾਂ ਦੇ ਐਲਾਨ ਨਾਲ ਪੰਜਾਬ ਸਰਕਾਰ ਲਈ ਕਈ ਤਰ੍ਹਾਂ ਦੀ ਸਿਰਦਰਦੀ ਵਧ ਗਈ।

ਢਾਈ ਮਹੀਨੇ ਤੋਂ ਵੱਧ ਸਮਾਂ ਚੋਣ ਜ਼ਾਬਤਾ ਲੱਗਣ ਕਾਰਨ ਸਰਕਾਰੀ ਕੰਮ ਕਾਰ ਮੁਕੰਮਲ ਤੌਰ 'ਤੇ ਰੁਕ ਜਾਣੇ ਹਨ। ਇਸੇ ਤਰ੍ਹਾਂ ਕਣਕ ਦੀ

*(ਬਾਕੀ ਸਫਾ 6 ਉਤੇ)*

# ਪੰਜਾਬ ਦੀਆਂ ਸਿਆਸੀ ਧਿਰਾਂ ਲਈ ਲੰਮਾ ਸੰਘਰਸ਼

**ਚੰਡੀਗੜ੍ਹ:** ਸੰਸਦੀ ਚੋਣਾਂ ਲਈ ਪੰਜਾਬ ਦੀਆਂ ਸਿਆਸੀ ਧਿਰਾਂ ਨੂੰ ਲੰਮਾ ਸਮਾਂ ਚੋਣ ਮੈਦਾਨ ਵਿਚ ਸੰਘਰਸ਼ ਕਰਨਾ ਪਵੇਗਾ। ਪੰਜਾਬ ਦੇ 13 ਸੰਸਦੀ ਹਲਕਿਆਂ ਲਈ ਵੋਟਾਂ 19 ਮਈ ਨੂੰ ਪੈਣਗੀਆਂ ਤੇ 23 ਮਈ ਨੂੰ ਵੋਟਾਂ ਦੀ ਗਿਣਤੀ ਹੋਵੇਗੀ। 22 ਤੋਂ 29 ਅਪਰੈਲ ਤੱਕ ਨਾਮਜ਼ਦਗੀ ਪਰਚੇ ਭਰੇ ਜਾ ਸਕਣਗੇ। ਇਨ੍ਹਾਂ ਚੋਣਾਂ ਵਿਚ ਹਾਕਮ ਧਿਰ ਕਾਂਗਰਸ, ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ, ਆਮ ਆਦਮੀ ਪਾਰਟੀ, ਪੰਜਾਬ ਏਕਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਟਕਸਾਲੀ), ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਬਹੁਜਨ ਸਮਾਜ ਪਾਰਟੀ, ਖੱਬੀਆਂ ਧਿਰਾਂ ਆਦਿ ਸਿਆਸੀ ਧਿਰਾਂ ਵੱਲੋਂ ਉਮੀਦਵਾਰ ਖੜ੍ਹੇ ਕੀਤੇ ਜਾਣੇ ਹਨ।

ਚੋਣਾਂ ਦੇ ਐਲਾਨ ਨਾਲ ਰਾਜਸੀ ਧਿਰਾਂ ਨੇ ਚੋਣ ਮੈਦਾਨ ਮਘਾਉਣ ਲਈ ਉਮੀਦਵਾਰਾਂ ਦੇ ਨਾਵਾਂ ਨੂੰ ਅੰਤਿਮ ਰੂਪ ਦੇਣ ਦੀਆਂ ਗਤੀਵਿਧੀਆਂ ਵੀ ਸ਼ੁਰੂ ਕਰ ਦਿੱਤੀਆਂ ਹਨ। ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਨੇ 19 ਮਈ ਨੂੰ ਸੂਬੇ ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ 13 ਵਿਚੋਂ 12 ਸੀਟਾਂ ਉਤੇ ਸਹਿਮਤੀ ਬਣਾ ਲਈ ਹੈ। ਦੋ ਖੱਬੀਆਂ ਧਿਰਾਂ ਸੀ.ਪੀ.ਆਈ. ਅਤੇ ਆਰ.ਸੀ.ਪੀ.ਆਈ. ਵੀ ਪੀ.ਡੀ.ਏ. ਵਿਚ ਸ਼ਾਮਲ ਹੋ ਗਈਆਂ ਹਨ। ਹੁਣ ਪੀ.ਡੀ.ਏ. ਵਿਚ 6 ਧਿਰਾਂ ਸ਼ਾਮਲ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਬਹੁ ਗਿਣਤੀ ਸੰਸਦੀ ਹਲਕਿਆਂ ਤੋਂ ਕੁਝ ਦਿਨਾਂ ਤੱਕ ਹੀ ਉਮੀਦਵਾਰਾਂ ਦੇ ਨਾਮ ਐਲਾਨੇ ਜਾਣ ਦੀ ਸੰਭਾਵਨਾ ਹੈ। ਅਕਾਲੀ ਦਲ ਇਸ ਸਮੇਂ ਸਿਆਸੀ ਸੰਕਟ ਨਾਲ ਜੂਝ ਰਿਹਾ ਹੈ ਤੇ ਇਹ ਮੰਨਿਆ ਜਾ ਰਿਹਾ ਹੈ ਕਿ ਜੇਕਰ ਅਕਾਲੀ ਦਲ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨਹੀਂ ਦਿਖਾਉਂਦਾ ਤਾਂ ਪਾਰਟੀ ਦੇ ਸਿਆਸੀ ਭਵਿੱਖ 'ਤੇ ਹੀ ਗ੍ਰਹਿਣ ਨਹੀਂ ਲੱਗੇਗਾ ਸਗੋਂ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਵੀ ਚੁਣੌਤੀਆਂ ਵੱਧ ਜਾਣਗੀਆਂ। ਆਮ ਆਦਮੀ ਪਾਰਟੀ ਲਈ ਵੀ ਇਹ ਚੋਣਾਂ ਵੱਡੀ ਚੁਣੌਤੀ ਹਨ।

'ਆਪ' ਤੋਂ ਵੱਖ ਹੋ ਕੇ ਨਵੀਂ ਪਾਰਟੀ ਦਾ ਗਠਨ ਕਰਨ ਵਾਲੇ ਸੁਖਪਾਲ ਸਿੰਘ ਖਹਿਰਾ ਦੇ ਸਿਆਸੀ ਭਵਿੱਖ ਨੂੰ ਵੀ ਚੋਣਾਂ ਪ੍ਰਭਾਵਿਤ ਕਰਨਗੀਆਂ। ਉਧਰ, ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਮਜ਼ਬੂਤ ਸਰਕਾਰ ਹੋਣ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਆਪਣੇ ਦਮ 'ਤੇ ਸੰਸਦੀ ਚੋਣਾਂ ਦੀ ਸਿਆਸੀ ਲੜਾਈ ਲੜਨ ਦੇ ਸਮਰੱਥ ਦਿਖਾਈ ਨਹੀਂ ਦੇ ਰਹੀ। ਸੂਬੇ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲੀ ਨਾਲ ਭਾਜਪਾ ਵੱਲੋਂ ਪਿਛਲੇ ਦੋ ਦਹਾਕਿਆਂ ਤੋਂ 3 ਸੰਸਦੀ ਹਲਕਿਆਂ ਤੋਂ ਚੋਣ ਲੜੀ ਜਾ ਰਹੀ ਹੈ ਪਰ ਹਾਲੇ ਤੱਥ ਇਹ ਪਾਰਟੀ ਪੱਕੇ ਪੈਰੀਂ ਨਹੀਂ ਹੋ ਸਕੀ। ਸੰਸਦੀ ਚੋਣਾਂ ਦੌਰਾਨ ਵੀ ਭਾਜਪਾ ਦੀ ਬੇੜੀ ਅਕਾਲੀਆਂ ਵਾਂਗ ਹੀ ਡਾਵਾਂਡੋਲ ਦਿਖਾਈ ਦੇ ਰਹੀ ਹੈ। ਅਕਾਲੀਆਂ ਵਾਂਗ ਆਪਣੇ ਦਸ ਸਾਲਾ ਕੁਸ਼ਾਸਨ ਦਾ ਪਰਛਾਵਾਂ ਭਾਜਪਾ ਨੂੰ ਵੀ ਝੱਲਣਾ ਪੈ ਰਿਹਾ ਹੈ। ਪੰਜਾਬ ਦੇ ਭਾਜਪਾ ਆਗੂਆਂ ਦਾ ਸਾਰਾ ਦਾਰੋਮਦਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੇਸ਼ ਵਿਆਪੀ ਲਹਿਰ ਦੇ ਸਹਾਰੇ ਹੀ ਖੜ੍ਹਾ ਹੈ ਤੇ ਭਾਜਪਾ ਪੰਜਾਬ ਵਿਚ ਵੀ ਮੋਦੀ ਲਹਿਰ ਦੇ ਕੰਧਾੜੇ ਚੜ੍ਹ ਕੇ ਹੀ ਤਿੰਨਾਂ ਸੀਟਾਂ ਵਿਚੋਂ ਵੱਧ ਤੋਂ ਵੱਧ 'ਤੇ ਜੇਤੂ ਹੋਣ ਦੇ ਸੁਪਨੇ ਲੈ ਰਹੀ ਹੈ। ਭਾਜਪਾ ਵੱਲੋਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਰਪੁਰ (ਰਾਖਵਾਂ) ਸੰਸਦੀ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕੀਤੇ ਜਾਂਦੇ ਹਨ।

*(ਬਾਕੀ ਸਫਾ 6 ਉਤੇ)*

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

BEST FARE GUARANTEE
WorldWide Travel
866 66 INDIA
734 838 9998
24 ਘੰਟੇ ਐਮਰਜੈਂਸੀ ਸੇਵਾ
Please call our office for more details on latest fares

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Raj Shergill
Associate Broker
Landmark Realty
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com

# ਗੁਰਦੁਆਰਾ ਪੈਲਾਟਾਈਨ ਵਿਖੇ ਕਾਰ ਸੇਵਾ ਦੀ ਦਸਵੀਂ ਵਰ੍ਹੇਗੰਢ

**ਸ਼ਿਕਾਗੋ:** ਸੇਵਾ ਤੇ ਸਿਮਰਨ ਸਿੱਖੀ ਦੇ ਦੋ ਧੁਰੇ ਹਨ। ਨਿਸ਼ਕਾਮ ਸੇਵਾ ਸਿੱਖ ਧਰਮ ਦੀ ਗੁਰੂ ਸਾਹਿਬਾਨ ਵਲੋਂ ਮਿਥੀ ਪਰੰਪਰਾ ਹੈ ਅਤੇ ਸਭ ਗੁਰੂ ਸਾਹਿਬਾਨ ਨੇ ਆਪਣੇ ਹੱਥੀਂ ਸੇਵਾ ਕਰਕੇ ਨਗਰ ਵਸਾਏ।

ਪੈਲਾਟਾਈਨ (ਇਲੀਨਾਏ) ਗੁਰੂਘਰ ਦੇ ਕਾਰ ਸੇਵਕ 2008 ਤੋਂ ਧੜੇਬਾਜ਼ੀ ਤੋਂ ਉਪਰ ਉਠ ਕੇ ਇਕਜੁੱਟ ਹੋ ਸੇਵਾ ਕਰ ਰਹੇ ਹਨ। ਵਾਹਿਗੁਰੂ ਦੀ ਅਪਾਰ ਕਿਰਪਾ ਨਾਲ ਇਹ ਕਾਫਲਾ ਬਾਹਰਲੇ ਵਾਤਾਵਰਣ ਨੂੰ ਦੇਖਦਿਆਂ ਵਿਉਂਤਬੰਦੀ ਨਾਲ ਇਕ ਨਿਸ਼ਾਨ ਸਾਹਿਬ ਹੇਠਾਂ ਇਕੱਤਰ ਹੋਇਆ ਅਤੇ ਗੁਰੂਘਰ ਦੀ ਇਮਾਰਤ ਅਤੇ ਸੰਗਤ ਦੀ ਹਿਫਾਜ਼ਤ ਦਾ ਖਾਸ ਖਿਆਲ ਰੱਖਦਿਆਂ ਇਸ ਨੇ ਕਾਰ ਸੇਵਾ ਦਾ ਕੰਮ ਅਰੰਭਿਆ। ਹਰ ਯੋਜਨਾ ਨੂੰ ਲਿਖਤੀ ਰੂਪ ਦਿੱਤਾ ਗਿਆ।

ਸਭ ਤੋਂ ਪਹਿਲਾਂ ਗੁਰੂਘਰ ਦੇ ਬਾਹਰੋਂ ਗਲੇ ਸੜੇ ਦਰੱਖਤ, ਜੰਗਲੀ ਝਾੜੀਆਂ ਤੇ ਫਾਲਤੂ ਸਮਾਨ ਦੀ ਸਫਾਈ ਕੀਤੀ ਗਈ। ਆਲੇ-ਦੁਆਲੇ ਦੀ ਸਫਾਈ ਤੋਂ ਇਲਾਵਾ ਰੁੱਖਾਂ ਦੇ ਮੁੱਢਾਂ ਦੀ ਰਗੜਾਈ, ਜਮੀਨ ਨੂੰ ਪੱਧਰਾ ਕਰ ਕੇ 75 ਫੁੱਲਦਾਰ, 45 ਫਲਦਾਰ ਪੌਦੇ ਅਤੇ 204 ਸਦਾਬਹਾਰ ਹਰੀਆਂ ਭਰੀਆਂ ਝਾੜੀਆਂ ਤਰਤੀਬ ਨਾਲ ਲਾਈਆਂ ਗਈਆਂ, ਜਿਨ੍ਹਾਂ ਦੀ ਸੇਵਾ ਸੰਭਾਲ ਪਿਛਲੇ ਦਸ ਸਾਲਾਂ ਤੋਂ ਹੋ ਰਹੀ ਹੈ। ਇਨ੍ਹਾਂ ਰੁੱਖਾਂ-ਬੂਟਿਆਂ ਦੀ ਸੰਭਾਲ ਲਈ ਸੰਗਤਾਂ ਵਲੋਂ ਮਾਇਆ ਦੀ ਕੋਈ ਕਮੀ ਨਹੀਂ ਸੀ।

ਸੁੱਕੇ ਰੁੱਖ ਅਤੇ ਝਾੜੀਆਂ ਦੀ ਹਰ ਸਾਲ ਤਬਦੀਲੀ ਕੀਤੀ ਜਾਂਦੀ ਹੈ। ਇਸ ਕਾਰ ਸੇਵਾ ਵਾਸਤੇ ਕਿਰਾਏ 'ਤੇ ਮਸ਼ੀਨਾਂ ਅਤੇ ਉਨ੍ਹਾਂ ਦੀ ਸਿਖਲਾਈ ਲੈ ਕੇ ਵਰਤੋਂ ਕੀਤੀ ਗਈ, ਜਿਸ ਨਾਲ ਹਜ਼ਾਰਾਂ ਡਾਲਰਾਂ ਦੀ ਬਚਤ ਹੋਈ ਹੈ ਅਤੇ ਆਪਣੀ ਕੁਦਰਤੀ ਮਲਚ ਬਣਾ ਕੇ ਦਰੱਖਤਾਂ ਤੇ ਝਾੜੀਆਂ ਦੇ ਚੁਫੇਰੇ ਪਾਈ ਗਈ ਅਤੇ ਗੁਆਂਢੀਆਂ ਨੂੰ ਵੀ ਦਿੱਤੀ ਗਈ। ਕਾਰ ਸੇਵਕਾਂ ਦੇ ਲਗਾਤਾਰ ਉਪਰਾਲੇ ਸਦਕਾ ਬਾਹਰਲੀ ਦਿੱਖ ਤੇ ਵਾਤਾਵਰਣ ਵਿਚ ਬਹੁਤ ਤਬਦੀਲੀ ਹੋਈ ਹੈ, ਜਿਸ ਦੀ ਸ਼ਲਾਘਾ ਦੂਸਰੇ ਸੂਬਿਆਂ ਵਿਚੋਂ ਆਉਣ ਵਾਲੇ ਯਾਤਰੂ ਵੀ ਕਰਦੇ ਹਨ। ਸਤਿਗੁਰ ਦੀ ਕਿਰਪਾ ਨਾਲ ਜਿਹੜੀ ਕਾਰ ਸੇਵਾ ਹੱਥਾਂ ਵਾਲੇ ਔਜਾਰਾਂ ਨਾਲ ਸ਼ੁਰੂ ਹੋਈ ਸੀ, ਹੁਣ ਪਾਵਰ ਮਸ਼ੀਨਾਂ, ਘਾਹ ਕੱਟਣ ਵਾਲੀਆਂ ਮਸ਼ੀਨਾਂ ਨਾਲ ਕੀਤੀ ਜਾ ਰਹੀ ਹੈ। ਹੋਰ ਲੋੜੀਂਦੇ ਔਜਾਰਾਂ ਅਤੇ ਸੰਦਾਂ ਦੀ ਕਮੀ ਨਹੀਂ ਹੈ। ਹੁਣ ਹਰ ਸੰਦ ਗੁਰੂਘਰ ਵਿਚ ਮੌਜੂਦ ਹੈ।

ਇਉਂ ਗੁਰੂਘਰ ਦੀ ਸੇਵਾ ਲਗਾਤਾਰ ਵਧਦੀ ਗਈ ਅਤੇ ਸੇਵਾਦਾਰਾਂ ਦਾ ਕਾਫਲਾ ਵੀ ਵਧਦਾ ਗਿਆ। ਇਸ ਦੇ ਨਾਲ ਹੀ ਪੰਜਾਬੀ ਭਾਈਚਾਰੇ ਦੇ ਤਕਨੀਕੀ, ਮਕੈਨੀਕਲ, ਬਿਜਲੀ, ਇਮਾਰਤਾਂ, ਸਰਦੀ ਗਰਮੀ ਦੀਆਂ ਮਸ਼ੀਨਾਂ ਦੇ ਮਾਹਰ ਗੁਰੂਘਰ ਦੀ ਸੇਵਾ ਵਿਚ ਜੁੜ ਗਏ, ਜਿਨ੍ਹਾਂ ਦੀ ਲਗਾਤਾਰ ਮਿਹਨਤ ਅਤੇ ਸੇਵਾ ਨਾਲ ਹਜ਼ਾਰਾਂ ਡਾਲਰਾਂ ਦੀ ਬਚਤ ਹੋਈ।

ਗੁਰਦੁਆਰਾ ਸਾਹਿਬ ਦੇ ਕਾਰ ਸੇਵਕਾਂ ਅਤੇ ਸੇਵਾਦਾਰ ਕੰਪਨੀਆਂ ਨਾਲ ਮਿਲ ਕੇ ਕੰਮ ਕਰਨ ਨਾਲ ਅੰਦਰੋਂ ਤੇ ਬਾਹਰੋਂ ਬਹੁਤ ਤਰੱਕੀ ਹੋਈ ਹੈ; ਜਿਵੇਂ:

-ਪੂਰਾ ਸਾਲ ਲਗਾਤਾਰ ਘਾਹ ਦੀ ਕਟਾਈ ਅਤੇ ਬਰਫ ਨੂੰ ਹਟਾਉਣਾ।

-ਜਮੀਨ ਵਿਚ ਦੱਬੇ ਹੋਏ ਲੋਹੇ ਦੇ ਪੁਰਾਣੇ ਗਾਰਡਰ, ਬੀਮ ਅਤੇ ਛੱਤ ਤੇ ਪਾਉਣ ਵਾਲੀਆਂ ਚਾਦਰਾਂ ਦੀ ਪੁਟਾਈ।

-ਗੁਰੂਘਰ ਦੇ ਰਿਕਾਰਡ ਨੂੰ ਇਕੱਠਾ ਕਰਕੇ ਨਵੀਂ ਤਰਤੀਬ।

-ਬਿਜਲੀ ਦੀ ਘੱਟ ਖਪਤ ਕਰਨ ਵਾਲੇ ਬਲਬ ਅਤੇ ਟਿਊਬਾਂ ਲਾਈਆਂ।

-ਏ. ਸੀ. ਯੂਨਿਟ ਦੀਆਂ ਮੋਟਰਾਂ, ਹੀਟ ਐਕਸਚੇਂਜਰ, ਬਲੋਅਰ ਦੀ ਤਬਦੀਲੀ।

-ਗੁਰੂਘਰ ਦੀ ਇਮਾਰਤ ਨੂੰ ਰੰਗ-ਰੋਗਨ।

-ਭਾਂਡੇ ਧੋਣ ਵਾਲੀ ਮਸ਼ੀਨ ਲਾਈ ਅਤੇ ਮਾਇਆ ਇਕੱਤਰ ਕਰਨ ਵਿਚ ਯੋਗਦਾਨ।

-ਕਾਰ ਸੇਵਕਾਂ ਵਲੋਂ ਬਰਤਨ ਧੋਣ ਦੀ ਲਗਾਤਾਰ ਸੇਵਾ।

-ਕਾਰ ਸੇਵਾ ਦੀਆਂ ਮਸ਼ੀਨਾਂ, ਔਜਾਰਾਂ ਅਤੇ ਸੰਦਾਂ ਦੀ ਗਿਣਤੀ ਤੇ ਇਨ੍ਹਾਂ ਨੂੰ ਰਜਿਸਟਰ ਕਰਨਾ।

-ਗੁਰੂਘਰ ਦੀ ਨਵੀਂ ਖਰੀਦੀ ਜਾਇਦਾਦ (1050 ਡੀ. ਏ.) ਦੀ ਅੰਦਰੋਂ ਤੇ ਬਾਹਰੋਂ ਲਗਾਤਾਰ ਸੇਵਾ ਸੰਭਾਲ ਅਤੇ ਮਾਇਆ ਇਕੱਠੀ ਕਰਨ ਵਿਚ ਯੋਗਦਾਨ।

-ਗੁਰੂਘਰ ਦੇ ਸਾਹਮਣੇ ਸਦਾਬਹਾਰ ਫੁੱਲਾਂ ਦੀਆਂ ਕਿਆਰੀਆਂ।

-ਛੋਟੇ ਤੇ ਵੱਡੇ ਤਲਾਬ ਦੀ ਸੇਵਾ ਸੰਭਾਲ।

-ਰੁਮਾਲੇ ਅਤੇ ਅੰਮ੍ਰਿਤ ਸੰਚਾਰ ਦੀਆਂ ਵਸਤੂਆਂ ਦੀ ਸੇਵਾ ਸੰਭਾਲ।

-2014 ਤੋਂ ਕਾਰਸੇਵਾ ਦੇ ਨਾਲ ਨਾਲ ਬੋਰਡ ਵਲੋਂ ਨਿੱਤ ਸਿੱਖੀ ਪ੍ਰਚਾਰ ਦਾ ਉਪਰਾਲਾ, ਪੰਜਾਬੀ ਅਤੇ ਅੰਗਰੇਜ਼ੀ ਵਿਚ ਪੈਂਫਲਿਟ ਛਪਾ ਕੇ ਸੰਗਤ ਅਤੇ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਉਣਾ।

-ਦੀਵਾਨ ਹਾਲ ਵਿਚ ਨਵੇਂ ਪੱਖਿਆਂ ਦੀ ਸੇਵਾ।

-ਠੰਢਾ ਪਾਣੀ ਪੀਣ ਵਾਲੀ ਮਸ਼ੀਨ ਦੀ ਸੇਵਾ।

-ਗੁਆਂਢੀਆਂ ਨਾਲ ਭਾਈਚਾਰਕ ਸਾਂਝ ਵਧਾਉਣ ਦੇ ਉਪਰਾਲੇ।

-ਕਾਰਸੇਵਕਾਂ ਨੂੰ ਮੁਢਲੀ ਸਹਾਇਤਾ (ਫਸਟਏਡ) ਅਤੇ ਸੀ. ਪੀ. ਆਰ. ਦੀ ਸਿਖਲਾਈ ਅਤੇ ਮੱਲ੍ਹਮ-ਪੱਟੀ ਦੀ ਸਹਾਇਤਾ।

-ਹਰ ਸਨਿਚਰਵਾਰ ਸਵੇਰ ਤੋਂ ਸ਼ਾਮ ਤਕ ਗੁਰੂਘਰ ਦੀ ਅੰਦਰੋਂ ਤੇ ਬਾਹਰੋਂ ਸੇਵਾ ਸੰਭਾਲ।

-ਹਰ ਐਤਵਾਰ ਨੌਜਵਾਨ ਪੀੜ੍ਹੀ ਵਲੋਂ ਪਾਰਕਿੰਗ ਲਾਟ ਦੀ ਸਫਾਈ ਅਤੇ ਹੈਂਡੀਕੈਪ ਸ਼ਰਧਾਲੂਆਂ ਲਈ ਥਾਂ ਰਿਜ਼ਰਵ ਰੱਖਣਾ।

ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਅਤੇ ਕਾਰ ਸੇਵਕਾਂ ਵਲੋਂ 24 ਮਾਰਚ, ਦਿਨ ਐਤਵਾਰ ਨੂੰ ਕਾਰ ਸੇਵਾ ਦੀ ਦਸਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਗੁਰੂਘਰ ਦੀਆਂ ਸੰਗਤਾਂ ਵਲੋਂ ਅਖੰਡ ਪਾਠ ਦਾ ਅਰੰਭ ਮਿਤੀ 22 ਮਾਰਚ ਨੂੰ ਸਵੇਰੇ ਹੋਵੇਗਾ ਅਤੇ ਭੋਗ ਐਤਵਾਰ ਸਵੇਰੇ ਪਾਏ ਜਾਣਗੇ। ਐਤਵਾਰ ਪੂਰਾ ਦਿਨ ਗੁਰੂ ਸਾਹਿਬਾਨ ਦੇ ਕਾਰ ਸੇਵਾ ਫਲਸਫੇ ਤੇ ਕਥਾ, ਕੀਰਤਨ ਬਾਰੇ ਵਿਚਾਰਾਂ ਹੋਣਗੀਆਂ। ਇਸ ਤੋਂ ਇਲਾਵਾ ਨੌਜਵਾਨਾਂ ਵਲੋਂ ਦੀਵਾਨ ਹਾਲ ਵਿਚ ਪ੍ਰੈਜ਼ੈਂਟੇਸ਼ਨ, ਪਿਛਲੇ ਦਸ ਸਾਲਾਂ ਦੌਰਾਨ ਕਾਰਸੇਵਾ ਦੇ ਕਾਰਜਾਂ ਦੀ ਪ੍ਰਦਰਸ਼ਨੀ, ਸਕੂਲੀ ਬੱਚਿਆਂ ਨੂੰ ਸਮਾਜ ਸੇਵਾ ਸਨਮਾਨ ਪੱਤਰ ਅਤੇ ਗੁਰੂਘਰ ਦੇ ਕਾਰਸੇਵਕਾਂ ਦੀ ਹੌਸਲਾ-ਅਫਜ਼ਾਈ ਕੀਤੀ ਜਾਵੇਗੀ।

ਗੁਰਦੁਆਰਾ ਪੈਲਾਟਾਈਨ ਅਤੇ ਕਾਰ ਸੇਵਕਾਂ ਵਲੋਂ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ 24 ਮਾਰਚ, ਦਿਨ ਐਤਵਾਰ ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਕਾਰ ਸੇਵਕਾਂ ਦੀ ਹੌਸਲਾ-ਅਫਜ਼ਾਈ ਕਰੋ ਅਤੇ ਗੁਰੂਘਰ ਦੀ ਕਾਰਸੇਵਾ ਵਿਚ ਤਨ, ਮਨ ਅਤੇ ਧਨ ਨਾਲ ਯੋਗਦਾਨ ਪਾਉ ਜੀ।

ਕਾਰ ਸੇਵਕਾਂ ਦਾ ਟੀਚਾ ਗੁਰੂ ਸਾਹਿਬਾਨ ਵਲੋਂ ਚਲਾਈ ਗਈ ਕਾਰ ਸੇਵਾ ਦੀ ਵਿਚਾਰਧਾਰਾ ਨੂੰ ਅਮਲੀ ਰੂਪ ਦੇਣਾ ਹੈ। ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਵਧਾਉਣਾ ਹੈ। ਗੁਰੂਘਰ ਅਤੇ ਭਾਈਚਾਰੇ ਦੀ ਭਲਾਈ ਅਤੇ ਹੱਕ, ਸੱਚ ਤੇ ਇਨਸਾਫ 'ਤੇ ਪਹਿਰਾ ਦੇਣਾ ਹੈ।

*-ਸਤਨਾਮ ਸਿੰਘ ਔਲਖ*



# ਹਰਵਿੰਦਰਪਾਲ ਸਿੰਘ ਲੈਲ ਪੀ. ਸੀ. ਐਸ. ਦੇ ਪ੍ਰਧਾਨ ਬਣੇ



**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.), ਸ਼ਿਕਾਗੋ ਦੇ ਸਾਲ 2019 ਲਈ ਨਵੇਂ ਵਰਕਿੰਗ ਬੋਰਡ ਦੀ ਚੋਣ ਕੀਤੀ ਗਈ ਹੈ ਅਤੇ ਸ. ਹਰਵਿੰਦਰਪਾਲ ਸਿੰਘ ਲੈਲ ਨੂੰ ਨਵਾਂ ਪ੍ਰਧਾਨ ਥਾਪਿਆ ਗਿਆ ਹੈ। ਸ. ਲੈਲ ਸੰਨ 2000 ਵਿਚ ਪੀ. ਸੀ. ਐਸ. ਦੇ ਪ੍ਰਧਾਨ ਰਹਿ ਚੁਕੇ ਹਨ ਅਤੇ ਹੁਣ ਸੰਸਥਾ ਦੇ ਬੋਰਡ ਆਫ ਗਵਰਨਰਜ਼ ਦੇ ਮੈਂਬਰ ਹਨ। ਉਨ੍ਹਾਂ ਕਿਹਾ ਕਿ ਇਸ ਸਾਲ ਪੀ. ਸੀ. ਐਸ. ਆਪਣੀ ਸਿਲਵਰ ਜੁਬਲੀ ਮਨਾ ਰਹੀ ਹੈ ਅਤੇ ਸੰਸਥਾ ਨੂੰ ਹੋਰ ਮਜਬੂਤ ਬਣਾਉਣ ਲਈ ਉਹ ਆਪਣੀ ਸਾਰੀ ਵਾਹ ਲਾ ਦੇਣਗੇ।

ਪੀ. ਸੀ. ਐਸ. ਬੋਰਡ ਦੇ ਸਾਲ 2019 ਲਈ ਚੁਣੇ ਗਏ ਹੋਰ ਡਾਇਰੈਕਟਰਾਂ ਵਿਚ ਵਿੱਕ ਸਿੰਘ ਮੀਤ ਪ੍ਰਧਾਨ (ਜੋ ਸੰਸਥਾ ਦੇ ਸਲਾਹਕਾਰ ਬੋਰਡ ਦੇ ਮੈਂਬਰ ਹਨ), ਪਰਵਿੰਦਰ ਸਿੰਘ ਨਨੂਆ ਐਗਜ਼ੀਕਿਊਟਿਵ ਸੈਕਟਰੀ, ਮਨਜੀਤ ਸਿੰਘ ਭੱਲਾ ਫਾਇਨਾਂਸ ਡਾਇਰੈਕਟਰ, ਭੁਪਿੰਦਰ ਸਿੰਘ ਧਾਲੀਵਾਲ ਇੰਟਰ ਕਮਿਊਨਿਟੀ ਡਾਇਰੈਕਟਰ, ਨਵਤੇਜ ਸਿੰਘ ਸੋਹੀ ਅਸਿਸਟੈਂਟ ਐਗਜ਼ੀਕਿਊਟਿਵ ਸੈਕਟਰੀ, ਬਿਕਰਮ ਸਿੰਘ ਸੋਹੀ ਸਹਾਇਕ ਵਿੱਤ ਡਾਇਰੈਕਟਰ, ਗੁਰਲਾਲ ਸਿੰਘ ਭੱਠਲ ਯੂਥ ਡਾਇਰੈਕਟਰ ਅਤੇ ਪਰਮਜੋਤ ਸਿੰਘ ਪਰਮਾਰ ਸਪੋਰਟਸ ਡਾਇਰੈਕਟਰ ਬਣਾਏ ਗਏ ਹਨ।

ਪੀ. ਸੀ. ਐਸ. ਦੇ ਮੀਤ ਪ੍ਰਧਾਨ ਵਿੱਕ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਦੇ ਸਾਰੇ ਮੈਂਬਰ ਸੰਸਥਾ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹਨ ਅਤੇ ਨਵੀਂ ਪੀੜ੍ਹੀ ਨੂੰ ਸੰਸਥਾ ਦੇ ਪ੍ਰੋਗਰਾਮਾਂ ਰਾਹੀਂ ਪੰਜਾਬੀ ਸਭਿਆਚਾਰ ਨਾਲ ਜੋੜਨ ਲਈ ਸਖਤ ਮਿਹਨਤ ਕਰ ਰਹੇ ਹਨ।

ਪੀ. ਸੀ. ਐਸ. ਦੇ ਸਾਲ 2019 ਲਈ ਚੇਅਰਮੈਨ ਗੁਰਦੀਪ ਸਿੰਘ ਨੰਦੜਾ ਨੇ ਕਿਹਾ ਕਿ ਪਰਮਾਤਮਾ ਦੀ ਕਿਰਪਾ ਨਾਲ ਪੀ. ਸੀ. ਐਸ. ਦੇ ਸਾਰੇ ਡਾਇਰੈਕਟਰ ਆਪੋ ਆਪਣੇ ਪੇਸ਼ੇ ਵਿਚ ਕਾਮਯਾਬ ਹਨ ਅਤੇ ਉਨ੍ਹਾਂ ਦੇ ਪਰਿਵਾਰ ਤੇ ਬੱਚੇ ਪੀ. ਸੀ. ਐਸ. ਦੇ ਪ੍ਰੋਗਰਾਮਾਂ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਉਹ ਸੰਸਥਾ ਵਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਕੀਮਤ ਜਾਣਦੇ ਹਨ ਅਤੇ ਸਮਰਪਣ ਭਾਵਨਾ ਨਾਲ ਭਾਈਚਾਰੇ ਦਾ ਮੁੱਲ ਮੋੜਨ ਲਈ ਦ੍ਰਿੜ ਭਾਵਨਾ ਰੱਖਦੇ ਹਨ।

ਪੀ. ਸੀ. ਐਸ. ਦਾ ਸਾਲਾਨਾ ਸਭਿਆਚਾਰਕ ਪ੍ਰੋਗਰਾਮ 'ਰੰਗਲਾ ਪੰਜਾਬ' ਇਸ ਵਾਰ ਆਉਂਦੀ 6 ਅਪਰੈਲ, ਸਨਿਚਰਵਾਰ ਨੂੰ ਕਾਲਜ ਆਫ ਡੂਪੇਜ (425 ਫਾਵੈਲ ਬੁਲੇਵਾਰਡ, ਗਲੈਨ ਐਲਿਨ) ਦੇ ਆਡੀਟੋਰੀਅਮ ਵਿਚ ਸ਼ਾਮ 6:30 ਤੋਂ ਹੋਵੇਗਾ।

ਇਸ ਪ੍ਰੋਗਰਾਮ ਦੌਰਾਨ ਬੱਚਿਆਂ ਅਤੇ ਗੱਭਰੂਆਂ-ਮੁਟਿਆਰਾਂ ਦੇ ਗਿੱਧੇ-ਭੰਗੜੇ ਦੇ ਮੁਕਾਬਲਿਆਂ ਤੋਂ ਇਲਾਵਾ ਗੀਤ-ਸੰਗੀਤ ਵੀ ਹੋਵੇਗਾ। ਪ੍ਰੋਗਰਾਮ ਵਿਚ ਢਾਈ ਸੌ ਤੋਂ ਵੱਧ ਕਲਾਕਾਰਾਂ ਦੇ ਹਿੱਸਾ ਲੈਣ ਦੀ ਉਮੀਦ ਹੈ। ਭੰਗੜੇ ਤੇ ਗਿੱਧੇ ਦੀ ਪ੍ਰੈਕਟਿਸ ਦੀਆਂ ਕਲਾਸਾਂ ਚੱਲ ਰਹੀਆਂ ਹਨ ਅਤੇ ਪ੍ਰੋਗਰਾਮ ਲਈ ਵਾਲੰਟੀਅਰਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ।

ਪੀ. ਸੀ. ਐਸ. ਦੇ ਟਿਕਟ ਸੇਲਜ਼ ਕੋਆਰਡੀਨੇਟਰ ਬਲਵਿੰਦਰ ਸਿੰਘ ਗਿਰਨ ਅਨੁਸਾਰ ਇਸ ਵਾਰ ਸੀਟਾਂ ਘੱਟ ਹੋਣ ਕਾਰਨ ਪਰਿਵਾਰਾਂ ਨੂੰ ਆਪਣੀਆਂ ਟਿਕਟਾਂ ਸਮੇਂ ਸਿਰ ਬੁੱਕ ਕਰਵਾ ਲੈਣੀਆਂ ਚਾਹੀਦੀਆਂ ਹਨ। ਦਸ ਸਾਲ ਦੀ ਉਮਰ ਤੱਕ ਦੇ ਬੱਚਿਆਂ ਲਈ ਕੋਈ ਟਿਕਟ ਨਹੀਂ, ਪਰ ਉਨ੍ਹਾਂ ਨੂੰ ਵੱਖਰੀ ਸੀਟ ਨਹੀਂ ਮਿਲੇਗੀ। ਉਹ ਆਪਣੇ ਪਰਿਵਾਰਾਂ ਨਾਲ ਬਹਿ ਸਕਣਗੇ।

ਹੋਰ ਜਾਣਕਾਰੀ ਲਈ ਸੰਸਥਾ ਨਾਲ ਫੋਨ: (847) 359-5727 ਜਾਂ ਈ-ਮੇਲ: info@PCSChicago.org ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਪਾਕਿਸਤਾਨ ਦੀ ਧਰਤੀ ਤੋਂ ਦਹਿਸ਼ਤੀ ਕਾਰਵਾਈਆਂ ਦੀ ਇਜਾਜ਼ਤ ਨਹੀਂ: ਇਮਰਾਨ

**ਇਸਲਾਮਾਬਾਦ:** ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਪਾਕਿਸਤਾਨ ਦੀ ਧਰਤੀ ਤੋਂ ਕਿਸੇ ਵੀ ਸੰਗਠਨ ਜਾਂ ਵਿਅਕਤੀ ਨੂੰ ਹੋਰ ਮੁਲਕਾਂ 'ਤੇ ਦਹਿਸ਼ਤੀ ਕਾਰਵਾਈਆਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਿੰਧ ਪ੍ਰਾਂਤ ਦੇ ਜ਼ਿਲ੍ਹਾ ਥਾਰ ਵਿਚ ਇਕੱਠ ਨੂੰ ਸੰਬੋਧਨ ਕਰਦਿਆਂ ਖਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇਸ਼ ਭਰ ਵਿਚ ਧਾਰਮਿਕ ਘੱਟ ਗਿਣਤੀਆਂ ਦੀ ਰਾਖੀ ਲਈ ਵਚਨਬੱਧ ਹੈ।


Singh Tax & Accounting Services LLC.

Individual & Business Taxes, Accounting, Payroll & Financial Consulting Services.

Please contact us to File Individual, Partnership, Corporation and Modified Tax Returns, Consultation for tax matters, Notary Public Services & response to IRS Tax matters services.

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

Ph: 248-982-2036



Mohan Singh
M.COM, MBA (Finance), ACA
Master in Taxation.
IRS Enrolled agent,
Notary Public


Office Locations
Michigan: 38565 Joy Rd, Westland, MI 48185
Minnesota: 6043 Hudson Rd, Suite#399A Woodbury, Minnesota 55125

Email : jhand_mohan@yahoo.com; www.SinghTaxServices.com



Sistar Mortgage

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

**Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298


## ਮੂਲ ਨਾਨਕਸ਼ਾਹੀ ਕੈਲੰਡਰ ਅਪਨਾਓ

ਮਹੀਨਾ ਫੱਗਣ ਤੇ ਚੇਤ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸਨਿੱਚਰਵਾਰ |
|---|---|---|---|---|---|---|
| | | | | | 18 ਫੱਗਣ<br>1 ਮਾਰਚ | 19 ਫੱਗਣ<br>2 ਮਾਰਚ |
| 20 ਫੱਗਣ<br>3 ਮਾਰਚ | 21 ਫੱਗਣ<br>4 ਮਾਰਚ | 22 ਫੱਗਣ<br>5 ਮਾਰਚ | 23 ਫੱਗਣ<br>6 ਮਾਰਚ | 24 ਫੱਗਣ<br>7 ਮਾਰਚ | 25 ਫੱਗਣ<br>8 ਮਾਰਚ | 26 ਫੱਗਣ<br>9 ਮਾਰਚ |
| 27 ਫੱਗਣ<br>10 ਮਾਰਚ | 28 ਫੱਗਣ<br>11 ਮਾਰਚ | 29 ਫੱਗਣ<br>12 ਮਾਰਚ | 30 ਫੱਗਣ<br>13 ਮਾਰਚ | 1 ਚੇਤ<br>14 ਮਾਰਚ | 2 ਚੇਤ<br>15 ਮਾਰਚ | 3 ਚੇਤ<br>16 ਮਾਰਚ |
| 4 ਚੇਤ<br>17 ਮਾਰਚ | 5 ਚੇਤ<br>18 ਮਾਰਚ | 6 ਚੇਤ<br>19 ਮਾਰਚ | 7 ਚੇਤ<br>20 ਮਾਰਚ | 8 ਚੇਤ<br>21 ਮਾਰਚ | 9 ਚੇਤ<br>22 ਮਾਰਚ | 10 ਚੇਤ<br>23 ਮਾਰਚ |
| 11 ਚੇਤ<br>24 ਮਾਰਚ | 12 ਚੇਤ<br>25 ਮਾਰਚ | 13 ਚੇਤ<br>26 ਮਾਰਚ | 14 ਚੇਤ<br>27 ਮਾਰਚ | 15 ਚੇਤ<br>28 ਮਾਰਚ | 16 ਚੇਤ<br>29 ਮਾਰਚ | 17 ਚੇਤ<br>30 ਮਾਰਚ |
| 18 ਚੇਤ<br>31 ਮਾਰਚ | 19 ਚੇਤ<br>1 ਅਪਰੈਲ | 20 ਚੇਤ<br>2 ਅਪਰੈਲ | 21 ਚੇਤ<br>3 ਅਪਰੈਲ | 22 ਚੇਤ<br>4 ਅਪਰੈਲ | 23 ਚੇਤ<br>5 ਅਪਰੈਲ | 24 ਚੇਤ<br>6 ਅਪਰੈਲ |
| 25 ਚੇਤ<br>7 ਅਪਰੈਲ | 26 ਚੇਤ<br>8 ਅਪਰੈਲ | 27 ਚੇਤ<br>9 ਅਪਰੈਲ | 28 ਚੇਤ<br>10 ਅਪਰੈਲ | 29 ਚੇਤ<br>11 ਅਪਰੈਲ | 30 ਚੇਤ<br>12 ਅਪਰੈਲ | 31 ਚੇਤ<br>13 ਅਪਰੈਲ |

1 ਚੇਤ (14 ਮਾਰਚ) ਹੋਲਾ ਮਹੱਲਾ, ਗੁਰਗੱਦੀ ਦਿਵਸ ਪਾਤਸ਼ਾਹੀ 7ਵੀਂ ਅਤੇ ਨਾਨਕਸ਼ਾਹੀ ਨਵਾਂ ਸਾਲ
2 ਚੇਤ (15 ਮਾਰਚ) ਦਿੱਲੀ ਫਤਿਹ ਭਾਈ ਬਘੇਲ ਸਿੰਘ
6 ਚੇਤ (19 ਮਾਰਚ) ਜੋਤੀ ਜੋਤਿ ਪਾਤਸ਼ਾਹੀ 6ਵੀਂ
12 ਚੇਤ (25 ਮਾਰਚ) ਸ਼ਹੀਦੀ ਦਿਨ ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ
27 ਚੇਤ (9 ਅਪਰੈਲ) ਜਨਮ ਦਿਨ ਸਾਹਿਬਜ਼ਾਦਾ ਜੁਝਾਰ ਸਿੰਘ

ਉਹੀ ਤਰੀਕ ਹਰ ਸਾਲ, ਠੀਕ ਇਤਿਹਾਸ ਤਰਤੀਬ ਨਾਲ।

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਧਾਰਮਕ ਤੇ ਇਤਿਹਾਸਕ ਦਿਹਾੜੇ ਮਨਾਉਣ ਵਿਚ ਇਕਸਾਰਤਾ ਲਿਆਉਣ ਲਈ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਓ


SIKH Religious Society PALATINE GURDWARA

Sikh Religious Society
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org

# ਬਾਦਲਾਂ ਲਈ ਵੱਡੇ ਰਾਜਸੀ ਇਮਤਿਹਾਨ ਵਾਂਗ ਹੋਣਗੀਆਂ ਸੰਸਦੀ ਚੋਣਾਂ

**ਚੰਡੀਗੜ੍ਹ:** ਪੰਜਾਬ 'ਤੇ ਇਕ ਦਹਾਕਾ ਰਾਜ ਕਰਨ ਤੋਂ ਬਾਅਦ ਗੰਭੀਰ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਨੂੰ ਸੱਤਾਹੀਣ ਹੋਣ ਤੋਂ ਬਾਅਦ ਸੰਸਦੀ ਚੋਣਾਂ ਦੇ ਸਭ ਤੋਂ ਵੱਡੇ ਰਾਜਸੀ ਇਮਤਿਹਾਨ ਵਿਚੋਂ ਲੰਘਣਾ ਪੈ ਰਿਹਾ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੇਲੇ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਇਸ ਨਾਲ ਜੁੜੇ ਪੁਲਿਸ ਗੋਲੀ ਕਾਂਡ ਕਾਰਨ ਇਹ ਚੋਣਾਂ 'ਪੰਥਕ ਪਾਰਟੀ' ਲਈ 'ਅਗਨੀ ਪ੍ਰੀਖਿਆ' ਸਾਬਤ ਹੋਣਗੀਆਂ।

ਅਕਾਲੀ ਆਗੂ ਖੁੱਸਿਆ ਵਕਾਰ ਬਹਾਲ ਕਰਨ ਲਈ ਇਨ੍ਹਾਂ ਚੋਣਾਂ ਦੌਰਾਨ ਚੰਗੀ ਕਾਰਗੁਜ਼ਾਰੀ ਉਤੇ ਜ਼ੋਰ ਦੇ ਰਹੇ ਹਨ। ਅਕਾਲੀ ਦਲ ਦੇ ਸੀਨੀਅਰ ਆਗੂਆਂ ਦਾ ਮੰਨਣਾ ਹੈ ਕਿ ਸੰਸਦੀ ਚੋਣਾਂ ਪਾਰਟੀ ਦਾ ਭਵਿੱਖ ਹੀ ਤੈਅ ਨਹੀਂ ਕਰਨਗੀਆਂ ਸਗੋਂ ਬਾਦਲ ਪਰਿਵਾਰ ਦੀ ਭਵਿੱਖੀ ਰਣਨੀਤੀ ਅਤੇ ਸਿਆਸੀ ਦਿਸ਼ਾ ਵੀ ਇਹੀ ਚੋਣਾਂ ਤੈਅ ਕਰਨਗੀਆਂ। ਅਕਾਲੀ ਦਲ ਦੇ ਕਈ ਵੱਡੇ ਆਗੂਆਂ ਜਿਨ੍ਹਾਂ ਵਿਚ ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਤੇ ਹੋਰ ਸ਼ਾਮਲ ਹਨ, ਦੇ ਲਾਂਭੇ ਹੋਣ ਤੋਂ ਬਾਅਦ ਪਾਰਟੀ 'ਚ ਖਲਾਅ ਪੈਦਾ ਹੋ ਗਿਆ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਉਮਰ ਦੇ ਲਿਹਾਜ਼ ਨਾਲ ਆਪਣੀਆਂ ਸਿਆਸੀ ਗਤੀਵਿਧੀਆਂ ਸੀਮਤ ਕਰ ਲਈਆਂ ਹਨ। ਮੌਜੂਦਾ ਸਮੇਂ ਪਾਰਟੀ ਦੀ ਮੁਕੰਮਲ ਵਾਗਡੋਰ ਸੁਖਬੀਰ ਸਿੰਘ ਬਾਦਲ ਦੇ ਹੱਥਾਂ ਵਿਚ ਹੈ ਤੇ ਪਾਰਟੀ ਵਿਚ ਦੂਜੇ ਸਭ ਤੋਂ ਪ੍ਰਭਾਵਸ਼ਾਲੀ ਆਗੂ ਵਜੋਂ ਥਾਂ ਬਿਕਰਮ ਮਜੀਠੀਆ ਨੇ ਲੈ ਲਈ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਅੰਦਰੂਨੀ



ਖਾਨਾਜੰਗੀ ਨਾਲ ਸਿੱਝਦਿਆਂ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਕਾਇਮ ਰੱਖਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਅਕਾਲੀ ਦਲ 1998 ਦੀਆਂ ਚੋਣਾਂ ਤੋਂ ਲੈ ਕੇ 10 ਸੰਸਦੀ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕਰਦਾ ਆ ਰਿਹਾ ਹੈ ਤੇ ਭਾਜਪਾ ਤਿੰਨ ਸੀਟਾਂ ਉਤੇ ਚੋਣ ਲੜਦੀ ਰਹੀ ਹੈ। ਲੰਘੀਆਂ ਸੰਸਦੀ ਚੋਣਾਂ ਦੌਰਾਨ ਪੰਜ ਸਾਲ ਪਹਿਲਾਂ ਜਦ ਸੂਬੇ ਵਿਚ ਅਕਾਲੀ-ਭਾਜਪਾ ਸਰਕਾਰ ਸੀ ਤਾਂ ਅਕਾਲੀ ਦਲ ਨੇ 10 ਵਿਚੋਂ 4 ਸੀਟਾਂ (ਬਠਿੰਡਾ, ਫਿਰੋਜ਼ਪੁਰ, ਖਡੂਰ ਸਾਹਿਬ ਤੇ ਆਨੰਦਪੁਰ ਸਾਹਿਬ) ਜਿੱਤੀਆਂ ਸਨ। ਚਾਰਾਂ ਵਿਚੋਂ ਦੋ ਸੰਸਦ ਮੈਂਬਰ ਬ੍ਰਹਮਪੁਰਾ ਤੇ ਸ਼ੇਰ ਸਿੰਘ ਘੁਬਾਇਆ ਪਾਰਟੀ ਨੂੰ ਅਲਵਿਦਾ ਕਹਿ ਚੁੱਕੇ ਹਨ। ਬਦਲੀਆਂ ਹੋਈਆਂ ਰਾਜਸੀ ਹਾਲਤਾਂ ਵਿਚ ਅਕਾਲੀ ਦਲ ਲਈ 2014 ਵਾਲੀ ਕਾਰਗੁਜ਼ਾਰੀ ਦਿਖਾਉਣੀ ਵੀ ਵੱਡੀ ਚੁਣੌਤੀ ਹੋਵੇਗੀ।

ਬੇਅਦਬੀ ਦੇ ਮੁੱਦੇ ਨੂੰ ਵਿਰੋਧੀ ਧਿਰਾਂ ਵੱਲੋਂ ਤੂਲ ਦਿੱਤੇ ਜਾਣ ਕਾਰਨ ਅਕਾਲੀ ਦਲ ਦੇ ਵੋਟ ਬੈਂਕ ਨੂੰ ਵੱਡੀ ਸੱਟ ਵੱਜ ਰਹੀ ਹੈ। ਬਰਗਾੜੀ 'ਚ ਵਾਪਰੀ ਬੇਅਦਬੀ ਅਤੇ ਪੁਲਿਸ ਗੋਲੀਬਾਰੀ ਦੀਆਂ ਘਟਨਾਵਾਂ ਨਾਲ ਜੁੜੇ ਸਵਾਲਾਂ ਦਾ ਅਕਾਲੀ ਦਲ ਕੋਲ ਕੋਈ ਸਪੱਸ਼ਟ ਜਵਾਬ ਨਾ ਹੋਣਾ ਵੀ ਪਾਰਟੀ ਲਈ ਪਰੇਸ਼ਾਨੀ ਦਾ ਸਬੱਬ ਹੈ। ਇਸ ਤੋਂ ਇਲਾਵਾ ਗੱਠਜੋੜ ਸਰਕਾਰ ਦੌਰਾਨ ਡੇਰਾ ਸਿਰਸਾ ਦੇ ਮੁਖੀ ਨੂੰ ਦਿੱਤੀ ਮੁਆਫ਼ੀ ਦਾ ਮੁੱਦਾ ਵੀ ਅਕਾਲੀਆਂ 'ਤੇ ਭਾਰੂ ਪੈ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੱਡੀ ਕਾਮਯਾਬੀ ਹਾਸਲ ਕਰਦਿਆਂ 56 ਸੀਟਾਂ ਜਿੱਤੀਆਂ ਸਨ ਤੇ ਲਗਾਤਾਰ ਦੂਜੀ ਵਾਰੀ ਸਰਕਾਰ ਬਣਾਉਂਦਿਆਂ ਰਿਕਾਰਡ ਕਾਇਮ ਕੀਤਾ ਸੀ। ਪਰ ਸਾਲ 2014 ਦੀਆਂ ਸੰਸਦੀ ਚੋਣਾਂ ਤੋਂ ਪਾਰਟੀ ਨੂੰ ਅਜਿਹੇ ਝਟਕੇ ਲੱਗਣੇ ਸ਼ੁਰੂ ਹੋਏ ਕਿ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਦੇ ਲੋਕਾਂ ਨੇ ਮੁੱਖ ਵਿਰੋਧੀ ਧਿਰ ਦਾ ਰੁਤਬਾ ਵੀ ਨਹੀਂ ਦਿੱਤਾ ਤੇ ਸੀਟਾਂ ਮਹਿਜ਼ 15 ਹੀ ਹਾਸਲ ਹੋਈਆਂ। ਐਨੀਆਂ ਘੱਟ ਸੀਟਾਂ ਆਉਣਾ ਵੀ ਕਿਸੇ ਰਿਕਾਰਡ ਤੋਂ ਘੱਟ ਨਹੀਂ ਰਿਹਾ।

ਸ਼੍ਰੋਮਣੀ ਅਕਾਲੀ ਦਲ ਜਲੰਧਰ ਸੰਸਦੀ ਹਲਕੇ ਤੋਂ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ, ਆਨੰਦਪੁਰ ਸਾਹਿਬ ਤੋਂ ਪ੍ਰੇਮ ਸਿੰਘ ਚੰਦੂਮਾਜਰਾ, ਸੰਗਰੂਰ ਤੋਂ ਪਰਮਿੰਦਰ ਸਿੰਘ ਢੀਂਡਸਾ, ਲੁਧਿਆਣਾ ਤੋਂ ਸ਼ਰਨਜੀਤ ਸਿੰਘ ਢਿੱਲੋਂ, ਫ਼ਰੀਦਕੋਟ ਤੋਂ ਜੋਗਿੰਦਰ ਸਿੰਘ ਪੰਜਗਰਾਈਂ, ਖਡੂਰ ਸਾਹਿਬ ਤੋਂ ਬੀਬੀ ਜਗੀਰ ਕੌਰ, ਫਤਹਿਗੜ੍ਹ ਸਾਹਿਬ ਤੋਂ ਬਿਕਰਮਜੀਤ ਸਿੰਘ ਖਾਲਸਾ ਜਾਂ ਜਸਟਿਸ (ਸੇਵਾਮੁਕਤ) ਨਿਰਮਲ ਸਿੰਘ, ਪਟਿਆਲਾ ਤੋਂ ਸੁਰਜੀਤ ਸਿੰਘ ਰੱਖੜਾ ਨੂੰ ਉਮੀਦਵਾਰਾਂ ਵੱਜੋਂ ਉਤਾਰ ਸਕਦਾ ਹੈ। ਪਰਮਿੰਦਰ ਸਿੰਘ ਢੀਂਡਸਾ ਅਤੇ ਸ਼ਰਨਜੀਤ ਸਿੰਘ ਢਿੱਲੋਂ ਨੇ ਚੋਣ ਲੜਨ ਸਬੰਧੀ ਸਹਿਮਤੀ ਨਹੀਂ ਦਿੱਤੀ ਪਰ ਪਾਰਟੀ ਵੱਲੋਂ ਦੋਵਾਂ 'ਤੇ ਉਮੀਦਵਾਰ ਬਣਨ ਲਈ ਜ਼ੋਰ ਪਾਇਆ ਜਾ ਰਿਹਾ ਹੈ।

## ਮਾਲਵਾ ਖਿੱਤੇ ਵਿਚ ਹੀ ਹਾਲਤ ਪਤਲੀ

ਅਕਾਲੀ ਦਲ ਦੇ ਗੜ੍ਹ ਮੰਨੇ ਜਾਂਦੇ ਮਾਲਵਾ ਖਿੱਤੇ ਵਿਚ ਹੀ ਇਸ ਦੀ ਹਾਲਤ ਪਤਲੀ ਹੁੰਦੀ ਨਜ਼ਰ ਆ ਰਹੀ ਹੈ। ਜਦਕਿ ਬਠਿੰਡਾ ਸੰਸਦੀ ਹਲਕੇ ਤੋਂ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਬਾਦਲ ਪਿਛਲੇ 10 ਸਾਲਾਂ ਤੋਂ ਸੰਸਦ ਮੈਂਬਰ ਹੈ ਤੇ ਮੋਦੀ ਸਰਕਾਰ 'ਚ ਪਿਛਲੇ 5 ਸਾਲਾਂ ਤੋਂ ਕੈਬਨਿਟ ਮੰਤਰੀ ਦੇ ਅਹੁਦੇ ਉਤੇ ਵੀ ਹੈ। ਪੰਜਾਬ 'ਚ ਕਈ ਪ੍ਰੋਜੈਕਟ ਲਿਆਉਣ ਤੇ ਵਿਕਾਸ ਦੇ ਦਾਅਵਿਆਂ ਦੇ ਬਾਵਜੂਦ ਅਕਾਲੀ ਦਲ ਦੇ ਆਗੂਆਂ ਦਾ ਹੀ ਮੰਨਣਾ ਹੈ ਕਿ ਇਸ ਵਾਰੀ ਬੀਬਾ ਬਾਦਲ ਲਈ ਵੀ ਬਠਿੰਡਾ ਦੀ ਸੀਟ ਜਿੰਨੀ ਸੁਖਾਲੀ ਨਹੀਂ ਹੋਵੇਗੀ। ਅਕਾਲੀ ਦਲ ਦੇ ਆਗੂਆਂ ਦਾ ਕਹਿਣਾ ਹੈ ਕਿ ਸੰਸਦੀ ਚੋਣਾਂ ਦੌਰਾਨ ਕੈਪਟਨ ਸਰਕਾਰ ਦੀਆਂ ਨਾਲਾਇਕੀਆਂ ਨੂੰ ਚੋਣ ਮੁੱਦਾ ਬਣਾਇਆ ਜਾਵੇਗਾ।

# ਖਹਿਰਾ ਦੀ ਨਵੀਂ ਪਾਰਟੀ ਚੋਣਾਂ ਤੋਂ ਪਹਿਲਾਂ ਸਵਾਲਾਂ ਦੇ ਘੇਰੇ 'ਚ ਆਈ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਅਤੇ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਸੁਖਪਾਲ ਸਿੰਘ ਖਹਿਰਾ ਵੱਲੋਂ ਬਣਾਈ ਗਈ ਨਵੀਂ ਪੰਜਾਬ ਏਕਤਾ ਪਾਰਟੀ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। ਇਸ ਨਵੀਂ ਪਾਰਟੀ ਦੇ ਪ੍ਰਧਾਨ ਖੁਦ ਸ੍ਰੀ ਖਹਿਰਾ ਹਨ ਜਾਂ ਫਿਰ ਸਨਕਦੀਪ ਸਿੰਘ ਸੰਧੂ, ਇਸ ਗੱਲ ਨੂੰ ਲੈ ਕੇ ਅੱਜ ਸਿਆਸੀ ਹਲਕਿਆਂ ਵਿਚ ਵੱਡਾ ਭੰਬਲਭੂਸਾ ਪੈਦਾ ਹੋ ਗਿਆ ਹੈ ਕਿਉਂਕਿ ਖੁਲਾਸਾ ਹੋਇਆ ਹੈ ਕਿ ਸ੍ਰੀ ਖਹਿਰਾ ਵੱਲੋਂ ਪਾਰਟੀ ਰਜਿਸਟਰਡ ਕਰਵਾਉਣ ਲਈ ਚੋਣ ਕਮਿਸ਼ਨ ਨੂੰ ਭੇਜੇ ਗਏ ਦਸਤਾਵੇਜ਼ਾਂ ਵਿਚ ਪ੍ਰਧਾਨ ਸਨਕਦੀਪ ਸਿੰਘ ਸੰਧੂ ਨੂੰ ਦਿਖਾਇਆ ਗਿਆ ਹੈ।

ਸਨਕਦੀਪ ਸੰਧੂ 'ਆਪ' ਦਾ ਜ਼ਿਲ੍ਹਾ ਫਰੀਦਕੋਟ ਦਾ ਪ੍ਰਧਾਨ ਸੀ ਅਤੇ ਸ੍ਰੀ ਖਹਿਰਾ ਵੱਲੋਂ ਪਾਰਟੀ ਤੋਂ ਬਗਾਵਤ ਕੀਤੇ ਜਾਣ ਵੇਲੇ ਸ੍ਰੀ ਸੰਧੂ ਨੇ ਵੀ ਪਾਰਟੀ ਛੱਡ ਕੇ ਪੰਜਾਬ ਏਕਤਾ ਪਾਰਟੀ ਦਾ ਪੱਲਾ ਫੜ ਲਿਆ ਸੀ। ਸ੍ਰੀ ਖਹਿਰਾ ਨੇ ਸ੍ਰੀ ਸੰਧੂ ਨੂੰ ਆਪਣਾ ਸਿਆਸੀ ਸਕੱਤਰ ਬਣਾਇਆ ਸੀ। ਦਰਅਸਲ, ਚੋਣ ਕਮਿਸ਼ਨ ਨੇ ਕਿਸੇ ਵੀ ਪਾਰਟੀ ਨੂੰ ਰਜਿਸਟਰਡ ਕਰਨ ਤੋਂ ਪਹਿਲਾਂ ਅਖ਼ਬਾਰਾਂ ਵਿਚ ਇਸ਼ਤਿਹਾਰ ਦੇਣਾ ਹੁੰਦਾ ਹੈ। ਇਸ ਸਬੰਧੀ ਜਦੋਂ ਚੋਣ ਕਮਿਸ਼ਨ ਨੇ ਇਸ ਪਾਰਟੀ ਬਾਰੇ ਅਖ਼ਬਾਰਾਂ ਵਿਚ ਇਸ਼ਤਿਹਾਰ ਜਾਰੀ ਕੀਤੇ ਤਾਂ ਖੁਲਾਸਾ ਹੋਇਆ ਕਿ ਪਾਰਟੀ ਦੇ ਅਧਿਕਾਰਤ ਪ੍ਰਧਾਨ ਸ੍ਰੀ ਖਹਿਰਾ ਨਹੀਂ ਸਗੋਂ ਸਨਕਦੀਪ ਸੰਧੂ ਹਨ। ਕਾਗਜ਼ਾਂ ਵਿਚ ਜਸਵੰਤ ਸਿੰਘ ਨੂੰ ਜਨਰਲ ਸਕੱਤਰ ਤੇ ਕੁਲਦੀਪ ਸਿੰਘ ਨੂੰ ਖ਼ਜ਼ਾਨਚੀ ਦਿਖਾਇਆ ਗਿਆ ਹੈ।

ਦੱਸਣਯੋਗ ਹੈ ਕਿ ਆਪਣੀ ਨਵੀਂ ਪਾਰਟੀ ਬਣਾਉਣ ਤੋਂ ਬਾਅਦ ਸ੍ਰੀ ਖਹਿਰਾ ਹੀ ਪੂਰੀ ਤਰ੍ਹਾਂ ਇਸ ਦੀ ਕਮਾਂਡ ਕਰ ਰਹੇ ਹਨ ਅਤੇ ਹੋਰ ਪਾਰਟੀਆਂ ਨਾਲ ਗੱਠਜੋੜ ਕਰਨ ਤੇ ਟਿਕਟਾਂ ਵੰਡਣ ਆਦਿ ਦੇ ਸਾਰੇ ਅਧਿਕਾਰ ਉਹ ਖੁਦ ਹੀ ਵਰਤ ਰਹੇ ਹਨ। ਦੂਸਰੇ ਪਾਸੇ ਕਾਗਜ਼ਾਂ ਵਿਚ ਪਾਰਟੀ ਦੇ ਪ੍ਰਧਾਨ ਦਰਸਾਏ ਗਏ ਸਨਕਦੀਪ ਸੰਧੂ ਨੂੰ ਪਾਰਟੀ ਦੀ ਕਿਸੇ ਵੀ ਅਹਿਮ ਸਰਗਰਮੀ ਵਿਚ ਨਹੀਂ ਦੇਖਿਆ ਗਿਆ। ਦੱਸਣਯੋਗ ਹੈ ਕਿ ਜਦੋਂ ਸ੍ਰੀ ਖਹਿਰਾ ਨੇ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ ਤਾਂ ਉਨ੍ਹਾਂ ਹੋਰ ਆਗੂਆਂ ਤੋਂ ਆਪਣੇ ਆਪ ਨੂੰ 'ਐਡਹਾਕ' ਪ੍ਰਧਾਨ ਹੋਣ ਦੀ 'ਹਾਂ' ਕਰਵਾਈ ਸੀ। ਸ੍ਰੀ ਖਹਿਰਾ ਵੱਲੋਂ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦਿੱਤੇ ਜਾਣ ਤੋਂ ਬਾਅਦ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੇ ਉਨ੍ਹਾਂ ਨੂੰ ਇਸ ਸਬੰਧੀ ਕਈ ਨੋਟਿਸ ਭੇਜੇ ਹਨ।

ਸ੍ਰੀ ਰਾਣਾ ਨੇ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਕਿਹਾ ਸੀ ਕਿ ਸ੍ਰੀ ਖਹਿਰਾ ਨੂੰ ਕਈ ਨੋਟਿਸ ਭੇਜੇ ਗਏ ਹਨ ਪਰ ਉਹ ਲੈ ਨਹੀਂ ਰਹੇ, ਜਿਸ ਕਾਰਨ ਹੁਣ ਜਨਤਕ ਨੋਟਿਸ ਦੇਣ ਦੀ ਪ੍ਰਕਿਰਿਆ ਚਲਾਈ ਜਾਵੇਗੀ। ਇਸ ਖੁਲਾਸੇ ਤੋਂ ਬਾਅਦ ਸਿਆਸੀ ਹਲਕਿਆਂ ਵਿਚ ਅਜਿਹੇ ਸ਼ੰਕੇ ਪੈਦਾ ਹੋਏ ਹਨ ਕਿ ਸ੍ਰੀ ਖਹਿਰਾ ਕਾਨੂੰਨੀ ਤਕਨੀਕਾਂ ਰਾਹੀਂ ਅਸਤੀਫਾ ਦੇਣ ਦੇ ਬਾਵਜੂਦ ਆਪਣੀ ਵਿਧਾਨ ਸਭਾ ਦੀ ਮੈਂਬਰਸ਼ਿਪ ਬਚਾਉਣ ਦਾ ਦਾਅ ਖੇਡ ਰਹੇ ਹਨ।




## ਸੰਧੂ ਨੂੰ ਕਾਗਜ਼ਾਂ ਵਿਚ ਪ੍ਰਧਾਨ ਬਣਾਉਣਾ ਤਕਨੀਕੀ ਗਲਤੀ: ਖਹਿਰਾ

**ਚੰਡੀਗੜ੍ਹ:** ਪੰਜਾਬ ਏਕਤਾ ਪਾਰਟੀ ਦੇ ਐਡਹਾਕ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸਨਕਦੀਪ ਸਿੰਘ ਸੰਧੂ ਨੂੰ ਦਸਤਾਵੇਜ਼ਾਂ ਵਿਚ ਪਾਰਟੀ ਦਾ ਪ੍ਰਧਾਨ ਦਰਸਾਉਣਾ ਤਕਨੀਕੀ ਗਲਤੀ ਤਾਂ ਹੋ ਸਕਦੀ ਹੈ ਪਰ ਕੋਈ ਮੰਦਭਾਵਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਟਕਸਾਲੀ ਦੇ ਸੀਨੀਅਰ ਮੀਤ ਪ੍ਰਧਾਨ ਬੀਰਦਵਿੰਦਰ ਸਿੰਘ ਇਸ ਮੁੱਦੇ ਨੂੰ ਤੂਲ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਆਮ ਆਦਮੀ ਪਾਰਟੀ ਵਿਚੋਂ ਦਿੱਤੇ ਅਸਤੀਫੇ ਸਬੰਧੀ ਖੁਦ ਵਿਧਾਨ ਸਭਾ ਦੇ ਸਪੀਕਰ ਨਾਲ ਸੰਪਰਕ ਕੀਤਾ ਸੀ ਪਰ ਉਹ ਚੰਡੀਗੜ੍ਹ ਤੋਂ ਬਾਹਰ ਹੋਣ ਕਾਰਨ ਮਿਲਣ ਤੋਂ ਅਸਮਰਥ ਸਨ।

## ਖਹਿਰਾ ਨੇ ਪੰਜਾਬ ਦੇ ਲੋਕਾਂ ਨਾਲ ਸਿਆਸੀ ਠੱਗੀ ਮਾਰੀ: ਬੀਰਦਵਿੰਦਰ ਸਿੰਘ

**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਸੀਨੀਅਰ ਮੀਤ ਪ੍ਰਧਾਨ ਅਤੇ ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਸੁਖਪਾਲ ਖਹਿਰਾ ਨੇ ਖੁਦ ਨੂੰ ਪੰਜਾਬ ਏਕਤਾ



ਪਾਰਟੀ ਦਾ ਪ੍ਰਧਾਨ ਦੱਸ ਕੇ ਸੂਬੇ ਦੇ ਲੋਕਾਂ ਅਤੇ ਦੂਜੀਆਂ ਸਿਆਸੀ ਪਾਰਟੀਆਂ ਨਾਲ ਵੱਡੀ ਰਾਜਨੀਤਕ ਠੱਗੀ ਮਾਰੀ ਹੈ ਜਿਸ ਨੂੰ ਲੋਕ ਕਦੇ ਮੁਆਫ ਨਹੀਂ ਕਰਨਗੇ। ਉਨ੍ਹਾਂ ਚੋਣ ਕਮਿਸ਼ਨ ਤੋਂ ਮੰਗ ਕੀਤੀ ਕਿ ਸੁਖਪਾਲ ਖਹਿਰਾ ਖਿਲਾਫ਼ ਤੁਰਤ ਪ੍ਰਭਾਵ ਤੋਂ ਫ਼ੌਜਦਾਰੀ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਵਿਧਾਇਕੀ ਖੁੱਸਣ ਦੇ ਡਰੋਂ ਖਹਿਰਾ ਨੇ ਇਹ ਸਾਰਾ ਡਰਾਮਾ ਰਚਿਆ ਹੈ।

## ਚਿਦੰਬਰਮ ਤੇ ਕਾਰਤੀ ਨੂੰ ਗ੍ਰਿਫਤਾਰੀ ਤੋਂ 25 ਮਾਰਚ ਤੱਕ ਰਾਹਤ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਸਾਬਕਾ ਕੇਂਦਰੀ ਮੰਤਰੀ ਪੀ. ਚਿਦੰਬਰਮ ਅਤੇ ਉਨ੍ਹਾਂ ਦੇ ਬੇਟੇ ਕਾਰਤੀ ਨੂੰ ਏਅਰਸੈਲ-ਮੈਕਸਿਸ ਘੁਟਾਲੇ ਵਿਚ ਦਰਜ ਸੀ.ਬੀ.ਆਈ. ਅਤੇ ਈ.ਡੀ. ਦੇ ਮਾਮਲਿਆਂ ਵਿਚ ਗ੍ਰਿਫਤਾਰੀ ਤੋਂ ਅੰਤਿਮ ਸੁਰੱਖਿਆ ਦੀ ਮਿਆਦ 25 ਮਾਰਚ ਤੱਕ ਵਧਾ ਦਿੱਤੀ।

ਸੀ.ਬੀ.ਆਈ. ਵਲੋਂ ਪੇਸ਼ ਹੋਏ ਸੀਨੀਅਰ ਅਧਿਕਾਰੀ ਸੋਨੀਆ ਮਾਥੁਰ ਨੇ ਉਨ੍ਹਾਂ ਦੀ ਪੇਸ਼ੀ ਜ਼ਮਾਨਤ ਅਰਜ਼ੀਆਂ 'ਤੇ ਬਹਿਸ ਕਰਨ ਲਈ ਸਮਾਂ ਮੰਗਿਆ, ਜਿਸ 'ਤੇ ਵਿਸ਼ੇਸ਼ ਜੱਜ ਓ.ਪੀ. ਸੈਣੀ ਨੇ ਮਾਮਲਾ ਮੁਲਤਵੀ ਕਰ ਦਿੱਤਾ। ਇਸੇ ਤਰ੍ਹਾਂ ਦੀ ਅਪੀਲ ਈ.ਡੀ. ਦੇ ਵਿਸ਼ੇਸ਼ ਸਰਕਾਰੀ ਵਕੀਲ ਨਿਤੇਸ਼ ਰਾਣਾ ਅਤੇ ਐਨ. ਕੇ. ਮੱਟਾ ਨੇ ਵੀ ਕੀਤੀ, ਜਿਸ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ। ਚਿਦੰਬਰਮ ਅਤੇ ਕਾਰਤੀ ਵਲੋਂ ਸੀਨੀਅਰ ਵਕੀਲ ਕਪਿਲ ਸਿੱਬਲ ਅਤੇ ਅਭਿਸ਼ੇਕ ਮਨੂ ਸਿੰਘਵੀ ਪੇਸ਼ ਹੋਏ।

# ਟਿਕਟਾਂ ਲਈ ਆਪਸ 'ਚ ਹੀ ਉਲਝੇ ਕਾਂਗਰਸੀ

**ਚੰਡੀਗੜ੍ਹ:** ਟਿਕਟਾਂ ਲਈ ਕਾਂਗਰਸੀ ਆਪਸ ਵਿਚ ਹੀ ਉਲਝੇ ਪਏ ਹਨ। ਲੋਕ ਸਭਾ ਹਲਕਾ ਚੰਡੀਗੜ੍ਹ ਦੀ ਸੀਟ ਲਈ ਮਾਰੋ-ਮਾਰੀ ਚੱਲ ਰਹੀ ਹੈ। ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਵੱਲੋਂ ਇਥੋਂ ਕਾਂਗਰਸ ਦੀ ਟਿਕਟ ਦਾ ਦਾਅਵਾ ਕਰਨ ਕਾਰਨ ਚੰਡੀਗੜ੍ਹ ਤੋਂ ਟਿਕਟ ਦੇ ਮੁੱਖ ਦਾਅਵੇਦਾਰ ਤੇ ਚਾਰ ਵਾਰ ਸੰਸਦ ਮੈਂਬਰ ਰਹੇ ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਦੇ ਖੇਮੇ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਹਾਲਾਂਕਿ ਚੰਡੀਗੜ੍ਹ ਦੀ ਸਾਬਕਾ ਕਾਂਗਰਸੀ ਮੇਅਰ ਪੂਨਮ ਸ਼ਰਮਾ ਤੋਂ ਇਲਾਵਾ ਕਾਂਗਰਸ ਦਾ ਹੋਰ ਕੋਈ ਵੀ ਮੁੱਖ ਆਗੂ ਨਵਜੋਤ ਕੌਰ ਸਿੱਧੂ ਦੀ ਪਿੱਠ 'ਤੇ ਨਹੀਂ ਆਇਆ। ਚੰਡੀਗੜ੍ਹ ਕਾਂਗਰਸ ਦੀ ਚੋਣ ਕਮੇਟੀ ਨੇ ਸਮੁੱਚੇ ਰੂਪ ਵਿੱਚ ਸ੍ਰੀ ਬਾਂਸਲ ਦੇ ਨਾਮ ਉਪਰ ਮੋਹਰ ਲਾ ਦਿੱਤੀ ਹੈ ਪਰ ਨਵਜੋਤ ਸਿੰਘ ਸਿੱਧੂ ਦੀ ਹਾਈਕਮਾਨ ਤੱਕ ਰਸਾਈ ਹੋਣ ਕਾਰਨ ਉਹ ਆਪਣੀ ਪਤਨੀ ਨੂੰ ਟਿਕਟ ਦਿਵਾਉਣ ਵਿੱਚ ਕਾਮਯਾਬ ਹੋ ਸਕਦੇ ਹਨ।

ਸਾਲ 2009 'ਚ ਹਲਕਾ ਲੁਧਿਆਣਾ ਤੋਂ ਸੰਸਦ ਮੈਂਬਰ ਰਹੇ ਮਨੀਸ਼ ਤਿਵਾੜੀ ਵੀ ਚੰਡੀਗੜ੍ਹ ਤੋਂ ਟਿਕਟ ਹਾਸਲ ਕਰਨ ਲਈ ਜ਼ੋਰ ਲਾ ਰਹੇ ਹਨ। ਉਹ ਸ੍ਰੀ ਬਾਂਸਲ ਦੇ ਸਾਲ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਹਾਰਨ ਅਤੇ ਉਨ੍ਹਾਂ ਦਾ ਬਤੌਰ ਮੰਤਰੀ ਰੇਲ ਘੁਟਾਲੇ ਵਿੱਚ ਨਾਮ ਆਉਣ ਨੂੰ ਆਧਾਰ ਬਣਾ ਕੇ ਟਿਕਟ ਦੀ ਦਾਅਵੇਦਾਰੀ



ਪੇਸ਼ ਕਰ ਰਹੇ ਹਨ। ਦੂਸਰੇ ਪਾਸੇ ਸ੍ਰੀ ਬਾਂਸਲ ਵੱਲੋਂ ਪਿਛਲੇ 5 ਸਾਲ ਪੂਰੀ ਤਰ੍ਹਾਂ ਪਾਰਟੀਆਂ ਦੀਆਂ ਸਰਗਰਮੀਆਂ ਵਿੱਚ ਸ਼ਾਮਲ ਰਹਿਣ ਅਤੇ ਚੰਡੀਗੜ੍ਹ ਯੂਨਿਟ ਦੇ ਸਮੁੱਚੇ ਰੂਪ ਵਿੱਚ ਉਨ੍ਹਾਂ ਦੀ ਪਿੱਠ 'ਤੇ ਹੋਣ ਕਾਰਨ ਆਪਣੀ ਦਾਅਵੇਦਾਰੀ ਮਜ਼ਬੂਤ ਮੰਨ ਰਹੇ ਹਨ।

ਉਧਰ ਸਾਲ 2014 ਦੀਆਂ ਚੋਣਾਂ ਦੌਰਾਨ ਚੰਡੀਗੜ੍ਹ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਟਿਕਟ ਲੈ ਕੇ ਉੱਤਰੀ ਫਿਲਮੀ ਅਭਿਨੇਤਰੀ ਕਿਰਨ ਖੇਰ ਮੁੜ ਟਿਕਟ ਹਾਸਲ ਕਰਨ ਲਈ ਕੋਈ ਕਸਰ ਨਹੀਂ ਛੱਡ ਰਹੀ। ਅੱਜ-ਕੱਲ੍ਹ ਉਸ ਨੇ ਸ਼ਹਿਰ ਵਿੱਚ ਵੱਖ-ਵੱਖ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖਣ ਅਤੇ ਉਦਘਾਟਨ ਕਰਨ ਦੀ ਹਨੇਰੀ ਲਿਆਂਦੀ ਹੋਈ ਹੈ। ਦੂਸਰੇ ਪਾਸੇ ਚੰਡੀਗੜ੍ਹ ਭਾਜਪਾ ਦੇ ਪ੍ਰਧਾਨ ਸੰਜੇ ਟੰਡਨ ਵੀ ਟਿਕਟ ਹਾਸਲ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਹਨ। ਕਿਰਨ ਖੇਰ ਦੀ ਖੁਦ ਜਿਥੇ ਹਾਈਕਮਾਨ ਤੱਕ ਰਸਾਈ ਹੈ, ਉਥੇ ਉਨ੍ਹਾਂ ਦੇ ਪਤੀ ਤੇ ਫਿਲਮੀ ਅਭਿਨੇਤਾ ਅਨੁਪਮ ਖੇਰ ਦੀ ਵੀ ਫਿਲਮ 'ਐਕਸੀਡੈਂਟਲ ਪ੍ਰਧਾਨ ਮੰਤਰੀ' ਬਣਾਉਣ ਸਮੇਤ ਮੋਦੀ ਸਰਕਾਰ ਵਿਰੁੱਧ ਪਿਛਲੇ ਸਮੇਂ ਇਕ ਵਰਗ ਦੇ ਲੇਖਕਾਂ, ਬੁੱਧੀਜੀਵੀਆਂ ਤੇ ਸਾਹਿਤਕਾਰਾਂ ਵੱਲੋਂ ਅਸਿਹਣਸ਼ੀਲਤਾ ਦੇ ਮੁੱਦੇ ਉਪਰ ਚਲਾਈ ਲਹਿਰ ਦਾ ਮੁਕਾਬਲਾ ਕਰਨ ਲਈ ਘੜੀ ਜੁਗਤ ਕਾਰਨ ਭਾਜਪਾ ਹਾਈਕਮਾਨ ਤੱਕ ਚੰਗੀ ਪਹੁੰਚ ਹੈ।

ਸਾਬਕਾ ਕੇਂਦਰੀ ਮੰਤਰੀ ਹਰਮੋਹਨ ਧਵਨ ਇਸ ਵਾਰ ਭਾਜਪਾ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ (ਆਪ) ਦਾ ਝਾੜੂ ਲੈ ਕੇ ਮੈਦਾਨ ਵਿੱਚ ਨਿੱਤਰੇ ਹਨ, ਜਿਸ ਕਾਰਨ ਇਸ ਵਾਰ ਚੰਡੀਗੜ੍ਹ ਵਿਚ ਕਾਂਗਰਸ, ਭਾਜਪਾ ਅਤੇ 'ਆਪ' ਵਿਚਕਾਰ ਤਿਕੋਣਾ ਮੁਕਾਬਲਾ ਹੋਣ ਦੇ ਆਸਾਰ ਹਨ। ਚੰਡੀਗੜ੍ਹ ਦੀ ਆਵਾਜ਼ ਪਾਰਟੀ ਵੱਲੋਂ ਅਵਿਨਾਸ਼ ਸਿੰਘ ਸ਼ਰਮਾ ਤੇ ਆਜ਼ਾਦ ਉਮੀਦਵਾਰ ਵਜੋਂ ਪ੍ਰੋ. ਦੇਵੀ ਸਿਰੋਹੀ ਵੀ ਚੋਣ ਲੜ ਰਹੀ ਹੈ।

# ਮਿਸ਼ਨ-13: ਸੂਬੇ ਦੇ ਸਿਆਸੀ ਇਤਿਹਾਸ ਨੂੰ ਉਲਟਾਉਣ ਲਈ ਲੱਗਾ ਜ਼ੋਰ

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ ਤੇ ਅਕਾਲੀ ਦਲ ਨੇ ਸੂਬੇ ਦੀਆਂ ਸਾਰੀਆਂ ਲੋਕ ਸਭਾ ਚੋਣਾਂ ਜਿੱਤਣ ਵਾਸਤੇ 'ਮਿਸ਼ਨ-13' ਮਿਥਿਆ ਹੈ। ਸੂਬੇ ਦੇ ਇਤਿਹਾਸ ਵਿਚ ਕਿਸੇ ਇਕ ਰਾਜਨੀਤਕ ਪਾਰਟੀ ਨੇ ਹਾਲੇ ਤੱਕ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ 'ਤੇ ਜਿੱਤ ਹਾਸਲ ਨਹੀਂ ਕੀਤੀ। ਇਹ ਹੁਣ ਸਮਾਂ ਦੱਸੇਗਾ ਕਿ ਕਾਂਗਰਸ ਪਾਰਟੀ ਆਪਣੇ ਮਿਸ਼ਨ 'ਚ ਕਿੱਥੋਂ ਤੱਕ ਕਾਮਯਾਬ ਹੁੰਦੀ ਹੈ। ਕੈਪਟਨ ਸਰਕਾਰ ਨੂੰ ਸੱਤਾ ਵਿਚ ਆਇਆਂ ਦੋ ਸਾਲ ਦਾ ਸਮਾਂ ਬੀਤ ਚੁੱਕਾ ਹੈ ਤੇ ਵਿਧਾਨ ਸਭਾ ਚੋਣਾਂ ਸਮੇਂ ਕੀਤੇ ਵਾਅਦਿਆਂ ਨੂੰ ਪੂਰੇ ਕਰਨ 'ਤੇ ਸੁਆਲ ਅੱਜ ਵੀ ਖੜ੍ਹੇ ਹਨ।

ਕਾਂਗਰਸ ਪਾਰਟੀ ਦੀ ਲੀਡਰਸ਼ਿਪ ਸਮੇਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਵਾਰ ਸਾਰੀਆਂ ਲੋਕ ਸਭਾ ਸੀਟਾਂ ਜਿੱਤਣ ਦੇ ਦਾਅਵੇ ਕਰ ਰਹੇ ਹਨ। ਇਸ ਦਾ ਵੱਡਾ ਕਾਰਨ ਵਿਰੋਧੀ ਧਿਰ ਆਪਸ ਵਿਚ ਬੁਰੀ ਤਰ੍ਹਾਂ ਵੰਡੀ ਹੋਈ ਹੈ ਅਤੇ ਕੋਈ ਵੀ ਵਿਰੋਧੀ ਪਾਰਟੀ ਇਕਜੁੱਟ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਇਸ ਦਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਤੋਂ ਖਹਿੜਾ ਨਹੀਂ ਛੁੱਟ ਰਿਹਾ।

ਜੇਕਰ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਸਰਕਾਰ ਸਮੇਂ ਬੇਅਦਬੀ ਦੇ ਮਾਮਲਿਆਂ ਸਬੰਧੀ ਠੋਸ ਕਾਰਵਾਈ ਕੀਤੀ ਹੁੰਦੀ ਤਾਂ ਇਸ ਨੂੰ ਅੱਜ ਇਹ ਦਿਨ ਨਾ ਦੇਖਣੇ ਪੈਂਦੇ। ਇਸ ਮਾਮਲੇ ਨੂੰ ਲੈ ਕੇ ਅਕਾਲੀ ਦਲ ਦੇ ਕੇਡਰ ਵਿਚ ਅਜੇ ਵੀ ਨਾਰਾਜ਼ਗੀ ਬਰਕਰਾਰ ਹੈ ਤੇ ਇਸ ਮੁੱਦੇ 'ਤੇ ਮਾਝੇ ਦੇ ਸੀਨੀਅਰ ਆਗੂਆਂ ਨੇ ਵੱਖ ਹੋ ਕੇ ਆਪਣੀ ਪਾਰਟੀ ਬਣਾ ਲਈ ਹੈ ਅਤੇ ਉਨ੍ਹਾਂ ਵੱਲੋਂ ਹਮਖਿਆਲ ਪਾਰਟੀਆਂ ਨਾਲ ਮਿਲ ਕੇ ਉਮੀਦਵਾਰ ਖੜ੍ਹੇ ਕੀਤੇ ਜਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨਾਲੋਂ ਮਾੜੀ ਹਾਲਤ ਆਮ ਆਦਮੀ ਪਾਰਟੀ ਦੀ ਹੈ, ਜਿਸ ਦੇ ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਚਾਰ ਮੈਂਬਰ ਜਿੱਤੇ ਸਨ ਤੇ ਇਨ੍ਹਾਂ ਵਿਚੋਂ ਪਾਰਟੀ ਨਾਲ ਇਸ ਵੇਲੇ ਕੇਵਲ ਸੰਸਦ ਮੈਂਬਰ ਹਨ ਤੇ ਦੋ ਮੈਂਬਰ ਬਾਗੀ ਹੋ ਚੁੱਕੇ ਹਨ। ਬਾਗੀ ਮੈਂਬਰ ਪਾਰਟੀ ਤੋਂ ਏਨਾ ਦੂਰ ਜਾ ਚੁੱਕੇ ਹਨ, ਜਿਨ੍ਹਾਂ ਦਾ ਆਮ ਆਦਮੀ ਪਾਰਟੀ ਵੱਲ ਪਰਤਣਾ ਮੁਸ਼ਕਲ ਹੈ।

ਸੂਬੇ ਦੇ 13 ਲੋਕ ਸਭਾ ਹਲਕਿਆਂ ਵਿਚੋਂ ਬਹੁਤੇ ਹਲਕਿਆਂ ਲਈ ਕਾਂਗਰਸ ਪਾਰਟੀ ਦੇ ਉਮੀਦਵਾਰ ਤਿਆਰ ਬਰ ਤਿਆਰ ਹਨ ਪਰ ਕੁਝ ਵਿਚ ਦਿੱਕਤਾਂ ਹਨ ਤੇ ਇਸ ਕਰਕੇ ਮੰਜ਼ਿਲ ਸਰ ਕਰਨਾ ਆਸਾਨ ਨਹੀਂ ਹੈ। ਕਾਂਗਰਸ ਪਾਰਟੀ ਦੇ ਪੰਜ ਲੋਕ ਸਭਾ ਹਲਕਿਆਂ ਲਈ ਉਮੀਦਵਾਰਾਂ ਦਾ ਫੈਸਲਾ ਹੋ ਚੁੱਕਾ ਹੈ ਤੇ ਗੁਰਦਾਸਪੁਰ ਹਲਕੇ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੌਜੂਦਾ ਸੰਸਦ ਮੈਂਬਰ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਮੁੜ ਉਮੀਦਵਾਰ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਪਾਰਟੀ ਦੇ ਚਾਰ ਮੌਜੂਦਾ ਸੰਸਦ ਮੈਂਬਰਾਂ ਤੇ ਪਟਿਆਲਾ ਤੋਂ ਸਾਬਕਾ ਕੇਂਦਰੀ ਰਾਜ ਮੰਤਰੀ ਪਰਨੀਤ ਕੌਰ ਨੂੰ ਟਿਕਟ ਮਿਲਣਾ ਤੈਅ ਹੈ।

ਹੁਣ ਸੁਆਲ ਹੈ ਕਿ ਫਤਿਹਗੜ੍ਹ ਸਾਹਿਬ, ਖਡੂਰ ਸਾਹਿਬ, ਫਰੀਦਕੋਟ, ਫਿਰੋਜ਼ਪੁਰ, ਸੰਗਰੂਰ ਬਠਿੰਡਾ ਅਤੇ ਹੁਸ਼ਿਆਰਪੁਰ ਹਲਕਿਆਂ ਤੋਂ ਕਿਸ ਨੂੰ ਚੋਣ ਮੈਦਾਨ ਵਿਚ ਉਤਾਰਿਆ ਜਾਵੇਗਾ? ਇਨ੍ਹਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਹਲਕਿਆਂ ਦੇ ਨਤੀਜੇ ਕੁਝ ਵੀ ਹੋ ਸਕਦੇ ਹਨ। ਇਕ ਸੀਨੀਅਰ ਕਾਂਗਰਸ ਆਗੂ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਇਸ ਵੇਲੇ ਸੂਬੇ ਵਿਚ ਸਥਿਤੀ



ਹਲਕਿਆਂ ਲਈ ਉਮੀਦਵਾਰਾਂ ਦੀ ਕਮੀ ਨਹੀਂ ਹੈ ਪਰ ਯੋਗ ਉਮੀਦਵਾਰ ਕੌਣ ਹੋਵੇਗਾ? ਇਸ ਸਬੰਧੀ ਅਟਕਲਾਂ ਜਾਰੀ ਹਨ।

ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਹਲਕਿਆਂ ਦੇ ਉਮੀਦਵਾਰਾਂ ਦੇ ਐਲਾਨ ਵਿਚ ਦੇਰੀ ਨਾਲ ਪਾਰਟੀ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤੇ ਘੱਟੋ ਘੱਟ ਚਾਰ ਹਲਕਿਆਂ ਵਿਚ ਕਾਂਗਰਸ ਪਾਰਟੀ ਨੂੰ ਸਖਤ ਟੱਕਰ ਚੰਗੀ ਹੈ ਪਰ ਕੁਝ ਹਲਕਿਆਂ 'ਤੇ ਉਮੀਦਵਾਰਾਂ ਦੇ ਚੋਣ ਮੈਦਾਨ ਵਿਚ ਨਿੱਤਰਨ ਨਾਲ ਸਥਿਤੀ ਸਪੱਸ਼ਟ ਹੋਵੇਗੀ। ਇਸ ਲਈ ਉਮੀਦਵਾਰਾਂ ਦੇ ਐਲਾਨ ਤੋਂ ਬਾਅਦ ਹੀ ਜਿੱਤ ਹਾਰ ਦਾ ਅੰਦਾਜ਼ਾ ਲਾਇਆ ਜਾ ਸਕੇਗਾ।

ਕਾਂਗਰਸ ਪਾਰਟੀ ਨੇ ਮੋਗਾ ਜ਼ਿਲ੍ਹੇ ਵਿਚ ਵੱਡੀ ਰੈਲੀ ਕਰ ਕੇ ਆਗਾਮੀ ਲੋਕ ਸਭਾ ਚੋਣਾਂ ਲਈ ਬਿਗਲ ਵਜਾ ਦਿੱਤਾ ਹੈ ਪਰ ਰੈਲੀ ਵਿਚ ਪਹੁੰਚੇ ਕਾਂਗਰਸ ਵਰਕਰਾਂ ਨੇ ਸਟੇਜ ਤੋਂ ਲੁਆਏ ਜਾਂਦੇ ਨਾਅਰਿਆਂ ਨੂੰ ਗਰਮਜੋਸ਼ੀ ਨਾਲ ਹੁੰਗਾਰਾ ਨਹੀਂ ਭਰਿਆ। ਉਨ੍ਹਾਂ ਰੈਲੀ ਵਿਚ ਸ਼ਿਰਕਤ ਤਾਂ ਕੀਤੀ ਪਰ ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਦੀ ਤਰ੍ਹਾਂ ਉਤਸ਼ਾਹ ਨਹੀਂ ਦਿਖਾਇਆ। ਵਰਕਰਾਂ ਦਾ ਇਕ ਹਿੱਸਾ ਉਦਾਸੀਨ ਸੀ, ਜਿਸ ਦਾ ਕਾਰਨ ਸੂਬੇ ਦੀ ਅਫਸਰਸ਼ਾਹੀ ਨੂੰ ਮੰਨਿਆ ਜਾ ਰਿਹਾ ਹੈ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਅਫਸਰਸ਼ਾਹੀ ਛੋਟੇ ਛੋਟੇ ਕੰਮਕਾਰਾਂ ਵਿਚ ਅਜਿਹੇ ਰੋੜੇ ਅਟਕਾਉਂਦੀ ਹੈ, ਜਿਸ ਕਰਕੇ ਵਰਕਰਾਂ ਤੇ ਹੇਠਲੀ ਕਤਾਰ ਦੇ ਆਗੂਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਰਕਰ ਆਪਣੇ ਵਿਧਾਇਕਾਂ ਕੋਲ ਕੰਮਾਂ ਲਈ ਜਾਂਦੇ ਹਨ ਪਰ ਫਿਰ ਵੀ ਕੰਮ ਨਹੀਂ ਹੁੰਦੇ। ਇਹ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਰਬਾਰ ਵਿਚ ਕਈ ਵਾਰ ਉਠਾਇਆ ਜਾ ਚੁੱਕਾ ਹੈ ਪਰ ਪ੍ਰਨਾਲਾ ਉਥੇ ਦਾ ਉਥੇ ਹੀ ਹੈ। ਇਸ ਲਈ ਲੋਕ ਸਭਾ ਚੋਣਾਂ ਵਿਚ ਕਾਂਗਰਸ ਵਰਕਰਾਂ ਦੇ ਮਨੋਬਲ ਨੂੰ ਹੁਲਾਰਾ ਕਿਵੇਂ ਦਿੱਤਾ ਜਾਵੇ, ਉਨ੍ਹਾਂ ਦੀ ਸ਼ਮੂਲੀਅਤ ਕਿਵੇਂ ਵਧਾਈ ਜਾਵੇਗੀ ਤੇ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਕਿਵੇਂ ਕਰਵਾਇਆ ਜਾਵੇ ਕਿ ਸੂਬੇ ਵਿਚ ਉਨ੍ਹਾਂ ਦੀ ਆਪਣੀ ਪਾਰਟੀ ਕਾਂਗਰਸ ਦੀ ਸਰਕਾਰ ਹੈ। ਉਨ੍ਹਾਂ ਦੀਆਂ ਸਮੱਸਿਆਵਾਂ ਤੇ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਤੇ ਸੂਬੇ ਦੇ ਵਿਕਾਸ ਵਿਚ ਤੇਜ਼ੀ ਲਿਆਂਦੇ ਬਗੈਰ ਹੱਲ ਕਰਨਾ ਆਸਾਨ ਕੰਮ ਨਹੀਂ ਹੈ। ਇਸ ਸਮੱਸਿਆ ਨੂੰ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਵਜ਼ਾਰਤੀ ਸਾਥੀ ਕਿਵੇਂ ਹੱਲ ਕਰਨਗੇ, ਇਸ ਦੀ ਉਡੀਕ ਰਹੇਗੀ।

# ਸੋਨੀਆ ਰਾਇਬਰੇਲੀ ਤੇ ਰਾਹੁਲ ਅਮੇਠੀ ਤੋਂ ਲੜਨਗੇ ਚੋਣ

**ਨਵੀਂ ਦਿੱਲੀ:** ਕਾਂਗਰਸ ਨੇ ਲੋਕ ਸਭਾ ਚੋਣਾਂ ਲਈ 15 ਉਮੀਦਵਾਰਾਂ ਦੀ ਆਪਣੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਜਿਸ ਅਨੁਸਾਰ ਯੂ.ਪੀ.ਏ. ਦੀ ਮੁਖੀ ਸੋਨੀਆ ਗਾਂਧੀ ਨੂੰ ਰਾਇਬਰੇਲੀ ਅਤੇ ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੂੰ ਅਮੇਠੀ ਤੋਂ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ। ਰਾਹੁਲ ਗਾਂਧੀ ਦੀ ਅਗਵਾਈ 'ਚ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਦੀ ਬੈਠਕ 'ਚ ਸੂਚੀ ਨੂੰ ਅੰਤਿਮ ਰੂਪ ਦਿੱਤਾ ਗਿਆ, ਜਿਸ 'ਚ ਉੱਤਰ ਪ੍ਰਦੇਸ਼ ਤੋਂ 11 ਅਤੇ ਗੁਜਰਾਤ ਤੋਂ 4 ਉਮੀਦਵਾਰਾਂ ਦੇ ਨਾਂ ਸ਼ਾਮਲ ਹਨ।



ਸਾਬਕਾ ਕੇਂਦਰੀ ਮੰਤਰੀਆਂ ਸਲਮਾਨ ਖੁਰਸ਼ੀਦ, ਜਿਤਿਨ ਪ੍ਰਸਾਦ ਅਤੇ ਆਰ.ਪੀ.ਐਨ. ਸਿੰਘ ਨੂੰ ਆਪਣੇ-ਆਪਣੇ ਰਵਾਇਤੀ ਹਲਕਿਆਂ ਤੋਂ ਟਿਕਟ ਦਿੱਤੀ ਗਈ ਹੈ। ਖੁਰਸ਼ੀਦ ਫਾਰੂਖਾਬਾਦ, ਜਿਤਿਨ ਪ੍ਰਸਾਦ ਧੌਰਹਰਾ ਅਤੇ ਆਰ.ਪੀ.ਐਨ. ਸਿੰਘ ਕੁਸ਼ੀਨਗਰ ਤੋਂ ਚੋਣ ਲੜਨਗੇ। ਯੂ.ਪੀ. ਕਾਂਗਰਸ ਦੇ ਸਾਬਕਾ ਪ੍ਰਧਾਨ ਨਿਰਮਲ ਖੱਤਰੀ ਫ਼ੈਜ਼ਾਬਾਦ ਤੋਂ ਚੋਣ ਲੜਨਗੇ। ਇਸ ਤੋਂ ਇਲਾਵਾ ਪਾਰਟੀ ਨੇ ਸਹਾਰਨਪੁਰ ਤੋਂ ਇਮਰਾਨ ਮਸੂਦ, ਬਦਾਯੂੰ ਤੋਂ ਸਲੀਮ ਇਕਬਾਲ ਸ਼ੇਰਵਾਨੀ, ਉਨਾਓ ਤੋਂ ਅਨੂ ਟੰਡਨ, ਅਕਬਰਪੁਰ ਤੋਂ ਰਾਜਾਰਾਮ ਪਾਲ ਅਤੇ ਜਾਲੌਨ (ਐਸ.ਸੀ.) ਤੋਂ ਬ੍ਰਿਜ ਲਾਲ ਖ਼ਾਬਰੀ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ। ਗੁਜਰਾਤ ਦੀ ਗੱਲ ਕਰੀਏ ਤਾਂ ਸੂਬੇ 'ਚ ਪਾਰਟੀ ਦੇ ਸਾਬਕਾ ਪ੍ਰਧਾਨ ਭਰਤਸਿੰਨ ਸੋਲੰਕੀ ਨੂੰ ਆਨੰਦ ਹਲਕੇ ਤੋਂ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ।

ਅਹਿਮਦਾਬਾਦ ਪੱਛਮੀ (ਐਸ.ਸੀ.) ਤੋਂ ਰਾਜੂ ਪਰਮਾਰ, ਵਡੋਦਰਾ ਤੋਂ ਪ੍ਰਸ਼ਾਂਤ ਪਟੇਲ ਅਤੇ ਛੋਟਾ ਉਦੇਪੁਰ (ਐਸ.ਟੀ.) ਤੋਂ ਰਣਜੀਤ ਮੋਹਨਸਿਨ ਰਾਠਵਾ ਨੂੰ ਉਮੀਦਵਾਰ ਬਣਾਇਆ ਗਿਆ ਹੈ। ਸੋਨੀਆ ਗਾਂਧੀ 6ਵੀਂ ਵਾਰ ਜਦਕਿ ਰਾਹੁਲ ਗਾਂਧੀ ਚੌਥੀ ਵਾਰ ਲੋਕ ਸਭਾ ਚੋਣਾਂ ਲੜਨ ਜਾ ਰਹੇ ਹਨ। ਦੱਸਣਯੋਗ ਹੈ ਕਿ 2014 ਲੋਕ ਸਭਾ ਚੋਣਾਂ 'ਚ ਉੱਤਰ ਪ੍ਰਦੇਸ਼ ਦੀਆਂ ਕੁੱਲ 80 ਲੋਕ ਸਭਾ ਸੀਟਾਂ ਵਿਚੋਂ ਕਾਂਗਰਸ ਨੂੰ ਕੇਵਲ 2 (ਅਮੇਠੀ ਤੇ ਰਾਇਬਰੇਲੀ) 2 ਸੀਟਾਂ 'ਤੇ ਹੀ ਜਿੱਤ ਮਿਲੀ ਸੀ ਜਦਕਿ ਗੁਜਰਾਤ ਵਿਚ 26 ਸੀਟਾਂ 'ਚੋਂ ਪਾਰਟੀ ਦਾ ਖਾਤਾ ਵੀ ਨਹੀਂ ਖੁੱਲ੍ਹਾ ਸੀ।

# ਪੰਜਾਬ 'ਚ ਫਿੱਟ ਬੈਠੇਗਾ 'ਆਪ' ਦਾ ਦਿੱਲੀ ਵਾਲਾ ਫਾਰਮੂਲਾ?

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਪੰਜਾਬ ਨੇ ਬਿਜਲੀ ਅੰਦੋਲਨ ਭਖਾ ਲਿਆ ਹੈ। ਅਜਿਹੇ ਹੀ ਅੰਦੋਲਨ ਨਾਲ ਅਰਵਿੰਦ ਕੇਜਰੀਵਾਲ ਨੇ ਦਿੱਲੀ ਦਾ ਤਖਤ ਜਿੱਤਿਆ ਸੀ। ਕੇਜਰੀਵਾਲ ਨੇ ਖੁਦ ਖੰਭਿਆਂ 'ਤੇ ਚੜ੍ਹ ਕੇ ਤਾਰਾਂ ਦੇ ਕੁਨੈਕਸ਼ਨ ਜੋੜੇ ਸਨ। ਇਸ ਨਾਲ ਲੋਕਾਂ ਨੇ ਵੀ ਆਮ ਆਦਮੀ ਪਾਰਟੀ ਨੂੰ ਚੰਗਾ ਹੁੰਗਾਰਾ ਦਿੱਤਾ ਸੀ। ਹੁਣ ਭਗਵੰਤ ਮਾਨ ਵੀ ਇਹੀ ਫਾਰਮੂਲਾ ਵਰਤ ਰਹੇ ਹਨ। 'ਆਪ' ਨੇ ਦਾਅਵਾ ਕੀਤਾ ਹੈ ਕਿ ਹੁਣ ਤੱਕ ਅੱਧੇ ਪੰਜਾਬ ਵਿਚ ਅੰਦੋਲਨ ਪਹੁੰਚ ਗਿਆ ਹੈ। 'ਆਪ' ਨੇ ਲੋਕਾਂ ਤੱਕ ਪਹੁੰਚ ਕਰਨ ਲਈ ਅਜਿਹੇ ਮੁੱਦੇ ਨੂੰ ਫੜਿਆ ਹੈ ਜਿਸ ਦਾ ਸੇਕ ਹਰ ਕਿਸੇ ਨੂੰ ਲੱਗਦਾ ਹੈ।

ਪੰਜਾਬ ਵਿਚ ਬਿਜਲੀ ਦਰਾਂ ਕਾਫੀ ਉੱਚੀਆਂ ਹਨ। ਬਿਜਲੀ ਦੀ ਖਪਤ ਵਧਣ ਕਰਕੇ ਬਿੱਲ ਵੀ ਮੋਟੇ ਆਉਂਦੇ ਹਨ। ਇਸ ਲਈ ਪਾਰਟੀ ਨੂੰ ਹੁੰਗਾਰਾ ਵੀ ਕਾਫੀ ਮਿਲ ਰਿਹਾ ਹੈ। ਦਿਲਚਸਪ ਗੱਲ ਹੈ ਕਿ ਕਾਂਗਰਸ ਸਰਕਾਰ ਵੱਲੋਂ ਐਸਸੀ/ਬੀਸੀ ਤੇ ਬੀਪੀਐਲ ਪਰਿਵਾਰਾਂ ਦੇ ਬਿੱਲ ਮੁਆਫ ਕਰਨ ਦਾ ਸਿਹਰਾ ਵੀ ਆਪਣੇ ਬਿਜਲੀ ਅੰਦੋਲਨ ਸਿਰ ਬੰਨ੍ਹਿਆ ਹੈ। ਆਮ ਆਦਮੀ ਪਾਰਟੀ ਨੇ ਕਿਹਾ ਹੈ ਕਿ ਅਜਿਹਾ ਕਰਕੇ ਅੱਧੀ ਜੰਗ ਜਿੱਤ ਲਈ ਹੈ। ਹੁਣ ਪਿਛਲੀ ਸਰਕਾਰ ਵੱਲੋਂ ਪ੍ਰਾਈਵੇਟ ਬਿਜਲੀ ਕੰਪਨੀਆਂ ਨਾਲ ਕੀਤੇ ਗਏ ਇਕਰਾਰਨਾਮੇ ਰੱਦ ਕਰਵਾਉਣ ਤੱਕ ਸੰਘਰਸ਼ ਜਾਰੀ ਰਹੇਗਾ।

ਆਮ ਆਦਮੀ ਪਾਰਟੀ ਪੰਜਾਬ ਦੀ ਕੋਰ ਕਮੇਟੀ ਮੀਟਿੰਗ ਤੋਂ ਬਾਅਦ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚ ਮਹਿੰਗੀ ਬਿਜਲੀ ਦਾ ਮੁੱਦਾ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਵੀ ਉਠਾਇਆ ਸੀ। ਇਸ ਦੇ ਫਲਸਰੂਪ ਕਾਂਗਰਸ ਪਾਰਟੀ ਨੂੰ ਸੂਬੇ ਦੇ ਐਸਸੀ/ਬੀਸੀ ਤੇ ਬੀ.ਪੀ.ਐਲ. ਪਰਿਵਾਰਾਂ ਦੇ ਬਿਜਲੀ ਦੇ ਬਿੱਲ ਮੁਆਫ ਕਰਨੇ ਪਏ ਹਨ। ਮਾਨ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਖੁਦ ਬਿਜਲੀ ਉਤਪਾਦਕ ਹੋਣ ਦੇ ਬਾਵਜੂਦ ਪੰਜਾਬ ਵਿਚ ਪੂਰੇ ਦੇਸ਼ ਨਾਲੋਂ ਮਹਿੰਗੀ ਬਿਜਲੀ ਮਿਲ ਰਹੀ ਹੈ ਜਦੋਂਕਿ ਦਿੱਲੀ ਵਰਗੇ ਸੂਬੇ 'ਚ ਹੋਰ ਸੂਬਿਆਂ ਤੋਂ ਬਿਜਲੀ ਖਰੀਦ ਕੇ ਸਸਤੇ ਰੇਟਾਂ ਤੇ ਬਿਜਲੀ ਮੁਹੱਈਆ ਕਰਵਾ ਰਹੇ ਹਨ।

# ਸਿਆਸੀ ਪਾਰੀ ਖੇਡਣ ਲਈ ਉਤਾਵਲੀ ਹੋਈ ਅਫਸਰਸ਼ਾਹੀ

**ਚੰਡੀਗੜ੍ਹ:** ਪੰਜਾਬ ਵਿਚ ਕਿਸਮਤ ਅਜ਼ਮਾਉਣ ਵਾਲੇ ਸੇਵਾਮੁਕਤ, ਸੇਵਾ ਨਿਭਾਅ ਰਹੇ ਆਈ.ਏ.ਐਸ. ਅਤੇ ਸੂਬਾਈ ਕਾਡਰ ਦੇ ਅਧਿਕਾਰੀਆਂ ਦੀ ਟਿਕਟ ਲੈਣ ਲਈ ਕਤਾਰ ਲੰਮੀ ਹੁੰਦੀ ਜਾ ਰਹੀ ਹੈ। ਆਗਾਮੀ ਸੰਸਦੀ ਚੋਣਾਂ ਲਈ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਬਹੁਜਨ ਸਮਾਜ ਪਾਰਟੀ ਤੇ ਹੋਰ ਸਿਆਸੀ ਧਿਰਾਂ ਦਾ ਹਿੱਸਾ ਬਣਨ ਲਈ ਅੱਧੀ ਦਰਜਨ ਦੇ ਕਰੀਬ ਨੌਕਰਸ਼ਾਹਾਂ ਨੇ ਸਰਗਰਮੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਰਾਜ ਦੇ ਮੁੱਖ ਸੂਚਨਾ ਅਧਿਕਾਰੀ ਸਵਰਨ ਸਿੰਘ ਚੰਨੀ ਵੱਲੋਂ ਲੁਧਿਆਣਾ ਸੰਸਦੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਲੈਣ ਲਈ ਸਰਗਰਮੀਆਂ ਆਰੰਭ ਕੀਤੇ ਜਾਣ ਦੀਆਂ ਰਿਪੋਰਟਾਂ ਹਨ।

ਪੀ.ਪੀ.ਐਸ. ਅਧਿਕਾਰੀ ਹਰਮੋਹਨ ਸਿੰਘ ਸੰਧੂ ਏ.ਆਈ.ਜੀ. ਦੇ ਅਹੁਦੇ ਤੋਂ ਅਸਤੀਫਾ ਦੇ ਕੇ ਅਕਾਲੀ ਦਲ ਦੀ ਟਿਕਟ ਹਾਸਲ ਕਰਨ ਲਈ ਜ਼ੋਰ-ਅਜ਼ਮਾਈ ਕਰ ਰਹੇ ਹਨ। ਟਰਾਂਸਪੋਰਟ ਵਿਭਾਗ ਵਿਚ ਡੀ.ਟੀ.ਓ. ਵਜੋਂ ਸੇਵਾ ਨਿਭਾਅ ਚੁੱਕੇ ਕਰਨ ਸਿੰਘ, ਜਿਨ੍ਹਾਂ ਵੱਲੋਂ ਨੌਕਰੀ ਤੋਂ ਦਿੱਤਾ ਅਸਤੀਫਾ ਸਰਕਾਰ ਕੋਲ ਪ੍ਰਵਾਨਗੀ ਲਈ ਵਿਚਾਰ ਅਧੀਨ ਹੈ, ਨੂੰ ਵੀ ਅਕਾਲੀ ਦਲ ਵੱਲੋਂ ਹੀ ਫਤਿਹਗੜ੍ਹ ਸਾਹਿਬ ਸੰਸਦੀ ਹਲਕੇ ਤੋਂ ਟਿਕਟ ਦਿੱਤੇ ਜਾਣ ਦੇ ਆਸਾਰ ਹਨ। ਸੇਵਾਮੁਕਤ ਆਈ.ਏ.ਐਸ. ਖੁਸ਼ੀ ਰਾਮ ਨੂੰ ਬਸਪਾ ਨੇ ਉਮੀਦਵਾਰ ਐਲਾਨ ਦਿੱਤਾ ਹੈ ਤੇ ਜਨਵਰੀ 'ਚ ਸੇਵਾਮੁਕਤ ਹੋਏ ਸੁੱਚਾ ਰਾਮ ਲੱਧੜ ਦੇ ਵੀ ਰਾਜਨੀਤੀ 'ਚ ਆਉਣ ਦੇ ਚਰਚੇ ਹਨ।

ਮੱਧ ਪ੍ਰਦੇਸ਼ ਕਾਡਰ ਨਾਲ ਸਬੰਧਤ ਆਈ.ਏ.ਐਸ. ਡਾ. ਅਮਰ ਸਿੰਘ ਵੱਲੋਂ ਵਿਧਾਨ ਸਭਾ ਤੋਂ ਬਾਅਦ ਹੁਣ ਪਾਰਲੀਮਾਨੀ ਚੋਣਾਂ ਵਿਚ ਟਿਕਟ ਹਾਸਲ ਕਰਨ ਦਾ ਸੁਪਨਾ ਲਿਆ ਜਾਣ ਲੱਗਿਆ ਹੈ। ਉਨ੍ਹਾਂ ਨੇ ਫਤਿਹਗੜ੍ਹ ਸਾਹਿਬ ਸੰਸਦੀ ਹਲਕੇ ਤੋਂ ਕਾਫੀ ਚਿਰ ਤੋਂ ਸਰਗਰਮੀ ਵੀ ਸ਼ੁਰੂ ਕੀਤੀ ਹੋਈ ਹੈ। ਇਹ ਅਧਿਕਾਰੀ ਸੀਨੀਅਰ ਕਾਂਗਰਸੀ ਆਗੂ ਦਿਗਵਿਜੈ ਸਿੰਘ ਦੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਹੁੰਦਿਆਂ ਪ੍ਰਮੁੱਖ ਸਕੱਤਰ ਵਜੋਂ ਸੇਵਾ ਨਿਭਾਅ ਚੁੱਕਾ ਹੈ।

ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਭਰਾ ਇੰਜੀਨੀਅਰ ਮਨਮੋਹਨ ਸਿੰਘ ਵੀ ਇਸੇ ਸੰਸਦੀ ਹਲਕੇ ਤੋਂ ਟਿਕਟ ਹਾਸਲ ਕਰਨ ਦਾ ਚਾਹਵਾਨ ਹੈ। ਕੇਂਦਰ ਸਰਕਾਰ ਵਿਚ ਮੰਤਰੀ ਤੇ ਰਾਜ ਸਭਾ ਮੈਂਬਰ ਹਰਦੀਪ ਪੁਰੀ ਨੂੰ ਭਾਰਤੀ ਜਨਤਾ ਪਾਰਟੀ ਵੱਲੋਂ ਸੰਸਦੀ ਹਲਕਾ ਅੰਮ੍ਰਿਤਸਰ ਤੋਂ ਉਮੀਦਵਾਰ ਬਣਾਏ ਜਾਣ ਦੇ ਚਰਚੇ ਹਨ। ਭਾਜਪਾ ਦੇ ਵਿਧਾਇਕ ਤੇ ਸੇਵਾਮੁਕਤ ਆਈਏਐਸ ਸੋਮ ਪ੍ਰਕਾਸ਼ ਹੁਸ਼ਿਆਰਪੁਰ ਤੋਂ ਭਾਜਪਾ ਦੀ ਟਿਕਟ ਹਾਸਲ ਕਰਨ ਦੇ ਚਾਹਵਾਨ ਦੱਸੇ ਜਾਂਦੇ ਹਨ।

# ਕੈਪਟਨ ਸਰਕਾਰ ਦੇ ਕੱਛੂਆ ਚਾਲ 'ਵਿਕਾਸ' ਉਤੇ ਭਾਰੀ ਪਿਆ ਚੋਣ ਜ਼ਾਬਤਾ

**ਚੰਡੀਗੜ੍ਹ:** ਆਮ ਚੋਣਾਂ ਦੇ ਐਲਾਨ ਤੋਂ ਪਹਿਲਾਂ ਵਿਕਾਸ ਲਈ ਵੰਡੇ ਬਹੁਤੇ ਫੰਡ ਹੁਣ ਮਿੱਟੀ ਹੋ ਗਏ ਹਨ। ਕੈਪਟਨ ਸਰਕਾਰ ਦੀ ਕੱਛੂਆ ਚਾਲ ਉਤੇ ਵੀ ਚੋਣ ਜ਼ਾਬਤਾ ਭਾਰੂ ਪਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣੇ ਪੁਰਖਿਆਂ ਦੇ ਪਿੰਡ ਮਹਿਰਾਜ ਲਈ 28 ਜਨਵਰੀ ਨੂੰ 28 ਕਰੋੜ ਦੇ ਫੰਡ ਐਲਾਨੇ ਗਏ ਸਨ। ਹੁਣ ਆਮ ਚੋਣਾਂ ਮਗਰੋਂ ਹੀ ਪਿੰਡ ਮਹਿਰਾਜ ਵਿਚ ਵਿਕਾਸ ਦਾ ਮਹੂਰਤ ਹੋ ਸਕੇਗਾ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤਰਫੋਂ ਨਵੇਂ ਸਰਪੰਚਾਂ ਨੂੰ 15 ਫਰਵਰੀ ਨੂੰ 180 ਕਰੋੜ ਦੇ ਫੰਡ 'ਸਮਾਰਟ ਪਿੰਡ ਮੁਹਿੰਮ' ਤਹਿਤ ਜਾਰੀ ਕੀਤੇ ਗਏ ਸਨ। ਜੋ ਹਰ ਜ਼ਿਲ੍ਹੇ ਵਿਚ 25 ਫਰਵਰੀ ਤੋਂ ਲੈ ਕੇ 2 ਮਾਰਚ ਤੱਕ ਵੰਡੇ ਗਏ ਹਨ। ਬਹੁਗਿਣਤੀ ਪਿੰਡਾਂ ਵਿਚ ਇਨ੍ਹਾਂ ਫੰਡਾਂ ਦੇ ਕੰਮ ਸ਼ੁਰੂ ਨਹੀਂ ਹੋਏ ਹਨ। ਚੋਣ ਜ਼ਾਬਤੇ ਕਰ ਕੇ ਹੁਣ ਇਨ੍ਹਾਂ ਫੰਡਾਂ ਦੀ ਵਰਤੋਂ 'ਤੇ ਉਂਗਲ ਉਠੇਗੀ।

ਪੰਜਾਬ ਸਰਕਾਰ ਵੱਲੋਂ ਜਿਹੜੀ ਦੂਜੀ ਕਿਸ਼ਤ ਦਿੱਤੀ ਜਾਣੀ ਸੀ, ਉਹ ਵੀ ਵੇਲੇ ਸਿਰ ਨਹੀਂ ਆ ਸਕੇਗੀ। ਸਮਾਰਟ ਪਿੰਡ ਮੁਹਿੰਮ ਤਹਿਤ ਪਿੰਡਾਂ ਵਿਚ 14ਵੇਂ ਵਿੱਤ ਕਮਿਸ਼ਨ ਦਾ ਪੈਸਾ ਵੀ ਲਾਇਆ ਜਾਣਾ ਹੈ, ਉਹ ਵੀ ਰੁਕਣ ਦੀ ਸੰਭਾਵਨਾ ਹੈ।'ਸਮਾਰਟ ਪਿੰਡ ਮੁਹਿੰਮ' ਤਹਿਤ ਸਭ ਤੋਂ ਵੱਧ ਫੰਡ ਜ਼ਿਲ੍ਹਾ ਲੁਧਿਆਣਾ ਨੂੰ 30.64 ਕਰੋੜ ਰੁਪਏ, ਹੁਸ਼ਿਆਰਪੁਰ ਨੂੰ 28 ਕਰੋੜ , ਬਠਿੰਡਾ ਨੂੰ 19.72 ਕਰੋੜ ਅਤੇ ਮੁਕਤਸਰ ਨੂੰ 14 ਕਰੋੜ ਰੁਪਏ ਮਿਲਣੇ ਸਨ ਜਿਨ੍ਹਾਂ 'ਚੋਂ 50 ਫੀਸਦੀ ਜਾਰੀ ਹੋ ਚੁੱਕੇ ਸਨ। ਜਾਣਕਾਰੀ ਮਿਲੀ ਹੈ ਕਿ ਕਈ ਪਿੰਡਾਂ ਵਿਚ ਸਰਪੰਚਾਂ ਨੇ ਇਹ ਫੰਡ ਵਰਤਣੇ ਸ਼ੁਰੂ ਕਰ ਦਿੱਤੇ ਹਨ ਜਦੋਂ ਕਿ ਬਹੁਗਿਣਤੀ ਪੰਚਾਇਤਾਂ ਨੇ ਹਾਲੇ ਵਿਕਾਸ ਕੰਮ ਸ਼ੁਰੂ ਨਹੀਂ ਕੀਤੇ। ਹੁਣ ਵਿਰੋਧੀ ਧਿਰਾਂ ਨੇ ਇਨ੍ਹਾਂ ਫੰਡਾਂ ਦੀ ਵਰਤੋਂ 'ਤੇ ਰੌਲਾ ਪਾਉਣਾ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਸਾਲ 2018-19 ਦੇ ਪੰਜ ਕਰੋੜ ਅਤੇ ਸੰਸਦ ਮੈਂਬਰ ਸਾਧੂ ਸਿੰਘ ਦੇ ਇਸੇ ਮਾਲੀ ਵਰ੍ਹੇ ਦੀ ਆਖਰੀ ਕਿਸ਼ਤ ਦੇ ਢਾਈ ਕਰੋੜ ਰੁਪਏ ਕੇਂਦਰ ਸਰਕਾਰ ਨੇ ਰਿਲੀਜ਼ ਨਹੀਂ ਕੀਤੇ। ਨਤੀਜੇ ਵਜੋਂ ਹੁਣ ਬੀਬਾ ਬਾਦਲ ਅਤੇ ਸਾਧੂ ਸਿੰਘ ਇਨ੍ਹਾਂ ਚੋਣਾਂ ਵਿਚ ਵੱਡੀ ਆਖਰੀ ਕਿਸ਼ਤ ਦੀ ਰਾਸ਼ੀ ਦਾ ਸਿਆਸੀ ਲਾਹਾ ਲੈਣ ਤੋਂ ਖੁੰਝ ਜਾਣਗੇ।

ਪੰਜਾਬ ਦੇ ਕਈ ਵਜ਼ੀਰਾਂ ਨੇ ਅਖਤਿਆਰੀ ਕੋਟੇ ਦੇ ਫੰਡ ਮਾਰਚ ਮਹੀਨੇ ਵਿਚ ਹੀ ਵੰਡੇ ਹਨ। ਭਾਵੇਂ ਪੰਚਾਇਤਾਂ ਨੂੰ ਇਹ ਫੰਡ ਮਿਲ ਜਾਣੇ ਹਨ ਪਰ ਇਨ੍ਹਾਂ ਦੀ ਵਰਤੋਂ ਹੁਣ ਆਮ ਚੋਣਾਂ ਮਗਰੋਂ ਹੀ ਹੋ ਸਕੇਗੀ। ਕੈਪਟਨ ਸਰਕਾਰ ਨੇ ਚੋਣ ਜ਼ਾਬਤੇ ਤੋਂ ਪਹਿਲਾਂ ਸਮਾਰਟ ਫੋਨ ਵੰਡਣ ਦੀ ਵਿਉਂਤ ਬਣਾਈ ਸੀ ਪਰ ਟੈਂਡਰ ਦਾ ਕੰਮ ਸਿਰੇ ਨਾ ਲੱਗਣ ਕਾਰਨ ਹੁਣ ਇਹ ਫੋਨ ਵੀ ਚੋਣਾਂ ਮਗਰੋਂ ਹੀ ਵੰਡੇ ਜਾ ਸਕਣਗੇ। ਇਸੇ ਤਰ੍ਹਾਂ ਖੇਡ ਵਿਭਾਗ ਵੱਲੋਂ 85 ਮਹਾਰਾਜਾ ਰਣਜੀਤ ਸਿੰਘ ਐਵਾਰਡ ਵੰਡੇ ਜਾਣੇ ਸਨ, ਉਹ ਵੀ ਰੁਕ ਗਏ ਹਨ। ਚੋਣਾਂ ਤੋਂ ਪਹਿਲਾਂ ਨੌਜਵਾਨਾਂ ਨੂੰ ਖੁਸ਼ ਕਰਨ ਦੀ ਯੋਜਨਾ ਵੀ ਖੂਹ ਖਾਤੇ ਪੈ ਗਈ ਹੈ। ਦੂਜੇ ਪਾਸੇ ਚੋਣ ਜ਼ਾਬਤੇ ਨੇ ਕੈਪਟਨ ਸਰਕਾਰ ਨੂੰ ਰਾਹਤ ਵੀ ਦਿੱਤੀ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਜਮਹੂਰੀ ਗੱਠਜੋੜ ਦੀ 12 ਸੀਟਾਂ 'ਤੇ ਸਹਿਮਤੀ

**ਚੰਡੀਗੜ੍ਹ:** ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਨੇ 19 ਮਈ ਨੂੰ ਸੂਬੇ ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ 13 ਵਿਚੋਂ 12 ਸੀਟਾਂ ਉਤੇ ਸਹਿਮਤੀ ਬਣਾ ਲਈ ਹੈ। ਦੋ ਖੱਬੀਆਂ ਧਿਰਾਂ ਸੀ.ਪੀ.ਆਈ. ਅਤੇ ਆਰ.ਸੀ.ਪੀ.ਆਈ. ਵੀ ਪੀ.ਡੀ.ਏ. ਵਿਚ ਸ਼ਾਮਲ ਹੋ ਗਈਆਂ ਹਨ।

ਹੁਣ ਪੀ.ਡੀ.ਏ. ਵਿਚ 6 ਧਿਰਾਂ ਸ਼ਾਮਲ ਹੋ ਗਈਆਂ ਹਨ। ਇਸ ਤਹਿਤ ਬਹੁਜਨ ਸਮਾਜ ਪਾਰਟੀ (ਬਸਪਾ) ਨੂੰ 3 ਹਲਕਿਆਂ ਆਨੰਦਪੁਰ ਸਾਹਿਬ, ਜਲੰਧਰ ਤੇ ਹੁਸ਼ਿਆਰਪੁਰ, ਪੰਜਾਬ ਏਕਤਾ ਪਾਰਟੀ ਨੂੰ 3 ਹਲਕੇ ਬਠਿੰਡਾ, ਫਰੀਦਕੋਟ ਤੇ ਖਡੂਰ ਸਾਹਿਬ, ਲੋਕ ਇਨਸਾਫ ਪਾਰਟੀ ਨੂੰ 3 ਹਲਕੇ ਲੁਧਿਆਣਾ, ਅੰਮ੍ਰਿਤਸਰ ਤੇ ਫਤਿਹਗੜ੍ਹ ਸਾਹਿਬ, ਪੰਜਾਬ ਮੰਚ ਨੂੰ ਪਟਿਆਲਾ, ਸੀ.ਪੀ.ਆਈ. ਨੂੰ ਫਿਰੋਜ਼ਪੁਰ ਅਤੇ ਆਰ.ਸੀ.ਪੀ.ਆਈ. ਨੂੰ ਗੁਰਦਾਸਪੁਰ ਅਲਾਟ ਕੀਤੇ ਗਏ ਹਨ। ਪੰਜਾਬ ਮੰਚ ਵੱਲੋਂ ਆਮ ਆਦਮੀ ਪਾਰਟੀ (ਆਪ) ਦੇ ਮੁਅੱਤਲ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੂੰ ਪਟਿਆਲਾ, ਬਸਪਾ ਵੱਲੋਂ ਵਿਕਰਮ ਸਿੰਘ ਸੋਢੀ ਨੂੰ ਆਨੰਦਪੁਰ ਸਾਹਿਬ, ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਚੌਧਰੀ ਖੁਸ਼ੀ ਰਾਮ ਨੂੰ ਹੁਸ਼ਿਆਰਪੁਰ (ਰਾਖਵਾਂ ਹਲਕਾ) ਤੇ ਬਲਵਿੰਦਰ ਸਿੰਘ ਜਲੰਧਰ (ਰਾਖਵਾਂ ਹਲਕਾ), ਲੋਕ ਇਨਸਾਫ ਪਾਰਟੀ ਵੱਲੋਂ ਮਨਵਿੰਦਰ ਸਿੰਘ ਗਿਆਸਪੁਰ ਨੂੰ ਫਤਿਹਗੜ੍ਹ ਸਾਹਿਬ (ਰਾਖਵਾਂ ਹਲਕਾ) ਅਤੇ ਪੰਜਾਬ ਏਕਤਾ ਪਾਰਟੀ ਵੱਲੋਂ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਖਡੂਰ ਸਾਹਿਬ ਅਤੇ 'ਆਪ' ਤੋਂ ਅਸਤੀਫਾ ਦੇ ਚੁੱਕੇ ਵਿਧਾਇਕ ਮਾਸਟਰ ਬਲਦੇਵ ਸਿੰਘ ਨੂੰ ਫਰੀਦਕੋਟ (ਰਾਖਵਾਂ ਹਲਕਾ) ਤੋਂ ਉਮੀਦਵਾਰ ਬਣਾਇਆ ਜਾਵੇਗਾ। ਡਾ. ਧਰਮਵੀਰ ਗਾਂਧੀ ਨੇ 'ਨਵਾਂ ਪੰਜਾਬ ਪਾਰਟੀ' ਬਣਾਉਣ ਦਾ ਵੀ ਐਲਾਨ ਕੀਤਾ।

# ਢੀਂਡਸਾ ਸਣੇ 47 ਸ਼ਖਸੀਅਤਾਂ ਦਾ ਪਦਮ ਪੁਰਸਕਾਰਾਂ ਨਾਲ ਸਨਮਾਨ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਵੱਖ-ਵੱਖ ਖੇਤਰਾਂ ਨਾਲ ਸਬੰਧਤ 47 ਉੱਘੀਆਂ ਹਸਤੀਆਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਤ ਕੀਤਾ। ਰਾਸ਼ਟਰਪਤੀ ਭਵਨ ਵਿਚ ਰੱਖੇ ਵਿਸ਼ੇਸ਼ ਸਮਾਗਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਹੋਰ ਕਈ ਉੱਘੀਆਂ ਹਸਤੀਆਂ ਮੌਜੂਦ ਸਨ।

ਜਿਨ੍ਹਾਂ ਵਿਅਕਤੀਆਂ ਨੂੰ ਪਦਮ ਪੁਰਸਕਾਰਾਂ ਦੇ ਐਜਾਜ਼ ਨਾਲ ਨਿਵਾਜਿਆ ਗਿਆ, ਉਨ੍ਹਾਂ ਵਿਚ ਮਲਿਆਲਮ ਫਿਲਮਾਂ ਦੇ ਅਦਾਕਾਰ ਮੋਹਨਲਾਲ, ਸਾਬਕਾ ਵਿਦੇਸ਼ ਸਕੱਤਰ ਐਸ.ਜੈਸ਼ੰਕਰ, ਅਕਾਲੀ ਦਲ ਦੇ ਆਗੂ ਸੁਖਦੇਵ ਸਿੰਘ ਢੀਂਡਸਾ ਤੇ ਉਘੇ ਪੱਤਰਕਾਰ ਕੁਲਦੀਪ ਨਈਅਰ (ਮਰਨ-ਉਪਰੰਤ) ਸ਼ਾਮਲ ਹਨ।

ਬਿਹਾਰ ਦੇ ਆਗੂ ਹੁਕਮਦੇਵ ਨਰਾਇਣ ਯਾਦਵ ਤੇ ਬਹੁਕੌਮੀ ਟੈਕਨੋ ਜਾਇੰਟ ਸਿਸਕੋ ਸਿਸਟਮਜ਼ ਦੇ ਸਾਬਕਾ ਸੀ.ਈ.ਓ. ਜੌਹਨ ਚੈਂਬਰਜ਼ ਨੂੰ ਜਿਥੇ ਪਦਮ ਭੂਸ਼ਨ ਨਾਲ ਸਨਮਾਨਤ ਕੀਤਾ ਗਿਆ, ਉਥੇ ਉਘੇ ਡਾਂਸਰ ਤੇ ਫਿਲਮਸਾਜ਼ ਪ੍ਰਭੂ ਦੇਵਾ ਨੂੰ ਪਦਮ ਸ੍ਰੀ ਐਵਾਰਡ ਦਿੱਤਾ ਗਿਆ। ਵਿਸ਼ਵਨਾਥਨ ਮੋਹਨਲਾਲ, ਢੀਂਡਸਾ ਤੇ ਨਈਅਰ (ਮਰਨ-ਉਪਰੰਤ) ਨੂੰ ਪਦਮ ਭੂਸ਼ਨ ਤੇ ਜੈਸ਼ੰਕਰ ਨੂੰ ਪਦਮ ਸ੍ਰੀ ਦੇ ਐਜਾਜ਼ ਦਿੱਤੇ ਗਏ। ਨਈਅਰ ਦਾ ਐਵਾਰਡ ਉਨ੍ਹਾਂ ਦੀ ਪਤਨੀ ਨੇ ਲਿਆ। ਪਦਮ ਪੁਰਸਕਾਰ ਮੁਲਕ ਦੇ ਸਿਖਰਲੇ ਨਾਗਰਿਕ ਐਵਾਰਡਾਂ 'ਚੋਂ ਇਕ ਹੈ। ਇਹ ਤਿੰਨ ਵਰਗਾਂ (ਪਦਮ ਵਿਭੂਸ਼ਨ, ਪਦਮ ਭੂਸ਼ਨ ਤੇ ਪਦਮ ਸ੍ਰੀ) ਵਿਚ ਦਿੱਤੇ ਜਾਂਦੇ ਹਨ।

# ਗਿਆਨੀ ਇਕਬਾਲ ਸਿੰਘ ਨੂੰ ਬਾਦਲਾਂ ਤੋਂ ਖਤਰਾ!

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਪੰਜਾਬ ਅਤੇ ਬਿਹਾਰ ਦੇ ਮੁੱਖ ਮੰਤਰੀਆਂ ਨੂੰ ਵੱਖ ਵੱਖ ਪੱਤਰ ਭੇਜ ਕੇ ਆਪਣੀ ਜਾਨ ਨੂੰ ਖਤਰਾ ਦੱਸਦਿਆਂ ਸੁਰੱਖਿਆ ਮੰਗੀ ਹੈ। ਗਿਆਨੀ ਇਕਬਾਲ ਸਿੰਘ ਨੂੰ ਪ੍ਰਬੰਧਕੀ ਬੋਰਡ ਵੱਲੋਂ ਸੇਵਾਮੁਕਤ ਕਰ ਦਿੱਤਾ ਗਿਆ ਹੈ। ਇਸ ਮਗਰੋਂ ਉਨ੍ਹਾਂ ਬਿਹਾਰ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਵੱਖ ਵੱਖ ਪੱਤਰ ਭੇਜ ਕੇ ਆਖਿਆ ਕਿ ਉਨ੍ਹਾਂ ਦੀ ਜਾਨ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਖਤਰਾ ਹੈ।

ਉਨ੍ਹਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਅਤੇ ਬੋਰਡ ਦੇ ਮੈਂਬਰ ਕਮਿੱਕਰ ਸਿੰਘ ਮੁਕੰਦਪੁਰ ਤੋਂ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ। ਜੇਕਰ ਉਨ੍ਹਾਂ ਦਾ ਜਾਂ ਪਰਿਵਾਰ ਦੇ ਕਿਸੇ ਮੈਂਬਰ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਸਿੱਧੇ ਤੌਰ 'ਤੇ ਇਹ ਤਿੰਨੇ ਆਗੂ ਜ਼ਿੰਮੇਵਾਰ ਹੋਣਗੇ। ਉਨ੍ਹਾਂ ਲਿਖਿਆ ਕਿ ਡੇਰਾ ਮੁਖੀ ਰਾਮ ਰਹੀਮ ਨੂੰ ਬਿਨਾਂ ਮੰਗੇ ਦਿੱਤੀ ਮੁਆਫੀ ਦਾ ਸੱਚ ਉਜਾਗਰ ਕਰਨ ਕਰਕੇ ਹੀ ਉਨ੍ਹਾਂ ਖਿਲਾਫ ਇਹ ਸਾਜ਼ਿਸ਼ਾਂ ਰਚੀਆਂ ਗਈਆਂ ਹਨ। ਮੌਜੂਦਾ ਸਥਿਤੀ ਵਿਚ ਉਹ ਆਪਣੇ ਘਰ ਦੇ ਇਕ ਕਮਰੇ ਵਿਚ ਕੈਦ ਹੋ ਕੇ ਰਹਿ ਗਏ ਹਨ।

ਦੂਜੇ ਪਾਸੇ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨੇ ਗਿਆਨੀ ਇਕਬਾਲ ਸਿੰਘ ਵੱਲੋਂ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਆਖਿਆ ਕਿ ਉਨ੍ਹਾਂ ਦੀ ਜਾਨ ਮਾਲ ਨੂੰ ਕੋਈ ਖਤਰਾ ਨਹੀਂ ਹੈ ਤੇ ਨਾ ਹੀ ਕਿਸੇ ਨੇ ਉਨ੍ਹਾਂ ਨੂੰ ਕੋਈ ਧਮਕੀ ਦਿੱਤੀ ਹੈ। ਸਗੋਂ ਉਨ੍ਹਾਂ ਨੂੰ ਬੋਰਡ ਵੱਲੋਂ ਦਿੱਤੀ ਹੋਈ ਰਿਹਾਇਸ਼ ਖਾਲੀ ਕਰਨ ਦੀ ਅਪੀਲ ਕੀਤੀ ਗਈ ਹੈ।

# ਯੂ. ਏ. ਈ. ਨੇ ਪੰਜਾਬ 'ਚ ਪੂੰਜੀ ਨਿਵੇਸ਼ ਬਾਰੇ ਦਿਖਾਈ ਦਿਲਚਸਪੀ

**ਚੰਡੀਗੜ੍ਹ:** ਯੂ.ਏ.ਈ. ਦੇ ਸੰਭਾਵੀ ਨਿਵੇਸ਼ਕਾਰਾਂ ਦੇ ਵਫਦ ਨੇ ਪੰਜਾਬ ਵਿਚ ਖੇਤੀ, ਖਾਣ ਵਾਲੀਆਂ ਵਸਤਾਂ, ਬਰਾਮਦ, ਬੁਨਿਆਦੀ ਢਾਂਚਾ, ਰੀਅਲ ਅਸਟੇਟ ਅਤੇ ਪਾਣੀ ਪ੍ਰਬੰਧਨ ਆਦਿ ਵਿਚ ਨਿਵੇਸ਼ ਕਰਨ ਦੀ ਰੁਚੀ ਜ਼ਾਹਰ ਕੀਤੀ ਹੈ। ਇਥੇ ਇਨਵੈਸਟ ਪੰਜਾਬ ਵੱਲੋਂ ਰੱਖੇ ਵਿਚਾਰ-ਵਟਾਂਦਰਾ ਸੈਸ਼ਨ ਦੌਰਾਨ ਭਾਰਤ ਅਤੇ ਯੂ.ਏ.ਈ. ਵੱਲੋਂ ਆਪਸੀ ਵਪਾਰਕ ਵਾਧੇ ਨੂੰ ਲੈ ਕੇ ਅਹਿਮ ਮੀਟਿੰਗ ਕੀਤੀ ਗਈ।

ਇਨਵੈਸਟ ਪੰਜਾਬ ਦੇ ਬੁਲਾਰੇ ਨੇ ਦੱਸਿਆ ਕਿ ਭਾਰਤ, ਯੂ.ਏ.ਈ. ਦਾ ਵੱਡਾ ਵਪਾਰਕ ਭਾਈਵਾਲ ਹੈ ਅਤੇ ਦੋਵਾਂ ਦੇਸ਼ਾਂ ਵਿਚਕਾਰ ਦੁਵੱਲੇ ਵਪਾਰਕ ਸਬੰਧ ਕਾਫੀ ਮਜ਼ਬੂਤ ਹਨ। ਯੂ.ਏ.ਈ. ਦੇ ਨਿਵੇਸ਼ਕਾਂ ਨਾਲ ਗੱਲ ਕਰਦਿਆਂ ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਕਿਹਾ ਕਿ ਸੂਬੇ ਵਿਚ ਨਿਵੇਸ਼ ਲਈ ਕਈ ਅਹਿਮ ਮੌਕੇ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਿਵੇਸ਼ ਪੱਖੋਂ ਅਤੇ ਦੁਵੱਲੇ ਵਪਾਰ ਲਈ ਪੰਜਾਬ ਯੂ.ਏ.ਈ. ਦੀ ਪਹਿਲੀ ਸੂਚੀ ਦੇ ਮੁਲਕਾਂ ਵਿਚ ਸ਼ੁਮਾਰ ਹੈ। ਵਫਦ ਵਿਚ ਹਾਇਪਰਲੂਪ ਵਨ, ਮੀਟੀਟੂ, ਲੂਲੂ ਗਰੁੱਪ, ਡੀਪੀ ਵਰਲਡ, ਸ਼ਰਾਫ ਗਰੁੱਪ, ਐਮ.ਆਰ., ਡੀ.ਐਮ.ਸੀ.ਸੀ. ਅਤੇ ਯੂ.ਪੀ.ਐਲ. ਦੇ ਉਚ ਅਧਿਕਾਰੀ ਸ਼ਾਮਲ ਹਨ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਅਕਤੂਬਰ 2018 ਵਿਚ ਦੁਬਈ ਵਿਚ ਹੋਈ ਇੰਡੀਆ-ਯੂਏਈ ਪਾਰਟਨਰਸ਼ਿਪ ਸਮਿਟ ਵਿਚ ਸੂਬਾ ਸਰਕਾਰ ਦੇ ਇਕ ਉੱਚ ਪੱਧਰੀ ਵਫਦ ਨੇ ਹਾਜ਼ਰੀ ਭਰੀ ਸੀ ਅਤੇ ਦੁਵੱਲੇ ਵਪਾਰਕ ਸਬੰਧਾਂ ਦੀ ਮਜ਼ਬੂਤੀ ਵੱਲ ਕਦਮ ਵਧਾਏ ਸਨ।

# ਇਮਰਾਨ ਖਾਨ ਦੀ ਆਮਦਨ ਘਟੀ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਆਮਦਨ ਪਿਛਲੇ ਤਿੰਨ ਸਾਲਾਂ 'ਚ 3.09 ਕਰੋੜ ਰੁਪਏ ਘਟੀ ਹੈ, ਜਦਕਿ ਵਿਰੋਧੀ ਧਿਰ ਪਾਰਟੀਆਂ ਦੇ ਨੇਤਾਵਾਂ ਦੀ ਆਮਦਨ 'ਚ ਲਗਾਤਾਰ ਵਾਧਾ ਜਾਰੀ ਹੈ। ਕ੍ਰਿਕਟ ਤੋਂ ਸਿਆਸਤ 'ਚ ਆਏ ਇਮਰਾਨ ਦੀ ਸਾਲ 2015 ਵਿਚ ਆਮਦਨ 3.56 ਕਰੋੜ ਰੁਪਏ (ਪਾਕਿਸਤਾਨੀ ਕਰੰਸੀ) ਸੀ। ਸਾਲ 2016 'ਚ ਇਹ ਘਟ ਕੇ 1.29 ਕਰੋੜ ਰੁਪਏ ਅਤੇ ਸਾਲ 2017 'ਚ ਹੋਰ ਵਧੇਰੇ ਘਟ ਕੇ 47 ਲੱਖ ਰੁਪਏ ਰਹਿ ਗਈ। ਦੱਸਿਆ ਜਾ ਰਿਹਾ ਹੈ ਕਿ ਇਮਰਾਨ ਖਾਨ ਦੀ ਸਾਲ 2015 'ਚ ਆਮਦਨ ਵਿਚ 10 ਲੱਖ ਰੁਪਏ ਤੋਂ ਥੋੜਾ ਵਧੇਰੇ ਵਾਧਾ ਇਸਲਾਮਾਬਾਦ 'ਚ ਇਕ ਅਪਾਰਟਮੈਂਟ ਖਰੀਦ ਤੋਂ ਬਾਅਦ ਹੋਇਆ ਸੀ। ਇਸ ਤੋਂ ਇਲਾਵਾ ਵਿਦੇਸ਼ਾਂ 'ਚ ਭੇਜੇ ਧਨ ਨਾਲ 98 ਲੱਖ ਰੁਪਏ ਪ੍ਰਾਪਤ ਹੋਏ। ਸਾਲ 2016 'ਚ ਉਨ੍ਹਾਂ ਦੀ ਕੁੱਲ ਆਮਦਨ ਘਟ ਕੇ 1.29 ਕਰੋੜ ਰਹਿ ਗਈ, ਜਿਸ 'ਚ 74 ਲੱਖ ਰੁਪਏ ਵਿਦੇਸ਼ਾਂ ਤੋਂ ਆਏ ਸਨ।

# ਪੰਜਾਬ ਦੀਆਂ ਸਿਆਸੀ ਧਿਰਾਂ ਲਈ ਲੰਮਾ ਸੰਘਰਸ਼

*(ਸਫਾ ਇਕ ਦੀ ਬਾਕੀ)*

ਨਵਜੋਤ ਸਿੰਘ ਸਿੱਧੂ ਦੇ ਕਾਂਗਰਸ ਵਿਚ ਚਲੇ ਜਾਣ ਤੋਂ ਬਾਅਦ ਭਾਜਪਾ ਨੂੰ ਅੰਮ੍ਰਿਤਸਰ ਤੋਂ ਪ੍ਰਭਾਵਸ਼ਾਲੀ ਸਿੱਖ ਚਿਹਰਾ ਨਹੀਂ ਮਿਲਿਆ। ਗੁਰਦਾਸਪੁਰ ਤੋਂ ਫਿਲਮ ਅਦਾਕਾਰ ਵਿਨੋਦ ਖੰਨਾ ਦੇ ਦਿਹਾਂਤ ਮਗਰੋਂ ਵੀ ਖਲਾਅ ਪੈਦਾ ਹੋ ਗਿਆ। ਹੁਸ਼ਿਆਰਪੁਰ ਹਲਕਾ ਹੀ ਅਜਿਹਾ ਬਚਿਆ ਹੈ ਜਿਥੋਂ ਕੇਂਦਰੀ ਮੰਤਰੀ ਵਿਜੈ ਕੁਮਾਰ ਸਾਂਪਲਾ ਨੂੰ ਹੀ ਮੁੜ ਤੋਂ ਉਮੀਦਵਾਰ ਬਣਾਏ ਜਾਣ ਦੇ ਆਸਾਰ ਹਨ।

ਸਾਲ 2014 ਵਿਚ ਭਾਜਪਾ ਦੀ ਕੇਂਦਰ ਵਿਚ ਮਜ਼ਬੂਤ ਸਰਕਾਰ ਹੋਂਦ 'ਚ ਆਉਣ ਤੋਂ ਬਾਅਦ ਭਾਜਪਾ ਨੂੰ ਪੰਜਾਬ ਵਿਚ ਪੱਕੇ ਪੈਰੀਂ ਹੋਣ ਦੀ ਆਸ ਬੱਝੀ ਸੀ ਪਰ ਮੋਦੀ ਲਹਿਰ ਦਾ ਪੰਜਾਬ ਵਿਚ ਕੋਈ ਜਾਦੂ ਦਿਖਾਈ ਨਾ ਦਿੱਤਾ। ਨਰਿੰਦਰ ਮੋਦੀ ਦੇ ਨਾਮ 'ਤੇ ਭਾਜਪਾ ਅੱਜ ਵੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪੈਣ ਦੀ ਆਸ ਲਾਈਂ ਬੈਠੀ ਹੈ ਪਰ ਅਕਾਲੀਆਂ ਦੇ ਸਹਾਰੇ ਬਿਨਾਂ ਕੁਝ ਵੀ ਸੰਭਵ ਦਿਖਾਈ ਨਹੀਂ ਦੇ ਰਿਹਾ।

# ਭਾਰਤ ਵਿਚ ਚੋਣ-ਜੰਗ ਦੇ ਨਗਾਰੇ 'ਤੇ ਲੱਗੀ ਚੋਟ

*(ਸਫਾ ਇਕ ਦੀ ਬਾਕੀ)*

ਵਾਢੀ ਦੌਰਾਨ ਹੀ ਉਮੀਦਵਾਰਾਂ ਵੱਲੋਂ ਚੋਣ ਪ੍ਰਚਾਰ ਤੇ ਜਲਸਿਆਂ ਵਿਚ ਲੋਕਾਂ ਦੀ ਸ਼ਮੂਲੀਅਤ ਬਣਾਉਣੀ ਵੀ ਮੁਸ਼ਕਲ ਹੋਵੇਗੀ। ਵਿਰੋਧੀ ਧਿਰਾਂ ਸਮੇਤ ਸਿਆਸੀ ਮਾਹਿਰ ਵੀ ਚੋਣ ਕਮਿਸ਼ਨ ਦੇ ਇਸ ਫੈਸਲੇ ਤੋਂ ਹੈਰਾਨ ਹਨ। ਦੱਸ ਦਈਏ ਕਿ ਪੂਰੇ ਦੇਸ਼ ਵਿਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਵੇਲੇ ਕਰਵਾਉਣ ਦੀ ਚਰਚਾ ਜ਼ੋਰ ਸ਼ੋਰ ਨਾਲ ਚੱਲ ਰਹੀ ਹੈ, ਪਰ ਜਿਸ ਹਿਸਾਬ ਨਾਲ ਲੋਕ ਸਭਾ ਚੋਣਾਂ ਨੂੰ ਇੰਨਾ ਲੰਮਾ ਖਿੱਚਿਆ ਗਿਆ ਹੈ, ਇਕੱਠੀਆਂ ਚੋਣਾਂ ਕਰਵਾਉਣ ਵਾਲੇ ਦਾਅਵੇ ਸੁਪਨਾ ਹੀ ਲੱਗ ਰਹੇ ਹਨ। ਲੋਕ ਸਭਾ ਚੋਣਾਂ ਦਾ ਲੰਮੇ ਸਮੇਂ ਤੱਕ ਚੱਲਣਾ ਚੋਣਾਂ ਲਈ ਕੇਂਦਰੀ ਸੁਰੱਖਿਆ ਬਲਾਂ, ਸੂਬਿਆਂ ਦੀ ਪੁਲਿਸ, ਕੇਂਦਰੀ ਤੇ ਰਾਜਾਂ ਦੀ ਚੋਣ ਮਸ਼ੀਨਰੀ ਆਦਿ ਉਤੇ ਵੱਡੇ ਪੱਧਰ ਦਾ ਬੋਝ ਪੈਂਦਾ ਹੈ ਅਤੇ ਮੌਜੂਦਾ ਹਾਲਾਤ ਵਿਚ ਇਹ ਚੋਣਾਂ ਲਗਭਗ ਦੋ ਮਹੀਨੇ ਦਾ ਸਮਾਂ ਲੈਣਗੀਆਂ।

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਖਦਸ਼ਾ ਜਾਹਿਰ ਕੀਤਾ ਹੈ ਕਿ ਚੋਣਾਂ ਦਾ ਵਕਫਾ ਲੰਮਾ ਇਸ ਲਈ ਰੱਖਿਆ ਗਿਆ ਹੈ ਤਾਂ ਕਿ ਭਾਜਪਾ ਨੂੰ ਇਕ ਹੋਰ 'ਸਟ੍ਰਾਈਕ' ਦਾ ਮੌਕਾ ਮਿਲ ਸਕੇ। ਦੱਸ ਦਈਏ ਕਿ ਚੋਣ ਕਮਿਸ਼ਨ ਉਤੇ ਮੋਦੀ ਸਰਕਾਰ ਦੇ ਹਿਸਾਬ-ਕਿਤਾਬ ਮੁਤਾਬਕ ਚੱਲਣ ਦੇ ਦੋਸ਼ ਪਿਛਲੇ ਕਾਫੀ ਸਮੇਂ ਤੋਂ ਲੱਗਦੇ ਰਹੇ ਹਨ। ਇਸ ਤੋਂ ਪਹਿਲਾਂ ਜੰਮ ਕਸ਼ਮੀਰ, ਉਤਰ ਪ੍ਰਦੇਸ਼ ਤੇ ਗੁਜਰਾਤ ਵਿਚ ਚੋਣ ਐਲਾਨਾਂ ਉਤੇ ਵੱਡੇ ਸਵਾਲ ਉਠੇ ਸਨ।

# ਇਥੋਪੀਆ ਵਿਚ ਹਵਾਈ ਜਹਾਜ ਡਿੱਗਿਆ; 157 ਮੌਤਾਂ

**ਅਡੀਸ ਅਬਾਬਾ (ਇਥੋਪੀਆ):** ਇਥੋਪੀਅਨ ਏਅਰਲਾਈਨਜ਼ ਦਾ ਬੋਇੰਗ 737-8 ਮੈਕਸ ਜਹਾਜ ਉਡਾਣ ਭਰਨ ਤੋਂ ਕੁਝ ਹੀ ਪਲਾਂ ਬਾਅਦ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ ਜਹਾਜ ਵਿਚ ਸਫਰ ਕਰ ਰਹੇ 157 ਲੋਕ ਮਾਰੇ ਗਏ। ਇਸ ਸਰਕਾਰੀ ਏਅਰਲਾਈਨਜ਼ ਵੱਲੋਂ ਜਾਰੀ ਬਿਆਨ ਅਨੁਸਾਰ ਹਾਦਸੇ ਦੇ ਕਾਰਨਾਂ ਦਾ ਤੁਰਤ ਪਤਾ ਨਹੀਂ ਲੱਗ ਸਕਿਆ ਹੈ। ਇਹ ਜਹਾਜ ਨਵਾਂ ਸੀ ਅਤੇ ਹਾਲੇ ਨਵੰਬਰ ਵਿਚ ਹੀ ਏਅਰਲਾਈਨਜ਼ ਹਵਾਲੇ ਕੀਤਾ ਗਿਆ ਸੀ। ਪੂਰੇ ਅਫਰੀਕਾ ਵਿਚੋਂ ਸਭ ਤੋਂ ਬਿਹਤਰੀਨ ਮੰਨੀ ਜਾਂਦੀ ਇਥੋਪੀਅਨ ਏਅਰਲਾਈਨਜ਼ ਦੇ ਬਿਆਨ ਅਨੁਸਾਰ ਜਹਾਜ਼ ਵਿਚ 149 ਯਾਤਰੀ ਅਤੇ ਅੱਠ ਸਟਾਫ ਮੈਂਬਰ ਸਨ। ਇਸ ਜਹਾਜ ਨੇ ਹਾਦਸੇ ਤੋਂ ਛੇ ਮਿੰਟ ਪਹਿਲਾਂ ਹੀ ਅਡੀਸ ਅਬਾਬਾ ਤੋਂ ਕੀਨੀਆ ਦੀ ਰਾਜਧਾਨੀ ਲਈ ਉਡਾਣ ਭਰੀ ਸੀ। ਏਅਰਲਾਈਨਜ਼ ਦੇ ਬੁਲਾਰੇ ਅਨੁਸਾਰ ਜਹਾਜ ਵਿਚ 37 ਮੁਲਕਾਂ ਦੇ ਲੋਕ ਸਫਰ ਕਰ ਰਹੇ ਸਨ, ਜਿਨ੍ਹਾਂ ਵਿਚ ਕੀਨੀਆ ਦੇ 32 ਅਤੇ ਇਥੋਪੀਆ ਦੇ 17 ਵਾਸੀ ਸ਼ਾਮਲ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਮੋਦੀ ਸਰਕਾਰ ਦੇ ਪਾਕਿਸਤਾਨ ਵਿਚ ਅਤਿਵਾਦੀ ਮਾਰਨ ਵਾਲੇ ਦਾਅਵੇ ਦੀ ਨਿਕਲੀ ਫੂਕ

**ਨਵੀਂ ਦਿੱਲੀ:** ਮੋਦੀ ਸਰਕਾਰ ਵੱਲੋਂ ਪੁਲਵਾਮਾ ਹਮਲੇ ਤੋਂ ਬਾਅਦ ਪਾਕਿਸਤਾਨ ਵਿਚ ਅਤਿਵਾਦੀ ਕੈਂਪਾਂ ਉਤੇ ਹਮਲੇ ਕਰਕੇ 350 ਅਤਿਵਾਦੀ ਮਾਰਨ ਦੇ ਦਾਅਵੇ ਦੀ ਫੂਕ ਨਿਕਲਦੀ ਜਾਪ ਰਹੀ ਹੈ। ਰਾਇਟਰਜ਼ ਨੂੰ ਪ੍ਰਾਪਤ ਹੋਈਆਂ ਉਪ ਗ੍ਰਹਿ ਦੀਆਂ ਤਸਵੀਰਾਂ ਵਿਚ ਉਤਰ-ਪੱਛਮੀ ਪਾਕਿਸਤਾਨ ਵਿਚ ਜੈਸ਼-ਏ-ਮੁਹੰਮਦ ਵੱਲੋਂ ਚਲਾਏ ਜਾਂਦੇ ਮਦਰੱਸੇ ਦੀਆਂ ਇਮਾਰਤਾਂ ਅਜੇ ਵੀ ਦਿਸ ਰਹੀਆਂ ਹਨ, ਜਦੋਂਕਿ ਭਾਰਤ ਨੇ ਦਾਅਵਾ ਕੀਤਾ ਸੀ ਕਿ ਇਸ ਦੇ ਜੰਗੀ ਜਹਾਜ਼ਾਂ ਨੇ ਇਸ ਜਗ੍ਹਾ 'ਤੇ ਚੱਲਦੇ ਇਸਲਾਮਿਕ ਗਰੁੱਪ ਦੇ ਟਰੇਨਿੰਗ ਕੈਂਪ ਨੂੰ ਤਬਾਹ ਕਰ ਦਿੱਤਾ ਅਤੇ ਇਸ ਹਮਲੇ ਵਿਚ ਵੱਡੀ ਗਿਣਤੀ ਅਤਿਵਾਦੀ ਮਾਰੇ ਗਏ ਸਨ।

ਸਾਂ ਫਰਾਂਸਿਸਕੋ ਆਧਾਰਿਤ ਇਕ ਨਿੱਜੀ ਉਪ ਗ੍ਰਹਿ ਅਪਰੇਟਰ ਪਲੈਨਿਟ ਲੈਬਜ਼ ਵੱਲੋਂ ਲਈਆਂ ਗਈਆਂ ਤਸਵੀਰਾਂ ਵਿਚ ਭਾਰਤੀ ਹਵਾਈ ਹਮਲੇ ਤੋਂ ਛੇ ਦਿਨਾਂ ਬਾਅਦ 4 ਮਾਰਚ ਨੂੰ ਵੀ ਮਦਰੱਸੇ ਦੀਆਂ ਛੇ ਇਮਾਰਤਾਂ ਖੜ੍ਹੀਆਂ ਦਿਸ ਰਹੀਆਂ ਹਨ। ਹੁਣ ਤੱਕ ਜਨਤਕ ਤੌਰ 'ਤੇ ਉਪ ਗ੍ਰਹਿ ਦੀਆਂ ਐਨੀਆਂ ਸਾਫ ਤਸਵੀਰਾਂ ਮੌਜੂਦ ਨਹੀਂ ਸਨ, ਪਰ ਪਲੈਨਿਟ ਲੈਬ ਵੱਲੋਂ ਲਈਆਂ ਗਈਆਂ ਤਕਰੀਬਨ 72 ਸੈਂਟੀਮੀਟਰ ਦੀਆਂ ਉਪ ਗ੍ਰਹਿ ਦੀਆਂ ਇਨ੍ਹਾਂ ਤਸਵੀਰਾਂ ਵਿਚ ਇਮਾਰਤਾਂ ਖੜ੍ਹੀਆਂ ਸਾਫ ਦਿਸ ਰਹੀਆਂ ਹਨ, ਜਿਨ੍ਹਾਂ ਨੂੰ ਭਾਰਤ ਸਰਕਾਰ ਨੇ ਤਬਾਹ ਕਰਨ ਦਾ ਦਾਅਵਾ ਕੀਤਾ ਸੀ। ਉਪ ਗ੍ਰਹਿ ਦੀ ਇਸ ਤਸਵੀਰ ਵਿਚ ਅਪਰੈਲ 2018 ਤੋਂ ਲੈ ਕੇ ਹੁਣ ਤੱਕ ਕੋਈ ਬਦਲਾਅ ਨਜ਼ਰ ਨਹੀਂ ਆਇਆ ਹੈ। ਇਮਾਰਤਾਂ ਦੀਆਂ ਛੱਤਾਂ ਵਿਚ ਨਾ ਤਾਂ ਛੇਕ ਹਨ, ਨਾ ਝੁਲਸਣ ਦੇ ਨਿਸ਼ਾਨ ਹਨ। ਇਸ ਤੋਂ ਇਲਾਵਾ ਇਨ੍ਹਾਂ ਇਮਾਰਤਾਂ ਦੀਆਂ ਕੰਧਾਂ ਉਤੇ ਧੂੰਏਂ ਦੇ ਨਿਸ਼ਾਨ ਜਾਂ ਮਦਰੱਸੇ ਦੁਆਲੇ ਪੁੱਟੇ ਹੋਏ ਦਰਖਤਾਂ ਤੋਂ ਇਲਾਵਾ ਹਵਾਈ ਹਮਲੇ ਦੇ ਕੋਈ ਨਿਸ਼ਾਨ ਨਹੀਂ ਦਿਖਾਈ ਦੇ ਰਹੇ ਹਨ।

ਇਨ੍ਹਾਂ ਤਸਵੀਰਾਂ ਨੂੰ ਦੇਖ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਵੱਲੋਂ ਅੱਠ ਦਿਨ ਪਹਿਲਾਂ ਜਾਰੀ ਕੀਤੇ ਗਏ ਬਿਆਨਾਂ 'ਤੇ ਸ਼ੱਕ ਹੁੰਦਾ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ 26 ਫਰਵਰੀ ਨੂੰ ਤੜਕੇ ਪਾਕਿਸਤਾਨ ਦੇ ਖੈਬਰ ਪਖਤੂਨਵਾ ਖੇਤਰ ਦੇ ਬਾਲਾਕੋਟ ਅਤੇ ਜਾਬਾ ਨੇੜੇ ਮਦਰੱਸੇ ਵਾਲੀ ਥਾਂ ਨੂੰ ਭਾਰਤੀ ਜੰਗੀ ਜਹਾਜ਼ਾਂ ਨੇ ਹਮਲਾ ਕਰ ਕੇ ਤਬਾਹ ਕਰ ਦਿੱਤਾ। ਉਪ ਗ੍ਰਹਿ ਦੀਆਂ ਇਨ੍ਹਾਂ ਤਸਵੀਰਾਂ ਸਬੰਧੀ ਈ-ਮੇਲ ਕੀਤੇ ਗਏ ਸਵਾਲਾਂ ਦਾ ਭਾਰਤੀ ਵਿਦੇਸ਼ ਤੇ ਰੱਖਿਆ ਮੰਤਰਾਲਿਆਂ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ ਹੈ।

## ਦਰਖਤਾਂ 'ਤੇ ਬੰਬ ਸੁੱਟਣ ਦੇ ਦੋਸ਼ ਹੇਠ ਭਾਰਤੀ ਪਾਇਲਟਾਂ ਖਿਲਾਫ ਕੇਸ

**ਇਸਲਾਮਾਬਾਦ:** ਭਾਰਤ ਵਲੋਂ ਪਾਕਿਸਤਾਨ ਦੇ ਬਾਲਾਕੋਟ ਖੇਤਰ ਵਿੱਚ ਜੈਸ਼-ਏ-ਮੁਹੰਮਦ ਦੇ ਸਭ ਤੋਂ ਵੱਡੇ ਟਰੇਨਿੰਗ ਕੈਂਪ ਉੱਪਰ ਕੀਤੇ ਗਏ ਹਮਲਿਆਂ ਤੋਂ ਕਈ ਦਿਨ ਬਾਅਦ ਪਾਕਿਸਤਾਨ ਨੇ ਭਾਰਤੀ ਹਵਾਈ ਸੈਨਾ ਦੇ 'ਅਨਪਛਾਤੇ ਪਾਇਲਟਾਂ' ਖਿਲਾਫ ਬੰਬ ਸੁੱਟ ਕੇ 19 ਦਰਖਤ ਨਸ਼ਟ ਕਰਨ ਦੇ ਦੋਸ਼ ਹੇਠ ਐਫ.ਆਈ. ਆਰ. ਦਰਜ ਕੀਤੀ ਹੈ। ਮੀਡੀਆ ਰਿਪੋਰਟ ਅਨੁਸਾਰ ਜੰਗਲਾਤ ਵਿਭਾਗ ਵਲੋਂ ਭਾਰਤੀ ਹਵਾਈ ਸੈਨਾ ਦੇ ਅਨਪਛਾਤੇ ਪਾਇਲਟਾਂ ਖਿਲਾਫ ਬਾਲਾਕੋਟ ਖੇਤਰ ਵਿਚ ਦਰਖਤਾਂ 'ਤੇ ਬੰਬਾਰੀ ਕਰਨ ਦੇ ਦੋਸ਼ ਹੇਠ ਐਫ.ਆਈ.ਆਰ. ਦਰਜ ਕੀਤੀ ਗਈ ਹੈ।

## ਫੌਜੀ ਕਾਰਵਾਈਆਂ ਦੇ ਸਿਆਸੀਕਰਨ ਤੋਂ ਸਾਬਕਾ ਜਲ ਸੈਨਾ ਮੁਖੀ ਖਫਾ

**ਨਵੀਂ ਦਿੱਲੀ:** ਜਲ ਸੈਨਾ ਦੇ ਸਾਬਕਾ ਐਡਮਿਰਲ ਐਲ ਰਾਮਦਾਸ ਸਿਆਸੀ ਪਾਰਟੀਆਂ ਵੱਲੋਂ ਪੁਲਵਾਮਾ ਹਮਲੇ, ਬਾਲਾਕੋਟ ਕਾਰਵਾਈ ਅਤੇ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਦੇ ਅਪਰੇਸ਼ਨ ਦਾ ਸਿਆਸੀਕਰਨ ਕੀਤੇ ਜਾਣ ਤੋਂ ਨਿਰਾਸ਼ ਹਨ। ਉਨ੍ਹਾਂ ਚੋਣ ਕਮਿਸ਼ਨ ਨੂੰ ਇਸ ਸਬੰਧੀ ਪੱਤਰ ਲਿਖ ਕੇ ਕਿਹਾ ਸਿਆਸੀ ਪਾਰਟੀਆਂ ਨੂੰ ਲੋਕ ਸਭਾ ਚੋਣਾਂ 'ਚ ਅਜਿਹੇ ਮੁੱਦੇ ਉਭਾਰਨ ਤੋਂ ਰੋਕਣ ਲਈ ਕਿਹਾ ਹੈ। ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੂੰ ਲਿਖੇ ਖੁੱਲ੍ਹੇ ਪੱਤਰ 'ਚ ਐਡਮਿਰਲ (ਸੇਵਾ ਮੁਕਤ) ਐਲ ਰਾਮਦਾਸ ਨੇ ਫ਼ੌਜ ਵੱਲੋਂ ਹੁਣੇ ਜਿਹੇ ਦਿਖਾਈ ਗਈ ਬਹਾਦਰੀ ਦੀ ਵਰਤੋਂ ਸਿਆਸੀ ਲਾਹੇ ਲਈ ਕੀਤੇ ਜਾਣ 'ਤੇ ਚਿੰਤਾ ਪ੍ਰਗਟਾਈ ਹੈ।

# ਅਯੁੱਧਿਆ ਜ਼ਮੀਨ ਵਿਵਾਦ ਸਾਲਸੀਆਂ ਹਵਾਲੇ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਰਾਮ ਜਨਮਭੂਮੀ-ਬਾਬਰੀ ਮਸਜਿਦ ਜ਼ਮੀਨ ਵਿਵਾਦ ਕੇਸ ਗੱਲਬਾਤ ਰਾਹੀਂ ਸੁਲਝਾਉਣ ਲਈ ਤਿੰਨ ਮੈਂਬਰਾਂ 'ਤੇ ਆਧਾਰਿਤ ਸਾਲਸੀਆਂ ਦੀ ਕਮੇਟੀ ਬਣਾ ਦਿੱਤੀ ਹੈ। ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਐਫ.ਐਮ.ਆਈ. ਕਲੀਫੁੱਲਾ ਦੀ ਅਗਵਾਈ ਹੇਠ ਬਣਾਈ ਗਈ ਕਮੇਟੀ ਨੂੰ ਅਯੁੱਧਿਆ ਵਿਵਾਦ ਦਾ ਹੱਲ ਕੱਢਣ ਦੀ ਸੰਭਾਵਨਾ ਤਲਾਸ਼ਣ ਅਤੇ ਪ੍ਰਕਿਰਿਆ ਮੁਕੰਮਲ ਕਰਨ ਲਈ ਅੱਠ ਹਫਤਿਆਂ ਦਾ ਸਮਾਂ ਦਿੱਤਾ ਗਿਆ ਹੈ। ਬੈਂਚ ਨੇ ਚਾਰ ਹਫਤਿਆਂ ਦੇ ਅੰਦਰ ਇਸ ਦੀ ਪ੍ਰਗਤੀ ਰਿਪੋਰਟ ਦਾਖਲ ਕਰਨ ਲਈ ਕਿਹਾ ਹੈ।

ਕਮੇਟੀ ਦੇ ਹੋਰ ਮੈਂਬਰਾਂ 'ਚ ਧਾਰਮਿਕ ਆਗੂ ਸ੍ਰੀ ਸ੍ਰੀ ਰਵੀਸ਼ੰਕਰ ਅਤੇ ਸੀਨੀਅਰ ਵਕੀਲ ਸ੍ਰੀਰਾਮ ਪਾਂਚੂ ਸ਼ਾਮਲ ਹਨ। ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੇ ਪੰਜ ਜੱਜਾਂ 'ਤੇ ਆਧਾਰਿਤ ਸੰਵਿਧਾਨਕ ਬੈਂਚ ਨੇ ਕਿਹਾ ਕਿ ਜੇਕਰ ਲੋੜ ਪੈਂਦੀ ਹੈ ਤਾਂ ਉਹ ਹੋਰ ਮੈਂਬਰਾਂ ਦੀ ਚੋਣ ਕਰ ਸਕਦੇ ਹਨ। ਬੈਂਚ ਨੇ ਕਿਹਾ ਕਿ ਵਿਚੋਲਗੀ ਦਾ ਅਮਲ ਉੱਤਰ ਪ੍ਰਦੇਸ਼ ਦੇ ਫ਼ੈਜ਼ਾਬਾਦ 'ਚ ਹੋਵੇਗਾ ਅਤੇ ਸੂਬਾ ਸਰਕਾਰ ਨੂੰ ਇਸ ਸਬੰਧੀ ਲੋੜੀਂਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਕੰਮ ਇਕ ਹਫ਼ਤੇ ਦੇ ਅੰਦਰ ਸ਼ੁਰੂ ਹੋ ਜਾਵੇਗਾ ਅਤੇ ਇਸ ਦੀ ਬੰਦ ਕਮਰੇ 'ਚ ਕਾਰਵਾਈ ਰਿਕਾਰਡ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਕਾਰਵਾਈ ਦੀ ਮੀਡੀਆ, ਨਾ ਤਾਂ ਪ੍ਰਿੰਟ ਅਤੇ ਨਾ ਹੀ ਇਲੈਕਟ੍ਰਾਨਿਕ, ਵੱਲੋਂ ਰਿਪੋਰਟਿੰਗ ਨਹੀਂ ਕੀਤੀ ਜਾਵੇਗੀ। ਬੈਂਚ ਨੇ ਕਿਹਾ ਕਿ ਗੱਲਬਾਤ ਨੂੰ ਸਫ਼ਲ ਬਣਾਉਣ ਲਈ ਇਸ ਨੂੰ ਗੁਪਤ ਰੱਖਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵਿਚੋਲਗੀ ਦੇ ਕੰਮ ਦੌਰਾਨ ਜੇਕਰ ਕੋਈ ਦਿੱਕਤ ਆਉਂਦੀ ਹੈ ਤਾਂ ਚੇਅਰਮੈਨ ਇਸ ਬਾਬਤ ਸੁਪਰੀਮ ਕੋਰਟ ਰਜਿਸਟਰੀ ਨੂੰ ਜਾਣਕਾਰੀ ਦੇ ਜਸਟਿਸ ਕਲੀਫੁੱਲਾ, ਸ੍ਰੀ ਸ੍ਰੀ ਰਵੀਸ਼ੰਕਰ ਅਤੇ ਮੁਸਲਿਮ ਪਰਸਨਲ ਲਾਅ ਬੋਰਡ ਸਕਦਾ ਹੈ।

# ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੇ ਇੰਗਲੈਂਡ ਵਿਚ ਸ਼ਾਹੀ ਠਾਠ

**ਲੰਡਨ:** ਪੰਜਾਬ ਨੈਸ਼ਨਲ ਬੈਂਕ (ਪੀ. ਐਨ. ਬੀ.) ਵਿਚ ਹੋਏ 13,500 ਕਰੋੜ ਰੁਪਏ ਦੀ ਧੋਖਾਧੜੀ ਦੇ ਮਾਮਲੇ ਵਿਚ ਭਾਰਤ 'ਚ 'ਵਾਂਟੇਡ' ਤੇ ਭਗੌੜਾ ਹੀਰਾ ਕਾਰੋਬਾਰੀ ਨੀਰਵ ਮੋਦੀ ਇੰਗਲੈਂਡ ਵਿਚ ਸ਼ਾਨੋ-ਸ਼ੌਕਤ ਦੀ ਜ਼ਿੰਦਗੀ ਬਸਰ ਕਰ ਰਿਹਾ ਹੈ। ਉਹ ਲੰਡਨ ਦੇ ਰੱਜੇ-ਪੁੱਜੇ ਪੱਛਮੀ ਇਲਾਕੇ 'ਚ ਅੱਸੀ ਲੱਖ ਪੌਂਡ ਦੇ ਅਪਾਰਟਮੈਂਟ ਵਿਚ ਰਹਿ ਰਿਹਾ ਹੈ ਤੇ ਉਸ ਨੂੰ ਆਮ ਘੁੰਮਦੇ-ਫਿਰਦੇ ਦੇਖਿਆ ਜਾ ਸਕਦਾ ਹੈ।

ਇਸ ਤੋਂ ਵੀ ਵੱਧ ਅਪਾਰਟਮੈਂਟ ਦੇ ਲਾਗੇ ਹੀ ਨੀਰਵ ਨੇ ਹੀਰਿਆਂ ਦਾ ਨਵਾਂ ਕਾਰੋਬਾਰ ਸ਼ੁਰੂ ਕਰ ਦਿੱਤਾ ਹੈ। ਯੂਕੇ ਦੀਆਂ ਮੀਡੀਆ ਰਿਪੋਰਟਾਂ ਮੁਤਾਬਕ 48 ਸਾਲਾ ਮੋਦੀ ਨੂੰ ਮਸ਼ਹੂਰ ਸੈਂਟਰ ਪੁਆਇੰਟ ਟਾਵਰ ਬਲਾਕ ਵਿਚ ਤਿੰਨ ਕਮਰਿਆਂ ਵਾਲੇ ਫਲੈਟ ਵਿਚ ਦੇਖਿਆ ਗਿਆ ਹੈ। ਇਸ ਲਗਜ਼ਰੀ ਅਪਾਰਟਮੈਂਟ (ਫਲੈਟ) ਦਾ ਕਿਰਾਇਆ ਪ੍ਰਤੀ ਮਹੀਨਾ ਕਰੀਬ 17,000 ਪੌਂਡ ਹੈ। ਲੰਡਨ ਵਿਚ ਭਾਰਤ ਦੇ ਹਾਈ ਕਮਿਸ਼ਨ ਨੇ ਅਗਸਤ 2018 ਵਿਚ ਸਪੱਸ਼ਟ ਕੀਤਾ ਸੀ ਕਿ ਭਾਰਤ ਨੇ ਮੋਦੀ ਦੀ ਹਵਾਲਗੀ ਸਬੰਧੀ ਦਸਤਾਵੇਜ਼ ਯੂਕੇ ਸਰਕਾਰ ਨੂੰ ਸੌਂਪ ਦਿੱਤੇ ਹਨ ਤੇ ਉਸ ਵੇਲੇ ਤੋਂ ਹੀ ਬਰਤਾਨਵੀ ਸਰਕਾਰ ਨੇ ਉਸ 'ਤੇ ਨਜ਼ਰ ਰੱਖੀ ਹੋਈ ਹੈ।

ਯੂਕੇ ਦੇ ਗ੍ਰਹਿ ਮੰਤਰਾਲੇ ਨੇ 'ਨਿੱਜੀ ਕੇਸਾਂ' ਉਤੇ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਹਵਾਲਗੀ ਪ੍ਰਕਿਰਿਆ ਵਾਰੰਟ ਜਾਰੀ ਹੋਣ 'ਤੇ ਹੋ ਸਕਦੀ ਹੈ, ਜਿਵੇਂ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਦੇ ਕੇਸ ਵਿਚ ਹੋਇਆ ਸੀ। ਜ਼ਿਕਰਯੋਗ ਹੈ ਕਿ ਨੀਰਵ ਦੇ ਡਿਜ਼ਾਈਨਰ ਗਹਿਣੇ ਹਾਲੀਵੁੱਡ ਸਟਾਰ ਪਹਿਨਦੇ ਰਹੇ ਹਨ। ਰਿਪੋਰਟ ਮੁਤਾਬਕ ਹੀਰਾ ਕਾਰੋਬਾਰੀ ਨੂੰ ਯੂਕੇ ਦੀ ਅਥਾਰਿਟੀ ਵੱਲੋਂ ਕੌਮੀ ਬੀਮਾ ਨੰਬਰ ਜਾਰੀ ਕੀਤਾ ਗਿਆ ਹੈ ਤੇ ਉਹ ਕਾਨੂੰਨੀ ਤੌਰ 'ਤੇ ਕੰਮ ਕਰ ਸਕਦਾ ਹੈ। ਹਾਲਾਂਕਿ ਉਸ ਖਿਲਾਫ ਇੰਟਰਪੋਲ ਰੈੱਡ ਕਾਰਨਰ ਨੋਟਿਸ ਵੀ ਜਾਰੀ ਕਰ ਚੁੱਕੀ ਹੈ।


# Matrimonials

### ਲੜਕੇ ਦੀ ਲੋੜ ਹੈ

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com 11-14

Urban based highly educated small Jatt Sikh family having high moral values seeks USA Citizen handsome, educated boy for their daughter convent educated, M-tech(Computer Science), 24 years, 5'-6", beautiful, slim, intelligent having 10 years USA visitor visa. Contact, Ph: 209-642-0642, Email: Hrkrn11@gmail.com 10-13

Well settled Chicago based Sikh family seeking a beautiful educated match for their handsome Sikh boy 5'-9" 36 in Medical business. Please contact: jsokhey1@gmail.com 9-12

Jatt Sikh parent seeking suitable professional match for their daughter, Canadian & American citizen, 26 years, 5'-4", after master degree doing law finishing in 2021. Please Contact, Ph: 317-670-7665 or E-mail: kjs939798@gmail.com 7-10

### ਲੜਕੀ ਦੀ ਲੋੜ ਹੈ

Jatt Sikh Sangha parents seeking match for their US citizen son, 25 years, 6'-2", non drinker, working as Software Engineer. Pl. contact, Ph: 636-577-5615 or E-mail: sangha@charter.net 11-18

ਜੱਟ ਸਿੱਖ, 32 ਸਾਲਾ, ਕੱਦ 5'-1", ਕੰਪਨੀ ਵਿਚ ਕੰਮ ਕਰਦੀ ਅਮਰੀਕਨ ਸਿਟੀਜ਼ਨ ਲੜਕੀ ਲਈ ਲੜਕੇ ਦੀ ਲੋੜ ਹੈ, ਜੋ ਸਖਤ ਮਿਹਨਤੀ ਹੋਵੇ ਅਤੇ ਉਸ ਪਾਸ ਵਧੀਆ ਫਾਰਮ ਹੋਵੇ। ਛੋਟਾ ਪਰਿਵਾਰ ਹੋਵੇ। ਮਾਲਵੇ ਦੇ ਲੜਕੇ ਨੂੰ ਪਹਿਲ। ਸੰਪਰਕ ਕਰੋ, ਫੋਨ: 216-373-3639 9-12

Saini Sikh clean shave boy, 29, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 5-12

Wanted suitable girl for Arora, Puran Gursikh boy, Good Looking, muscular, B.Com/MBA, Managing Textiles manufacturing Unit, Rental Units, in Mumbai, 5'-8'/ 28 yrs. Caste no bar. Boy's elder brother, family settled in USA, Canada. Boy is willing to invest for his start-up. Pl email: citibombay@gmail.com 6-



SUPER TRAVEL

847-676-9090, 773-465-5566

E-mail: supertravel2003@live.com

Lowest Fares With Excellent Service

United Airlines
British Airways



Etihad, Air India, KLM, Lufthansa, Delta, Qatar Airlines.

For Emergency Call anytime at 847-673-3825

EARLY BIRD SALE!!!!

Domestic fares available



Desi Bazar

916 E. Main Street #118, Greenwood, IN, 46143

Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY

• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ



To Advertise with Punjab Times

Call: 847-359-0746

punjabtimesusa.com




ਖੁੱਲ੍ਹ ਗਿਆ ਹੈ ! ਖੁੱਲ੍ਹ ਗਿਆ ਹੈ ! !




916 East Main Street # 120

Greenwood, Indiana 46143

(Next to Desi Bazaar)



Ph: 317-886-7176

Fax: 317-886-7180

6-9

# ਬੇਅਦਬੀ ਕਾਂਡ: 'ਸਿੱਟ' ਨੂੰ ਸਹਿਯੋਗ ਦੇਣ ਤੋਂ ਭੱਜੇ ਅਕਾਲੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕੈਪਟਨ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੁਲਿਸ ਗੋਲੀ ਕਾਂਡ ਦੀ ਜਾਂਚ ਕਰ ਰਹੀ ਪੁਲਿਸ ਅਧਿਕਾਰੀਆਂ 'ਤੇ ਆਧਾਰਿਤ ਵਿਸ਼ੇਸ਼ ਜਾਂਚ ਟੀਮ (ਸਿੱਟ) ਨੂੰ ਸਹਿਯੋਗ ਨਾ ਦੇਣ ਦਾ ਐਲਾਨ ਕੀਤਾ ਹੈ। ਅਕਾਲੀ ਦਲ ਦੇ ਸੀਨੀਅਰ ਆਗੂਆਂ ਬਲਵਿੰਦਰ ਸਿੰਘ ਭੂੰਦੜ, ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਸਿੱਟ ਦੀਆਂ ਗਤੀਵਿਧੀਆਂ ਨੂੰ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ।

ਅਕਾਲੀ ਆਗੂਆਂ ਨੇ ਕਿਹਾ ਕਿ ਸਿੱਟ ਵੱਲੋਂ ਬਿਨਾਂ ਜਾਂਚ ਕੀਤੇ ਹੀ ਅਕਾਲੀ ਆਗੂਆਂ ਨੂੰ ਫਸਾਉਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਟ ਵਿਚ ਸ਼ਾਮਲ ਪੁਲਿਸ ਅਧਿਕਾਰੀ ਵੀ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ 'ਤੇ ਆਧਾਰਿਤ ਕਮਿਸ਼ਨ ਦੇ ਨਕਸ਼ੇ-ਕਦਮਾਂ ਉਤੇ ਚੱਲ ਰਹੇ ਹਨ। ਸਿੱਟ ਅਕਾਲੀ ਦਲ ਨੂੰ ਫਸਾਉਣ ਲਈ ਕਾਂਗਰਸ ਪਾਰਟੀ ਦੇ ਏਜੰਡੇ ਨੂੰ ਲਾਗੂ ਕਰ ਰਹੀ ਹੈ। ਅਕਾਲੀ ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਪਾਰਟੀ ਵੱਲੋਂ ਪੁਲਿਸ ਅਫਸਰਾਂ 'ਤੇ ਭਰੋਸਾ ਕਰਦਿਆਂ ਸਿੱਟ ਨੂੰ ਸਹਿਯੋਗ ਦਿੱਤਾ ਗਿਆ ਸੀ




ਕਿ ਜਾਂਚ ਵਿਚ ਲੱਗੇ ਪੁਲਿਸ ਅਧਿਕਾਰੀ ਪੇਸ਼ੇਵਰ ਤਰੀਕੇ ਨਾਲ ਸਾਰੇ ਮਾਮਲੇ ਦੀ ਜਾਂਚ ਕਰਨਗੇ ਪਰ ਜਿਸ ਤਰੀਕੇ ਨਾਲ ਮੁੱਖ ਮੰਤਰੀ ਅਤੇ ਬਾਕੀ ਮੰਤਰੀਆਂ ਦੇ ਨਿਰਦੇਸ਼ਾਂ ਉਤੇ ਇਹ ਜਾਂਚ ਕੀਤੀ ਜਾ ਰਹੀ ਹੈ, ਉਸ ਨੇ ਸਮੁੱਚੀ ਜਾਂਚ ਨੂੰ ਡਰਾਮਾ ਬਣਾ ਕੇ ਰੱਖ ਦਿੱਤਾ ਹੈ।

ਅਕਾਲੀ ਦਲ ਦੇ ਉਕਤ ਆਗੂਆਂ ਨੇ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਕੋਟਕਪੂਰਾ ਘਟਨਾ ਲਈ ਲਈ ਝੂਠਾ ਫਸਾਉਣ ਦੇ ਦੋਸ਼ ਲਾਉਂਦਿਆਂ ਇਸ ਦੀ ਨਿਖੇਧੀ ਕੀਤੀ। ਦੋਵੇਂ ਕੇਸ ਸੁਪਰੀਮ ਕੋਰਟ ਦੇ ਕਿਸੇ ਮੌਜੂਦਾ ਜੱਜ ਦੀ ਸਿੱਧੀ ਨਿਗਰਾਨੀ ਵਾਲੀ ਕਿਸੇ ਕੇਂਦਰੀ ਜਾਂਚ ਏਜੰਸੀ ਨੂੰ ਸੌਂਪੇ ਜਾਣ।

## ਝੂਠੇ ਕੇਸ ਦਰਜ ਕਰਵਾਉਣ ਵਾਲਿਆਂ ਨੂੰ ਨਹੀਂ ਬਖਸ਼ਾਂਗੇ: ਸੁਖਬੀਰ

**ਨਵਾਂ ਸ਼ਹਿਰ:** ਸ਼੍ਰੋਮਣੀ ਅਕਾਲੀ ਦਲ ਦਾ ਰਾਜ ਆਉਣ 'ਤੇ ਝੂਠੇ ਮੁਕੱਦਮੇ ਦਰਜ ਕਰਵਾਉਣ ਵਾਲਿਆਂ ਅਤੇ ਦਰਜ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਕਿਉਂਕਿ ਸਮਾਂ ਬਦਲਦਿਆਂ ਬਹੁਤੀ ਦੇਰ ਨਹੀਂ ਲੱਗਦੀ। ਇਹ ਐਲਾਨ ਸ਼੍ਰੋਮਣੀ ਅਕਾਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਨੇ ਦੋਸ਼ ਲਾਇਆ ਕਿ ਸੱਤਾ 'ਤੇ ਕਾਬਜ਼ ਹੋਣ ਤੋਂ ਪਹਿਲਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਾ ਤਸਕਰੀ ਨੂੰ ਨੱਥ ਪਾਉਣ ਦੀ ਸਹੁੰ ਖਾਧੀ ਪਰ 2 ਸਾਲ ਬੀਤਣ 'ਤੇ ਵੀ ਨਸ਼ਾ ਤਸਕਰੀ ਜਾਰੀ ਹੈ।

## ਅਕਾਲੀ ਦਲ ਨੇ ਬਾਦਲਾਂ ਨੂੰ ਬਚਾਉਣ ਲਈ ਸਿੱਟ ਦਾ ਬਾਈਕਾਟ ਕੀਤਾ: ਰਣਜੀਤ ਸਿੰਘ

**ਫਤਹਿਗੜ੍ਹ ਸਾਹਿਬ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਕਿਹਾ ਕਿ ਬਾਦਲਾਂ ਦੇ ਸ਼ਿਕੰਜੇ ਵਿੱਚੋਂ ਸ਼੍ਰੋਮਣੀ ਅਕਾਲੀ ਦਲ, ਸ੍ਰੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਜ਼ਾਦ ਕਰਵਾਉਣ ਲਈ ਪੰਥਕ ਅਕਾਲੀ ਲਹਿਰ ਰਾਹੀਂ ਸੂਬੇ ਦੇ ਹਰੇਕ ਪਿੰਡ ਵਿੱਚ ਸੰਗਤ ਦਾ ਇਕੱਠ ਕਰ ਕੇ ਸਮਰਥਨ ਜੁਟਾਇਆ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਲੰਬੇ ਸਮੇਂ ਤੋਂ ਬਾਦਲ ਪਰਿਵਾਰ ਵੱਲੋਂ ਐਸ.ਜੀ.ਪੀ.ਸੀ. ਰਾਹੀਂ ਗੁਰੂ ਘਰ ਦੀਆਂ ਗੋਲਕਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ 11 ਸੌ ਕਰੋੜ ਰੁਪਏ ਦਰਸਾਇਆ ਜਾ ਰਿਹਾ ਹੈ ਜਦੋਂ ਕਿ ਅਸਲ ਵਿੱਚ ਇਹ ਰਕਮ ਕਈ ਗੁਣਾ ਵੱਧ ਹੈ। ਉਨ੍ਹਾਂ ਕਿਹਾ ਕਿ ਪੰਥਕ ਅਕਾਲੀ ਲਹਿਰ ਰਾਹੀਂ ਰਾਜ ਦੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਜਾਵੇਗੀ ਕਿ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਬਾਦਲਾਂ ਨੂੰ ਛੱਡ ਕੇ ਕਿਸੇ ਵੀ ਹੋਰ ਮਨਪਸੰਦ ਉਮੀਦਵਾਰ ਨੂੰ ਵੋਟ ਦਿੱਤੀ ਜਾਵੇ।

--ਕੋਟਕਪੂਰਾ ਕਾਂਡ--

# ਅਕਾਲੀ ਆਗੂ ਮਨਤਾਰ ਸਿੰਘ ਬਰਾੜ ਦੀਆਂ ਮੁਸ਼ਕਿਲਾਂ ਵਧੀਆਂ

**ਫਰੀਦਕੋਟ:** ਬਹਿਬਲ ਕਲਾਂ ਕਾਂਡ ਤੋਂ ਕੁਝ ਘੰਟੇ ਪਹਿਲਾਂ ਵਾਪਰੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਪੰਜਾਬ ਦੇ ਸਾਬਕਾ ਸੰਸਦੀ ਸਕੱਤਰ ਅਤੇ ਕੋਟਕਪੂਰਾ ਦੇ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਕੋਟਕਪੂਰਾ ਗੋਲੀ ਕਾਂਡ ਸਬੰਧੀ ਕੇਸ ਵਿਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ। ਅਦਾਲਤ ਨੇ ਉਸ ਦੀ ਬਲੈਂਕੇਟ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ।

ਸੈਸ਼ਨ ਜੱਜ ਹਰਪਾਲ ਸਿੰਘ ਦੀ ਅਦਾਲਤ ਵਿਚ ਜਾਂਚ ਟੀਮ ਨੇ ਸਾਬਕਾ ਸੰਸਦੀ ਸਕੱਤਰ ਦੀ ਜ਼ਮਾਨਤ 'ਤੇ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਕਿਹਾ ਕਿ 7 ਅਗਸਤ 2018 ਨੂੰ ਥਾਣਾ ਸਿਟੀ ਕੋਟਕਪੂਰਾ ਵਿਚ ਧਾਰਾ 307, 323, 341, 201, 2018, 120ਬੀ, 34 ਆਈ.ਪੀ.ਸੀ ਅਤੇ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ ਦਰਜ ਕੀਤੇ ਕੇਸ ਸਬੰਧੀ ਮਨਤਾਰ ਸਿੰਘ ਬਰਾੜ ਨੂੰ ਕਥਿਤ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਮਨਤਾਰ ਸਿੰਘ ਬਰਾੜ ਪੰਜਾਬ ਦੇ ਪਹਿਲੇ ਸਿਆਸੀ ਆਗੂ ਹਨ, ਜਿਨ੍ਹਾਂ ਨੂੰ ਕੋਟਕਪੂਰਾ ਗੋਲੀ ਕਾਂਡ ਵਿਚ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੂੰ ਕੋਟਕਪੂਰਾ ਗੋਲੀ ਕਾਂਡ ਸਬੰਧੀ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ।

ਜਾਂਚ ਟੀਮ ਨੇ ਦਾਅਵਾ ਕੀਤਾ ਕਿ ਮਨਤਾਰ ਸਿੰਘ ਬਰਾੜ ਨੇ 13 ਅਕਤੂਬਰ 2015 ਦੀ ਰਾਤ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਸਮੇਤ ਕੁਝ ਹੋਰ ਮੰਤਰੀਆਂ ਨਾਲ




157 ਵਾਰ ਮੋਬਾਈਲ ਫੋਨ 'ਤੇ ਗੱਲਬਾਤ ਕੀਤੀ। ਮਨਤਾਰ ਬਰਾੜ 'ਤੇ ਦੋਸ਼ ਹੈ ਕਿ ਉਸ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਅਹਿਮ ਭੂਮਿਕਾ ਨਿਭਾਈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਜਾਂਚ ਟੀਮ ਦੇ ਇਸ ਫੈਸਲੇ ਨੂੰ ਸਿਆਸੀ ਸਟੰਟ ਦੱਸਿਆ ਹੈ। ਦੱਸਣਯੋਗ ਹੈ ਕਿ ਮਨਤਾਰ ਸਿੰਘ ਬਰਾੜ 9 ਨਵੰਬਰ 2018 ਅਤੇ ਹੁਣ 27 ਫਰਵਰੀ ਨੂੰ ਜਾਂਚ ਟੀਮ ਸਾਹਮਣੇ ਪੇਸ਼ ਹੋਏ ਸਨ ਅਤੇ ਜਾਂਚ ਟੀਮ ਨੇ ਉਨ੍ਹਾਂ ਨੂੰ ਕਰੀਬ ਦਸ ਘੰਟੇ ਪੁੱਛ-ਪੜਤਾਲ ਲਈ ਬਿਠਾਈ ਰੱਖਿਆ।

# ਕਰਤਾਰਪੁਰ ਲਾਂਘੇ ਲਈ ਅਤਿ-ਆਧੁਨਿਕ ਯਾਤਰੀ ਟਰਮੀਨਲ ਦਾ ਨਿਰਮਾਣ ਕਰੇਗਾ ਭਾਰਤ

**ਨਵੀਂ ਦਿੱਲੀ:** ਕਰਤਾਰਪੁਰ ਸਾਹਿਬ ਲਾਂਘੇ ਲਈ ਭਾਰਤ ਅਤਿ-ਆਧੁਨਿਕ ਯਾਤਰੀ ਟਰਮੀਨਲ ਬਣਾਏਗਾ। ਗ੍ਰਹਿ ਮੰਤਰਾਲੇ ਨੇ ਇਸ ਪ੍ਰਾਜੈਕਟ ਦੇ ਨਿਰਮਾਣ ਲਈ ਵਿਸਥਾਰਤ ਪ੍ਰੋਜੈਕਟ ਨੂੰ ਮਨਜ਼ੂਰੀ ਦੇ ਦਿੱਤੀ ਹੈ। 190 ਕਰੋੜ ਦੀ ਲਾਗਤ ਨਾਲ ਤਿਆਰ ਕਰਵਾਇਆ ਜਾ ਰਿਹਾ ਯਾਤਰੀ ਟਰਮੀਨਲ ਸਾਰੀਆਂ ਸਹੂਲਤਾਂ ਨਾਲ ਲੈਸ ਹੋਵੇਗਾ।

ਮੰਤਰਾਲੇ ਵੱਲੋਂ ਯਾਤਰੀ ਟਰਮੀਨਲ ਭਵਨ ਦੇ ਡਿਜ਼ਾਈਨ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ ਹਨ। ਯਾਤਰੀ ਟਰਮੀਨਲ ਭਵਨ 'ਚ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਮੱਥਾ ਟੇਕਣ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਸਾਰੀਆਂ ਲੋੜੀਂਦੀਆਂ ਸਹੂਲਤਾਂ ਉਪਲਬਧ ਹੋਣਗੀਆਂ। ਗੁਰਦਾਸਪੁਰ ਜ਼ਿਲ੍ਹੇ 'ਚ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਸਾਹਿਬ ਕਾਰੀਡੋਰ ਬਣਾਉਣ ਲਈ ਕੇਂਦਰੀ ਮੰਤਰੀ ਮੰਡਲ ਨੇ ਨਵੰਬਰ 2018 ਵਿਚ ਫੈਸਲਾ ਕੀਤਾ ਸੀ, ਜਿਸ ਦੇ ਬਾਅਦ ਯਾਤਰੀ ਟਰਮੀਨਲ ਭਵਨ ਦੇ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਗਈ ਹੈ। ਭਾਰਤ ਦੀ ਜ਼ਮੀਨੀ ਬੰਦਰਗਾਹ ਅਥਾਰਿਟੀ (ਐਲ.ਪੀ.ਏ.ਆਈ.) ਜੋ ਦੇਸ਼ 'ਚ ਅੰਤਰਰਾਸ਼ਟਰੀ ਸਰਹੱਦਾਂ ਦੇ ਨਾਲ ਸੰਗਠਿਤ ਜਾਂਚ ਚੌਕੀਆਂ ਦਾ ਨਿਰਮਾਣ ਕਰਦੀ ਹੈ ਅਤੇ ਇਨ੍ਹਾਂ ਨੂੰ ਚਲਾਉਂਦੀ ਹੈ, ਨੂੰ ਇਹ ਕੰਮ ਸੌਂਪਿਆ ਗਿਆ ਹੈ। ਮੰਤਰਾਲੇ ਵੱਲੋਂ ਅਥਾਰਿਟੀ ਨੂੰ ਨਵੰਬਰ 2019 ਵਿਚ ਮਨਾਏ ਜਾ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਕੰਮ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਇੱਛਾਵਾਂ ਨੂੰ ਮੁੱਖ ਰੱਖਦੇ ਹੋਏ ਟਰਮੀਨਲ ਭਵਨ ਦੇ ਡਿਜ਼ਾਈਨ ਅਤੇ ਗੁਣਵੱਤਾ ਮਾਣਕਾਂ ਨੂੰ ਤਿਆਰ ਕੀਤਾ ਗਿਆ ਹੈ।

ਯਾਤਰੀ ਟਰਮੀਨਲ 50 ਏਕੜ ਜ਼ਮੀਨ 'ਚ



ਦੋ ਪੜਾਵਾਂ ਵਿਚ ਤਿਆਰ ਕੀਤਾ ਜਾਵੇਗਾ। ਪਹਿਲੇ ਪੜਾਅ ਤਹਿਤ 15 ਏਕੜ ਜ਼ਮੀਨ 'ਤੇ ਟਰਮੀਨਲ ਭਵਨ ਦਾ ਨਿਰਮਾਣ ਕੀਤਾ ਜਾਵੇਗਾ, ਜਿਸ ਲਈ ਜ਼ਮੀਨ ਪ੍ਰਾਪਤੀ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਪਹਿਲੇ ਪੜਾਅ ਤਹਿਤ ਕਰੀਬ 21,650 ਵਰਗ ਮੀਟਰ ਖੇਤਰ 'ਚ ਪੂਰੀ ਤਰ੍ਹਾਂ ਏਅਰ ਕੰਡੀਸ਼ਨਡ ਇਮਾਰਤ ਦਾ ਨਿਰਮਾਣ ਕੀਤੇ ਜਾਣ ਦਾ ਪ੍ਰਸਤਾਵ ਹੈ। ਅਧਿਕਾਰੀ ਨੇ ਦੱਸਿਆ ਕਿ ਪੀ.ਟੀ.ਬੀ. ਦਾ ਡਿਜ਼ਾਈਨ ਸਿੱਖਾਂ ਦੇ ਧਾਰਮਿਕ ਚਿੰਨ੍ਹ 'ਖੰਡੇ' ਤੋਂ ਪ੍ਰੇਰਿਤ ਹੈ ਜੋ ਏਕਤਾ ਅਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਦਰਸਾਉਂਦਾ ਹੈ। ਟਰਮੀਨਲ ਭਵਨ 'ਚ ਰੋਜ਼ਾਨਾ ਕਰੀਬ 5000 ਸ਼ਰਧਾਲੂਆਂ ਦੀ ਸੁਚਾਰੂ ਆਵਾਜਾਈ ਦੀ ਪ੍ਰਕਿਰਿਆ ਲਈ ਢੁਕਵੀਂ ਇਮੀਗ੍ਰੇਸ਼ਨ ਅਤੇ ਕਸਟਮ ਕਲੀਅਰੈਂਸ ਦੀਆਂ ਸਹੂਲਤਾਂ ਉਪਲਬਧ ਹੋਣਗੀਆਂ। ਉਨ੍ਹਾਂ ਦੱਸਿਆ ਕਿ ਕੰਪਲੈਕਸ 'ਚ ਕਲਾਕ ਰੂਮ, ਪਾਰਕਿੰਗ ਅਤੇ ਹੋਰ ਸਹੂਲਤਾਂ ਲਈ ਮੁਨਾਸਬ ਜਗ੍ਹਾ ਹੋਵੇਗੀ। ਅੰਤਰਰਾਸ਼ਟਰੀ ਸਰਹੱਦ 'ਤੇ ਜ਼ੀਰੋ ਪੁਆਇੰਟ ਤੱਕ ਦਾ ਮਾਰਗ ਕਵਰ ਕੀਤਾ ਜਾਵੇਗਾ। ਇਸ ਦੇ ਇਲਾਵਾ ਸਰਹੱਦ 'ਤੇ 300 ਫੁੱਟ ਉੱਚਾ ਤਿਰੰਗਾ ਵੀ ਲਹਿਰਾਇਆ ਜਾਵੇਗਾ। ਪ੍ਰੋਜੈਕਟ ਦੇ ਦੂਸਰੇ ਪੜਾਅ ਤਹਿਤ ਇਕ ਯਾਤਰੀ ਗੈਲਰੀ, ਹਸਪਤਾਲ, ਸ਼ਰਧਾਲੂਆਂ ਦੀ ਰਿਹਾਇਸ਼ ਲਈ ਪ੍ਰਬੰਧ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਨੂੰ ਵਿਕਸਤ ਕੀਤਾ ਜਾਵੇਗਾ।

# ਸਰਹੱਦੀ ਤਣਾਅ ਦੇ ਬਾਵਜੂਦ ਹਿੰਦ-ਪਾਕਿ ਨੂੰ ਅਮਨ ਦਾ ਸੁਨੇਹਾ

**ਪਟਿਆਲਾ:** ਭਾਰਤ-ਪਾਕਿਸਤਾਨ ਵਿਚਾਲੇ ਬਣੇ ਤਣਾਅਪੂਰਨ ਮਾਹੌਲ ਦਰਮਿਆਨ ਗੁਆਂਢੀ ਮੁਲਕ ਦੇ ਸਿਆਲਕੋਟ ਜ਼ਿਲ੍ਹੇ ਦੀ ਰਹਿਣ ਵਾਲੀ ਕਿਰਨ ਸੁਰਜੀਤ (27) ਹਰਿਆਣਾ ਦੇ ਅੰਬਾਲਾ ਨਾਲ ਸਬੰਧਤ ਨੌਜਵਾਨ ਪਰਵਿੰਦਰ ਸਿੰਘ (33) ਨਾਲ ਇਥੇ ਗੁਰਦੁਆਰਾ ਖੇਲ ਸਾਹਿਬ ਵਿਚ ਸਿੱਖ ਰਹਿਤ ਮਰਿਆਦਾ ਤਹਿਤ ਵਿਆਹ ਦੇ ਬੰਧਨ



ਵਿਚ ਬੱਝ ਗਈ।

ਦੱਸਣਯੋਗ ਹੈ ਕਿ ਕਿਰਨ ਦਾ ਪਰਿਵਾਰ 1947 ਦੀ ਵੰਡ ਦੌਰਾਨ ਪਾਕਿਸਤਾਨ 'ਚ ਰਹਿ ਗਿਆ ਸੀ। ਇਹ ਪਰਿਵਾਰ ਪਰਵਿੰਦਰ ਦੀ ਚਾਚੀ ਦੇ ਦੂਰ ਦੀ ਰਿਸ਼ਤੇਦਾਰਾਂ ਵਿਚੋਂ ਹੈ। ਲਿਹਾਜ਼ਾ ਦੋਵਾਂ ਪਰਿਵਾਰਾਂ 'ਚ ਸਨੇਹ ਤੇ ਰਾਬਤਾ ਬਣਿਆ ਰਹਿੰਦਾ ਸੀ। ਇਸੇ ਦੌਰਾਨ ਕਿਰਨ ਪਹਿਲੀ ਵਾਰ 2014 'ਚ ਜਦ ਭਾਰਤ ਆਈ ਸੀ ਤਾਂ ਉਸ ਦਾ ਪਰਵਿੰਦਰ ਨਾਲ ਮੇਲ ਹੋਇਆ। ਇਸ ਤੋਂ ਬਾਅਦ ਪਰਵਿੰਦਰ ਨੇ ਕਿਰਨ ਨਾਲ ਵਿਆਹ ਕਰਵਾਉਣ ਦੀ ਇੱਛਾ ਜ਼ਾਹਿਰ ਕੀਤੀ ਤੇ ਦੋਵਾਂ ਪਰਿਵਾਰਾਂ ਤੇ ਕਿਰਨ ਨੇ ਇਸ ਨੂੰ ਪ੍ਰਵਾਨ ਕਰ ਲਿਆ। 2016 ਵਿਚ ਕਿਰਨ ਦੂਜੀ ਵਾਰ ਜਦ ਭਾਰਤ ਆਈ ਤਾਂ ਦੋਵਾਂ ਦੀ ਮੰਗਣੀ ਹੋ ਗਈ। ਦੋਵੇਂ ਫੇਰੀਆਂ ਮੌਕੇ ਕਿਰਨ ਆਪਣੇ ਪਰਿਵਾਰਕ ਜੀਆਂ ਨਾਲ ਸਮਾਣਾ ਕੋਲ ਤਲਵੰਡੀ ਮਲਿਕ 'ਚ ਰਹਿੰਦੇ ਦੂਰ ਦੇ ਰਿਸ਼ਤੇਦਾਰਾਂ ਕੋਲ ਰੁਕੀ।

ਹੁਣ ਵੀ ਸਮਝੌਤਾ ਐਕਸਪ੍ਰੈੱਸ ਰਾਹੀਂ ਕਿਰਨ ਪਰਿਵਾਰਕ ਜੀਆਂ ਨਾਲ ਸਮਾਣਾ ਆਈ ਹੈ। ਲਾੜੀ ਦੀ ਮਾਂ ਸਮਾਇਰਾ ਚੀਮਾ ਨੇ ਕਿਹਾ ਕਿ ਧੀ ਨੂੰ ਹਿੰਦੁਸਤਾਨ ਵਿਚ ਵਿਆਹੁਣ ਦਾ ਬਹੁਤ ਚਾਅ ਹੈ।

ਸਮਾਇਰਾ ਨੇ ਕਿਹਾ ਕਿ ਉਨ੍ਹਾਂ ਦੇ ਸਕੇ ਸਬੰਧੀ ਪਾਕਿਸਤਾਨ ਤੇ ਭਾਰਤ ਦੋਵੇਂ ਦੇਸ਼ਾਂ 'ਚ ਹਨ ਤੇ ਪੁਰਾਣੀ ਸਾਂਝ ਹੁਣ ਹੋਰ ਗੂੜ੍ਹੀ ਹੋ ਗਈ ਹੈ। ਕਿਰਨ ਅਧਿਆਪਕਾ ਹੈ, ਜਦਕਿ ਪਰਵਿੰਦਰ ਸਿੰਘ ਅੰਬਾਲਾ 'ਚ ਟੈਲੀਕਾਮ ਠੇਕੇਦਾਰ ਹੈ। ਪਰਵਿੰਦਰ ਸਿੰਘ ਹਰਿਆਣਾ ਦੇ ਜ਼ਿਲ੍ਹਾ ਅੰਬਾਲਾ 'ਚ ਪੈਂਦੇ ਪਿੰਡ ਤੇਪਲਾ ਤੋਂ ਹੈ। ਕਿਰਨ ਤੇ ਉਸ ਦੇ ਪਰਿਵਾਰ ਨੂੰ ਫ਼ਿਲਹਾਲ ਪਟਿਆਲਾ ਜ਼ਿਲ੍ਹੇ ਲਈ 45 ਦਿਨ ਦਾ ਵੀਜ਼ਾ ਮਿਲਿਆ ਹੈ ਤੇ ਉਹ ਸਬੰਧਤ ਅਥਾਰਿਟੀ ਅੱਗੇ ਵੀਜ਼ਾ ਵਧਾਉਣ ਦੀ ਮੰਗ ਕਰਨਗੇ। ਉਨ੍ਹਾਂ ਦੱਸਿਆ ਕਿ ਇਹ ਵੀ ਕੋਸ਼ਿਸ਼ ਕਰਨਗੇ ਕਿ ਅੰਬਾਲਾ ਰਹਿਣ ਲਈ ਵੀਜ਼ਾ ਮਿਲ ਜਾਏ ਤਾਂ ਕਿ ਆਪਣੇ ਘਰ ਇਕੱਠੇ ਰਹਿ ਸਕਣ।

# ਬੰਦੀ ਸਿੱਖ ਖੁਣਖੁਣ ਦੀ ਨਾਭਾ ਜੇਲ੍ਹ 'ਚੋਂ ਰਿਹਾਈ

**ਨਾਭਾ:** ਪੰਜਾਬ ਦੀ ਅਤਿ ਸੁਰੱਖਿਆ ਜੇਲ੍ਹ ਨਾਭਾ 'ਚ ਪਿਛਲੇ ਲੰਮੇ ਸਮੇਂ ਤੋਂ ਨਜ਼ਰਬੰਦ ਭਾਈ ਬਲਵਿੰਦਰ ਸਿੰਘ ਖੁਣਖੁਣ ਦੀ ਰਿਹਾਈ ਹੋ ਗਈ। ਭਾਈ ਬਲਵਿੰਦਰ ਸਿੰਘ ਨੇ ਜੇਲ੍ਹ 'ਚੋਂ ਰਿਹਾਅ ਹੋਣ ਪਿਛੋਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਉਹ ਪਿਛਲੇ ਪੰਜ ਸਾਲਾਂ ਤੋਂ ਜੇਲ੍ਹ 'ਚ ਬੰਦ ਸਨ। ਸਿੱਖ ਰਿਲੀਫ ਸੰਸਥਾ ਵਲੋਂ ਉਨ੍ਹਾਂ ਦੀ ਰਿਹਾਈ ਲਈ ਪਾਏ ਗਏ ਯੋਗਦਾਨ ਲਈ ਖਾਸ ਤੌਰ 'ਤੇ ਧੰਨਵਾਦ ਕੀਤਾ। ਰਿਹਾਈ ਮੌਕੇ ਉਨ੍ਹਾਂ ਦੀ ਪਤਨੀ ਬਲਵਿੰਦਰ ਕੌਰ, ਪੁੱਤਰ ਹਰਮਨਪ੍ਰੀਤ ਸਿੰਘ, ਸਿੱਖ ਰਿਲੀਫ ਸੰਸਥਾ ਦੇ ਭਾਈ ਹਰਮਿੰਦਰ ਸਿੰਘ, ਭਾਈ ਜਸਵਿੰਦਰ ਸਿੰਘ ਵੀ ਹਾਜ਼ਰ ਸਨ।


ਜ਼ਿਕਰਯੋਗ ਹੈ ਕਿ ਭਾਈ ਬਲਵਿੰਦਰ ਸਿੰਘ ਨੂੰ 13 ਜੂਨ 1999 ਨੂੰ ਗ੍ਰਿਫਤਾਰ ਕਰਕੇ 17 ਜੂਨ 1999 ਨੂੰ ਵਿਸਫੋਟਕ ਸਮੱਗਰੀ ਦੀ ਬਰਾਮਦਗੀ ਦਾ ਕੇਸ ਦਰਜ ਕਰਕੇ ਹੁਸ਼ਿਆਰਪੁਰ ਦੀ ਜੇਲ੍ਹ ਭੇਜ ਦਿੱਤਾ ਗਿਆ ਸੀ ਜਿੱਥੋਂ ਉਨ੍ਹਾਂ ਨੂੰ ਲੁਧਿਆਣਾ ਜੇਲ੍ਹ ਭੇਜ ਦਿੱਤਾ ਗਿਆ। ਬਾਅਦ 'ਚ ਲੁਧਿਆਣਾ ਜੇਲ੍ਹ ਤੋਂ ਥਾਣਾ ਟਾਂਡਾ ਦੀ ਪੁਲਿਸ ਨੇ ਰਿਮਾਂਡ 'ਤੇ ਲਿਆ ਕੇ ਇਕ ਪੁਰਾਣੇ ਕੇਸ 'ਚ ਟਾਡਾ ਐਕਟ ਅਧੀਨ ਪਰਚਾ ਦਰਜ ਕਰਕੇ ਜੇਲ੍ਹ ਭੇਜ ਦਿੱਤਾ। ਬਾਅਦ 'ਚ ਸੁਣਵਾਈ ਮੌਕੇ ਅਦਾਲਤ ਨੇ ਬਲਵਿੰਦਰ ਸਿੰਘ ਦਾ ਜਨਮ ਸਰਟੀਫਿਕੇਟ ਵੇਖਦਿਆਂ ਪੁਲਿਸ ਨੂੰ ਝਾੜ ਪਾਈ ਕਿ ਇਕ ਛੇ ਸਾਲ ਦੇ ਬੱਚੇ ਕੋਲ ਏ.ਕੇ. 47 ਰਾਈਫਲ ਕਿਵੇਂ ਆ ਗਈ ਅਤੇ ਉਸ ਨੇ ਕਤਲ ਕਿਵੇਂ ਕਰ ਦਿੱਤਾ।

## ਦੋਰਾਹਾ 'ਚ ਸੱਤ ਸਾਲਾ ਬੱਚੀ ਦਾ ਜਬਰ ਜਨਾਹ ਪਿੱਛੋਂ ਕਤਲ

**ਦੋਰਾਹਾ:** ਸੱਤ ਸਾਲਾਂ ਦੀ ਲੜਕੀ ਨੂੰ ਉਸ ਦੇ ਪਿਤਾ ਦੇ ਰਿਸ਼ਤੇਦਾਰ ਨੇ ਅਗਵਾ ਕਰ ਕੇ ਜਬਰ ਜਨਾਹ ਤੋਂ ਬਾਅਦ ਕਤਲ ਕਰ ਦਿੱਤਾ। ਸ਼ਿਕਾਇਤਕਰਤਾ ਨੇ ਦੱਸਿਆ ਕਿ ਮੁਲਜ਼ਮ ਉਸ ਦੇ ਪਤੀ ਦਾ ਰਿਸ਼ਤੇਦਾਰ ਹੈ। ਉਹ ਰਾਤ ਉਨ੍ਹਾਂ ਦੇ ਘਰ ਆਇਆ ਸੀ। ਪੁਲਿਸ ਅਨੁਸਾਰ ਲੜਕੀ ਦਾ ਪਿਤਾ ਕਿਸੇ ਕੰਮ ਤੋਂ ਬਾਹਰ ਗਿਆ ਹੋਇਆ ਸੀ। ਪਿੱਛੋਂ ਮੁਲਜ਼ਮ ਨੇ ਲੜਕੀ ਨੂੰ ਅਗਵਾ ਕਰ ਲਿਆ ਅਤੇ ਰੇਲ ਦੀ ਪਟੜੀ ਨੇੜੇ ਸਥਿਤ ਇਕ ਖਾਲੀ ਗੁਦਾਮ ਵਿਚ ਲੈ ਗਿਆ, ਜਿਥੇ ਉਸ ਨੇ ਬੱਚੀ ਨਾਲ ਜਬਰ ਜਨਾਹ ਕੀਤਾ ਤੇ ਕਤਲ ਕਰ ਦਿੱਤਾ।

# ਲੋਕਾਂ ਦੇ ਸੋਚਣ ਦੀ ਘੜੀ: ਭਲੇ ਭਵਿੱਖ ਵੱਲ ਵਧਣਾ ਹੈ ਜਾਂ...

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਰਿੰਦਰ ਮੋਦੀ ਨੂੰ ਉਮੀਦਵਾਰ ਵਜੋਂ ਪੇਸ਼ ਕਰਨ ਦਾ ਫੈਸਲਾ ਤਾਂ ਬੇਸ਼ੱਕ ਕੁਝ ਦਿਨ ਪਹਿਲਾਂ ਹੋ ਗਿਆ ਸੀ, ਜਦੋਂ ਉਸ ਦੀ ਚੋਣ ਮੁਹਿੰਮ ਅੱਗੇ ਵਧੀ ਤਾਂ ਪੰਜ ਸਾਲ ਪਹਿਲਾਂ ਇਸ ਵਿਚ ਡਰਾਮਾਈ ਮੋੜ ਫਰਵਰੀ ਵਿਚ ਆਇਆ ਸੀ। ਉਦੋਂ ਭਾਜਪਾ ਦੀ ਇੱਕ ਚੋਣ ਰੈਲੀ ਵਿਚ ਪਹਿਲੀ ਵਾਰ 'ਹਰ ਹਰ ਮੋਦੀ, ਘਰ-ਘਰ ਮੋਦੀ' ਦਾ ਉਹ ਨਾਅਰਾ ਲਾਇਆ ਗਿਆ ਸੀ, ਜਿਸ ਉਤੇ ਕੁਝ ਹਿੰਦੂ ਧਾਰਮਿਕ ਆਗੂਆਂ ਨੇ ਵੀ ਇਤਰਾਜ਼ ਕੀਤਾ ਸੀ ਅਤੇ ਭਾਜਪਾ ਹਾਈ ਕਮਾਂਡ ਨੂੰ ਇਹ ਕਹਿਣਾ ਪਿਆ ਸੀ ਕਿ ਇਹ ਨਾਅਰਾ ਨਾ ਲਾਇਆ ਜਾਵੇ। ਫਿਰ ਵੀ ਇਹ ਉਪਰੋਂ ਬੰਦ ਸੀ, ਹੇਠਾਂ ਰੈਲੀਆਂ ਵਿਚ ਜਦੋਂ ਨਰਿੰਦਰ ਮੋਦੀ ਨੇ ਬੋਲਣਾ ਹੁੰਦਾ ਤਾਂ ਪਹਿਲਾਂ 'ਮੋਦੀ-ਮੋਦੀ-ਮੋਦੀ' ਵਾਲੀ ਮੁਹਾਰਨੀ ਰਟਣੀ ਸ਼ੁਰੂ ਹੁੰਦੀ ਅਤੇ ਫਿਰ ਵਿਚ-ਵਿਚਾਲੇ 'ਹਰ ਹਰ ਮੋਦੀ, ਘਰ-ਘਰ ਮੋਦੀ' ਦਾ ਨਾਅਰਾ ਲੱਗੀ ਜਾਂਦਾ। ਇਹ ਸਭ ਸਹਿਜ ਸੁਭਾਅ ਨਹੀਂ ਸੀ ਹੋ ਰਿਹਾ, ਇੱਕ ਸਿਆਸੀ ਆਗੂ ਆਪਣੇ ਆਪ ਨੂੰ ਉਭਾਰਨ ਲਈ ਖੁਦ ਕਰਵਾ ਰਿਹਾ ਸੀ।

ਪਿਛਲੇ ਹਫਤੇ ਭਾਰਤੀ ਹਵਾਈ ਫੌਜ ਨੇ ਪਾਕਿਸਤਾਨ ਵਿਚ ਜਾ ਕੇ ਅਤਿਵਾਦੀ ਕੈਂਪਾਂ ਉਤੇ



ਅਸ਼ੋਕ ਗਹਿਲੋਤ

ਹਮਲਾ ਕਰਨ ਤੇ ਕਈ ਕੈਂਪ ਤਬਾਹ ਕਰਨ ਦਾ ਦਾਅਵਾ ਕੀਤਾ ਸੀ। ਉਸ ਦਾਅਵੇ ਪਿੱਛੋਂ ਉਠੇ ਅਤਿਵਾਦੀਆਂ ਦੀਆਂ ਮੌਤਾਂ ਦੀ ਗਿਣਤੀ ਦੇ ਵਿਵਾਦ ਵਿਚ ਅਸੀਂ ਨਹੀਂ ਪੈਣਾ ਚਾਹੁੰਦੇ, ਪਰ ਇਹ ਗੱਲ ਸਾਰਾ ਦੇਸ਼ ਜਾਣਦਾ ਹੈ ਕਿ ਕਾਰਵਾਈ ਹਵਾਈ ਫੌਜ ਦੇ ਪਾਇਲਟਾਂ ਨੇ ਆਪਣੀ ਜਾਨ ਦਾ ਖਤਰਾ ਸਹੇੜ ਕੇ ਕੀਤੀ ਸੀ, ਕਿਸੇ ਸਿਆਸੀ ਆਗੂ ਨੇ ਨਹੀਂ ਸੀ ਕੀਤੀ। ਇਸ ਦੇ ਬਾਵਜੂਦ ਅਗਲੇ ਦਿਨ ਪ੍ਰਧਾਨ ਮੰਤਰੀ ਨੇ ਇੱਕ ਰੈਲੀ ਵਿਚ ਇਹ ਗੱਲ ਕਹਿ ਕੇ ਆਪਣੀ ਮਹਿਮਾ ਆਪੇ ਗਾਉਣ ਦੀ ਸਿਖਰ ਕਰ ਦਿੱਤੀ ਕਿ "ਯੇ ਮੋਦੀ ਹੈ, ਕਿਸੀ ਕੋ ਛੋੜੇਗਾ ਨਹੀਂ, ਘਰ ਮੇਂ ਘੁਸ ਕਰ ਮਾਰੂੰਗਾ, ਮੈਂ ਮੋਦੀ ਹੂੰ, ਦੇਸ਼ ਕੇ ਲੋਗ ਯੇ ਜਾਨਤੇ ਹੈ ਕਿ ਮੋਦੀ ਹੈ ਤੋ ਮੁਮਕਿਨ ਹੈ।"



ਨਰਿੰਦਰ ਮੋਦੀ

ਦੇਸ਼ ਦੇ ਲੋਕ ਇਹ ਵੀ ਜਾਣਦੇ ਹਨ ਕਿ ਮੋਦੀ ਕਿਸੇ ਪਾਇਲਟ ਦਾ ਨਹੀਂ, ਸਿਆਸੀ ਆਗੂ ਦਾ ਨਾਂ ਹੈ। ਉਹ ਫੋਰਸਾਂ ਨੂੰ ਹਮਲੇ ਦਾ ਹੁਕਮ ਦੇ ਸਕਦਾ ਹੈ, ਪਰ ਕਿਸੇ ਦੇ ਘਰ ਵਿਚ ਆਪ ਵੜ ਕੇ ਮਾਰਨ ਲਈ ਨਹੀਂ ਜਾ ਸਕਦਾ, ਫਿਰ ਵੀ ਕਹੀ ਜਾਂਦਾ ਹੈ ਕਿ 'ਘਰ ਮੇਂ ਘੁਸ ਕਰ ਮਾਰੂੰਗਾ।' ਅੱਜ ਤੱਕ ਭਾਰਤ ਦੇ ਕਿਸੇ ਆਗੂ ਵੱਲੋਂ ਇਸ ਹੱਦ ਤੱਕ 'ਮੈਂ' ਦਾ ਮੁਜਾਹਰਾ ਹੁੰਦਾ ਨਹੀਂ ਸੀ ਵੇਖਿਆ ਗਿਆ, ਜੋ ਇਸ ਵਕਤ ਵੇਖਿਆ ਜਾਣ ਲੱਗਾ ਹੈ।

ਸਾਨੂੰ ਇਸ ਦੀ ਸ਼ੁਰੂਆਤ ਚੇਤੇ ਕਰਨੀ ਚਾਹੀਦੀ ਹੈ। ਨਰਿੰਦਰ ਮੋਦੀ ਨੂੰ ਭਾਜਪਾ ਨੇ ਗੁਜਰਾਤ ਤੋਂ ਬਾਹਰ ਪਹਿਲੀ ਚੋਣ ਮੁਹਿੰਮ ਵਿਚ ਰਾਜਸਥਾਨ ਦੇ ਕਾਂਗਰਸੀ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੇ ਖਿਲਾਫ ਤੋਰਿਆ ਸੀ। ਉਸ ਦੀ ਆਮਦ ਤੋਂ ਪਹਿਲਾਂ ਇਹ ਆਖਿਆ ਗਿਆ ਕਿ ਮੋਦੀ ਆਵੇਗਾ ਤਾਂ ਰਾਜਸਥਾਨ ਵਿਚ ਗੁਜਰਾਤ ਦਾ ਤਜਰਬਾ ਦੁਹਰਾਵੇਗਾ। ਉਦੋਂ ਅਸ਼ੋਕ ਗਹਿਲੋਤ ਨੇ ਕਿਹਾ ਸੀ ਕਿ ਮੈਂ ਤੇ ਰਾਜਸਥਾਨ ਦੇ ਲੋਕ ਸ਼ਾਂਤਮਈ ਰਾਜ ਨੂੰ ਗੁਜਰਾਤ ਨਹੀਂ ਬਣਨ ਦਿਆਂਗੇ। ਨਰਿੰਦਰ ਮੋਦੀ ਨੇ ਪਹਿਲੇ ਹੀ ਜਲਸੇ ਵਿਚ ਅਸ਼ੋਕ ਗਹਿਲੋਤ ਦੇ 'ਮੈਂ ਤੇ ਰਾਜਸਥਾਨ ਦੇ ਲੋਕ' ਵਾਲੇ ਬਿਆਨ ਤੋਂ 'ਰਾਜਸਥਾਨ ਦੇ ਲੋਕ' ਕੱਟ ਕੇ ਸਿਰਫ ਉਸ ਦਾ 'ਮੈਂ' ਵਾਲਾ ਸ਼ਬਦ ਪਕੜ ਕੇ ਕਹਿ ਦਿੱਤਾ ਕਿ "ਗਹਿਲੋਤ ਕਹਿੰਦਾ ਹੈ, 'ਮੈਂ ਰਾਜਸਥਾਨ ਨੂੰ ਗੁਜਰਾਤ ਨਹੀਂ ਬਣਨ ਦਿਆਂਗਾ', ਉਹ ਕਰ ਕੀ ਸਕਦਾ ਹੈ, ਏਦਾਂ ਦੇ ਕੰਮ ਲਈ ਛਪੰਜਾ ਇੰਚ ਦਾ ਸੀਨਾ ਚਾਹੀਦਾ ਹੈ।"

ਉਸ ਦਿਨ ਤੋਂ ਇਹ ਗੱਲ ਮਸ਼ਹੂਰ ਹੋ ਗਈ, ਜਾਂ ਨਰਿੰਦਰ ਮੋਦੀ ਦੀ ਟੀਮ ਨੇ ਇਹ ਮਸ਼ਹੂਰ ਕਰ ਦਿੱਤੀ ਕਿ ਸਿਰਫ ਨਰਿੰਦਰ ਮੋਦੀ ਦਾ 'ਛਪੰਜਾ ਇੰਚ ਦਾ ਸੀਨਾ' ਹੈ ਅਤੇ ਉਹ ਆਈ ਉਤੇ ਆ ਜਾਵੇ ਤਾਂ ਕੁਝ ਵੀ ਕਰ ਸਕਦਾ ਹੈ, ਤੇ ਇਹੋ ਗੱਲ ਉਸ ਵੇਲੇ ਤੋਂ ਸਵੈ-ਪ੍ਰਚਾਰ ਦੇ ਕਈ ਪੜਾਅ ਪਾਰ ਕਰਦੀ ਅੱਜ 'ਮੋਦੀ ਹੈ ਤੋ ਮੁਮਕਿਨ ਹੈ' ਅਤੇ 'ਘਰ ਮੇਂ ਘੁਸ ਕੇ ਮਾਰੂੰਗਾ' ਦੇ ਪੜਾਅ ਤੱਕ ਆਣ ਪਹੁੰਚੀ ਹੈ। ਕਿਸੇ ਵੀ ਆਗੂ ਦਾ ਏਡੀ ਵੱਡੀ 'ਮੈਂ' ਦਾ ਪ੍ਰਤੀਕ ਬਣ ਜਾਣਾ ਚੰਗਾ ਨਹੀਂ ਹੁੰਦਾ ਤੇ ਜਿਸ ਵੀ ਦੇਸ਼ ਵਿਚ ਕੋਈ ਆਗੂ ਇਸ ਹੱਦ ਤੱਕ ਗਿਆ ਸੀ, ਉਸ ਦਾ ਹਸ਼ਰ ਉਥੋਂ ਦੇ ਲੋਕ ਜਾਣਦੇ ਹਨ। ਭਾਰਤ ਸਰਕਾਰ ਨੂੰ ਇਸ ਵੇਲੇ ਚਲਾ ਰਹੀ ਪਾਰਟੀ ਨੇ ਪਾਰਲੀਮੈਂਟ ਦੀ ਅਗਲੀ ਚੋਣ ਜੇ 'ਮੈਂ' ਦੀ ਇਸੇ ਮੁਹਿੰਮ ਨਾਲ ਚਲਾਈ ਤਾਂ ਅਸੀਂ ਇਹ ਨਹੀਂ ਕਹਿ ਸਕਦੇ ਕਿ ਜਿੱਤੇਗਾ ਕੌਣ, ਪਰ ਭਾਰਤ ਦਾ ਕੀ ਬਣੇਗਾ, ਇਸ ਦਾ ਅੰਦਾਜ਼ਾ ਲਾ ਸਕਦੇ ਹਾਂ।

ਅਸੀਂ ਇਹ ਗੱਲ ਇਸ ਲਈ ਕਹਿ ਰਹੇ ਹਾਂ ਕਿ ਪੁਲਵਾਮਾ ਵਿਚ ਸੀ. ਆਰ. ਪੀ. ਐਫ. ਦੇ ਕਾਫਲੇ ਉਤੇ ਹਮਲਾ ਹੋਣ ਪਿੱਛੋਂ ਦੇ ਹਾਲਾਤ ਇਸ ਦੇਸ਼ ਦੇ ਭਲੇ ਭਵਿੱਖ ਦੀ ਥਾਂ ਇੱਕ 'ਭੂਤਰੇ ਭਵਿੱਖ' ਦੀ ਝਲਕ ਵਿਖਾਉਣ ਵਾਲੇ ਹਨ ਤੇ ਉਨ੍ਹਾਂ ਦਾ ਪ੍ਰਗਟਾਵਾ ਅਜੇ ਤੱਕ ਵੀ ਜਾਰੀ ਹੈ। ਕੁਝ ਦਿਨ ਪਹਿਲਾਂ ਸੋਸ਼ਲ ਮੀਡੀਏ ਉਤੇ ਇੱਕ ਵੀਡੀਓ ਚੱਲੀ ਵੇਖੀ ਸੀ ਕਿ ਕੁਝ ਛੋਕਰੇ ਭਾਰਤ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿਚ ਸੁੱਕੇ ਮੇਵੇ ਵੇਚਣ ਵਾਲੇ ਮੁੰਡੇ ਨੂੰ ਸਿਰਫ ਇਸ ਲਈ ਕੁੱਟ ਰਹੇ ਸਨ ਕਿ ਉਹ ਕਸ਼ਮੀਰੀ ਹੈ। ਅਗਲੇ ਦਿਨ ਪੁਲਿਸ ਨੇ ਕਾਰਵਾਈ ਕੀਤੀ। ਗੱਲ ਕਮਾਲ ਵਾਲੀ ਇਹ ਸੀ ਕਿ ਇਸ ਬਾਰੇ ਮੀਡੀਏ ਨੂੰ ਰਿਪੋਰਟ ਕਰਨ ਵਾਲੇ ਪੁਲਿਸ ਅਫਸਰ ਨੇ ਇਹ ਕਿਹਾ ਕਿ ਸੋਸ਼ਲ ਮੀਡੀਏ ਉਤੇ ਇਸ ਘਟਨਾ ਦੀ ਵੀਡੀਓ ਵਾਇਰਲ ਹੋਈ ਤਾਂ ਉਨ੍ਹਾਂ ਨੌਜਵਾਨਾਂ ਉਤੇ ਕਾਰਵਾਈ ਕੀਤੀ ਗਈ ਹੈ। ਇਸ ਦਾ ਭਾਵ ਇਹ ਵੀ ਨਿਕਲਦਾ ਹੈ ਕਿ ਜੇ ਮੁੱਦਾ ਸੋਸ਼ਲ ਮੀਡੀਏ ਤੱਕ ਨਾ ਪਹੁੰਚਦਾ ਤਾਂ ਕਾਰਵਾਈ ਨਹੀਂ ਸੀ ਹੋਣੀ।

ਉਤਰ ਪ੍ਰਦੇਸ਼ ਦਾ ਬੀਤੇ ਦੋ ਸਾਲਾਂ ਦਾ, ਜਦੋਂ ਦੀ ਉਥੇ ਭਾਜਪਾ ਦੇ ਯੋਗੀ ਆਦਿੱਤਿਆਨਾਥ ਦੀ



ਯੋਗੀ ਆਦਿੱਤਿਆਨਾਥ

ਅਗਵਾਈ ਵਾਲੀ ਸਰਕਾਰ ਬਣੀ ਹੈ, ਰਿਕਾਰਡ ਵੀ ਇਹੋ ਜਿਹਾ ਹੈ ਕਿ ਏਦਾਂ ਦੀਆਂ ਬਦਤਮੀਜ਼ੀਆਂ ਉਤੇ ਕਾਰਵਾਈ ਦੀ ਲੋੜ ਨਹੀਂ ਸਮਝੀ ਜਾਂਦੀ। ਜਦੋਂ ਇਹ ਸਾਰਾ ਮੁੱਦਾ ਪੁਲਿਸ ਕਾਰਵਾਈ ਦੇ ਨਾਲ ਨਿਪਟ ਗਿਆ ਸਮਝਿਆ ਜਾਣ ਲੱਗਾ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਬਿਆਨ ਦੇ ਦਿੱਤਾ ਕਿ ਸਾਡੇ ਕਸ਼ਮੀਰੀ ਬੱਚਿਆਂ ਨਾਲ ਏਦਾਂ ਦੀ ਜ਼ਿਆਦਤੀ ਕਰਨੀ ਗਲਤ ਹੈ, ਮੇਰੀ ਸਰਕਾਰ ਇਹ ਕੁਝ ਨਹੀਂ ਹੋਣ ਦੇਵੇਗੀ ਅਤੇ ਹਰ ਨਾਗਰਿਕ ਦੀ ਜਾਨ ਤੇ ਮਾਲ ਦੀ ਰਾਖੀ ਯਕੀਨੀ ਕੀਤੀ ਜਾਵੇਗੀ।

ਗਊ ਹੱਤਿਆ ਦਾ ਦੋਸ਼ ਲਾ ਕੇ ਰਾਹ ਜਾਂਦੇ ਕਈ ਲੋਕ ਜਦੋਂ ਕੁੱਟੇ ਗਏ ਤੇ ਕੁਝ ਲੋਕ ਮਾਰ ਦਿੱਤੇ ਗਏ ਸਨ, ਉਦੋਂ ਵੀ ਪ੍ਰਧਾਨ ਮੰਤਰੀ ਨੇ ਇੱਕ ਦਿਨ ਸਿਰਫ ਏਹੀ ਕਿਹਾ ਸੀ ਕਿ ਕੁਝ ਗੁੰਡਾ ਅਨਸਰ ਇਹ ਕੁਝ ਕਰਦੇ ਹਨ, ਉਨ੍ਹਾਂ ਨੂੰ ਏਦਾਂ ਨਹੀਂ ਕਰਨ ਦਿੱਤਾ ਜਾਵੇਗਾ, ਪਰ ਇਸ ਪਿੱਛੋਂ ਕਿਸੇ ਥਾਂ ਇਹੋ ਜਿਹੇ ਵਰਤਾਰੇ ਨੂੰ ਰੋਕ ਨਹੀਂ ਸੀ ਲੱਗੀ। ਇਸ ਦੀ ਥਾਂ ਇਹ ਕੰਮ ਕਰਨ ਵਾਲੇ ਟੋਲਿਆਂ ਨੂੰ ਸੰਕੇਤ ਮਿਲ ਗਿਆ ਸੀ ਕਿ ਬੱਸ ਏਨੀ ਕੁ ਨਿੰਦਾ-ਨਿਖੇਧੀ ਹੀ ਹੋਣੀ ਹੁੰਦੀ ਹੈ, ਹੋਰ ਕੁਝ ਨਹੀਂ ਹੋਣਾ। ਇਹ ਵੀ ਤਾਂ ਰਾਜ ਕਰਨ ਦੀ ਇੱਕ ਨੀਤੀ ਹੋ ਸਕਦੀ ਹੈ।

ਦੇਸ਼ ਇਸ ਵੇਲੇ ਇਹੋ ਜਿਹੇ ਮੋੜ 'ਤੇ ਪਹੁੰਚ ਚੁਕਾ ਹੈ, ਜਿੱਥੇ ਇਸ ਨੇ ਲੋਕ ਸਭਾ ਚੋਣਾਂ ਪਿੱਛੋਂ ਦੇ ਭਾਰਤ ਦਾ ਰੂਟ ਤੈਅ ਕਰਨਾ ਹੈ। ਇਸ ਨੂੰ ਭਲੇ ਭਵਿੱਖ ਵੱਲ ਲਿਜਾਣਾ ਹੈ ਜਾਂ ਭੂਤਰੇ ਭਵਿੱਖ ਵੱਲ, ਲੋਕਾਂ ਨੂੰ ਸੋਚ ਲੈਣਾ ਚਾਹੀਦਾ ਹੈ।

# "ਹਿੰਦੂ ਹੈ ਗਮਜ਼ੁਦਾ ਤੋ ਮੁਸਲਮਾਂ ਉਦਾਸ ਹੈ... !"

ਕਿਸੇ ਵੀ ਦੇਸ਼ ਦੀ ਤਰੱਕੀ ਸਹੀ ਮਾਅਨਿਆਂ ਵਿਚ ਉਸ ਵਕਤ ਹੀ ਸੰਭਵ ਹੈ, ਜਦੋਂ ਦੇਸ਼ ਵਿਚ ਅਮਨ-ਸ਼ਾਂਤੀ ਵਾਲਾ ਮਾਹੌਲ ਹੋਵੇ ਅਤੇ ਸਾਰੇ ਸ਼ਹਿਰੀਆਂ ਦਾ ਜਾਨ-ਮਾਲ ਯਕੀਨੀ ਤੌਰ 'ਤੇ ਸੁਰੱਖਿਅਤ ਹੋਵੇ। ਇਸ ਦੇ ਉਲਟ ਜੇ ਕਿਸੇ ਦੇਸ਼ ਦੇ ਲੋਕਾਂ ਦੇ ਜ਼ਿਹਨ ਵਿਚ ਅਸੁਰੱਖਿਆ, ਭੈਅ ਅਤੇ ਦਹਿਸ਼ਤ ਦਾ ਮਾਹੌਲ ਘਰ ਕਰ ਜਾਵੇ ਤਾਂ ਉਸ ਮੁਲਕ ਦਾ ਵਿਕਾਸ ਨਹੀਂ ਹੋ ਸਕਦਾ। ਪਿਛਲੇ ਕੁਝ ਸਾਲਾਂ ਦੌਰਾਨ ਭਾਰਤ ਵਿਚ ਜਿਸ ਤਰ੍ਹਾਂ ਘੱਟ ਗਿਣਤੀਆਂ, ਦਲਿਤਾਂ ਅਤੇ ਆਦੀ ਵਾਸੀਆਂ 'ਤੇ ਕੁਝ ਫਰਜੀ ਰਾਸ਼ਟਰ ਭਗਤਾਂ ਨੇ ਜੁਲਮ-ਓ-ਤਸ਼ੱਦਦ



ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਦਾ ਬਾਜ਼ਾਰ ਗਰਮ ਕਰੀ ਰੱਖਿਆ ਹੈ, ਯਕੀਨਨ ਉਸ ਨੇ ਦੇਸ਼ ਦੀ ਸਾਂਝੀਵਾਲਤਾ ਨੂੰ ਬੇਹੱਦ ਨੁਕਸਾਨ ਪਹੁੰਚਾਇਆ ਹੈ।

ਪਿਛਲੇ ਕੁਝ ਸਾਲਾਂ ਤੋਂ ਜਿਸ ਤਰ੍ਹਾਂ ਦੇਸ਼ ਵਿਚ ਇਕ ਪਿਛੋਂ ਇਕ ਮੌਬ-ਲਿੰਚਿੰਗ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ ਅਤੇ ਜਿਸ ਤਰ੍ਹਾਂ ਇਸ ਸਭ ਨੂੰ ਪ੍ਰਸ਼ਾਸਨ ਇਕ ਤਰ੍ਹਾਂ ਮੂਕ ਦਰਸ਼ਕ ਤੇ ਤਮਾਸ਼ਬੀਨ ਬਣ ਕੇ ਵੇਖਦਾ ਰਿਹਾ ਹੈ, ਇਸ ਨਾਲ ਉਨ੍ਹਾਂ ਦੀ ਕਾਰਜਸ਼ੈਲੀ ਸ਼ੱਕ ਦੇ ਘੇਰੇ ਵਿਚ ਆ ਜਾਂਦੀ ਹੈ। ਇਹੋ ਕਾਰਨ ਹੈ ਕਿ ਇਸ ਪਿਛੋਂ ਸੁਪਰੀਮ ਕੋਰਟ ਨੂੰ ਮੌਬ-ਲਿੰਚਿੰਗ ਦੀਆਂ ਅਜਿਹੀਆਂ ਘਟਨਾਵਾਂ ਰੋਕਣ ਦੇ ਸੰਦਰਭ ਵਿਚ ਸੂਬਾਈ ਸਰਕਾਰਾਂ ਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕਰਨੀਆਂ ਪਈਆਂ ਹਨ।

ਇਸ ਸਭ ਦੇ ਬਾਵਜੂਦ ਭਾਰਤ ਵਿਚ ਜਿਸ ਤਰ੍ਹਾਂ ਇਕ ਫਿਰਕੇ ਦੇ ਭੀੜਤੰਤਰ ਨੇ ਆਪਣੇ ਡੰਡਾਤੰਤਰ ਰਾਹੀਂ ਲੋਕਤੰਤਰ ਦੀ ਆਤਮਾ ਨੂੰ ਜ਼ਖਮੀ ਕੀਤਾ ਹੈ, ਉਸ ਕਾਰਨ ਦੇਸ਼ ਨੂੰ ਜੋ ਦੁਨੀਆਂ ਵਿਚ ਨਮੋਸ਼ੀ ਝੱਲਣੀ ਪਈ ਹੈ, ਉਸ ਦੀ ਮਿਸਾਲ ਨਹੀਂ ਮਿਲਦੀ। ਯਕੀਨਨ ਇਹ ਸਮੁੱਚੇ ਦੇਸ਼ ਲਈ ਸ਼ਰਮ ਦੇ ਨਾਲ-ਨਾਲ ਚਿੰਤਾ ਦਾ ਵਿਸ਼ਾ ਵੀ ਹੈ।

ਇਸੇ ਸੰਦਰਭ ਵਿਚ ਲੰਘੇ ਦਿਨੀਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰਾਂ ਦੀ ਮੁਖੀ ਮਿਸ਼ੇਲ ਬੇਚੇਲੇਟ ਨੇ ਜਨੇਵਾ ਪ੍ਰੀਸ਼ਦ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਵਿਚ ਅਸਮਾਨਤਾ ਇਕ ਪ੍ਰਮੁੱਖ ਮੁੱਦਾ ਬਣਿਆ ਹੋਇਆ ਹੈ। ਜਾਪਦਾ ਹੈ ਕਿ ਸੰਕੀਰਣ ਰਾਜਨੀਤਕ ਏਜੰਡਿਆਂ ਕਾਰਨ ਕਮਜ਼ੋਰ ਲੋਕ ਹੋਰ ਵਧੇਰੇ ਹਾਸ਼ੀਏ 'ਤੇ ਜਾ ਰਹੇ ਹਨ, ਜਦਕਿ ਉਕਤ ਘਟਨਾਵਾਂ ਘੱਟ ਗਿਣਤੀਆਂ, ਵਿਸ਼ੇਸ਼ ਤੌਰ 'ਤੇ ਮੁਸਲਿਮ ਭਾਈਚਾਰੇ, ਇਤਿਹਾਸਕ ਰੂਪ ਤੋਂ ਵਾਂਝੇ ਅਤੇ ਹਾਸ਼ੀਏ 'ਤੇ ਰਹਿਣ ਵਾਲੇ ਲੋਕਾਂ, ਜਿਵੇਂ ਦਲਿਤਾਂ ਅਤੇ ਆਦੀ ਵਾਸੀਆਂ ਦੇ ਉਤਪੀੜਨ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਏ ਜਾਣ ਦਾ ਸੰਕੇਤ ਦਿੰਦੀਆਂ ਹਨ। ਇਸ ਦੇ ਨਾਲ ਹੀ ਮਿਸ਼ੇਲ ਬੇਚੇਲੇਟ ਨੇ ਭਾਰਤ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਵੰਡ ਦੀ ਨੀਤੀ ਕਾਰਨ ਦੇਸ਼ ਦੇ ਆਰਥਿਕ ਵਿਕਾਸ ਵਿਚ ਰੁਕਾਵਟ ਆਵੇਗੀ।

ਜ਼ਿਕਰਯੋਗ ਹੈ ਕਿ ਬੇਚੇਲੇਟ ਦਾ ਇਹ ਖੁਲਾਸਾ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦੀ ਉਸ ਰਿਪੋਰਟ ਪਿਛੋਂ ਹੋਇਆ ਹੈ, ਜਿਸ 'ਚ ਕਿਹਾ ਗਿਆ ਹੈ ਕਿ 2018 ਵਿਚ ਹਾਸ਼ੀਏ 'ਤੇ ਆਏ ਲੋਕਾਂ ਦੇ 200 ਤੋਂ ਵੱਧ ਮਾਮਲੇ ਸਾਹਮਣੇ ਆਏ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਹੇਟ ਕ੍ਰਾਈਮ, ਬਲਾਤਕਾਰ ਅਤੇ ਕਤਲ ਜਿਹੀਆਂ ਘਟਨਾਵਾਂ ਵਿਚ ਉਤਰ ਪ੍ਰਦੇਸ਼ ਲਗਾਤਾਰ ਤੀਜੇ ਸਾਲ ਵੀ ਸ਼ੱਰੇ-ਫਹਿਰਿਸਤ ਰਿਹਾ ਹੈ। ਇਸ ਸਬੰਧੀ ਐਮਨੈਸਟੀ ਇੰਡੀਆ ਨੇ ਆਪਣੀ ਵੈਬਸਾਈਟ 'ਤੇ ਰਿਕਾਰਡ ਜਾਰੀ ਕਰਦਿਆਂ ਕਿਹਾ ਕਿ ਹੇਟ ਕ੍ਰਾਈਮ ਦੇ ਮਾਮਲੇ ਹਾਸ਼ੀਆਈ ਵਰਗ ਦੇ ਲੋਕਾਂ ਖਿਲਾਫ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਦਲਿਤ, ਆਦੀ ਵਾਸੀਆਂ, ਘੱਟ ਗਿਣਤੀ ਧਰਮ ਦੇ ਲੋਕਾਂ ਅਤੇ ਟਰਾਂਸਜੈਂਡਰ ਲੋਕਾਂ ਦੇ ਨਾਲ ਨਾਲ ਰਿਫਿਊਜ਼ੀ ਸ਼ਾਮਿਲ ਹਨ। ਸਾਲ 2018 ਵਿਚ ਵੈਬਸਾਈਟ ਨੇ ਹੇਟ ਕ੍ਰਾਈਮ ਦੀਆਂ 218 ਘਟਨਾਵਾਂ ਦਾ ਜੋ ਦਸਤਾਵੇਜ਼ ਤਿਆਰ




ਕੀਤਾ ਹੈ, ਉਸ ਵਿਚ 142 ਮਾਮਲੇ ਦਲਿਤਾਂ, 50 ਮਾਮਲੇ ਮੁਸਲਮਾਨਾਂ ਅਤੇ 8-8 ਮਾਮਲੇ ਈਸਾਈ, ਆਦੀ ਵਾਸੀਆਂ ਤੇ ਟਰਾਂਸਜੈਂਡਰ ਲੋਕਾਂ ਖਿਲਾਫ ਸਾਹਮਣੇ ਆਏ ਹਨ।

ਐਮਨੈਸਟੀ ਇੰਡੀਆ ਅਨੁਸਾਰ 97 ਘਟਨਾਵਾਂ ਹਮਲੇ ਦੀਆਂ ਹਨ ਅਤੇ 87 ਮਾਮਲੇ ਕਤਲ ਦੇ ਹਨ। ਇਸ ਤੋਂ ਇਲਾਵਾ 40 ਮਾਮਲੇ ਅਜਿਹੇ ਹਨ, ਜਿਨ੍ਹਾਂ ਵਿਚ ਹਾਸ਼ੀਏ ਵਾਲੇ ਭਾਈਚਾਰਿਆਂ ਦੀਆਂ ਔਰਤਾਂ ਜਾਂ ਟਰਾਂਸਜੈਂਡਰ ਲੋਕਾਂ ਨੂੰ ਸਰੀਰਕ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਇਨ੍ਹਾਂ 'ਚ ਵੀ ਵਿਸ਼ੇਸ਼ ਤੌਰ 'ਤੇ ਦਲਿਤ ਔਰਤਾਂ ਨੂੰ ਵੱਡੀ ਗਿਣਤੀ ਸਰੀਰਕ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ ਅਰਥਾਤ ਕੁੱਲ 40 ਵਿਚੋਂ 30 ਮਾਮਲੇ ਇਨ੍ਹਾਂ ਖਿਲਾਫ ਹੀ ਵਾਪਰੇ ਹਨ।

ਅਜਿਹੇ ਜ਼ੁਲਮ ਕਰਨ ਦੀ ਕੋਈ ਵੀ ਸੱਭਿਅਕ ਸਮਾਜ ਇਜਾਜ਼ਤ ਨਹੀਂ ਦਿੰਦਾ, ਪਰ ਭਾਰਤ ਲਈ ਇਹ ਡਾਢੇ ਚਿੰਤਾ ਵਾਲਾ ਵਿਸ਼ਾ ਹੈ। ਦੇਸ਼ ਵਿਚ ਜੋ ਵੀ ਮਾੜੇ ਅਨਸਰ ਅਜਿਹੀਆਂ ਘਿਨਾਉਣੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਿਆਸੀ ਪੁਸ਼ਤ-ਪਨਾਹੀ ਹਾਸਿਲ ਹੁੰਦੀ ਹੈ। ਦੇਸ਼ ਲਈ ਇਹ ਵੀ ਮੰਦਭਾਗੀ ਗੱਲ ਹੈ ਕਿ ਕੁਝ ਸਿਆਸੀ ਪਾਰਟੀਆਂ ਇਸ ਵਿਚਾਰਧਾਰਾ 'ਤੇ ਹੀ ਖੜ੍ਹੀਆਂ ਹਨ ਕਿ ਸੱਤਾ ਵਿਚ ਬਣੇ ਰਹਿਣ ਲਈ ਦੇਸ਼ ਦੇ ਲੋਕਾਂ ਨੂੰ ਧਰਮ ਅਤੇ ਜਾਤ-ਪਾਤ ਦੇ ਨਾਂ 'ਤੇ ਵੰਡਣਾ ਜਰੂਰੀ ਹੈ।

ਬੇਸ਼ੱਕ ਇਹ ਵਿਚਾਰਧਾਰਾ ਹਾਲ ਦੀ ਘੜੀ ਸਿਆਸੀ ਪਾਰਟੀਆਂ ਨੂੰ ਰਾਸ ਆ ਰਹੀ ਮਹਿਸੂਸ ਹੁੰਦੀ ਹੋਵੇ, ਪਰ ਇਸ ਦੇ ਨਤੀਜੇ ਭਵਿੱਖ ਵਿਚ ਦੇਸ਼ ਦੀ ਅਖੰਡਤਾ ਲਈ ਕਿਸ ਕਦਰ ਘਾਤਕ ਅਤੇ ਮਾਰੂ ਸਿੱਧ ਹੋ ਸਕਦੇ ਹਨ, ਸ਼ਾਇਦ ਇਸ ਦੀ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜੇ ਅਸੀਂ ਅੱਜ ਨਫਰਤ ਦੀ ਫਸਲ ਬੀਜਦੇ ਹਾਂ ਤਾਂ ਸਾਨੂੰ ਆਉਣ ਵਾਲੇ ਸਮੇਂ ਉਹੋ ਜਿਹੀ ਫਸਲ ਹੀ ਵੱਢਣੀ ਪਵੇਗੀ। ਸੱਤਾ ਦੀ ਲਾਲਸਾ ਵਿਚ ਦੋ ਧਰਮਾਂ ਦੇ ਲੋਕਾਂ ਵਿਚਾਲੇ ਨਫਰਤ ਦੀਆਂ ਜੋ ਖਾਈਆਂ ਪੁੱਟੀਆਂ ਜਾ ਰਹੀਆਂ ਹਨ, ਯਕੀਨਨ ਉਨ੍ਹਾਂ ਦੀ ਪੂਰਤੀ ਸਦੀਆਂ ਵਿਚ ਵੀ ਕਰਨੀ ਮੁਸ਼ਕਿਲ ਹੋਵੇਗੀ। ਸ਼ਾਇਰ ਮੁਜ਼ੱਫਰ ਰਜਮੀ ਨੇ ਕਿੰਨੇ ਸੋਹਣੇ ਸ਼ਬਦਾਂ ਵਿਚ ਕਿਹਾ ਹੈ,

ਵੋਹ ਅਹਿਦ ਭੀ ਦੇਖਾ ਹੈ
ਤਾਰੀਖ ਕੀ ਆਖੋਂ ਨੇ,
ਲਮਹੋਂ ਨੇ ਖਤਾ ਕੀ ਥੀ
ਸਦੀਓਂ ਨੇ ਸਜ਼ਾ ਪਾਈ।

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਾਡਾ ਭਾਰਤ ਇਕ ਬਾਗ ਰੂਪੀ ਗੁਲਦਸਤਾ ਹੈ, ਜਿਸ ਦੀ ਖੂਬਸੂਰਤੀ ਫੁੱਲਾਂ ਦੀ ਵੰਨ-ਸੁਵੰਨਤਾ ਵਿਚ ਹੀ ਛੁਪੀ ਹੋਈ ਹੈ, ਇਸੇ ਤਰ੍ਹਾਂ ਭਾਰਤ ਦਾ ਸੁਹੱਪਣ ਵੀ ਵੱਖ ਵੱਖ ਧਰਮਾਂ ਦੇ ਲੋਕਾਂ ਦੀ ਭਾਈਚਾਰਕ ਸਾਂਝ ਵਿਚ ਹੀ ਹੈ। ਮੁੱਠੀ ਭਰ ਲੋਕਾਂ ਨੂੰ ਛੱਡ ਕੇ, ਬਾਕੀ ਦੇਸ਼ ਦੇ ਲੋਕ ਚਾਹੇ ਉਹ ਹਿੰਦੂ ਹੋਣ ਜਾਂ ਮੁਸਲਮਾਨ, ਸਿੱਖ ਹੋਣ ਜਾਂ ਇਸਾਈ-ਸਾਰੇ ਹੀ ਆਪਸ ਵਿਚ ਪਿਆਰ ਮੁਹੱਬਤ ਨਾਲ ਮਿਲਜੁਲ ਕੇ ਰਹਿਣਾ ਚਾਹੁੰਦੇ ਹਨ। ਸੱਚ ਪੁੱਛੋ ਤਾਂ ਦੇਸ਼ 'ਚ ਨਫਰਤ ਦੀ ਜੋ ਅੱਗ ਫੈਲਾਈ ਜਾ ਰਹੀ ਹੈ, ਉਸ ਤੋਂ ਸਭ ਧਰਮਾਂ ਦੇ ਲੋਕ ਦੁਖੀ ਹਨ। ਹਿੰਦੂ ਤੇ ਮੁਸਲਿਮ ਲੋਕਾਂ ਦੀ ਮਨੋਬਿਰਤੀ ਦਾ ਨਕਸ਼ਾ ਇਕ ਉਰਦੂ ਕਵੀ ਨੇ ਇਸ ਤਰ੍ਹਾਂ ਖਿੱਚਿਆ ਹੈ,

ਮਜਹਬ ਕੇ ਨਾਮ ਪਰ
ਯੇਹ ਫਸਾਦਾਤ ਦੇਖ ਕਰ,
ਹਿੰਦੂ ਹੈ ਗਮਜ਼ੁਦਾ
ਤੋ ਮੁਸਲਮਾਂ ਉਦਾਸ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 16 ਮਾਰਚ 2019*

## ਚੋਣਾਂ ਦਾ ਬਿਗੁਲ ਵੱਜਿਆ

ਭਾਰਤ ਵਿਚ ਲੋਕ ਸਭਾ ਚੋਣਾਂ ਦਾ ਬਿਗੁਲ ਵੱਜ ਗਿਆ ਹੈ। ਇਹ ਚੋਣਾਂ ਸੱਤ ਪੜਾਵਾਂ ਵਿਚ ਹੋਣਗੀਆਂ। ਪਹਿਲੇ ਪੜਾਅ ਲਈ ਵੋਟਾਂ 11 ਅਪਰੈਲ ਨੂੰ ਪੈਣਗੀਆਂ ਅਤੇ ਆਖਰੀ (ਸੱਤਵੇਂ) ਪੜਾਅ ਲਈ 19 ਮਈ ਨੂੰ। ਪੰਜਾਬ ਤੇ ਚੰਡੀਗੜ੍ਹ ਵਿਚ ਵੋਟਾਂ ਆਖਰੀ ਪੜਾਅ ਦੌਰਾਨ ਹੋਣਗੀਆਂ। ਵੋਟਾਂ ਦੀ ਗਿਣਤੀ 23 ਮਈ ਨੂੰ ਹੋਵੇਗੀ। ਚੋਣ ਕਮਿਸ਼ਨ ਨੇ ਜੰਮੂ ਕਸ਼ਮੀਰ ਦੇ ਹਾਲਾਤ 'ਤੇ ਵਿਚਾਰ ਕਰਨ ਲਈ ਤਿੰਨ ਅਬਜਰਵਰ ਨਿਯੁਕਤ ਕੀਤੇ ਹਨ। 1996 ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਸੂਬੇ ਵਿਚ ਚੋਣਾਂ ਸਮੇਂ ਸਿਰ ਨਹੀਂ ਹੋ ਰਹੀਆਂ। ਚੋਣਾਂ ਤੋਂ ਪਹਿਲਾਂ ਕੇਂਦਰ ਅਤੇ ਸੂਬਿਆਂ ਵਿਚ ਸੱਤਾਧਾਰੀ ਪਾਰਟੀਆਂ ਨੇ ਲੋਕ-ਲੁਭਾਊ ਸਕੀਮਾਂ ਜਾਰੀ ਕਰਨ ਦੀ ਝੜੀ ਲਾਈ ਹੋਈ ਸੀ। ਹੁਣ ਚੋਣ ਜ਼ਾਬਤਾ ਲੱਗਣ ਕਾਰਨ ਇਸ ਨੂੰ ਠੱਲ੍ਹ ਪੈ ਗਈ ਹੈ। ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣੀ ਪੈਂਠ ਬਣਾਉਣ ਲਈ ਬੜਾ ਕੁਝ ਕੀਤਾ ਹੈ। ਕੁਝ ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਕਸ਼ਮੀਰ ਵਿਚ ਪੁਲਵਾਮਾ ਹਮਲੇ ਤੋਂ ਬਾਅਦ ਪਾਕਿਸਤਾਨ ਉਤੇ ਹਵਾਈ ਹਮਲੇ ਭਾਰਤੀ ਜਨਤਾ ਪਾਰਟੀ ਦੀ ਚੁਣਾਵੀ ਸਿਆਸਤ ਦਾ ਹੀ ਹਿੱਸਾ ਸਨ। ਪੁਲਵਾਮਾ ਵਿਚ ਸੀ. ਆਰ. ਪੀ. ਐਫ. ਦੇ ਜਵਾਨਾਂ 'ਤੇ ਹੋਏ ਦਹਿਸ਼ਤਗਰਦ ਹਮਲੇ ਤੋਂ ਬਾਅਦ ਕੌਮੀ ਸੁਰੱਖਿਆ ਦਾ ਮੁੱਦਾ ਅਹਿਮ ਬਣ ਕੇ ਉਭਾਰਿਆ ਅਤੇ ਸੱਤਾਧਾਰੀ ਪਾਰਟੀ ਨੇ ਇਸ ਨੂੰ ਆਪਣੇ ਚੋਣ ਪ੍ਰਚਾਰ ਲਈ ਗੱਜ-ਵੱਜ ਕੇ ਵਰਤਣਾ ਸ਼ੁਰੂ ਕਰ ਦਿੱਤਾ। ਹੁਣ ਭਾਵੇਂ ਕੇਂਦਰੀ ਚੋਣ ਕਮਿਸ਼ਨ ਨੇ ਫੌਜੀ ਅਤੇ ਸੁਰੱਖਿਆ ਦਲਾਂ ਦੇ ਜਵਾਨਾਂ ਦੀਆਂ ਤਸਵੀਰਾਂ ਨੂੰ ਚੋਣ ਪ੍ਰਚਾਰ ਵਿਚ ਵਰਤਣ ਤੋਂ ਮਨਾਹੀ ਕੀਤੀ ਹੈ, ਪਰ ਸਾਰੇ ਸੰਕੇਤ ਇਹੀ ਦੱਸਦੇ ਹਨ ਕਿ ਭਾਜਪਾ ਇਸੇ ਮੁੱਦੇ ਨੂੰ ਸਿੱਧੇ-ਅਸਿੱਧੇ ਢੰਗ ਨਾਲ ਚੋਣਾਂ ਦਾ ਕੇਂਦਰ ਬਿੰਦੂ ਬਣਾਈ ਰੱਖੇਗੀ। ਪਿਛਲੇ ਪੰਜ ਸਾਲਾਂ ਵਿਚ ਨੋਟਬੰਦੀ ਅਤੇ ਜੀ. ਐਸ. ਟੀ. ਵਰਗੇ ਫੈਸਲਿਆਂ ਕਾਰਨ ਕਿਸਾਨਾਂ, ਮਜ਼ਦੂਰਾਂ ਅਤੇ ਛੋਟੇ ਵਰਗ ਦੇ ਵਪਾਰੀਆਂ ਤੇ ਸਨਅਤਕਾਰਾਂ ਨੂੰ ਸਖਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਸਿਆਸੀ ਹਵਾ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਨਹੀਂ ਹੈ।

ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਤੇ ਇਹ ਦੋਸ਼ ਲੱਗਦਾ ਰਿਹਾ ਹੈ ਕਿ ਇਨ੍ਹਾਂ ਨੇ ਦੇਸ਼ ਦੀ ਹਰ ਸੰਸਥਾ ਉਤੇ ਕਬਜ਼ਾ ਕਰ ਲਿਆ ਹੈ। ਚੋਣ ਕਮਿਸ਼ਨ ਦੇ ਮਾਮਲੇ 'ਤੇ ਵੀ ਅਜਿਹਾ ਹੀ ਹੋਇਆ ਭਾਸਦਾ ਹੈ, ਕਿਉਂਕਿ ਚੋਣ ਕਮਿਸ਼ਨ ਨੇ ਉਦੋਂ ਤੱਕ ਚੋਣਾਂ ਦਾ ਐਲਾਨ ਨਹੀਂ ਕੀਤਾ ਜਦੋਂ ਤੱਕ ਮੋਦੀ ਦੇ ਚੋਣ ਦੌਰੇ ਸਮਾਪਤ ਨਹੀਂ ਹੋਏ। ਹੁਣ ਵੀ ਚੋਣ ਕਮਿਸ਼ਨ ਨੇ ਜੋ ਚੋਣ ਪ੍ਰਕ੍ਰਿਆ ਉਲੀਕੀ ਹੈ, ਉਸ ਉਤੇ ਵੀ ਸਵਾਲ ਉਠ ਰਹੇ ਹਨ। ਭਾਰਤ ਵਰਗੇ ਵੱਡੇ ਦੇਸ਼ ਵਿਚ ਚੋਣ ਪ੍ਰਕ੍ਰਿਆ ਦਾ ਲੰਮੇ ਹੋਣਾ ਸੁਭਾਵਿਕ ਹੈ, ਕਿਉਂਕਿ ਵੱਖ ਵੱਖ ਪ੍ਰਾਂਤਾਂ ਵਿਚ ਅਮਨ ਤੇ ਕਾਨੂੰਨ ਦੇ ਹਾਲਾਤ ਇਕੋ ਜਿਹੇ ਨਹੀਂ ਹਨ। ਇਕ ਪਾਸੇ ਜੰਮੂ ਕਸ਼ਮੀਰ ਦਾ ਸੂਬਾ ਹੈ, ਜਿਥੇ ਅਮਨ-ਕਾਨੂੰਨ ਦੀ ਹਾਲਤ ਬਹੁਤ ਨਾਜ਼ੁਕ ਹੈ; ਦੂਜੇ ਪਾਸੇ ਬਹੁਤ ਸਾਰੇ ਸੂਬਿਆਂ ਵਿਚ ਅਮਨ-ਕਾਨੂੰਨ ਦੀ ਹਾਲਤ ਪੁਰਅਮਨ ਹੈ।

ਫਿਰ ਵੀ ਕਈ ਸੂਬਿਆਂ ਵਿਚ ਚੋਣਾਂ ਬਹੁ-ਪੜਾਵੀ ਹੋਣ ਬਾਰੇ ਸਵਾਲ ਪੁੱਛੇ ਜਾ ਰਹੇ ਹਨ। ਬਿਹਾਰ, ਪੱਛਮੀ ਬੰਗਾਲ ਤੇ ਉਤਰ ਪ੍ਰਦੇਸ਼ ਵਿਚ ਚੋਣਾਂ ਸੱਤ ਪੜਾਵਾਂ ਵਿਚ ਹੋਣਗੀਆਂ। ਉਤਰ ਪ੍ਰਦੇਸ਼ ਆਬਾਦੀ ਦੇ ਪੱਖੋਂ ਦੇਸ਼ ਦਾ ਸਭ ਤੋਂ ਵੱਡਾ ਸੂਬਾ ਹੈ ਅਤੇ ਉਥੋਂ ਦੇ ਲੰਮੇ ਚੋਣ ਅਮਲ ਨੂੰ ਇਸ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ, ਪਰ ਬਿਹਾਰ ਤੇ ਪੱਛਮੀ ਬੰਗਾਲ ਵਿਚ ਚੋਣਾਂ ਦਾ ਸੱਤ ਪੜਾਵਾਂ ਵਿਚ ਹੋਣਾ ਥੋੜ੍ਹਾ ਹੈਰਾਨ ਕਰਨ ਵਾਲਾ ਹੈ। ਇਸ ਨਾਲ ਇਹ ਪ੍ਰਭਾਵ ਵੀ ਜਾਂਦਾ ਹੈ ਕਿ ਕੇਂਦਰੀ ਚੋਣ ਕਮਿਸ਼ਨ ਅਤੇ ਕੇਂਦਰੀ ਸਰਕਾਰ ਇਨ੍ਹਾਂ ਸੂਬਿਆਂ ਵਿਚਲੀ ਅਮਨ-ਕਾਨੂੰਨ ਦੀ ਸਥਿਤੀ ਨੂੰ ਆਮ ਵਰਗੀ ਨਹੀਂ ਮੰਨਦੀਆਂ। ਉਨ੍ਹਾਂ ਵਲੋਂ ਲੰਮੀ ਚੋਣ ਪ੍ਰਕ੍ਰਿਆ ਦੇ ਅਮਲ ਨੂੰ ਇਸ ਤੌਖਲੇ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ ਕਿ ਜੇ ਇਨ੍ਹਾਂ ਸੂਬਿਆਂ ਵਿਚ ਚੋਣਾਂ ਸੱਤ ਪੜਾਵਾਂ ਵਿਚ ਨਾ ਕਰਾਈਆਂ ਗਈਆਂ ਤਾਂ ਉਥੇ ਵੱਡੀ ਪੱਧਰ 'ਤੇ ਗੜਬੜ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਸਕਦਾ। ਬਿਹਾਰ ਤੇ ਪੱਛਮੀ ਬੰਗਾਲ ਦੇ ਜਮੀਨੀ ਹਾਲਾਤ ਇਹੋ ਜਿਹੇ ਤੌਖਲਿਆਂ ਦੀ ਹਾਮੀ ਨਹੀਂ ਭਰਦੇ। ਇਸੇ ਤਰ੍ਹਾਂ ਉੜੀਸਾ ਵਿਚ ਚੋਣਾਂ ਚਾਰ ਪੜਾਵਾਂ ਵਿਚ ਹੋਣਗੀਆਂ। ਇਸ ਪ੍ਰਾਂਤ ਦੇ ਕੁਝ ਹਿੱਸੇ ਭਾਵੇਂ ਮਾਓਵਾਦੀ ਹਿੰਸਾ ਤੋਂ ਪ੍ਰਭਾਵਿਤ ਹਨ, ਫਿਰ ਵੀ ਇਸ ਛੋਟੇ ਸੂਬੇ ਵਿਚ ਚੋਣਾਂ ਚਾਰ ਪੜਾਵਾਂ ਵਿਚ ਕਰਵਾਉਣਾ ਕੁਝ ਪ੍ਰਸ਼ਨ ਖੜ੍ਹੇ ਕਰਦਾ ਹੈ। ਇਸ ਦੇ ਮੁਕਾਬਲੇ ਆਂਧਰਾ ਪ੍ਰਦੇਸ਼, ਗੁਜਰਾਤ, ਤਿਲੰਗਾਨਾ ਤੇ ਤਾਮਿਲ ਨਾਡੂ ਜਿਹੇ ਵੱਡੇ ਸੂਬਿਆਂ ਵਿਚ ਵੋਟਾਂ ਇਕੋ ਪੜਾਅ ਵਿਚ ਹੀ ਪੈਣਗੀਆਂ। ਲੰਮੀ ਪ੍ਰਕ੍ਰਿਆ ਨੂੰ ਇਕ ਹੋਰ ਮੁੱਦੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ, ਜੋ ਪਿਛਲੇ ਸਾਲ ਸੱਤਾਧਾਰੀ ਪਾਰਟੀ ਨੇ ਉਭਾਰਿਆ ਸੀ ਅਤੇ ਜਿਸ ਵਿਚ ਦਲੀਲ ਦਿੱਤੀ ਗਈ ਸੀ ਕਿ ਸਾਰੇ ਦੇਸ਼ ਵਿਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਵੇਲੇ ਕਰਵਾ ਦਿੱਤੀਆਂ ਜਾਣ।

ਪੰਜਾਬ ਵਿਚ ਲੋਕ ਸਭਾ ਚੋਣਾਂ ਐਤਕੀਂ ਕਾਫੀ ਦਿਲਚਸਪ ਹੋਣ ਦੇ ਆਸਾਰ ਹਨ। ਸੂਬੇ ਵਿਚ ਕਾਂਗਰਸ ਦੀ ਸਰਕਾਰ ਦੇ ਦੋ ਸਾਲ ਦੀ ਕਾਰਗੁਜ਼ਾਰੀ ਬਹੁਤੀ ਚੰਗੀ ਨਹੀਂ ਹੈ। ਹਰ ਤਬਕਾ ਸਵਾਲਾਂ ਦੀ ਵਾਛੜ ਕਰ ਰਿਹਾ ਹੈ। ਅਕਾਲੀ ਦਲ ਬੇਅਦਬੀ ਅਤੇ ਹੋਰ ਕਈ ਕਾਰਨਾਂ ਕਰਕੇ ਹਾਸ਼ੀਏ ਉਤੇ ਪੁੱਜਾ ਹੋਇਆ ਹੈ। ਉਂਜ, ਜਿਸ ਤਰ੍ਹਾਂ ਦੇ ਸਿਆਸੀ ਹਾਲਾਤ ਸੂਬੇ ਵਿਚ ਹਨ, ਕੁਝ ਸਿਆਸੀ ਵਿਸ਼ਲੇਸ਼ਕ ਕਹਿ ਰਹੇ ਹਨ ਕਿ ਲੈ-ਦੇ ਕੇ ਮੁਕਾਬਲਾ ਕਾਂਗਰਸ ਅਤੇ ਅਕਾਲੀ ਦਲ ਵਿਚਕਾਰ ਹੀ ਹੋਣਾ ਹੈ, ਕਿਉਂਕਿ ਆਮ ਆਦਮੀ ਪਾਰਟੀ ਨੂੰ ਪਹਿਲਾਂ ਵਾਲਾ ਹੁੰਗਾਰਾ ਨਹੀਂ ਮਿਲ ਰਿਹਾ ਹਾਲਾਂਕਿ ਪਾਰਟੀ ਟਕਸਾਲੀਆਂ ਨਾਲ ਗਠਜੋੜ ਕਰਕੇ ਹੰਭਲਾ ਮਾਰ ਰਹੀ ਹੈ। ਚੌਥਾ ਮੋਰਚਾ ਜਿਸ ਵਿਚ ਛੇ ਪਾਰਟੀਆਂ ਸ਼ਾਮਿਲ ਹੋ ਗਈਆਂ ਹਨ, ਬਣਨ ਕਰਕੇ ਸਿਆਸੀ ਸਫਬੰਦੀ ਬਦਲ ਗਈ ਹੈ। ਪੰਜਾਬ ਵਿਚ ਚੋਣ ਅਮਲ ਉਂਜ ਵੀ ਸਭ ਤੋਂ ਲੰਮਾ ਸਮਾਂ, ਕਰੀਬ ਦੋ ਮਹੀਨੇ ਚੱਲੇਗਾ। ਇੰਨਾ ਲੰਮਾ ਸਮਾਂ ਚੋਣ ਮੁਹਿੰਮ ਵਿੱਢੀ ਰੱਖਣੀ ਕਿਸੇ ਵੀ ਪਾਰਟੀ ਲਈ ਖਾਲਾ ਜੀ ਦਾ ਵਾੜਾ ਨਹੀਂ ਹੋਵੇਗਾ।

## ਠਾਹ-ਸੋਟਾ

–ਚਾਚਾ ਬੇਲਿਹਾਜ਼

### *ਐਂਕਰਾਂ ਦੀ ਅੱਤ*

ਮੂੰਹੋਂ ਕੱਢਦੇ ਰਹੇ ਅੰਗਿਆਰ ਸੂਹੇ, ਚੁੱਕ ਚੁੱਕ ਅੱਡੀਆਂ ਰਹੇ ਸੀ ਕਿੱਲ੍ਹ ਯਾਰੋ।
ਦੋਹੀਂ ਪਾਸੀਂ ਸਰਗਰਮੀਆਂ ਦੇਖ ਕੇ ਤੇ, ਫੜ ਕੇ ਬੈਠ ਗਏ ਲੋਕ ਸੀ ਦਿਲ ਯਾਰੋ।
ਜਾਨ-ਮਾਲ 'ਤੇ ਆਇਆ ਨਾ ਤਰਸ ਭੋਰਾ, ਜਨਤਾ ਹੋਏਗੀ ਭੁੱਜ ਕੇ ਖਿੱਲ ਯਾਰੋ।
ਨਿਰੇ ਝੂਠ ਨੂੰ ਸੱਚ ਬਣਾਉਣ ਵੇਲੇ, 'ਬਊਂ ਬਊਂ' ਕਰਦਿਆਂ ਲਾਈ ਨਾ ਢਿੱਲ੍ਹ ਯਾਰੋ।
ਗੋਦੀ ਬਹਿ ਸਰਕਾਰ ਦੀ ਅੱਤ ਚੁੱਕੀ, ਲਗਦਾ ਸੀ ਦਿਮਾਗ ਗਏ ਹਿੱਲ ਯਾਰੋ।
ਭਾਰਤ-ਪਾਕਿ ਵਿਚ ਜੰਗ ਮਚਾਉਣ ਖਾਤਰ, ਟੀ. ਵੀ. ਐਂਕਰਾਂ ਲਾ ਲਿਆ ਟਿੱਲ ਯਾਰੋ !

# ਆਰਥਕ ਪੱਖੋਂ ਪੰਜਾਬ ਹੋਇਆ ਹਾਲੋਂ-ਬੇਹਾਲ

***ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸਰਕਾਰ ਬਣੀ ਨੂੰ ਦੋ ਸਾਲ ਤੋਂ ਉਪਰ ਦਾ ਵਕਤ ਹੋ ਗਿਆ ਹੈ ਪਰ ਆਰਥਕ ਪੱਖੋਂ ਇਹ ਅਜੇ ਤੱਕ ਪੈਰਾਂ ਸਿਰ ਨਹੀਂ ਹੋ ਸਕੀ ਹੈ। ਸੂਬੇ ਦਾ ਹਰ ਤਬਕਾ ਅਤੇ ਮੁਲਾਜ਼ਮ ਵਰਗ ਸੰਘਰਸ਼ ਦੇ ਰਾਹ ਪਿਆ ਹੋਇਆ ਹੈ। ਅਕਾਲੀ-ਭਾਜਪਾ ਗਠਜੋੜ ਸਰਕਾਰ ਦੇ ਦਸਾਂ ਸਾਲਾਂ ਦੇ ਕਾਰਜਕਾਲ ਦੌਰਾਨ ਸੂਬੇ ਦੀ ਆਰਥਕਤਾ ਵਾਹਵਾ ਡਾਵਾਂਡੋਲ ਹੋ ਗਈ ਸੀ ਪਰ ਕੈਪਟਨ ਸਰਕਾਰ ਸੂਬੇ ਦੀ ਹਾਲਤ ਸੁਧਾਰਨ ਵਿਚ ਕੋਈ ਕ੍ਰਿਸ਼ਮਾ ਨਹੀਂ ਕਰ ਸਕੀ ਹੈ। ਇਸ ਦਾ ਖੁਲਾਸਾ ਆਪਣੇ ਇਸ ਲੇਖ ਵਿਚ ਪ੍ਰਸਿੱਧ ਅਰਥ ਸ਼ਾਸਤਰੀ ਡਾ. ਰਣਜੀਤ ਸਿੰਘ ਘੁੰਮਣ ਨੇ ਕੀਤਾ ਹੈ। -ਸੰਪਾਦਕ***

ਹਰ ਸਾਲ ਵਾਂਗ ਪੰਜਾਬ ਸਰਕਾਰ ਨੇ ਵਿਤੀ ਸਾਲ 2019-20 ਲਈ ਆਮਦਨ ਅਤੇ ਖਰਚਿਆਂ ਦਾ ਵੇਰਵਾ ਬਜਟ ਦੇ ਰੂਪ ਵਿਚ ਵਿਧਾਨ ਸਭਾ 'ਚ ਪੇਸ਼ ਕੀਤਾ। ਆਮਦਨ ਅਤੇ ਖਰਚਿਆਂ ਦਾ ਵੇਰਵਾ ਦੇਣ ਦੇ ਨਾਲ ਨਾਲ ਬਜਟ ਨੇ ਆਉਣ ਵਾਲੇ ਵਿਤੀ ਸਾਲ ਵਿਚ ਸੂਬੇ ਦੀ ਆਰਥਕਤਾ ਨੂੰ ਸੇਧ ਵੀ ਦੇਣੀ ਹੁੰਦੀ ਹੈ ਪਰ ਸਾਲ-ਦਰ-ਸਾਲ ਘਾਟੇ ਦੇ ਬਜਟ ਕਾਰਨ ਸੇਧ ਦੇਣ ਦੀ ਸਮਰਥਾ ਵੀ ਘਟ ਰਹੀ ਹੈ। ਹਰ ਵਿਤੀ ਸਾਲ ਦੇ ਅੰਤ ਤੱਕ ਬਜਟ ਵਿਚ ਦਿਖਾਏ ਘਾਟੇ ਨਾਲੋਂ ਅਸਲ ਘਾਟਾ ਕਿਤੇ ਜ਼ਿਆਦਾ ਹੋ ਜਾਂਦਾ ਹੈ।

ਪੰਜਾਬ ਅਜਿਹੇ ਨਾਜ਼ੁਕ ਹਾਲਾਤ ਵਿਚ ਇਕ ਦੋ ਸਾਲਾਂ ਵਿਚ ਨਹੀਂ ਪੁੱਜਾ ਸਗੋਂ ਪਿਛਲੇ

**ਡਾ. ਰਣਜੀਤ ਸਿੰਘ ਘੁੰਮਣ**
**ਫੋਨ: +91-98722-20714**

ਤਕਰੀਬਨ 40 ਸਾਲਾਂ ਤੋਂ ਵੱਖ ਵੱਖ ਰਾਜਸੀ ਪਾਰਟੀਆਂ ਨੇ ਆਪੋ-ਆਪਣੀਆਂ ਸਰਕਾਰਾਂ ਵੇਲੇ ਇਸ ਵਿਚ ਵਧ-ਚੜ੍ਹ ਕੇ ਹਿਸਾ ਪਾਇਆ ਹੈ। ਅਜਿਹਾ ਵਰਤਾਰਾ 1980ਵਿਆਂ ਦੇ ਦਹਾਕੇ ਦੌਰਾਨ ਵਧੇ ਫੁੱਲੇ ਅਤਿਵਾਦ ਨਾਲ ਸ਼ੁਰੂ ਹੁੰਦਾ ਹੈ। ਆਰਥਕ ਵਿਕਾਸ ਦੀ ਥਾਂ ਕਾਨੂੰਨ-ਵਿਵਸਥਾ ਭਾਰੂ ਹੋ ਗਈ। ਫਲਸਰੂਪ ਵਿਕਾਸ ਦੇ ਕੰਮਾਂ ਉਪਰ ਖਰਚਾ ਘਟਦਾ ਗਿਆ ਅਤੇ ਕਾਨੂੰਨ-ਵਿਵਸਥਾ ਬਣਾਈ ਰਖਣ ਲਈ ਪੁਲਿਸ ਅਤੇ ਸੁਰੱਖਿਆ ਉਪਰ ਖਰਚਾ ਵਧ ਗਿਆ। ਇਸ ਵਿਚ ਸੋਨੇ ਤੇ ਸੁਹਾਗੇ ਦਾ ਕੰਮ ਪੁਲਿਸ, ਅਫਸਰਸ਼ਾਹੀ ਅਤੇ ਸਿਆਸੀ ਨੇਤਾਵਾਂ ਦੀ ਮਿਲੀਭੁਗਤ ਅਤੇ ਸੌੜੀ ਸੋਚ ਨੇ ਕੀਤਾ। ਸਿੱਟੇ ਵਜੋਂ ਪੰਜਾਬ ਵਿਕਾਸ ਦੀ ਥਾਂ ਕਾਨੂੰਨ-ਵਿਵਸਥਾ ਵਾਲਾ ਪ੍ਰਾਂਤ ਬਣ ਕੇ ਰਹਿ ਗਿਆ।

ਰਹਿੰਦੀ-ਖੂੰਹਦੀ ਕਸਰ ਖੇਤੀ ਖੇਤਰ ਨੂੰ ਮੁਫਤ ਬਿਜਲੀ ਨੇ ਪੂਰੀ ਕਰ ਦਿਤੀ। ਇਹ ਠੀਕ ਸੀ ਜਾਂ ਗਲਤ, ਇਹ ਤਾਂ ਸਮਾਂ ਹੀ ਦਸੇਗਾ ਪਰ 1997 ਵਿਚ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਛੋਟੇ ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਦਾ ਫੈਸਲਾ ਕੀਤਾ ਸੀ ਜਿਸ ਦਾ ਮੁੱਖ ਮਕਸਦ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਲਾਹਾ ਲੈਣ ਦਾ ਸੀ। ਉਂਜ, ਹੋਇਆ ਉਲਟ। ਚੋਣਾਂ ਤੋਂ ਬਾਅਦ ਅਕਾਲੀ-ਭਾਜਪਾ ਗੱਠਜੋੜ ਸਰਕਾਰ ਬਣੀ ਜਿਸ ਨੇ ਇਹ ਸਹੂਲਤ ਸਾਰੇ ਕਿਸਾਨਾਂ ਨੂੰ ਦੇਣ ਦਾ ਫੈਸਲਾ ਕੀਤਾ। 2002 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਸਰਕਾਰ ਕਾਂਗਰਸ ਦੀ ਬਣ ਗਈ। ਕੁਝ ਦੇਰ ਲਈ ਇਹ ਸਹੂਲਤ ਬੰਦ ਰਹੀ, ਫਿਰ ਬਹਾਲ ਕਰ ਦਿਤੀ ਗਈ। 2007 ਤੋਂ 2017 ਤੱਕ ਪੰਜਾਬ ਵਿਚ ਫਿਰ ਅਕਾਲੀ-ਭਾਜਪਾ ਸਰਕਾਰ ਰਹੀ ਅਤੇ ਇਹ ਸਹੂਲਤ ਜਿਉਂ ਦੀ ਤਿਉਂ ਬਰਕਰਾਰ ਰਹੀ। ਨਾਲ ਹੀ ਸਮਾਜ ਦੇ ਕੁਝ ਹੋਰ ਵਰਗਾਂ (ਸਮਾਜਿਕ ਤੇ ਆਰਥਕ ਤੌਰ 'ਤੇ ਪਛੜੇ) ਨੂੰ ਅਜਿਹੀ ਸਹੂਲਤ ਦਿੱਤੀ ਜਾਣ ਲੱਗੀ। ਵਿਤੀ ਸਾਲ 2019-20 ਦੌਰਾਨ ਮੁਫਤ ਬਿਜਲੀ ਦੀ ਸਬਸਿਡੀ ਦੀ ਰਾਸ਼ੀ ਤਕਰੀਬਨ 13000 ਕਰੋੜ ਰੁਪਏ (8969 ਕਰੋੜ ਰੁਪਏ ਖੇਤੀ ਖੇਤਰ ਅਤੇ ਬਾਕੀ ਦੀ ਉਦਯੋਗਾਂ ਤੇ ਹੋਰ ਵਰਗਾਂ ਲਈ) ਤੱਕ ਪਹੁੰਚ ਗਈ ਹੈ।

ਸੁਆਲ ਇਹ ਨਹੀਂ ਕਿ ਮੁਫਤ ਬਿਜਲੀ ਦੇਣੀ ਠੀਕ ਹੈ ਜਾਂ ਗਲਤ; ਸੁਆਲ ਇਹ ਹੈ ਕਿ ਇਸ ਨੇ ਕੀ ਸੁਆਰਿਆ ਤੇ ਕੀ ਵਿਗਾੜਿਆ ਹੈ? ਜ਼ਾਹਿਰ ਹੈ ਕਿ ਜਿਨ੍ਹਾਂ ਲੋਕਾਂ ਨੂੰ ਮਫਤ ਬਿਜਲੀ ਮਿਲ ਰਹੀ ਹੈ, ਉਹ ਖੁਸ਼ ਹਨ ਪਰ ਉਸ ਦੇ ਬਦਲੇ ਉਨ੍ਹਾਂ ਨੇ ਕੀ ਗੁਆਇਆ ਹੈ, ਉਨ੍ਹਾਂ ਨੂੰ ਇਸ ਦਾ ਅੰਦਾਜ਼ਾ ਹੀ ਨਹੀਂ। ਮੁਫਤ ਬਿਜਲੀ ਦੀ ਆੜ 'ਚ ਪਿੰਡ ਵਿਚ ਸਿੱਖਿਆ ਅਤੇ ਸਿਹਤ ਸੇਵਾਵਾਂ ਦੀ ਹਾਲਤ (ਖਾਸ ਕਰਕੇ ਸਰਕਾਰੀ ਅਦਾਰਿਆਂ ਵਿਚ) ਬਹੁਤ ਨਿਘਰ ਗਈ ਹੈ। ਲੋਕਾਂ ਨੂੰ ਪ੍ਰਾਈਵੇਟ ਖੇਤਰ ਦੇ ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਤੋਂ ਸੇਵਾਵਾਂ ਲੈਣ ਖਾਤਿਰ ਮੁਫਤ ਬਿਜਲੀ ਦੀ ਰਾਸ਼ੀ ਤੋਂ ਕਈ ਗੁਣਾ ਜ਼ਿਆਦਾ ਖਰਚਾ ਕਰਨਾ ਪੈ ਰਿਹਾ ਹੈ।

ਇਸ ਤੋਂ ਜ਼ਿਆਦਾ ਮਾੜੀ ਗੱਲ ਇਹ ਹੋਈ ਕਿ ਅਕਾਲੀ-ਭਾਜਪਾ ਸਕਰਾਰ ਵੇਲੇ ਇਸ ਦੀ ਆੜ ਵਿਚ ਭਾਜਪਾ ਨੇ ਆਪਣੇ ਵੋਟ ਬੈਂਕ ਤੋਂ ਟੈਕਸ ਇਕੱਠੇ ਕਰਨ ਵਿਚ ਅੜਿੱਕੇ ਡਾਹੁਣੇ ਸ਼ੁਰੂ ਕਰ ਦਿਤੇ ਜਿਸ ਨਾਲ ਜੋ ਵਿਤੀ ਸਾਧਨ ਸਰਕਾਰੀ ਖਜ਼ਾਨੇ ਵਿਚ ਆਉਣੇ ਚਾਹੀਦੇ ਸਨ, ਉਸ ਵਿਚੋਂ ਕਾਫੀ ਹਿਸਾ ਨਿੱਜੀ ਬੋਝਿਆਂ (ਟੈਕਸ ਦੇਣ ਵਾਲੇ, ਟੈਕਸ ਇਕੱਤਰ ਕਰਨ ਵਾਲੀ ਮਸ਼ੀਨਰੀ ਤੇ ਸਿਆਸੀ ਨੇਤਾਵਾਂ) ਵਿਚ ਜਾਣਾ ਸ਼ੁਰੂ ਹੋ ਗਿਆ। ਪੰਜਾਬ ਦੇ ਵਿਤੀ ਸਕੰਟ ਦਾ ਮੁੱਢ ਬੱਝਣ ਦਾ ਇਹ ਮੁੱਖ ਕਾਰਨ ਸੀ। ਵੱਖ ਵੱਖ ਸਿਆਸੀ ਪਾਰਟੀਆਂ ਇਕ ਦੂਜੀ ਤੋਂ ਵਧ ਕੇ ਲੋਕ ਲੁਭਾਊ ਪ੍ਰੋਗਰਾਮ ਦੇ ਰਹੀਆਂ ਹਨ, ਬਿਨਾਂ ਇਸ ਗਲ ਦੀ ਚਿੰਤਾ ਕੀਤੇ ਕਿ ਇਨ੍ਹਾਂ ਪ੍ਰੋਗਰਾਮਾਂ ਤੇ ਨਾਅਰਿਆਂ ਨੂੰ ਸਿਰੇ ਚਾੜ੍ਹਨ ਲਈ ਵਿਤੀ ਸਾਧਨ ਕਿਥੋਂ ਆਉਣਗੇ? ਅੱਜ ਹਾਲਾਤ ਇਹ ਹਨ ਕਿ ਵਿਤੀ ਸਾਧਨ ਇਕੱਠੇ ਕਰਨ ਦੀ ਸੰਭਾਵਨਾ ਤੋਂ ਕਾਫੀ ਘੱਟ ਵਿਤੀ ਸਾਧਨ ਇਕਠੇ ਹੋ ਰਹੇ ਹਨ। ਫਲਸਰੂਪ ਸਰਕਾਰੀ ਖਜ਼ਾਨੇ ਵਿਚ ਘੱਟ ਮਾਲੀਆ ਆ ਰਿਹਾ ਹੈ ਅਤੇ ਸਿੱਖਿਆ ਤੇ ਸਿਹਤ ਦੇ ਸਰਕਾਰੀ ਅਦਾਰੇ ਪੈਸੇ ਪੈਸੇ ਨੂੰ ਤਰਸ ਰਹੇ ਹਨ। ਹਾਲਾਤ ਇੱਥੋਂ ਤਕ ਪਹੁੰਚ ਗਏ ਹਨ ਕਿ ਉਹ ਸਹਿਕਦੇ ਸਹਿਕਦੇ ਮਰਨ ਕਿਨਾਰੇ ਜਾ ਪੁੱਜੇ ਹਨ ਜਦ ਕਿ ਨਵੀਆਂ ਯੂਨੀਵਰਸਿਟੀਆਂ, ਕਾਲਜ, ਸਕੂਲ ਅਤੇ ਮੈਡੀਕਲ ਕਾਲਜ ਖੋਲ੍ਹਣ ਦਾ ਐਲਾਨ ਕੀਤਾ ਜਾ ਰਿਹਾ ਹੈ। ਹਰ ਸਰਵਿਸ ਅਤੇ ਕਾਡਰ ਵਿਚ ਮੁੱਢਲੀ ਤਨਖਾਹ ਉਪਰ ਭਰਤੀ ਦੀ ਪ੍ਰੰਪਰਾ ਵੀ ਵਿਤੀ ਸੰਕਟ ਵਿਚੋਂ ਉਪਜੀ ਜਾਪਦੀ ਹੈ।

ਵਿਤ ਮੰਤਰੀ ਨੇ ਆਪਣੇ ਬਜਟ ਵਿਚ ਦੱਸਿਆ ਹੈ ਕਿ ਸਾਲ 2019-20 ਦੌਰਾਨ ਸਰਕਾਰ ਸਿਰ ਕਰਜ਼ੇ ਦੀ ਰਾਸ਼ੀ 2.12 ਲੱਖ ਕਰੋੜ ਰੁਪਏ ਤੋਂ ਵਧ ਕੇ 2.29 ਲੱਖ ਕਰੋੜ ਰੁਪਏ ਹੋ ਜਾਵੇਗੀ। ਦਰਅਸਲ ਪਿਛਲੇ ਕਈ ਸਾਲਾਂ



ਤੋਂ ਕਰਜ਼ੇ ਦਾ ਬੋਝ ਘਟਣ ਦੀ ਥਾਂ ਵਧ ਰਿਹਾ ਹੈ। ਇਸ ਤੋਂ ਇਲਾਵਾ 31000 ਕਰੋੜ ਰੁਪਏ ਦੇ ਅਨਾਜ ਬਿਲ ਦਾ ਕਰਜ਼ਾ ਵੀ ਖੜ੍ਹਾ ਹੈ। ਇਸ ਪਾਸੇ ਚਿੰਤਾ ਅਤੇ ਚਿੰਤਨ ਕਿਧਰੇ ਨਜ਼ਰ ਨਹੀਂ ਆ ਰਿਹਾ।

2019-20 ਦੌਰਾਨ ਕੁਲ ਪ੍ਰਾਪਤੀਆਂ (ਮਾਲੀ ਤੇ ਪੂੰਜੀਗਤ) 1,54,170 ਕਰੋੜ ਹੋਣ ਦੀ ਉਮੀਦ ਹੈ ਤੇ ਕੁਲ ਬਜਟ 1,58,93 ਕਰੋੜ ਦਾ ਹੈ। ਉਪਰੋਕਤ 1,54,170 ਕਰੋੜ ਵਿਚ ਚਾਲੂ ਖਾਤਾ ਮਾਲੀ ਪ੍ਰਾਪਤੀਆਂ ਦੀ ਵਸੂਲੀ 78510 ਕਰੋੜ ਰੁਪਏ ਹੋਣ ਦੀ ਉਮੀਦ ਹੈ। ਪੰਜਾਬ ਸਿਰ ਕਰਜ਼ੇ ਦੀ ਸਾਲਾਨਾ ਵਾਪਸੀ (ਮੂਲ ਤੇ ਵਿਆਜ) ਦੀ ਕਿਸ਼ਤ 30309 ਕਰੋੜ ਰੁਪਏ ਦੀ ਹੈ ਜੋ ਮਾਲੀ ਪ੍ਰਾਪਤੀਆਂ ਦੀ ਰਾਸ਼ੀ ਦਾ 38.61 ਪ੍ਰਤੀਸ਼ਤ ਬਣਦੀ ਹੈ। ਇਕ ਗੱਲ ਹੋਰ, 78510 ਕਰੋੜ ਰੁਪਏ ਵਿਚੋਂ 30309 ਕਰੋੜ ਰੁਪਏ ਘਟਾਉਂਣ ਤੋਂ ਬਾਅਦ ਸਰਕਾਰ ਕੋਲ 48201 ਕਰੋੜ ਰੁਪਏ ਰਹਿ ਜਾਣਗੇ। ਸਪੱਸ਼ਟ ਹੈ ਕਿ ਮਾਲੀ ਪ੍ਰਾਪਤੀਆਂ ਰਾਹੀਂ ਇਕੱਠੀ ਹੋਈ ਰਾਸ਼ੀ ਤਾਂ ਰੋਜ਼ਮੱਰਾ ਦੇ ਖਰਚੇ ਚਲਾਉਣ ਲਈ ਵੀ ਕਾਫੀ ਨਹੀਂ। ਸਪੱਸ਼ਟ ਹੈ ਕਿ ਅਜਿਹੇ ਖਰਚੇ ਪੂਰੇ ਕਰਨ ਲਈ ਵੀ ਹੋਰ ਕਰਜ਼ਾ ਲੈਣਾ ਪਵੇਗਾ; ਕਿਉਂਕਿ ਮਾਲੀ ਖਰਚਾ 90197 ਕਰੋੜ ਰੁਪਏ ਦਾ ਹੈ ਅਤੇ ਮਾਲੀ ਪ੍ਰਾਪਤੀਆਂ 78510 ਕਰੋੜ ਦੀਆਂ ਹਨ। ਇਸ ਹਿਸਾਬ ਨਾਲ ਮਾਲੀ ਘਾਟਾ 11687 ਕਰੋੜ ਰੁਪਏ ਦਾ ਬਣਦਾ ਹੈ। ਇਹ ਘਾਟਾ ਹੋਰ ਵੀ ਵਧੇਗਾ ਕਿਉਂਕਿ ਅਜੇ ਮੁਲਾਜ਼ਮਾਂ ਦੀਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾ ਦਾ ਬਕਾਇਆ ਮਿਲਣਾ ਬਾਕੀ ਹੈ। ਇਸ ਤੋਂ ਇਲਾਵਾ ਨਵੇਂ ਤਨਖਾਹ ਕਮਿਸ਼ਨ ਦਾ ਲਾਗੂ ਹੋਣ ਨਾਲ ਖਰਚੇ ਵਿਚ ਹੋਰ ਵਾਧਾ ਹੋਵੇਗਾ।

ਪਹਿਲਾਂ ਹੀ ਕਰਜ਼ੇ ਦੀ ਰਾਸ਼ੀ ਮਾਲੀ ਪ੍ਰਾਪਤੀਆਂ ਨਾਲੋਂ 2.92 ਗੁਣਾ ਜ਼ਿਆਦਾ ਹੈ। ਕਰਜ਼ਾ ਮੋੜਨ ਤੋਂ ਬਾਅਦ ਕਰਜ਼ੇ ਰਾਸ਼ੀ ਮਾਲੀ ਪ੍ਰਾਪਤੀਆਂ ਦੀ ਰਾਸ਼ੀ (48201 ਕਰੋੜ ਰੁਪਏ ) ਨਾਲੋਂ 4.76 ਗੁਣਾ ਬਣਦੀ ਹੈ। ਅਜਿਹੇ ਹਾਲਾਤ ਵਿਚ ਨਿਵੇਸ਼ ਲਈ ਵਿਤੀ ਸਾਧਨ ਕਿਥੋਂ ਆਉਣਗੇ? ਆਰਥਕ ਵਿਕਾਸ ਦਾ ਧੁਰਾ ਨਿਵੇਸ਼ ਹੀ ਹੁੰਦਾ ਹੈ ਤੇ ਜੇ ਨਿਵੇਸ਼ ਹੀ ਨਾ ਹੋਇਆ ਤਾਂ ਆਰਥਕ ਵਿਕਾਸ ਕਿਥੋਂ ਹੋਵੇਗਾ? ਜੇ ਸਰਕਾਰੀ ਨਿਵੇਸ਼ ਵਾਲੇ ਹਾਲਾਤ ਨਾ ਹੋਣ ਤਾਂ ਨਿੱਜੀ ਨਿਵੇਸ਼ ਵੀ ਆਉਣ ਤੋਂ ਝਿਜਕਦਾ ਹੈ। ਹੋਰ ਕਾਰਨਾਂ (ਜਿਵੇਂ ਭੂਗੋਲਿਕ ਹਾਲਤ, ਕੌਮਾਂਤਰੀ ਸਰਹੱਦ, ਮਹਿੰਗੀ ਜ਼ਮੀਨ ਆਦਿ) ਤੋਂ ਇਲਾਵਾ ਕਈ ਹੋਰ ਕਾਰਨ ਵੀ ਹਨ ਜਿਨ੍ਹਾਂ ਕਰਕੇ ਪੰਜਾਬ ਵਿਚ ਨਿੱਜੀ ਨਿਵੇਸ਼ ਲਈ ਹਾਲਾਤ ਸਾਜ਼ਗਰ ਨਹੀਂ ਬਣ ਰਹੇ।

ਉਪਰੋਕਤ ਵਰਤਾਰੇ ਕਾਰਨ ਪੰਜਾਬ ਵਿਚ ਆਰਥਕ ਵਿਕਾਸ ਦੀ ਦਰ ਪਿਛਲੇ ਤਕਰੀਬਨ 25 ਸਾਲਾਂ ਤੋਂ ਲਗਾਤਾਰ ਭਾਰਤ ਦੀ ਔਸਤ ਵਿਕਾਸ ਦਰ ਤੋਂ ਹੇਠਾਂ ਰਹਿ ਰਹੀ ਹੈ; ਇਥੋਂ ਤੱਕ ਕਿ ਪੰਜਾਬ ਦੀ ਆਰਥਕ ਵਿਕਾਸ ਦਰ ਭਾਰਤ ਦੇ 17 ਗੈਰ-ਵਿਸ਼ੇਸ਼ ਵਰਗ ਵਾਲੇ ਰਾਜਾਂ ਦੀ ਔਸਤ ਵਿਕਾਸ ਦਰ ਤੋਂ ਵੀ ਹੇਠਾਂ ਹੈ। ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ ਪੰਜਾਬ ਦਾ ਭਾਰਤ ਦੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ 11ਵਾਂ ਸਥਾਨ ਹੈ।

ਅਜਿਹੇ ਹਾਲਾਤ ਵਿਚ ਰੁਜ਼ਗਾਰ ਦੇ ਮੌਕੇ ਕਿਥੋਂ ਪੈਦਾ ਹੋਣਗੇ? ਜੇ ਰੁਜ਼ਗਾਰ ਦੇ ਮੌਕੇ ਨਹੀਂ ਹੋਣਗੇ ਤਾਂ ਬੇਰੁਜ਼ਗਾਰ ਨੌਜੁਆਨ ਪੰਜਾਬ ਤੋਂ ਬਾਹਰ ਨਹੀਂ ਭੱਜਣਗੇ ਤਾਂ ਕੀ ਕਰਨਗੇ? ਕੇਵਲ ਪਿਛਲੇ ਕੁਝ ਸਾਲਾਂ ਤੋਂ ਲੱਖਾਂ ਦੀ ਗਿਣਤੀ ਵਿਚ ਪੰਜਾਬੀ ਨੌਜੁਆਨ ਪੜ੍ਹਨ ਜਾਂ ਹੋਰ ਮੰਤਵਾਂ ਲਈ ਬਾਹਰਲੇ ਮੁਲਕਾਂ ਵਿਚ ਜਾ ਰਹੇ ਹਨ। ਜੇ ਹਾਲਾਤ ਇੰਜ ਹੀ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਮਨੁੱਖੀ ਸਰੋਤਾਂ ਪਖੋਂ ਵੀ ਵਿਰਵਾ ਹੋ ਜਾਵੇਗਾ। ਮਨੁੱਖੀ ਸਰੋਤ ਤੋਂ ਬਿਨਾਂ ਵਿਕਾਸ ਦੀ ਆਸ ਕਰਨਾ ਵੀ ਸੰਭਵ ਨਹੀਂ।

ਇਹ ਹਾਲਾਤ ਅਤੇ ਵਰਤਾਰਾ ਹਰ ਪੰਜਾਬੀ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ ਪਰ ਅਫਸੋਸ ਇਹ ਹੈ ਕਿ ਜਿੰਨਾ ਵੱਡਾ ਸੰਕਟ ਹੈ, ਚਿੰਤਾ ਓਨੀ ਵੱਡੀ ਨਹੀਂ ਜਾਪਦੀ। ਜੇ ਇਸ ਬਾਰੇ ਅਜੇ ਵੀ ਨਾ ਸੋਚਿਆ ਗਿਆ ਅਤੇ ਬਣਦੇ ਉਪਰਾਲੇ ਨਾ ਕੀਤੇ ਗਏ ਤਾਂ ਪੰਜਾਬ ਨੂੰ ਗੰਭੀਰ ਸਮਾਜਿਕ ਅਤੇ ਸਿਆਸੀ ਉਥਲ-ਪੁਥਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਫਿਰ ਪੱਲੇ ਪਛਤਾਵਾ ਹੀ ਰਹਿ ਜਾਵੇਗਾ। ਸੋ, ਵੇਲੇ ਸਿਰ ਇਨ੍ਹਾਂ ਹਾਲਾਤ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ ਤਾਂ ਕਿ ਚੁਣੌਤੀਆਂ ਦੇ ਹਾਣ ਦੀਆਂ ਨੀਤੀਆਂ ਬਣਾ ਕੇ ਲਾਗੂ ਕੀਤੀਆਂ ਜਾ ਸਕਣ। ਸਭ ਤੋਂ ਪਹਿਲਾਂ ਦੋ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ। ਇੱਕ, ਜਿਥੋਂ ਜਿਥੋਂ ਵੀ ਹੋਰ ਵਿਤੀ ਸਾਧਨ (ਟੈਕਸ/ਗੈਰ ਟੈਕਸ) ਇਕੱਤਰ ਹੋ ਸਕੇ ਹਨ, ਉਹ ਕੀਤੇ ਜਾਣ ਅਤੇ ਕਰਜ਼ਾ ਘਟਾਉਣ ਦੇ ਨਾਲ ਨਾਲ ਸਰਕਾਰੀ ਅਤੇ ਨਿੱਜੀ ਨਿਵੇਸ਼ ਵਧਾਇਆ ਜਾਵੇ। ਦੂਜੇ, ਪ੍ਰਸ਼ਾਸਨਿਕ ਪ੍ਰਣਾਲੀ ਨੂੰ ਵੀ ਚੁਸਤ-ਦਰੁਸਤ ਅਤੇ ਪਾਰਦਰਸ਼ੀ ਬਣਾਇਆ ਜਾਵੇ।

# ਬੰਦੀ ਬਣਾਏ ਅਤੇ ਜ਼ਖਮੀ ਦਿਲਾਂ ਦੀ ਦਾਸਤਾਨ

## ਬਾਲਾਕੋਟ, ਕਸ਼ਮੀਰ ਅਤੇ ਭਾਰਤ ਬਾਰੇ ਅਰੁੰਧਤੀ ਰਾਏ ਦੀ ਟਿੱਪਣੀ

***ਪੁਲਵਾਮਾ (ਜੰਮੂ ਕਸ਼ਮੀਰ) ਵਿਚ ਆਤਮ-ਘਾਤੀ ਹਮਲੇ ਤੋਂ ਭਾਰਤੀ ਸਿਆਸਤ ਦੀਆਂ ਕਈ ਪਰਤਾਂ ਹੁਣ ਤੱਕ ਖੁੱਲ੍ਹ ਕੇ ਸਾਹਮਣੇ ਆ ਗਈਆਂ ਹਨ। ਇਸ ਤੋਂ ਬਾਅਦ ਮੋਦੀ ਸਰਕਾਰ ਵੱਲੋਂ ਪਾਕਿਸਤਾਨ ਉਤੇ ਕੀਤੇ ਹਵਾਈ ਹਮਲੇ ਨੂੰ ਸੰਜੀਦਾ ਸ਼ਖਸੀਅਤਾਂ ਨੇ ਲੋਕ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਹੈ। ਪ੍ਰਸਿੱਧ ਲੇਖਕ ਅਰੁੰਧਤੀ ਰਾਏ ਨੇ ਕਸ਼ਮੀਰ ਅਤੇ ਸਮੁੱਚੇ ਹਾਲਾਤ ਬਾਰੇ ਨਿੱਗਰ ਟਿੱਪਣੀ ਆਪਣੇ ਇਸ ਲੇਖ ਵਿਚ ਕੀਤੀ ਹੈ, ਜੋ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ। ਇਸ ਲਿਖਤ ਦਾ ਅਨੁਵਾਦ ਡਾ. ਕੁਲਦੀਪ ਕੌਰ ਨੇ ਕੀਤਾ ਹੈ। -ਸੰਪਾਦਕ***

ਬਾਲਾਕੋਟ (ਪਾਕਿਸਤਾਨ) ਵਿਚ ਕੀਤੇ ਤਾਬੜਤੋੜ 'ਲੱਕ ਤੋੜੂ' ਕਰਾਰ ਦਿੱਤੇ ਹਵਾਈ ਹਮਲਿਆਂ ਦੁਆਰਾ ਮੋਦੀ ਸਰਕਾਰ ਨੇ ਇਕੋ ਝਟਕੇ ਵਿਚ ਪਿਛਲੀਆਂ ਸਰਕਾਰਾਂ ਦੁਆਰਾ ਸਥਾਪਿਤ ਕੂਟਨੀਤਕ ਬਿਰਤਾਂਤ ਨੂੰ ਖਿਲਾਰ ਦਿੱਤਾ ਹੈ। 1947 ਤੋਂ ਹੁਣ ਤੱਕ ਭਾਰਤੀ ਸਰਕਾਰ ਇਸ ਤੱਥ ਤੋਂ ਲਗਾਤਾਰ ਮੁਨਕਰ ਹੁੰਦੀ ਆ ਰਹੀ ਸੀ ਕਿ ਕਸ਼ਮੀਰ ਦਾ ਮਸਲਾ ਕੌਮਾਂਤਰੀ ਪੱਧਰ 'ਤੇ ਗੱਲਬਾਤ ਅਤੇ ਆਪਸੀ ਸਹਿਮਤੀ ਨਾਲ ਹੱਲ ਕੀਤਾ ਜਾ ਸਕਦਾ ਹੈ। ਉਹ ਇਸ ਨੂੰ ਆਪਣਾ ਅੰਦਰੂਨੀ ਕਲੇਸ਼ ਹੀ ਕਰਾਰ ਦਿੰਦੀ ਆ ਰਹੀ ਸੀ। ਪਾਕਿਸਤਾਨ ਸਰਕਾਰ ਨੂੰ ਜਵਾਬੀ ਫੌਜੀ ਹਮਲੇ ਲਈ ਉਕਸਾ ਕੇ ਮੋਦੀ ਨੇ ਇਤਿਹਾਸ ਵਿਚ ਪਹਿਲੀ ਵਾਰ ਦੋ ਪਰਮਾਣੂ ਤਾਕਤਾਂ ਨੂੰ ਇਕ-ਦੂਜੇ ਖਿਲਾਫ ਨਫਰਤ ਦੀ ਬੰਬਾਰੀ ਲਈ ਮਜਬੂਰ ਕਰਕੇ ਕਸ਼ਮੀਰ ਮੁੱਦੇ ਨੂੰ ਕੌਮਾਂਤਰੀ ਹਲਕਿਆਂ ਵਿਚ ਚਰਚਾ ਦਾ ਧੁਰਾ ਬਣਾਉਣ ਦਾ 'ਵਡਮੁੱਲਾ' ਕੰਮ ਕੀਤਾ ਹੈ। ਉਸ ਨੇ ਕੁਲ ਆਲਮ ਵਿਚ ਇਹ ਮਿੱਥ ਸਥਾਪਿਤ ਕਰਨ ਦਾ ਯਤਨ ਕੀਤਾ ਹੈ ਕਿ ਕਸ਼ਮੀਰ ਦੁਨੀਆਂ



ਅਰੁੰਧਤੀ ਰਾਏ

ਦਾ ਸਭ ਤੋਂ ਖਤਰਨਾਕ ਖਿੱਤਾ ਹੈ ਜਿਹੜਾ ਪਰਮਾਣੂ ਜੰਗ ਲਈ ਪਸੰਦੀਦਾ ਮੁਹਾਜ਼ ਬਣ ਸਕਦਾ ਹੈ। ਸੂਝ-ਬੂਝ ਵਾਲਾ ਕੋਈ ਵੀ ਬੰਦਾ/ਔਰਤ, ਮੁਲਕ ਜਾਂ ਸੰਸਥਾ ਜਿਹੜੀ ਪਰਮਾਣੂ ਜੰਗ ਦੀ ਭਿਆਨਕਤਾ ਨੂੰ ਮਹਿਸੂਸ ਕਰਨ ਸਕਣ ਦੇ ਸਮਰੱਥ ਹੈ, ਉਸ ਨੂੰ ਇਸ ਕੋਸ਼ਿਸ਼ ਦਾ ਪੁਰਜ਼ੋਰ ਵਿਰੋਧ ਕਰਨਾ ਚਾਹੀਦਾ ਹੈ। ਪੁਲਵਾਮਾ (ਕਸ਼ਮੀਰ) ਵਿਚ 14 ਫਰਵਰੀ 2019 ਨੂੰ ਪੈਰਾ-ਮਿਲਟਰੀ ਫੋਰਸਿਜ਼ ਦੇ 2500 ਜਵਾਨਾਂ ਦੇ ਕਾਫਲੇ 'ਤੇ ਵੀਹ ਵਰ੍ਹਿਆਂ ਦੇ ਕਸ਼ਮੀਰੀ ਨੌਜਵਾਨ ਆਦਿਲ ਅਹਿਮਦ ਡਾਰ ਨੇ ਮਨੁੱਖੀ ਬੰਬ ਬਣ ਕੇ ਹਮਲਾ ਕਰ ਦਿੱਤਾ। ਉਸ ਬਾਰੇ ਖੁਲਾਸਾ ਪਾਕਿਸਤਾਨ ਵਿਚ ਸਰਗਰਮ ਜੈਸ਼-ਏ-ਮੁਹੰਮਦ ਦੇ ਕਾਰਕੁਨ ਵਜੋਂ ਕੀਤਾ ਗਿਆ। ਇਸ ਘਟਨਾ ਵਿਚ ਘੱਟੋ-ਘੱਟ 40 ਜਵਾਨਾਂ ਦੀ ਮੌਤ ਨਾਲ ਕਸ਼ਮੀਰ ਦੀਆਂ ਤਰਾਸਦੀਆਂ ਵਿਚ ਨਵਾਂ ਇਜ਼ਾਫਾ ਹੋ ਗਿਆ। ਸੰਨ 1990 ਤੋਂ ਅੱਜ ਤਕ ਕਸ਼ਮੀਰੀ ਸਮੱਸਿਆ ਵਿਚ ਘੱਟੋ-ਘੱਟ 70 ਹਜ਼ਾਰ ਲੋਕਾਂ ਦੀ ਮੌਤ ਹੋ ਚੁੱਕੀ ਹੈ, ਹਜ਼ਾਰਾਂ ਲੋਕ 'ਲਾਪਤਾ' ਹਨ, ਹਜ਼ਾਰਾਂ 'ਤੇ ਤਸ਼ੱਦਦ ਦਾ ਕਹਿਰ ਝੁੱਲ ਚੁੱਕਿਆ ਹੈ ਅਤੇ ਸੈਂਕੜੇ ਨੌਜਵਾਨਾਂ ਨੂੰ ਅਪਾਹਜਤਾ ਤੇ ਪੈਲਟ ਗੰਨਾਂ ਦੀ ਕਰੂਰ ਵਰਤੋਂ ਦੁਆਰਾ ਅੰਨ੍ਹੇਪਣ ਦੀਆਂ ਖੱਡਾਂ ਵਿਚ ਧਕੇਲ ਦਿੱਤਾ ਹੈ। ਪਿਛਲੇ 12 ਮਹੀਨਿਆਂ ਵਿਚ ਹੋਈਆਂ ਮੌਤਾਂ ਦੀ ਦਰ ਸੰਨ 2009 ਤੋਂ ਬਾਅਦ ਸਭ ਤੋਂ ਉਚੀ ਰਹੀ ਹੈ। ਐਸੋਸੀਏਟਡ ਪ੍ਰੈੱਸ ਦੀ ਰਿਪੋਰਟ ਮੁਤਾਬਕ, ਪਿਛਲੇ 12 ਮਹੀਨਿਆਂ ਵਿਚ 570 ਮੌਤਾਂ ਹੋਈਆਂ। ਇਨ੍ਹਾਂ ਵਿਚੋਂ 260 ਖਾੜਕੂ ਸਨ, 160 ਆਮ ਲੋਕ ਅਤੇ 150 ਭਾਰਤੀ ਸੈਨਾ ਦੇ ਜਵਾਨ ਸਨ ਜਿਹੜੇ ਡਿਊਟੀ ਦਿੰਦੇ ਸਮੇਂ ਮਾਰੇ ਗਏ।

ਹੁਣ ਜਿਹੜੇ ਵੀ ਚਸ਼ਮੇ ਨਾਲ ਤੁਸੀਂ ਇਸ ਸਮੱਸਿਆ ਨੂੰ ਦੇਖਣਾ ਚਾਹੋ, ਦੇਖ ਸਕਦੇ ਹੋ। ਇਨ੍ਹਾਂ 'ਖਾੜਕੂਆਂ' ਨੂੰ 'ਅਤਿਵਾਦੀ', 'ਆਤੰਕਵਾਦੀ', 'ਆਜ਼ਾਦੀ ਦੇ ਪਰਵਾਨੇ' ਜਾਂ 'ਮੁਜਾਹਿਦ' ਕਿਹਾ ਜਾ ਸਕਦਾ ਹੈ। ਬਹੁਤੇ ਕਸ਼ਮੀਰੀ ਇਨ੍ਹਾਂ ਨੂੰ 'ਮਜਾਹਿਦ' ਆਖਦੇ ਹਨ ਅਤੇ ਜਦੋਂ ਇਹ ਮਾਰੇ ਜਾਂਦੇ ਹਨ ਤਾਂ ਸੈਕੜਿਆਂ ਦੀ ਗਿਣਤੀ ਵਿਚ ਲੋਕ (ਭਾਵੇਂ ਇਨ੍ਹਾਂ ਦੇ ਢੰਗ-ਤਰੀਕਿਆਂ ਨਾਲ ਸਹਿਮਤ ਹੋਣ ਜਾਂ ਨਾ) ਇਨ੍ਹਾਂ ਦੇ ਜਨਾਜ਼ਿਆਂ 'ਤੇ ਪਹੁੰਚਦੇ ਹਨ, ਇਨ੍ਹਾਂ ਲਈ ਅੱਥਰੂ ਕੇਰਦੇ ਹਨ, ਇਨ੍ਹਾਂ ਨੂੰ ਅੰਤਮ ਵਿਦਾਇਗੀ ਦਿੰਦੇ ਹਨ। ਦਰਅਸਲ, ਇਸ ਵਰ੍ਹੇ ਮਰਨ ਵਾਲੇ ਬਹੁਤੇ ਆਮ ਲੋਕ ਉਹ ਸਨ ਜਿਨ੍ਹਾਂ ਨੇ ਫੌਜੀਆਂ ਦੇ ਘੇਰੇ ਵਿਚ ਆਏ ਇਨ੍ਹਾਂ 'ਬਾਗੀਆਂ' ਨੂੰ ਬਚਾਉਣ ਅਤੇ ਉਥੋਂ ਸੁਰੱਖਿਅਤ ਕੱਢਣ ਲਈ ਆਪਣੀਆਂ ਦੇਹਾਂ ਡਾਹ ਦਿੱਤੀਆਂ। ਇਨ੍ਹਾਂ ਨਾਮੁਕੰਮਲ ਅਤੇ ਖੂਨ ਨਾਲ ਭਿੱਜੇ ਸਾਲਾਂ ਵਿਚੋਂ ਪੁਲਵਾਮਾ ਵਾਲੀ ਘਟਨਾ ਸਭ ਤੋਂ ਕਰੂਰ ਅਤੇ ਭਿਅੰਕਰ ਹੋ ਨਿਬੜੀ ਹੈ। ਕਸ਼ਮੀਰ ਵਾਦੀ ਦੇ ਹਜ਼ਾਰਾਂ ਨਹੀਂ ਤਾਂ ਸੈਂਕੜੇ ਨੌਜਵਾਨ ਅਜਿਹੇ ਹਨ (ਆਦਿਲ ਅਹਿਮਦ ਡਾਰ ਵਰਗੇ) ਜਿਹੜੇ ਇਸ ਖੂਨੀ ਜੰਗ ਦੇ ਦਹਾਕਿਆਂ ਦੌਰਾਨ ਹੀ ਪੈਦਾ ਹੋਏ ਹਨ, ਉਨ੍ਹਾਂ ਨੇ ਜ਼ੁਲਮਾਂ ਦੀ ਉਹ ਇੰਤਹਾ ਦੇਖੀ ਹੈ ਕਿ ਉਨ੍ਹਾਂ ਦੇ ਦਿਲੋ-ਦਿਮਾਗ ਸੁੰਨ ਹੋ ਗਏ ਹਨ, ਉਨ੍ਹਾਂ ਨੂੰ ਦਹਿਸ਼ਤ ਨਹੀਂ ਡੰਗਦੀ, ਉਹ 'ਆਜ਼ਾਦੀ' ਲਈ ਆਪਣੀਆਂ ਜਾਨਾਂ ਵੀ ਦਾਅ 'ਤੇ ਲਾ ਸਕਦੇ ਹਨ। ਕਿਸੇ ਵੀ ਦਿਨ, ਫਿਰ ਤੋਂ ਅਜਿਹਾ ਹਮਲਾ ਹੋ ਸਕਦਾ ਹੈ, ਪੁਲਵਾਮਾ ਤਰਾਸਦੀ ਤੋਂ ਵੀ ਬੁਰਾ ਜਾਂ ਇਸ ਵਰਗਾ। ਕੀ ਭਾਰਤੀ ਸਰਕਾਰ ਇਨ੍ਹਾਂ ਨੌਜਵਾਨਾਂ ਦੁਆਰਾ ਅੰਜਾਮ ਦਿੱਤੇ ਅਜਿਹੇ ਹਮਲਿਆਂ ਦੇ ਆਧਾਰ 'ਤੇ ਸਾਰੇ ਏਸ਼ਿਆਈ ਖਿੱਤੇ ਅਤੇ ਮੁਲਕ ਦੀ ਹੋਣੀ ਘੜਨਾ ਚਾਹ ਰਹੀ ਹੈ? ਅਜਿਹੀਆਂ ਨਾਟਕੀ ਤੇ ਫੋਕੀਆਂ ਕਾਰਵਾਈਆਂ ਕਰਕੇ, ਜਿਸ ਤਰ੍ਹਾਂ ਨਰਿੰਦਰ ਮੋਦੀ ਕਰ ਰਿਹਾ ਹੈ, ਕੀ ਅਸੀਂ ਅਜਿਹੇ ਨੌਜਵਾਨਾਂ ਦੇ ਹੱਥਾਂ ਵਿਚ ਆਪਣਾ ਭਵਿੱਖ ਤਾਂ ਨਹੀਂ ਸੌਂਪ ਰਹੇ? ਪੁਲਵਾਮਾ ਵਿਚ ਮਰਿਆ ਹਮਲਾਵਰ ਇਸ ਤੋਂ ਵੱਧ ਹੋਰ ਕੀ ਭਾਲ ਸਕਦਾ ਹੈ?

ਬਹੁਤ ਭਾਰਤੀ ਜਿਹੜੇ ਅੰਗਰੇਜ਼ਾਂ ਵਿਰੁਧ ਆਪਣੇ ਆਜ਼ਾਦੀ ਸੰਗਰਾਮ ਨੂੰ ਮਾਣ ਵਾਲੀ ਨਜ਼ਰ ਨਾਲ ਦੇਖਦੇ ਹਨ ਅਤੇ ਆਜ਼ਾਦੀ ਸੰਗਰਾਮੀਆਂ ਦੀ ਪੂਜਾ ਤਕ ਕਰਦੇ ਹਨ, ਉਹ ਕਸ਼ਮੀਰੀਆਂ ਦੁਆਰਾ ਛੇੜੇ ਬਿਲਕੁਲ ਉਸੇ ਤਰ੍ਹਾਂ ਦੇ ਆਜ਼ਾਦੀ ਸੰਗਰਾਮ ਨੂੰ ਹਿਕਾਰਤ ਦੀ ਨਜ਼ਰ ਨਾਲ ਦੇਖਦੇ ਹਨ। ਕਸ਼ਮੀਰੀ ਲੋਕਾਂ ਦੁਆਰਾ 'ਭਾਰਤੀ ਰਾਜ' ਵਿਰੁਧ ਸ਼ੁਰੂ ਕੀਤਾ 'ਆਜ਼ਾਦੀ ਸੰਗਰਾਮ' ਆਪਣੇ 30ਵੇਂ ਵਿਚ ਦਾਖਲ ਹੋ ਚੁੱਕਿਆ ਹੈ। ਪਾਕਿਸਤਾਨ ਨੇ (ਪਹਿਲਾ ਅਧਿਕਾਰਿਤ ਤੌਰ 'ਤੇ, ਹੁਣ ਵਿਚੋਲਿਆਂ/ਗ਼ੈਰ-ਸਰਕਾਰੀ ਅਦਾਰਿਆਂ ਦੁਆਰਾ) ਇਸ 'ਸੰਗਰਾਮ' ਨੂੰ ਹਥਿਆਰ, ਬੰਦੇ ਅਤੇ ਜੰਗਜੂ ਸਿਖਲਾਈ ਦਿੱਤੀ ਹੈ, ਇਸ ਸਬੰਧੀ ਕੋਈ ਸੰਦੇਹ ਨਹੀਂ ਹੈ। ਇਸ ਤੱਥ ਵਿਚ ਵੀ ਕੋਈ ਸ਼ੱਕ ਨਹੀਂ ਕਿ ਕਸ਼ਮੀਰ ਵਰਗੇ ਜੰਗੀ-ਖਿੱਤਿਆਂ ਵਿਚ ਕੋਈ ਵੀ ਸੰਗਰਾਮ ਸਥਾਨਿਕ ਆਵਾਮ ਦੀ ਇਮਦਾਦ ਤੋਂ ਬਿਨਾਂ ਜ਼ਿਆਦਾ ਦੇਰ ਜਿੰਦਾ ਨਹੀਂ ਰਹਿ ਸਕਦਾ। ਇਨ੍ਹਾਂ ਤੱਥਾਂ ਦੇ ਮੱਦੇਨਜ਼ਰ ਕੌਣ ਸੋਚ ਸਕਦਾ ਹੈ ਕਿ ਇਸ ਗੁੰਝਲਦਾਰ, ਤਰਾਸਦਿਕ ਜੰਗ ਨੂੰ 'ਸਰਜੀਕਲ ਸਟਰਾਈਕ' ਵਰਗੇ ਕਾਹਲੇ, ਤੱਤ-ਪੜੱਥ ਵਿਚ ਕੀਤੇ ਅਤੇ ਨਾਟਕੀ ਢੰਗ ਨਾਲ ਨੇਪਰੇ ਚਾੜ੍ਹੇ, ਕਿਸੇ ਵੀ ਲਿਹਾਜ ਨਾਲ ਨਾ ਤਾਂ 'ਸਰਜੀਕਲ' ਤੇ ਨਾ ਹੀ 'ਸਟਰਾਈਕ' ਭਾਸ਼ਨ ਵਾਲੇ ਤਜਰਬਿਆਂ ਰਾਹੀਂ ਹੱਲ ਕੀਤਾ ਜਾ ਸਕਦਾ ਹੈ। ਅਜਿਹਾ ਹੀ 'ਸਰਜੀਕਲ ਸਟਰਾਈਕ' ਜਿਹੜਾ ਉੜੀ ਵਿਚ ਫੌਜੀ ਕੈਂਪ 'ਤੇ ਹਮਲੇ ਤੋਂ ਬਾਅਦ ਕੀਤਾ ਗਿਆ ਸੀ, ਉਸ ਦਾ ਨਤੀਜਾ/ਸਿੱਟਾ ਬਾਲੀਵੁੱਡ ਐਕਸ਼ਨ ਫਿਲਮ ਨੂੰ ਪ੍ਰੇਰਿਤ ਕਰਨ ਤੋਂ ਬਿਨਾਂ ਹੋਰ ਕੀ ਹੈ? ਦੂਜੇ ਪਾਸੇ ਬਾਲਾਕੋਟ ਸਟਰਾਈਕ ਬਾਲੀਵੁੱਡ ਦੀ ਤਾਜ਼ਾ-ਤਰੀਨ ਫਿਲਮ ਤੋਂ ਪ੍ਰੇਰਿਤ ਲੱਗ ਰਿਹਾ ਹੈ। ਹੁਣੇ ਮੀਡੀਆ ਵਿਚ ਇਹ ਖਬਰ ਘੁੰਮ ਰਹੀ ਹੈ ਕਿ ਬਾਲੀਵੁੱਡ ਦੇ ਕੁਝ ਨਿਰਮਾਤਾ 'ਬਾਲਾਕੋਟ' ਨਾਮ ਦੇ ਕਾਪੀਰਾਈਟ ਲੈਣ ਲਈ ਲਾਈਨਾਂ ਵਿਚ ਧੱਕਾਮੁੱਕੀ ਹੋ ਰਹੇ ਹਨ। ਇਹ ਸਾਰਾ ਕੁਝ ਇੰਨਾ ਅਜੀਬ ਤੇ ਲਿਜ਼ਲਿਜ਼ਾ ਹੈ ਕਿ ਹਮਲੇ ਰੋਕਣ ਲਈ ਕੀਤਾ ਇਹ 'ਹਮਲਾ' ਹੁਣ 'ਚੋਣ-ਹਮਲਾ' ਲੱਗਦਾ ਹੈ।

ਮੁਲਕ ਦੇ ਪ੍ਰਧਾਨ ਮੰਤਰੀ ਦੁਆਰਾ ਆਪਣੀ ਹਵਾਈ ਸੈਨਾ ਨੂੰ ਅਜਿਹੇ ਨਾਟਕੀ ਕਰਤੱਬਾਂ ਵਿਚ ਝੋਕ ਦੇਣਾ ਸ਼ਰਮਿੰਦਗੀ ਭਰਪੂਰ ਹੈ। ਉਪਰੋਂ ਹਾਲਾਤ ਦੀ ਕਰਵਟ ਦੇਖੋ, ਜਿਥੇ ਇਕ ਪਾਸੇ ਸਾਡੇ ਖਿੱਤੇ ਵਿਚੋਂ ਪਰਮਾਣੂ ਤਾਕਤ ਦੀਆਂ ਅਜਿਹੀਆਂ ਫੜ੍ਹਾਂ ਮਾਰੀਆਂ ਜਾ ਰਹੀਆਂ ਹਨ, ਅਮਰੀਕਾ ਵਰਗਾ ਸ਼ਕਤੀਸ਼ਾਲੀ ਮੁਲਕ ਤਾਲਿਬਾਨ ਤਾਕਤਾਂ ਨਾਲ ਗੱਲਬਾਤ ਦੇ ਰਾਹ ਪਿਆ ਹੋਇਆ ਹੈ ਜਿਸ ਨੂੰ ਉਹ 17 ਸਾਲਾਂ ਸਿੱਧੀ ਲੜਾਈ ਲੜ ਕੇ ਵੀ ਹਰਾ ਨਹੀਂ ਸਕਿਆ। ਏਸ਼ਿਆਈ ਖਿੱਤੇ ਵਿਚ ਮੌਜੂਦ ਇਸ ਘੁੰਮਣਘੇਰੀ ਭਰਪੂਰ ਸਮੱਸਿਆ ਓਨੀ ਹੀ ਭਿਅੰਕਰ ਹੈ ਜਿੰਨੀ ਇਹ ਮਹਿਸੂਸ ਹੋ ਰਹੀ ਹੈ ਪਰ ਕੀ ਇਹ ਸੱਚੀਂ ਹੀ ਇੰਨੀ ਸਿੱਧੀ ਗੱਲ ਹੈ?

ਕਸ਼ਮੀਰ ਦੁਨੀਆ ਭਰ ਵਿਚ ਸਭ ਤੋਂ ਵੱਧ ਫੌਜੀ ਨਫਰੀ ਵਾਲਾ ਖਿੱਤਾ ਹੈ। ਲਗਭਗ 50 ਹਜ਼ਾਰ ਭਾਰਤੀ ਫੌਜੀ ਉਥੇ ਤਾਇਨਾਤ ਹਨ। ਉਥੇ ਇੰਟੈਲੀਜੈਂਸ ਬਿਊਰੋ, ਰਿਸਰਚ ਐਂਡ ਐਨੇਲਸਿਸ ਸੈੱਲ (ਰਾਅ), ਨੈਸ਼ਨਲ ਇੰਟੈਲੀਜੈਂਸ ਏਜੰਸੀਆਂ, ਬਿਨ-ਵਰਦੀ ਗਸ਼ਤ ਕਰਨ ਵਾਲੇ ਦਸਤੇ, ਫੌਜ ਬਾਰਡਰ ਸਕਿਓਰਿਟੀ ਫੋਰਸ, ਸੈਂਟਰਲ ਰਿਜ਼ਰਵ ਪੁਲਿਸ ਫੋਰਸ (ਤੇ ਬਿਨਾਂ ਸ਼ੱਕ ਜੰਮੂ ਕਸ਼ਮੀਰ ਪੁਲਿਸ ਵੀ) ਸਾਰੇ ਆਪੋ-ਆਪਣੇ ਪੱਧਰ 'ਤੇ ਸੂਹੀਆ ਗਤੀਵਿਧੀਆਂ ਵਿਚ ਸ਼ਾਮਿਲ ਹਨ। ਲੋਕ ਮੁਖਬਰਾਂ, ਡਬਲ ਏਜੰਟਾਂ, ਤੀਹਰੇ ਏਜੰਟਾਂ ਦੀ ਦਹਿਸ਼ਤ ਵਿਚ ਜਿਊਂਦੇ ਹਨ, ਜਿਹੜੇ ਤੁਹਾਡੇ ਸਕੂਲ ਦੇ ਪੁਰਾਣੇ ਸਾਥੀਆਂ ਤੋਂ ਲੈ ਕੇ ਪਰਿਵਾਰ ਦੇ ਜੀਆਂ ਤਕ ਕੋਈ ਵੀ ਹੋ ਸਕਦਾ ਹੈ। ਅਜਿਹੇ ਹਾਲਾਤ ਵਿਚ ਪੁਲਵਾਮਾ ਵਰਗਾ ਹਮਲਾ ਹੋ ਜਾਣਾ ਅਚੰਭਿਤ ਕਰਨ ਵਾਲਾ ਹੈ। ਟਵਿੱਟਰ ਉਤੇ ਟਿਪਣੀ ਕਰਦਿਆਂ ਇਕ ਭਾਰਤੀ ਨਾਗਰਿਕ ਲਿਖਦੀ ਹੈ (ਉਸ ਦਾ ਇਸ਼ਾਰਾ ਉਤਰ ਭਾਰਤ ਵਿਚ ਹਿੰਦੂਵਾਦੀ ਸੰਗਠਨਾਂ ਦੀ ਵਧ ਰਹੀ ਦਹਿਸ਼ਤ ਅਤੇ ਗਊ ਹੱਤਿਆ ਦੇ ਦੋਸ਼ ਵਿਚ ਭੀੜਤੰਤਰ ਦੁਆਰਾ ਮੁਸਲਮਾਨਾਂ ਦੀ ਹੱਤਿਆ ਵੱਲ ਸੀ) ਕਿ ਇਹ ਕਿਵੇਂ ਹੋ ਸਕਦਾ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ ਕਿਸੇ ਦੇ ਫਰਿੱਜ਼ ਵਿਚ ਪਿਆ ਤਿੰਨ ਕਿਲੋ ਪਿਆ ਬੀਫ ਤਾਂ ਦਿਸ ਗਿਆ, ਐਪਰ 350 ਕਿਲੋ ਆਰ.ਡੀ.ਐਕਸ. ਨਹੀਂ ਦਿਸਿਆ?

### ਕੌਣ ਜਾਣਦਾ ਹੈ ਇਹ ਸਭ?

ਹਮਲੇ ਤੋਂ ਬਾਅਦ ਜੰਮੂ ਕਸ਼ਮੀਰ ਦੇ ਗਵਰਨਰ ਨੇ ਇਸ ਨੂੰ 'ਸੁਰੱਖਿਆ ਸੂਚਨਾ-ਤੰਤਰ ਦੀ ਅਸਫਲਤਾ' ਗਰਦਾਨਿਆ। ਕੁਝ ਦਲੇਰ ਮੀਡੀਆ ਪੋਰਟਲਾਂ ਨੇ ਇਹ ਤੱਥ ਵੀ ਉਜਾਗਰ ਕੀਤਾ ਕਿ ਜੰਮੂ ਕਸ਼ਮੀਰ ਪੁਲਿਸ ਨੇ ਹਮਲੇ ਹੋਣ ਦੀ 'ਸੰਭਾਵੀ ਹੰਗਾਮੀ ਸੂਚਨਾ' ਪਹਿਲਾਂ ਹੀ ਨਸ਼ਰ ਕਰ ਦਿੱਤੀ ਸੀ। ਮੀਡੀਆ ਵਿਚ ਫਿਰ ਵੀ ਕਿਸੇ ਨੂੰ ਇਸ ਤੱਥ ਨੇ ਪਰੇਸ਼ਾਨ ਨਹੀਂ ਕੀਤਾ ਕਿ ਇਸ ਸੂਚਨਾ ਤੋਂ ਘੇਸਲ ਕਿਉਂ ਵੱਟੀ ਗਈ ਅਤੇ ਅਸਲ ਵਿਚ ਕਿਸ ਪੱਧਰ 'ਤੇ ਸੁਰੱਖਿਆ-ਤੰਤਰ ਵਿਚ ਸੰਨ੍ਹ ਲੱਗੀ ਹੈ?

ਤਰਾਸਦਿਕ ਹੋਣ ਦੇ ਬਾਵਜੂਦ ਪੁਲਵਾਮਾ ਹਮਲੇ ਨੇ ਨਰਿੰਦਰ ਮੋਦੀ ਨੂੰ ਸਿਆਸੀ ਮਚਾਣ 'ਤੇ ਚੜ੍ਹ ਬੈਠਣ ਲਈ 'ਢੁਕਵਾਂ' 'ਸਿਆਸੀ' ਮੁੱਦਾ ਮੁਹੱਈਆ ਕਰਵਾਇਆ ਹੈ। ਸਾਡੇ ਵਿਚੋਂ ਬਹੁਤਿਆਂ ਨੇ ਕਈ ਮਹੀਨੇ ਪਹਿਲਾਂ ਹੀ ਇਹ ਖਦਸ਼ਾ ਪ੍ਰਗਟ ਕੀਤਾ ਸੀ ਕਿ ਚੋਣਾਂ ਤੋਂ ਐਨ ਪਹਿਲਾਂ ਹਾਰਨ ਦੇ ਖਦਸ਼ਿਆਂ ਤੋਂ ਭੈਭੀਤ ਹੋਈ ਭਾਜਪਾ ਕੋਈ ਅਸ਼ੁੱਭ 'ਅੱਗ' ਵਰਸਾ ਸਕਦੀ ਹੈ। ਅਸੀਂ ਰਾਜ-ਤੰਤਰ ਨੂੰ ਪੁਲਵਾਮਾ ਵਰਗੀ ਦਿਲ-ਦਹਿਲਾਊ ਦੁਰਘਟਨਾ ਨੂੰ ਸਿਆਸੀ ਗੋਟੀ ਵਾਂਗ ਵਰਤਦਿਆਂ ਦੇਖ ਲਿਆ ਹੈ। ਭੜਕਾਊ ਮਾਹੌਲ ਕਾਇਮ ਕਰਨ ਤੋਂ ਬਾਅਦ ਮੋਦੀ ਨੇ ਉਦੋਂ ਤਕ ਸਾਜ਼ਿਸ਼ੀ ਚੁੱਪ ਵੱਟੀ ਰਹੀ ਜਦੋਂ ਤਕ ਭੜਕੇ ਹੋਈਆਂ ਭੀੜਾਂ ਨੇ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਪੜ੍ਹਨ ਅਤੇ ਕੰਮ ਕਰਨ ਆਏ ਕਸ਼ਮੀਰੀ ਨੌਜਵਾਨਾਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ; ਆਖਰਕਾਰ ਸੁਪਰੀਮ ਕੋਰਟ ਨੂੰ ਇਹ ਆਦੇਸ਼ ਦੇਣਾ ਪਿਆ ਕਿ ਸਰਕਾਰ ਇਨ੍ਹਾਂ ਨੌਜਵਾਨਾਂ ਦੀ ਸੁਰੱਖਿਆ ਯਕੀਨੀ ਬਣਾਵੇ। ਮੋਦੀ ਇਸ ਤੋਂ ਬਾਅਦ ਟੀ.ਵੀ. 'ਤੇ ਇੰਟਰਵਿਊ ਦੇਣ ਅਤੇ ਸਾਰੇ ਹਮਲੇ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਇਸ ਤਰ੍ਹਾਂ ਤਰਲੋਮੱਛੀ ਹੋ ਰਿਹਾ ਸੀ ਜਿਵੇਂ ਉਸ ਨੇ ਖੁਦ ਲੜਾਕੂ ਜਹਾਜ਼ ਚਲਾ ਕੇ ਨਿਸ਼ਾਨੇ ਫੁੰਡੇ ਹੋਣ। ਇਸ ਤੋਂ ਇਕਦਮ ਬਾਅਦ ਭਾਰਤ ਦੇ ਚਾਰ ਸੌ ਦੇ ਕਰੀਬ 24/7 ਵਾਲੇ ਨਿਊਜ਼ ਚੈਨਲਾਂ ਨੇ ਆਪਣੀਆਂ 'ਖਾਸ ਰਿਪੋਰਟਾਂ' ਨਾਲ ਸੱਦੀ ਦੀ ਇਸ ਅਦਾਕਾਰੀ ਨੂੰ 'ਚਾਰ-ਚੰਦ' ਲਾ ਦਿੱਤੇ। ਪੁਰਾਣੀਆਂ ਵੀਡੀਓਜ਼, ਤੋੜੇ-ਮਰੋੜੇ ਤੱਥਾਂ, ਸੂਚਨਾਵਾਂ, ਚੀਕ-ਚਿਹਾੜਾ ਪਾਉਂਦੇ ਨਿਊਜ਼ ਐਂਕਰਾਂ, ਅਖੌਤੀ 'ਦੇਸ਼ਭਗਤੀ' ਨਾਲ ਪਾਗਲ ਹੋਏ ਉਨ੍ਹਾਂ ਦੇ ਦਾਅਵਿਆਂ ਜਿਨ੍ਹਾਂ ਦਾ ਸਾਰ ਸੀ ਕਿ ਇਨ੍ਹਾਂ ਲਈ ਹਵਾਈ ਹਮਲਿਆਂ ਨਾਲ ਜੈਸ਼-ਏ-ਮੁਹੰਮਦ 'ਦਹਿਸ਼ਤ ਦੀ ਫੈਕਟਰੀ' ਦਾ ਸਫਾਇਆ ਕਰ ਦਿੱਤਾ ਗਿਆ ਹੈ ਅਤੇ ਤਿੰਨ ਸੌ 'ਦਹਿਸ਼ਤਗਰਦ' ਮਾਰ ਦਿੱਤੇ ਗਏ ਹਨ। ਅਗਲੀ ਸਵੇਰ ਸਭ ਤੋਂ ਉਚੇ-ਸੁੱਚੇ ਸਮਝ ਜਾਂਦੇ ਅਖਬਾਰਾਂ ਨੇ ਵੀ ਸ਼ਰਮਸ਼ਾਰ ਕਰਨ ਵਾਲੀਆਂ ਸੁਰਖੀਆਂ ਨਾਲ ਫਿਜ਼ਾ ਲਾਲ ਕਰ ਦਿੱਤੀ। 'ਇੰਡੀਅਨ ਐਕਸਪ੍ਰੈੱਸ' ਨੇ 'ਭਾਰਤੀ ਨੇ ਪਾਕਿਸਤਾਨ ਦੇ ਧੁਰ ਅੰਦਰ ਜਾ ਕੇ ਦਹਿਸ਼ਤ ਫੁੰਡੀ' ਸੁਰਖੀ ਲਾਈ। ਦੂਜੇ ਪਾਸੇ ਖਬਰ ਏਜੰਸੀ 'ਰਾਈਟਰਜ਼' ਜਿਸ ਨੇ ਆਪਣੇ ਖਾਸ ਪੱਤਰਕਾਰ ਨੂੰ ਪਾਕਿਸਤਾਨ ਵਿਚ ਹਵਾਈ ਹਮਲਿਆਂ ਵਾਲੀ ਜਗ੍ਹਾ 'ਤੇ ਭੇਜਿਆ, ਨੇ ਰਿਪੋਰਟ ਕੀਤਾ ਕਿ ਸਿਰਫ ਦਰੱਖਤਾਂ ਤੇ ਚੱਟਾਨਾਂ ਨੂੰ ਨੁਕਸਾਨ ਪੁੱਜਿਆ ਹੈ ਅਤੇ ਇਕ ਬੰਦਾ ਜ਼ਖਮੀ ਹੋਇਆ ਹੈ। ਐਸੋਸੀਏਟਿਡ ਪ੍ਰੈਸ ਨੇ ਵੀ ਅਜਿਹੀ ਹੀ ਰਿਪੋਰਟ ਨਸ਼ਰ ਕੀਤੀ ਹੈ। ਅਖਬਾਰ 'ਨਿਊ ਯਾਰਕ ਟਾਈਮਜ਼' ਨੇ ਦੱਸਿਆ ਕਿ "ਨਵੀਂ ਦਿੱਲੀ ਵਿਚ ਬੈਠੇ ਨੀਤੀਗਤ ਵਿਸ਼ੇਸ਼ਗ ਅਤੇ ਡਿਪਲੋਮੈਟਾਂ ਦਾ ਕਹਿਣਾ ਹੈ ਕਿ ਹਵਾਈ ਹਮਲਿਆਂ ਦਾ ਨਿਸ਼ਾਨਾ ਸਪਸ਼ਟ ਨਹੀਂ ਸੀ, ਵੈਸੇ ਵੀ ਭਾਰਤੀ ਪ੍ਰਧਾਨ ਮੰਤਰੀ ਦੁਆਰਾ ਹਮਲਿਆਂ ਦਾ ਜਵਾਬ ਦਿੱਤੇ ਜਾਣ ਦੀ ਧਮਕੀ ਤੋਂ ਬਾਅਦ ਜ਼ਿਆਦਾ ਦਹਿਸ਼ਤਗਰਦ ਜਥੇਬੰਦੀਆਂ ਦੇ ਤਿਤਰ-ਬਿਤਰ ਹੋ ਜਾਣ ਦਾ ਖਦਸ਼ਾ ਸੀ।"

ਮੁੱਖ ਧਾਰਾ ਦੇ ਮੀਡੀਆ ਨੇ 'ਰਾਈਟਰਜ਼' ਵਾਲੀ ਰਿਪੋਰਟ ਨੂੰ ਤਾਂ ਉਕਾ ਹੀ ਰੱਦ ਕਰ ਦਿੱਤਾ। ਇਸ ਤਰ੍ਹਾਂ ਭਾਰਤੀ ਵੋਟਰਾਂ ਦਾ ਵੱਡਾ ਹਿੱਸਾ ਜਿਹੜੇ 'ਨਿਊ ਯਾਰਕ ਟਾਈਮਜ਼' ਨਹੀਂ ਪੜ੍ਹਦੇ, ਨੇ ਆਪਣੇ 56 ਇੰਚੀ ਪ੍ਰਧਾਨ ਮੰਤਰੀ ਨੂੰ ਦਹਿਸ਼ਤਗਰਦੀ ਨੂੰ ਨੇਸਤਨਾਬੂਤ ਕਰਨ ਵਾਲਾ ਨੇਤਾ ਮੰਨ ਲਿਆ। ਇਕ ਪਲ ਲਈ ਇੰਦਾਂ ਭਾਸਿਆ ਕਿ ਨਰਿੰਦਰ ਮੋਦੀ ਨੇ ਆਪਣੇ ਵਿਰੋਧੀਆਂ ਦੀਆਂ ਜ਼ੁਬਾਨਾਂ ਨੂੰ ਕਾਠ ਮਾਰ ਦਿਤਾ ਹੈ ਜਿਹੜੇ ਧੜਾਧੜ ਉਸ ਦੀ ਕਾਰਵਾਈ ਦੀ ਪ੍ਰਸੰਸਾ ਵਿਚ ਟਵੀਟ ਤੇ ਟਵੀਟ ਕਰਨ ਲੱਗ ਪਏ। ਦੂਜੇ ਪਾਸੇ ਉਹ ਅਤੇ ਉਹਦੇ ਸਮਰਥਕ ਚੁਣਾਵੀ ਪ੍ਰਚਾਰ ਵਿਚ ਜੁਟ ਗਏ। ਇਸ ਸਾਰੇ 'ਧੰਦੂਕਾਰੇ' ਵਿਰੁਧ ਆਵਾਜ਼ ਉਠਾਉਣ ਵਾਲੇ ਅਤੇ ਵਿਰੋਧ ਕਰਨ ਵਾਲੇ/ਸਵਾਲ ਪੁੱਛਣ ਵਾਲਿਆਂ ਨੂੰ ਹਿੰਦੂਤਵੀ ਭੀੜਾਂ ਨੇ ਦਹਿਸ਼ਤਜ਼ਦਾ ਕਰਨਾ ਸ਼ੁਰੂ ਕਰ ਦਿੱਤਾ, ਉਨ੍ਹਾਂ ਨੂੰ 'ਦੇਸ਼ਧ੍ਰੋਹੀ' ਗਰਦਾਨਿਆ ਗਿਆ। ਉਨ੍ਹਾਂ ਦੇ ਪਿੱਛੇ ਇਕ ਇਸ਼ਾਰੇ 'ਤੇ ਬੰਦੇ ਨੂੰ ਜਲਾ ਦੇਣ ਜਾਂ ਕੁੱਟ-ਕੁੱਟ ਮਾਰ ਦੇਣ ਵਾਲੀਆਂ ਹਲਕਾਈਆਂ ਭੀੜਾਂ ਉਤਰੀ ਭਾਰਤ ਦੇ ਗਲੀ-ਮੁਹੱਲਿਆਂ ਵਿਚ ਹਰਲ-ਹਰਲ ਕਰਨ ਲੱਗੀਆਂ।

### ਪਰ ਸਾਰਾ ਦ੍ਰਿਸ਼ ਇਕੋ ਦਿਨ ਵਿਚ ਬਦਲ ਸਕਦਾ ਹੈ:

ਹਾਲਾਤ ਨੇ ਉਦੋਂ ਅਚਾਨਕ ਕਰਵਟ ਲਈ ਜਦੋਂ ਪਾਕਿਸਤਾਨ ਨੇ ਜਵਾਬੀ ਹਮਲੇ ਵਿਚ ਭਾਰਤ ਦਾ ਲੜਾਕੂ ਜਹਾਜ਼ ਸੁੱਟ ਲਿਆ ਅਤੇ ਭਾਰਤੀ ਹਵਾਈ ਸੈਨਾ ਦੇ ਪਾਇਲਟ, ਵਿੰਗ ਕਮਾਂਡਰ ਅਭੀਨੰਦਨ ਵਰਧਮਾਨ ਨੂੰ ਬੰਦੀ ਬਣਾ ਲਿਆ। ਇਕਦਮ ਭਾਜਪਾ ਦੇ ਚੁਣਾਵੀ ਯੋਧਿਆਂ ਨੂੰ ਆਪਣੀ ਜੰਗੀ ਮੁਹਿੰਮ ਫਿੱਕੀ ਭਾਸਣ ਲੱਗ ਪਈ। ਹੁਣ ਜੇਕਰ ਚੁਣਾਵੀ ਵਪਾਰ ਨੂੰ ਇਕ ਪਾਸੇ ਰੱਖ ਦੇਈਏ ਤੇ ਅਗਲੀ ਚੋਣ ਕੌਣ ਜਿੱਤੇਗਾ, ਨੂੰ ਥੋੜ੍ਹਾ ਅੱਖੋਂ-ਪਰੋਖੇ ਕਰ ਦੇਈਏ ਤਾਂ ਮੋਦੀ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ। ਉਸ ਨੇ ਕਰੋੜਾਂ ਲੋਕਾਂ ਦੀਆਂ ਜ਼ਿੰਦਗੀਆਂ ਦਾਅ 'ਤੇ ਲਾਈਆਂ ਹਨ। ਆਮ ਕਸ਼ਮੀਰੀਆਂ ਦੁਆਰਾ ਲੜੀ ਜਾਂਦੀ ਜੰਗ ਨੂੰ ਸਾਰੇ ਭਾਰਤੀ ਘਰਾਂ ਵਿਚ ਲਿਆ ਵਾੜਿਆ ਹੈ। ਟੀ.ਵੀ. 'ਤੇ ਛਾਇਆ ਹੋਇਆ ਅਨੋਖਾ ਪਾਗਲਪਨ ਸਵੇਰ, ਦੁਪਹਿਰ, ਸ਼ਾਮ ਨੂੰ ਵੋਟਰਾਂ ਨੂੰ ਚੀਕ-ਚੀਕ ਕੇ ਬੇਰੁਜ਼ਗਾਰੀ, ਭੁੱਖ, ਛੋਟੇ ਵਪਾਰਾਂ ਦੇ ਉਜਾੜਿਆਂ, ਘਰਾਂ ਤੋਂ ਹਿਜਰਤਾਂ, ਉਨ੍ਹਾਂ ਦੇ ਜੱਜਾਂ ਦੀਆਂ 'ਰਹੱਸਮਈ ਮੌਤਾਂ' ਬਾਰੇ ਸਵਾਲਾਂ, ਭਾਰਤੀ ਇਤਿਹਾਸ ਦੀ ਸਭ ਤੋਂ ਕੁਰੱਪਟ ਤੇ ਸਭ ਤੋਂ ਮਹਿੰਗੀ ਜੰਗੀ ਸੌਦੇ, ਮੁਸਲਿਮ, ਦਲਿਤ ਤੇ ਈਸਾਈ ਹੋਣ ਕਾਰਨ ਮਾਰੇ ਜਾਣ ਦੀ ਦਹਿਸ਼ਤ ਅਤੇ ਜੰਗੀ ਜਨੂੰਨ ਵਿਚ ਵੋਟਾਂ ਬਟੋਰਨ ਦੀ ਸਿਆਸਤ ਨੂੰ ਦਰਕਿਨਾਰ ਕਰਨ ਦਾ 'ਸੱਦਾ' ਦਿੰਦੇ ਹਨ। ਇਸ ਸਰਕਾਰ ਨੇ ਭਾਰਤ ਦੀ ਆਤਮਾ ਨੂੰ ਇੰਨੀ ਡੂੰਘੀ ਤਰ੍ਹਾਂ ਜ਼ਖਮ ਦਿੱਤੇ ਹਨ ਕਿ ਇਨ੍ਹਾਂ ਨੂੰ ਭਰਦਿਆਂ ਦਹਾਕੇ ਲੱਗ ਜਾਣੇ ਹਨ। ਇਨ੍ਹਾਂ ਜ਼ਖਮਾਂ ਨੂੰ ਭਰਨ ਦੀ ਪ੍ਰਕਿਰਿਆ ਇਨ੍ਹਾਂ ਖਤਰਨਾਕ, ਪ੍ਰਸੰਸਾ ਦੇ ਭੁੱਖੇ, ਸੱਤਾ ਦੇ ਹਾਬੜਿਆਂ ਨੂੰ ਸੱਤਾ ਤੋਂ ਲਾਂਭੇ ਕਰਨ ਨਾਲ ਸ਼ੁਰੂ ਹੋਣੀ ਹੈ। ਅਸੀਂ ਅਜਿਹੇ ਪ੍ਰਧਾਨ ਮੰਤਰੀ ਨੂੰ ਕਿਵੇਂ ਆਪਣਾ ਲਈਏ ਜਿਹੜਾ ਰਾਤੋ-ਰਾਤ ਇਕੋ ਝਟਕੇ ਨਾਲ ਕਰੋੜਾਂ ਲੋਕਾਂ ਦੀ ਪੂੰਜੀ ਨੂੰ ਬਿਨਾਂ ਕਿਸੇ ਹੀਲ-ਹੁੱਜਤ ਦੇ 'ਗ਼ੈਰ ਕਾਨੂੰਨੀ' ਗਰਦਾਨ ਦਿੰਦਾ ਹੈ? ਕਦੇ ਇਤਿਹਾਸ ਵਿਚ ਅਜਿਹਾ ਹੋਇਆ ਹੋਵੇ, ਸੁਣਿਆ ਹੈ?

ਅਸੀਂ ਪਰਮਾਣੂ ਸ਼ਕਤੀ ਦਾ ਅਜਿਹਾ ਪ੍ਰਧਾਨ ਮੰਤਰੀ ਕਿਵੇਂ ਬਰਦਾਸ਼ਤ ਕਰੀਏ ਜਿਹੜਾ ਮੁਲਕ 'ਤੇ ਪਈ ਜੰਗੀ ਬਿਪਤਾ ਸਮੇਂ ਨੈਸ਼ਨਲ ਸੈਰ-ਸਪਾਟੇ ਵਾਲੀ ਜਗ੍ਹਾ 'ਤੇ ਆਪਣੀਆਂ ਫੋਟੋਆਂ ਖਿਚਵਾਉਣ ਵਿਚ ਰੁਝਿਆ ਰਹੇ ਤੇ ਫਿਰ ਮੌਕਾ ਆਉਣ 'ਤੇ ਸਾਰੇ ਜ਼ਿੰਮੇਵਾਰੀ ਸੈਨਾ 'ਤੇ ਸੁੱਟ ਦਿੰਦਾ ਹੈ। ਕਦੇ ਭਾਰਤੀ ਇਤਿਹਾਸ ਵਿਚ ਜਮਹੂਰੀ ਤੌਰ ਤੇ ਚੁਣੇ ਕਿਸੇ ਨੇਤਾ ਨੇ ਅਜਿਹਾ ਕਰਨ ਦੀ ਹਿੰਮਤ ਕੀਤੀ ਹੈ?

ਮੋਦੀ ਨੂੰ ਜਾਣਾ ਪਵੇਗਾ। ਉਸ ਦੀ ਜਗ੍ਹਾ ਬੇਸ਼ਕ ਆਪਸੀ ਖਹਿਬਾਜ਼ੀ ਵਾਲੀ, ਅਸਥਿਰ ਸਰਕਾਰ ਵੀ ਬਣੇ, ਕੋਈ ਮਸਲਾ ਨਹੀਂ। ਇਹ ਜਮਹੂਰੀਅਤ ਦੇ ਅਮਲ ਦਾ ਹਿੱਸਾ ਹੈ। ਇਹ ਜ਼ਿਆਦਾ ਸਮਝਦਾਰੀ ਤੇ ਘੱਟ ਮੂਰਖਤਾ ਦਾ ਸਬੂਤ ਹੋਵੇਗਾ।

ਹੁਣ ਆਪਾਂ ਕੈਦੀ ਬਣਾਏ ਵਿੰਗ ਕਮਾਂਡਰ ਅਭਿਨੰਦਨ ਦੇ ਮੁੱਦੇ 'ਤੇ ਆਉਂਦੇ ਹਾਂ। ਕਸ਼ਮੀਰ ਵਿਚ ਪਾਕਿਸਤਾਨ ਦੀ ਭੂਮਿਕਾ ਜੋ ਵੀ ਮਰਜ਼ੀ ਹੋਵੇ, ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਦ੍ਰਿੜਤਾ ਅਤੇ ਦਿਆਨਤਦਾਰੀ ਦਾ ਸਬੂਤ ਦਿੱਤਾ ਹੈ। ਭਾਰਤੀ ਸਰਕਾਰ ਦੁਆਰਾ ਜਨੇਵਾ ਕਨਵੈਨਸ਼ਨ ਦੇ ਤਹਿਤ ਪਾਕਿਸਤਾਨ ਤੋਂ ਅਭਿਨੰਦਨ ਦੀ ਰਿਹਾਈ ਦੀ ਮੰਗ ਦਰੁਸਤ ਸੀ, ਇਹ ਵੀ ਦਰੁਸਤ ਸੀ ਕਿ ਇੰਟਰਨੈਸ਼ਨਲ ਕਮੇਟੀ ਆਫ ਰੈੱਡ ਕਰਾਸ ਨੂੰ ਅਭਿਨੰਦਨ ਦੀ ਸੁਰੱਖਿਅਤ ਘਰ-ਵਾਪਸੀ ਲਈ ਦਖਲ ਦੇਣ ਲਈ ਕਿਹਾ ਗਿਆ। ਆਖੀਰ ਵਿਚ ਇਮਰਾਨ ਖਾਨ ਨੇ 'ਚੰਗੀ ਭਾਵਨਾ' ਤਹਿਤ ਅਭਿਨੰਦਨ ਨੂੰ ਛੱਡਣ ਦਾ ਫੈਸਲਾ ਕਰ ਲਿਆ।

ਸ਼ਾਇਦ ਭਾਰਤ ਨੂੰ ਵੀ ਕਸ਼ਮੀਰ ਦੇ ਸਿਆਸੀ ਕੈਦੀਆਂ ਪ੍ਰਤੀ ਵੀ ਇਹੀ ਦਿਆਨਤਦਾਰੀ ਦਿਖਾਉਣੀ ਚਾਹੀਦੀ ਹੈ। ਜਨੇਵਾ ਕਨਵੈਨਸ਼ਨ ਦੇ ਅੰਤਰਗਤ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਸੁਰੱਖਿਅਤ ਕਰਨਾ ਅਤੇ ਇੰਟਰਨੈਸ਼ਨਲ ਕਮੇਟੀ ਆਫ ਰੈਡ ਕਰਾਸ ਨੂੰ ਉਨ੍ਹਾਂ ਦੀ ਹਵਾਲਾਤੀ ਸੁਰੱਖਿਆ ਲਈ ਦਖਲ ਦੀ ਪ੍ਰਵਾਨਗੀ ਦੇਣਾ ਬਹੁਤ ਜ਼ਿਆਦਾ ਤਾਂ ਨਹੀਂ?

ਅਸੀਂ ਜਿਹੜੀ ਜੰਗ ਦੇ ਮੁਹਾਜ਼ 'ਤੇ ਹਾਂ, ਇਹ ਭਾਰਤ ਅਤੇ ਪਾਕਿਸਤਾਨ ਵਿਚ ਨਹੀਂ ਹੋ ਰਹੀ। ਇਹ ਕਸ਼ਮੀਰ ਵਿਚ ਦਹਾਕਿਆਂ ਤੋਂ ਜਾਰੀ ਜੰਗ ਦਾ ਅਗਲਾ ਵਿਸਥਾਰ ਹੈ। ਕਸ਼ਮੀਰ ਇਕ ਬੇਜ਼ੁਬਾਨ ਹਿੰਸਾ ਅਤੇ ਨੈਤਿਕ ਨਿਰੰਕਸ਼ਤਾ ਦਾ ਨਿਰੰਤਰ ਚਲ ਰਿਹਾ ਨਾਟਕ ਹੈ ਜਿਹੜਾ ਕਿਸੇ ਵੀ ਦਿਨ ਬਹੁ-ਪਰਤੀ ਹਿੰਸਾ ਅਤੇ ਪਰਮਾਣੂ ਜੰਗ ਵਿਚ ਤਬਦੀਲ ਹੋ ਸਕਦਾ ਹੈ। ਇਸ ਨੂੰ ਰੋਕਣ ਦਾ ਇਕ ਨਾਮਾਤਰ ਹਲ ਕਸ਼ਮੀਰ ਹਮਲੇ ਨੂੰ ਨਵੇਂ ਸਿਰਿਉਂ ਵਿਚਾਰਨਾ ਤੇ ਹੱਲ ਕਰਨਾ ਹੈ। ਇਹ ਤਦੇ ਸੰਭਵ ਹੈ, ਜੇ ਕਸ਼ਮੀਰੀਆਂ ਨੂੰ ਬਿਨਾਂ ਕਿਸੇ ਦਹਿਸ਼ਤ ਅਤੇ ਡਰ ਤੋਂ ਇਹ ਦੱਸਣ ਦਾ ਮੌਕਾ ਦਿੱਤਾ ਜਾਵੇ ਕਿ ਉਹ ਕਿਸੇ ਲਈ ਤੇ ਕਿਉਂ ਲੜ ਰਹੇ ਹਨ? ਉਹ ਚਾਹੁੰਦੇ ਕੀ ਹਨ?

ਸੰਸਾਰ ਦੇ ਸਾਥੀਓ! ਲੱਭੋ ਕੋਈ ਰਸਤਾ।

# ਬੇਅਦਬੀ ਮੁਹਿੰਮ ਗਾਂਧੀ ਦੇ ਨਾਲ ਹੀ ਸ਼ੁਰੂ ਹੋ ਗਈ ਸੀ

ਅੱਜ ਮੁੜ ਮੁੜ ਮਨੁੱਖਤਾਵਾਦੀ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਜਾ ਰਹੀ ਹੈ। ਇਹ ਵਿਚਾਰ ਸਰਾਸਰ ਗਲਤ ਹੈ ਕਿ ਬੇਅਦਬੀ ਲਹਿਰ ਭਾਜਪਾ ਨੇ ਸ਼ੁਰੂ ਕੀਤੀ। ਹਾਂ, ਇਹ ਜਰੂਰ ਹੈ ਕਿ ਨਰਿੰਦਰ ਮੋਦੀ ਦੇ ਰਾਜ ਵਿਚ ਮੁਹਿੰਮ ਨੂੰ ਪ੍ਰਚੰਡ ਜਰੂਰ ਕਰ ਦਿੱਤਾ ਗਿਆ ਹੈ। ਜੋ ਗੱਲ ਨੋਟ ਕਰਨ ਵਾਲੀ ਹੈ, ਉਹ ਹੈ ਕਿ ਸਰਕਾਰੀ ਬੇਅਬਦੀ ਮੁਹਿੰਮ 'ਚ ਅੱਜ ਤਕ ਕਿਸੇ ਵੀ ਹਿੰਦੂ ਲੀਡਰ ਨੇ ਬੇਅਦਬੀ ਦਾ ਖੰਡਨ ਨਹੀਂ ਕੀਤਾ। ਦੂਜੇ ਪਾਸੇ ਸਿੱਖ ਰਾਜਨੀਤਕ ਲੀਡਰ ਜਦੋਂ ਬੇਅਦਬੀ ਬਾਬਤ ਗੱਲ ਕਰਦੇ ਹਨ ਤਾਂ ਉਨ੍ਹਾਂ ਦੇ ਕੰਨ ਵਿਚ ਕਹਿ ਦਿੱਤਾ ਜਾਂਦਾ ਹੈ ਕਿ ਇਹ ਤਾਂ ਜੀ ਤਜਰਬਾ ਹੈ, ਇਹ ਵੇਖਣ ਲਈ ਕਿ ਸਿੱਖਾਂ ਵਿਚ ਖਾਲਿਸਤਾਨੀ ਜੋਸ਼

ਬੀ. ਐਸ. ਗੁਰਾਇਆ

ਕਿੰਨਾ ਕੁ ਬਚਿਆ ਹੈ। ਲੀਡਰ ਚੁੱਪ ਹੋ ਜਾਂਦੇ ਹਨ। ਬਦਕਿਸਮਤੀ ਇਹ ਹੈ ਕਿ ਸਿੱਖ ਸਿਆਸਤਦਾਨ ਇਹ ਨਹੀਂ ਸੋਚਦਾ ਕਿ ਕੀ ਗੁਰੂ ਗ੍ਰੰਥ ਸਾਹਿਬ ਨੂੰ ਸਿਰਫ ਖਾਲਿਸਤਾਨੀ ਹੀ ਮੰਨਦੇ ਹਨ? ਜਿਸ ਦਾ ਨਤੀਜਾ ਇਹ ਹੈ ਕਿ ਉਹ ਕੌਮ, ਜੋ ਦੁਨੀਆਂ ਦੀ ਸਭ ਤੋਂ ਬਹਾਦਰ ਗਿਣੀ ਗਈ ਸੀ, ਅੱਜ ਦੁਨੀਆਂ ਦੀ ਸਭ ਤੋਂ ਡਰਪੋਕ ਕੌਮਾਂ ਵਿਚ ਸ਼ਾਮਲ ਹੈ, ਜੋ ਆਪਣੇ ਇਸ਼ਟ ਦੀ ਵੀ ਰਾਖੀ ਨਹੀਂ ਕਰ ਸਕਦੀ।

1980 ਤੋਂ ਪਹਿਲਾਂ ਆਮ ਹਿੰਦੂ ਨਾਗਰਿਕ ਸਿੱਖ ਅਤੇ ਸਿੱਖੀ ਪ੍ਰਤੀ ਵੱਡੀ ਸ਼ਰਧਾ ਰੱਖਦਾ ਸੀ। ਜੇ ਤੁਸੀਂ ਬਸ ਜਾਂ ਰੇਲ 'ਚ ਸਫਰ ਕਰ ਰਹੇ ਹੁੰਦੇ ਤਾਂ ਸਿੱਖ ਵਾਸਤੇ ਸੀਟ ਖਾਲੀ ਕਰ ਦਿੱਤੀ ਜਾਂਦੀ। ਸਿੱਖਾਂ ਪ੍ਰਤੀ ਆਮ ਹਿੰਦੂ ਜਨਤਾ ਦੀ ਸ਼ਰਧਾ 'ਤੇ ਕੱਟੜ ਹਿੰਦੂ ਲੀਡਰਾਂ ਨੂੰ ਬੜੀ ਚਿੜ੍ਹ ਚੜ੍ਹਦੀ ਸੀ।

ਸਿੱਖਾਂ ਨਾਲ ਈਰਖਾ ਸਭ ਤੋਂ ਪਹਿਲਾਂ ਆਰੀਆ ਸਮਾਜੀਆਂ ਨੇ ਆਪਣੇ ਮੋਢੀ ਦਿਆਨੰਦ ਦੀ ਅਗਵਾਈ ਹੇਠ ਵਿਖਾਈ ਸੀ। ਦਿਆਨੰਦ ਨੇ ਆਪਣੀ ਪੁਸਤਕ 'ਸਤਿਆਰਥ ਪ੍ਰਕਾਸ਼' ਵਿਚ ਗੁਰੂ ਸਾਹਿਬਾਨ ਅਤੇ ਭਗਤਾਂ ਖਿਲਾਫ ਬੜੀਆਂ ਭੱਦੀਆਂ ਟਿੱਪਣੀਆਂ ਕੀਤੀਆਂ। ਉਦੋਂ ਅਜੇ ਸਿੱਖ ਰਾਜ ਨਵਾਂ ਨਵਾਂ ਖਤਮ ਹੋਇਆ ਸੀ, ਇਸ ਕਰਕੇ ਅੰਗਰੇਜ਼ਾਂ ਨੇ ਵੀ ਆਰੀਆ ਸਮਾਜੀਆਂ ਨੂੰ ਖੂਬ ਉਤਸ਼ਾਹ ਦਿੱਤਾ।

ਵੀਹਵੀਂ ਸਦੀ ਦਾ ਸਭ ਤੋਂ ਵੱਡਾ ਹਿੰਦੂ ਲੀਡਰ ਹੋਇਆ ਹੈ, ਮਹਾਤਮਾ ਗਾਂਧੀ। ਗਾਂਧੀ ਵੀ ਸਿੱਖੀ ਅਤੇ ਸਿੱਖਾਂ ਨਾਲ ਚਿੜ੍ਹਦਾ ਸੀ। ਉਸ ਨੇ ਤਾਂ ਇਕ ਵੇਰਾਂ ਆਪਣੀ ਲਿਖਤ ਵਿਚ ਹੀ ਕਹਿ ਦਿੱਤਾ ਕਿ 'ਗੁਰੂ ਗੋਬਿੰਦ ਸਿੰਘ ਗੁੰਮਰਾਹ ਹੋਇਆ ਦੇਸ਼ ਭਗਤ ਸੀ।' ਜਦੋਂ ਕੁਝ ਅਖੌਤੀ ਅਛੂਤ ਜਾਤਾਂ ਦੇ ਲੋਕਾਂ ਨੇ ਸਿੱਖ ਧਰਮ ਅਪਨਾਉਣ ਦੀ ਗੱਲ ਕਹੀ ਤਾਂ ਗਾਂਧੀ ਨੇ ਕਿਹਾ, ਸਿੱਖ ਬਣਨ ਨਾਲੋਂ ਤਾਂ ਬਿਹਤਰ ਹੈ, ਉਹ ਮੁਸਲਮਾਨ ਬਣ ਜਾਣ।

ਉਪਰੰਤ ਗਾਂਧੀ ਦੀ ਸੋਚ ਹੀ ਫਿਰ ਕਾਂਗਰਸੀ ਸਰਕਾਰ ਤੇ ਲੀਡਰਾਂ ਦਾ ਮਾਰਗ ਦਰਸ਼ਕ ਬਣੀ। ਆਜ਼ਾਦੀ ਪਿਛੋਂ ਫਿਰ ਕਾਂਗਰਸ ਨੇ ਸਿੱਖਾਂ ਨੂੰ ਹਿੰਦੂ ਧਰਮ ਵਿਚ ਜਜ਼ਬ ਕਰਨ ਦੀ ਦੂਰਗਾਮੀ ਨੀਤੀ ਤੈਅ ਕਰ ਲਈ। ਭਾਰਤੀ ਸੰਵਿਧਾਨ ਵਿਚ ਵੀ ਅਜਿਹੇ ਜੁਗਾੜ ਕਰ ਦਿਤੇ ਗਏ।

1947 ਤੋਂ ਤੁਰੰਤ ਬਾਅਦ ਮਾਸਟਰ ਤਾਰਾ ਸਿੰਘ ਦੇ ਸਾਥੀ ਸਿੱਖ ਵਿਦਵਾਨ ਬਾਵਾ ਹਰਕਿਸ਼ਨ ਸਿੰਘ ਨੂੰ ਕੁਝ ਆਰੀਆ ਸਮਾਜੀ ਲੀਡਰਾਂ ਨੇ ਗੁਪਤ ਤੌਰ 'ਤੇ ਸਲਾਹ ਦਿੱਤੀ ਕਿ ਬਾਵਾ ਜੀ ਤੁਸੀਂ ਆਪਣੇ ਕੇਸ ਕਟਵਾਉ। ਆਰੀਆ ਸਮਾਜੀਆਂ ਦਾ ਕਹਿਣਾ ਸੀ ਕਿ ਜਿਸ ਮਕਸਦ ਵਾਸਤੇ ਖਾਲਸਾ ਪੰਥ ਸਾਜਿਆ ਗਿਆ ਸੀ, ਉਹ ਹੁਣ ਪੂਰਾ ਹੋ ਗਿਆ ਹੈ। ਜਦੋਂ ਬਾਵਾ ਜੀ ਨੇ ਉਨ੍ਹਾਂ ਦੀ ਇਹ ਸਾਜਿਸ਼ ਜੱਗ ਜਾਹਰ ਕਰ ਦਿੱਤੀ ਤਾਂ ਮਹਾਸ਼ਾ ਕਿਸ਼ਨ ਜਿਹੇ ਸਮਾਜੀਆਂ 'ਤੇ ਬੜੀ ਥੂ ਥੂ ਹੋਈ।

ਯਾਦ ਰਹੇ, ਸਵਾਮੀ ਦਿਆਨੰਦ ਜਦੋਂ ਸਿੱਖਾਂ ਨੂੰ ਸਮਾਜ ਵਿਚ ਪ੍ਰਵੇਸ਼ ਕਰਾਉਂਦਾ ਸੀ ਤਾਂ ਸਭ ਨੂੰ ਇਕੱਠਿਆਂ ਬੈਠਾ ਕੇ ਹਜਾਮਤ ਕਰਾਇਆ ਕਰਦਾ ਸੀ। ਇਸ ਨੂੰ ਉਹ ਸ਼ੁਧੀਕਰਣ ਪ੍ਰੋਗਰਾਮ ਕਹਿੰਦਾ। ਸਿਆਲਕੋਟ ਦਾ ਸ਼ੁਧੀਕਰਣ ਪ੍ਰੋਗਰਾਮ ਕਿਸੇ ਵੇਲੇ ਖੂਬ ਸੁਰਖੀਆਂ ਵਿਚ ਰਿਹਾ।

ਕਿਸੇ ਮੂੰਹ ਦੇ ਮਿੱਠੇ ਗਵਾਂਢੀ ਦੀ ਅੰਦਰੂਨੀ ਈਰਖਾ ਦਾ ਪਤਾ ਉਸ ਦੀ ਪਤਨੀ ਤੇ ਬੱਚਿਆਂ ਦੇ ਵਿਹਾਰ ਤੋਂ ਤੁਰੰਤ ਲੱਗ ਜਾਂਦਾ ਹੈ। ਕਹਿੰਦੇ ਨੇ, ਔਰਤ ਜਾਤ ਆਪਣੀ ਦਿਲ ਅੰਦਰਲੀ ਈਰਖਾ ਜਿਆਦਾ ਚਿਰ ਲੁਕਾ ਕੇ ਨਹੀਂ ਰੱਖ ਸਕਦੀ। ਗਾਂਧੀ ਦੀ ਸਭ ਤੋਂ ਵੱਡੀ ਚੇਲੀ ਡਾ. ਸੁਸ਼ੀਲਾ ਨਯੀਅਰ, ਜੋ ਖੁਦ ਪੰਜਾਬਣ ਸੀ, ਨੇ ਇਕ ਵੇਰਾਂ ਆਪਣੀ ਤਕਰੀਰ 'ਚ ਇਥੋਂ ਤਕ ਕਹਿ ਦਿੱਤਾ ਕਿ ਸਿੱਖ, ਹਿੰਦੂ ਹੀ ਤਾਂ ਹੈਨ। ਬਸ ਗੱਲ ਏਨੀ ਹੈ ਕਿ ਪੁਰਾਣੇ ਜਮਾਨਿਆਂ ਵਿਚ ਉਸਤਰਿਆਂ ਦੀ ਘਾਟ ਕਰਕੇ ਇਹ ਹਜਾਮਤ ਨਹੀਂ ਸਨ ਕਰਵਾ ਸਕਦੇ। ਸੁਸ਼ੀਲਾ ਨੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਹੁਣ ਕਿਉਂਕਿ ਦੁਸ਼ਮਣ (ਮੁਸਲਮਾਨ) ਜਾ ਚੁਕਾ ਹੈ, ਉਹ ਕੇਸ ਕਟਵਾ ਲੈਣ। ਫਿਰ ਗਾਂਧੀ ਦੇ ਦੂਜੇ ਵੱਡੇ ਚੇਲੇ ਵਿਨੋਭਾ ਭਾਵੇ ਨੇ ਵੀ ਕਈ ਵਾਰ ਸਿੱਖਾਂ ਦੇ ਕੱਕਾਰਾਂ ਦਾ ਮਜ਼ਾਕ ਉਡਾਇਆ।

ਹੌਲੀ ਹੌਲੀ ਇਹ ਗਾਂਧੀਵਾਦੀ ਸੋਚ ਆਮ ਲੋਕਾਂ ਵਿਚ ਵੀ ਪ੍ਰਵੇਸ਼ ਕਰਨੀ ਸ਼ੁਰੂ ਹੋ ਗਈ। ਜਨਵਰੀ 1964 ਵਿਚ ਬਿਹਾਰ ਵਿਚ ਇਕ ਸਿੱਖ ਡਰਾਈਵਰ ਦੀ ਦਾਹੜੀ-ਮੁੱਛ ਸਰਕਾਰੀ ਅਫਸਰਾਂ ਨੇ ਮੁੰਨ ਦਿੱਤੇ। ਇਸ ਬਾਬਤ ਜਦੋਂ ਸਿੱਖਾਂ ਦੁਹਾਈ ਪਾਈ ਤਾਂ ਇਸ ਦਾ ਉਲਟਾ ਅਸਰ ਪਿਆ। ਅਜਿਹੀਆਂ ਘਟਨਾਵਾਂ ਹੋਰ ਵੀ ਹੋਣੀਆਂ ਸ਼ੁਰੂ ਹੋ ਗਈਆਂ। 22 ਮਈ 1964 ਨੂੰ ਪੁਲਿਸ ਨੇ ਗੁਰਦੁਆਰਾ ਪਾਉਂਟਾ ਸਾਹਿਬ ਅੰਦਰ ਦਾਖਲ ਹੋ ਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਤੇ ਕੁਝ ਸਿੱਖ ਕਤਲ ਕਰ ਦਿਤੇ।

ਜਲੰਧਰ ਦੀ ਮਹਾਸ਼ਾ ਪ੍ਰੈਸ ਨੇ ਫਿਰ ਇਹ ਗੱਲ ਕਹਿਣ ਦੀ ਮੁਹਿੰਮ ਛੇੜ ਦਿੱਤੀ ਕਿ ਖਾਲਸਾ ਪੰਥ ਹਿੰਦੂ ਧਰਮ ਦੀ ਰਾਖੀ ਲਈ ਹੀ ਤਾਂ ਸਾਜਿਆ ਗਿਆ ਸੀ। ਅੱਜ ਹਿੰਦੁਸਤਾਨ ਆਜ਼ਾਦ ਹੋਣ 'ਤੇ ਉਹ ਮਕਸਦ ਪੂਰਾ ਹੋ ਗਿਆ ਹੈ। ਸੋ, ਲੋੜ ਹੈ ਹੁਣ ਸਿੱਖ ਕੱਕਾਰਾਂ ਦਾ ਸਿਧਾਂਤ ਤਿਆਗ ਦੇਣ।

ਇਕ ਪਾਸੇ ਫਿਰਕਾਪ੍ਰਸਤ ਹਿੰਦੂ ਈਰਖਾ ਵਿਚ ਭੁੱਜ ਰਿਹਾ ਸੀ, ਦੂਜੇ ਪਾਸੇ ਸਿੱਖ ਫੌਜੀਆਂ ਨੇ 1962 ਦੇ ਭਾਰਤ-ਚੀਨ ਯੁਧ ਵਿਚ ਜਦੋਂ ਜਾਨਾਂ ਵਾਰੀਆਂ ਤਾਂ ਬੇਅਦਬੀ ਪ੍ਰੋਗਰਾਮ ਦੀ ਪ੍ਰੋੜਤਾ ਕਮਜੋਰ ਪੈਂਦੀ ਨਜ਼ਰ ਆ ਰਹੀ ਸੀ। ਕੁਝ ਹੀ ਸਮੇਂ ਬਾਅਦ ਸਾਬਕਾ ਰੱਖਿਆ ਮੰਤਰੀ ਸ. ਬਲਦੇਵ ਸਿੰਘ ਨੇ ਬੇਅਦਬੀ ਪ੍ਰੋਗਰਾਮ ਦਾ ਭਾਂਡਾ ਚੌਰਾਹੇ ਵਿਚ ਭੰਨ ਦਿੱਤਾ, ਜਦੋਂ ਉਸ ਨੇ ਆਪਣੀ ਮੌਤ ਤੋਂ ਪਹਿਲਾਂ ਇਹ ਇੰਕਸ਼ਾਫ ਕਰ ਦਿੱਤਾ ਕਿ ਮੈਨੂੰ ਸਿੱਖਾਂ ਖਿਲਾਫ ਵਰਤਿਆ ਗਿਆ ਹੈ।

1964 ਵਿਚ ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਨੇ ਇਕ ਫਿਲਮ ਨਿਰਮਾਤਾ ਕੰਪਨੀ ਨੂੰ ਲੱਖ ਰੁਪਏ ਮਦਦ ਦਿੱਤੀ ਕਿ ਸਿੱਖਾਂ ਦੇ ਅਕਸ ਨੂੰ ਉਭਾਰਿਆ ਜਾਵੇ। ਦੀਵਾਨ ਵੇਖ ਕੇ ਦੰਗ ਰਹਿ ਗਿਆ ਜਦੋਂ ਫਿਲਮ ਸਿਨੇਮਾ ਘਰਾਂ ਵਿਚ ਚਲੀ ਤਾਂ ਉਸ ਵਿਚ ਸਿੱਖਾਂ ਨੂੰ ਸ਼ਰਾਬੀ ਦੇ ਤੌਰ 'ਤੇ ਵਿਖਾਇਆ ਗਿਆ ਸੀ। ਫਿਲਮਾਂ ਵਿਚ ਸਿੱਖਾਂ ਨੂੰ ਭੰਡਣ ਦਾ ਕੰਮ ਲਗਾਤਾਰ ਚਲਦਾ ਆ ਰਿਹਾ ਹੈ। ਟੀ. ਵੀ. ਦੇ ਜਨਾਨਾ ਪ੍ਰੋਗਰਾਮਾਂ ਵਿਚ ਇਕ ਖਾਸ ਪੱਖ 'ਤੇ ਜੋਰ ਦਿੱਤਾ ਜਾ ਰਿਹਾ ਹੈ ਕਿ ਸਿੱਖ ਲੜਕੀਆਂ ਬੀੜੀ ਸਿਗਰਟ ਪੀਣ ਵਾਲੇ ਹਿੰਦੂ ਮੁੰਡਿਆਂ ਨੂੰ ਸਿੱਖਾਂ ਦੀ ਥਾਂ ਵੱਧ ਚਾਹੁੰਦੀਆਂ ਹਨ। 'ਸਿੰਘ ਇਜ਼ ਕਿੰਗ' ਜਿਹੀਆਂ ਫਿਲਮਾਂ ਵਿਚ ਸਿੱਖ ਦਸਤਾਰ ਦਾ ਮਜ਼ਾਕ ਉਡਾਇਆ ਗਿਆ।

ਕਾਂਗਰਸ ਸਰਕਾਰ ਨੇ ਕਿਸੇ ਸਾਜਿਸ਼ ਤਹਿਤ ਡੇਰਾਵਾਦ ਨੂੰ ਉਤਸ਼ਾਹ ਤਾਂ ਦਿੱਤਾ ਹੋਇਆ ਸੀ, ਪਰ ਸਰਕਾਰ ਦੀ ਮੁਸ਼ਕਿਲ ਸੀ ਕਿ ਕੋਈ ਵੀ ਡੇਰੇਦਾਰ ਖੁੱਲ੍ਹ ਕੇ ਸਿੱਖੀ ਦੇ ਖਿਲਾਫ ਨਹੀਂ ਸੀ ਆਇਆ। ਡੇਰੇਦਾਰਾਂ ਨੂੰ ਟੋਹਣ ਪਿਛੋਂ ਦਿੱਲੀ ਦੇ ਨਕਲੀ ਨਿਰੰਕਾਰੀ ਮਿਸ਼ਨ ਤੋਂ ਕੁਝ ਉਮੀਦ ਬੱਝੀ। ਨਿਰੰਕਾਰੀ ਮੁਖੀ ਗੁਰਬਚਨ ਸਿੰਘ ਜਮੀਨ ਅਲਾਟਮੈਂਟ ਆਦਿ ਮਾਮੂਲੀ ਰਿਆਇਤਾਂ ਖਾਤਰ ਸਿੱਖੀ ਖਿਲਾਫ ਬਗਾਵਤ ਕਰਨ ਨੂੰ ਤਿਆਰ ਹੋ ਗਿਆ। ਸਿੱਖ ਧਰਮ ਖਿਲਾਫ ਮੁਹਿੰਮ ਛੇੜ ਦਿੱਤੀ ਗਈ। ਪੰਜਾਬੀ ਕਵੀਆਂ ਤੇ ਲਿਖਾਰੀਆਂ ਨੂੰ ਗੁਰਬਚਨ ਸਿੰਘ ਨਾਲ ਜੋੜਿਆ ਗਿਆ, ਜਿੰਨਾ ਨਿਤਨੇਮ ਅਤੇ ਗੁਰਬਾਣੀ ਨੂੰ ਨਿਸ਼ਾਨਾ ਬਣਾਇਆ। ਪੰਜ ਪਿਆਰੇ ਆਦਿ ਸਿੱਖ ਸਿਧਾਂਤਾਂ ਦੀ ਨਕਲ ਕੀਤੀ ਗਈ। ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨੂੰ ਉਤਸ਼ਾਹ ਦਿੱਤਾ ਗਿਆ ਕਿ ਉਹ ਨਿਰੰਕਾਰੀ ਬਣਨ, ਪਰ ਸਾਜਿਸ਼ੀਆਂ ਦੀ ਬਦਕਿਸਮਤੀ ਕਿ ਨਿਰੰਕਾਰੀ ਅੰਦੋਲਨ ਛੇਤੀ ਹੀ ਹਿੰਸਕ ਹੋ ਗਿਆ ਤੇ ਨਤੀਜਾ 14 ਅਪਰੈਲ 1978 ਵਿਚ ਨਿਕਲਿਆ।

ਉਂਜ ਫਿਰਕਾਪ੍ਰਸਤਾਂ ਨੇ ਇਹ ਨਹੀਂ ਸੀ ਚਾਹਿਆ ਕਿ ਬੇਅਦਬੀ ਪ੍ਰੋਗਰਾਮ ਇਸ ਸਟੇਜ 'ਤੇ ਹੀ ਹਿੰਸਕ ਬਣੇ।

ਹਾਲਾਂ ਕਿ ਨਹਿਰੂ ਆਉਣ ਵਾਲੇ ਹੁਕਮਰਾਨਾਂ ਲਈ ਇਕ ਨਿਰਦੇਸ਼ ਛੱਡ ਗਿਆ ਸੀ ਕਿ ਸਿੱਖਾਂ ਤੋਂ ਸੁਚੇਤ ਰਹਿਣਾ ਤੇ ਇਨ੍ਹਾਂ ਨੂੰ ਕੋਈ ਸਹੂਲਤ ਨਹੀਂ ਦੇਣੀ। ਪਰ ਸਿੱਖਾਂ ਦਾ ਕੇਂਦਰੀ ਰਾਜਨੀਤੀ, ਅਫਸਰਸ਼ਾਹੀ ਤੇ ਫੌਜ ਵਿਚ ਚੰਗਾ ਅਸਰ ਰਸੂਖ ਸੀ, ਜਿਸ ਕਰਕੇ ਨਹਿਰੂ ਦੀ ਧੀ ਇੰਦਰਾ ਗਾਂਧੀ ਖੁਲ੍ਹੇਆਮ ਸਿੱਖਾਂ ਨਾਲ ਪੰਗਾ ਨਹੀਂ ਸੀ ਲੈਣਾ ਚਾਹੁੰਦੀ। 1975 ਵਿਚ ਉਸ ਨੇ ਐਮਰਜੈਂਸੀ ਲਾਈ। ਪੂਰੇ ਹਿੰਦੁਸਤਾਨ ਦਾ ਉਸ ਨੇ ਮੂੰਹ ਬੰਦ ਕਰ ਦਿੱਤਾ। ਅਕਾਲੀਆਂ ਨੇ ਰਾਜਨੀਤੀ ਵਿਚ ਅਲ੍ਹੜਪੁਣਾ ਹੀ ਦਿਖਾਇਆ ਸੀ। ਐਮਰਜੈਂਸੀ ਦੌਰ ਵਿਚ ਉਨ੍ਹਾਂ ਬੇਗਾਨੀ ਲੜਾਈ ਆਪਣੇ ਗਲ ਪਾ ਐਮਰਜੈਂਸੀ ਖਿਲਾਫ ਹੀ ਮੁਹਿੰਮ ਛੇੜ ਦਿੱਤੀ, ਜਿਸ ਦਾ ਕੇਂਦਰ ਹਰਿਮੰਦਰ ਸਾਹਿਬ ਬਣਿਆ।

ਫਿਰਕਾਪ੍ਰਸਤ ਪਹਿਲਾਂ ਹੀ ਚਹੁੰ ਵਰਨਾਂ ਲਈ ਖੁੱਲ੍ਹੇ ਸੁਨਹਿਰੀ ਮੰਦਿਰ ਤੋਂ ਔਖੇ ਸਨ। ਇਨ੍ਹਾਂ ਬਦਨਾਮ ਅਤੇ ਬੇਅਦਬ ਕਰਨ ਦੀਆਂ ਸਾਜਿਸ਼ਾਂ ਘੜੀਆਂ ਜਾਣ ਲੱਗੀਆਂ। ਕਦੀ ਸਰੋਵਰ ਵਿਚ ਸਿਗਰਟਾਂ ਸੁੱਟੀਆਂ ਗਈਆਂ ਅਤੇ ਕਦੀ ਕੜਾਹ ਪ੍ਰਸ਼ਾਦਿ ਦਾ ਮਜ਼ਾਕ ਉਡਾਇਆ ਗਿਆ। ਅੰਮ੍ਰਿਤਸਰ ਵਿਚ ਕੱਟੜਪੰਥੀ ਹਿੰਦੂਆਂ ਨੇ ਉਨ੍ਹੀਂ ਦਿਨੀਂ ਸਿਗਰਟਾਂ ਪੀਂਦਿਆਂ ਜਲੂਸ ਕੱਢਣੇ ਤੇ ਕੁਝ ਇਸ ਤਰ੍ਹਾਂ ਦੇ ਨਾਅਰੇ ਲੱਗਦੇ, "ਸ਼ਾਨ ਸੇ ਜੀਏਂਗੇ, ਬੀੜੀ ਸਿਗਰਟ ਪੀਏਂਗੇ।" ਜਾਂ ਫਿਰ, "ਕੰਘਾ, ਕੱਛਾ ਤੇ ਕਿਰਪਾਨ। ਧੱਕ ਦਿਆਂਗੇ ਪਾਕਿਸਤਾਨ।"

ਫਿਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਦੌਰ ਨੇ ਸਰਕਾਰ ਨੂੰ ਸੁਨਹਿਰੀ ਮੌਕਾ ਦੇ ਦਿੱਤਾ ਕਿ ਉਹ ਦਰਬਾਰ ਸਾਹਿਬ ਦੀ ਬੇਅਦਬੀ ਕਰ ਸਕੇ। ਸੰਤਾਂ ਨੇ ਗ੍ਰਿਫਤਾਰੀ ਤੋਂ ਬਚਣ ਲਈ ਜੁਲਾਈ 1982 ਵਿਚ ਦਰਬਾਰ ਸਾਹਿਬ ਕੰਪਲੈਕਸ ਵਿਚ ਡੇਰੇ ਲਾ ਲਏ। ਸਰਕਾਰ ਨੂੰ ਪੂਰਾ ਭਰੋਸਾ ਸੀ ਕਿ ਸੰਤ ਜੀ ਪੁਲਿਸ ਦਾ ਡੱਟ ਕੇ ਮੁਕਾਬਲਾ ਕਰਨਗੇ, ਕਿਉਂਕਿ ਮਹਿਤਾ ਚੌਂਕ ਵਿਚ ਹੋਈ ਗ੍ਰਿਫਤਾਰੀ ਮੌਕੇ ਹਿੰਸਕ ਵਿਰੋਧ ਹੋਇਆ ਸੀ।



*ਪਿਆਰਾ ਸਿੰਘ ਭਨਿਆਰਾ*

ਸਰਕਾਰ ਨੇ ਪੂਰੇ ਦੋ ਸਾਲ ਦਿੱਤੇ ਸੰਤ ਭਿੰਡਰਾਂਵਾਲੇ ਨੂੰ ਤਿਆਰੀ ਕਰਨ ਲਈ। ਉਨ੍ਹਾਂ ਦੁਆਲੇ ਏਜੰਸੀਆਂ ਦੇ ਬੰਦੇ ਘੇਰਾ ਘੱਤੀ ਰੱਖਦੇ। ਰਹੱਸਮਈ ਬੰਦਿਆਂ ਰਾਹੀਂ ਸੰਤਾਂ ਨੂੰ ਪ੍ਰਭਾਵ ਦਿੱਤਾ ਜਾਂਦਾ ਕਿ ਜਦੋਂ ਪੁਲਿਸ ਜਾਂ ਫੌਜ ਹਮਲਾ ਕਰੇਗੀ ਤਾਂ ਤੁਰੰਤ ਪਾਕਿਸਤਾਨ ਬਾਰਡਰ ਖੋਲ੍ਹ ਦੇਵੇਗਾ। ਉਨ੍ਹਾਂ ਨੂੰ ਗਰਮ ਗਰਮ ਬਿਆਨ ਦੇਣ ਲਈ ਉਕਸਾਇਆ ਜਾਂਦਾ। ਅਗਲੇ ਦਿਨ ਫਿਰ ਜਵਾਬ ਵਿਚ ਗਰਮਪੰਥੀ ਹਿੰਦੂ ਉਸੇ ਭਾਸ਼ਾ ਵਿਚ ਜਵਾਬ ਦਿੰਦੇ, ਜਿਨ੍ਹਾਂ ਵਿਚ ਪੰਜਾਬ ਦੀਆਂ ਅਖੌਤੀ ਹਿੰਦੂ ਸ਼ਿਵ ਸੈਨਾਵਾਂ ਅਤੇ ਬੰਬੇ ਦਾ ਬਾਲ ਠਾਕਰੇ ਖਾਸ ਵਰਣਨ ਯੋਗ ਹਨ। (ਅੱਜ 2019 ਤਕ ਸਾਬਤ ਹੋ ਚੁਕਾ ਹੈ ਕਿ ਪੰਜਾਬ ਦੀਆਂ ਇਨ੍ਹਾਂ ਸੈਨਾਵਾਂ ਦੀ ਤੋਪ ਵਿਚ ਬਾਰੂਦ ਖੁਫੀਆ ਏਜੰਸੀਆਂ ਹੀ ਪਾਉਂਦੀਆਂ ਹਨ।) ਸਿੱਖਾਂ ਖਿਲਾਫ ਨਫਰਤ ਭਰਨ ਦੀ ਮੁਹਿੰਮ ਜੋਰਾਂ 'ਤੇ ਸੀ।

ਏਜੰਸੀਆਂ ਸੰਤ ਜੀ ਨੂੰ ਕਈ ਸਰਕਾਰੀ ਭੇਦ ਵੀ ਜਾਣ-ਬੁੱਝ ਕੇ ਦਿੰਦੀਆਂ ਰਹੀਆਂ। ਅਕਾਲੀ ਕਹਿੰਦੇ ਕਿ ਸੰਤ ਜੀ ਦੀ ਗਿਆਨੀ ਜੈਲ ਸਿੰਘ ਨਾਲ ਗੱਲਬਾਤ ਹੈ। ਐਮਰਜੈਂਸੀ ਦਾ ਵਿਰੋਧ ਕਰਨ ਵਾਲਾ ਅਕਾਲੀ ਦਲ ਗੈਰਪ੍ਰਸੰਗਕ ਹੋ ਚੁਕਾ ਸੀ।

ਦਰਬਾਰ ਸਾਹਿਬ ਨੂੰ ਢਾਹੁਣ ਦੀਆਂ ਤਿਆਰੀਆਂ ਸ਼ੁਰੂ ਹੋ ਚੁਕੀਆਂ ਸਨ ਤਾਂ ਕਿ ਭੂਤਰੇ ਸਿੱਖਾਂ ਦੀ ਖੁੰਭ ਠੱਪੀ ਜਾ ਸਕੇ ਭਾਵ ਸਿੱਖ ਮਨੋਬਲ ਡੇਗਿਆ ਜਾਵੇ। ਇਕ ਪਾਸੇ ਮੀਡੀਆ ਸੰਤਾਂ ਦੀ ਗਰਜ ਉਜਾਗਰ ਕਰ ਰਿਹਾ ਸੀ, ਦੂਜੇ ਪਾਸੇ ਭਾਰਤੀ ਰਾਜਦੂਤ ਬਾਹਰਲੇ ਦੇਸ਼ਾਂ ਵਿਚ ਪ੍ਰਚਾਰ ਕਰ ਰਹੇ ਸਨ ਕਿ ਵੇਖੋ ਸਿੱਖ ਸਾਨੂੰ ਕਾਰਵਾਈ ਕਰਨ ਲਈ ਮਜਬੂਰ ਕਰ ਰਹੇ ਹਨ। ਬਰਤਾਨੀਆ, ਜੋ ਸਿੱਖ ਹਿਤੈਸ਼ੀ ਮੁਲਕ ਗਿਣਿਆ ਜਾਂਦਾ ਹੈ, ਨੂੰ ਵੀ ਆਪਣੇ ਹੱਕ ਵਿਚ ਕੀਤਾ ਗਿਆ। ਦੁਨੀਆਂ ਅੱਗੇ ਸਿੱਖਾਂ ਨੂੰ ਦਹਿਸ਼ਤਗਰਦ ਦੇ ਤੌਰ 'ਤੇ ਪੇਸ਼ ਕੀਤਾ ਗਿਆ।

ਸਰਕਾਰ ਦੀ ਵੱਡੀ ਦਿੱਕਤ ਇਹ ਸੀ ਕਿ ਸੰਤਾਂ ਕੋਲ ਬਹੁਤ ਮਾਮੂਲੀ ਹਥਿਆਰ ਸਨ। ਕੁਲ ਮਿਲਾ ਕੇ ਦਰਜਨ ਤੋਂ ਘੱਟ ਦੁਨਾਲੀਆਂ, ਜਿਸ ਕਾਰਨ ਦਰਬਾਰ ਸਾਹਿਬ ਨੂੰ ਢਾਹੁਣਾ ਸਰਕਾਰ ਭਵਿਖ ਵਿਚ ਉਚਿਤ ਸਾਬਤ ਨਹੀਂ ਕਰ ਸਕੇਗੀ। ਖੁਸ਼ਕਿਸਮਤੀ ਨਾਲ ਅੱਜ ਖੁਫੀਆ ਏਜੰਸੀਆਂ ਦੇ ਕੁਝ ਕਾਰਕੁਨਾਂ ਨੇ ਆਪਣੀਆਂ ਕਿਤਾਬਾਂ ਵਿਚ ਜੱਗ ਜਾਹਰ ਕਰ ਦਿੱਤਾ ਹੈ ਕਿ ਸੰਤਾਂ ਨੂੰ ਮਾਰੂ ਹਥਿਆਰ ਭਾਰਤੀ ਏਜੰਸੀਆਂ ਨੇ ਖੁਦ ਦਿੱਤੇ।

ਸਰਕਾਰ ਨੇ ਪੂਰੇ ਦੋ ਸਾਲ ਸੰਤਾਂ ਨੂੰ ਦਿਤੇ ਤਾਂ ਕਿ ਸਿੱਖਾਂ ਖਿਲਾਫ ਪ੍ਰਾਪੇਗੰਡਾ ਕੀਤਾ ਜਾ ਸਕੇ ਅਤੇ ਸੰਤ ਵੀ ਹਥਿਆਰਬੰਦ ਮੁਕਾਬਲੇ ਲਈ ਤਿਆਰ ਹੋ ਸਕੇ। ਦੋ ਸਾਲ ਸੰਤਾਂ ਦੀ ਗ੍ਰਿਫਤਾਰੀ ਲਈ ਕੋਈ ਵੀ ਉਪਰਾਲਾ ਨਾ ਕੀਤਾ ਗਿਆ। ਸੰਤਾਂ ਨੂੰ ਕਿਹਾ ਹੀ ਨਹੀਂ ਗਿਆ ਕਿ ਬਾਹਰ ਆ ਕੇ ਗ੍ਰਿਫਤਾਰੀ ਦੇਵੋ।

ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਮੌਕੇ ਦੁਨੀਆਂ ਸਾਹਮਣੇ ਸੱਚੇ ਹੋਣ ਲਈ ਸਰਕਾਰ ਨੇ ਇਕ ਸਿੱਖ (ਕੁਲਦੀਪ ਸਿੰਘ ਬਰਾੜ) ਨੂੰ ਹੀ ਫੌਜ ਦੀ ਕਮਾਂਡ ਸੰਭਾਲ ਦਿੱਤੀ, ਪਰ ਸਭ ਕੁਝ ਸਰਕਾਰ ਦੀ ਗਿਣਤੀ-ਮਿਣਤੀ ਤੋਂ ਉਲਟ ਹੋ ਗਿਆ। ਪਹਿਲੀ ਗੱਲ ਤਾਂ ਸੰਤਾਂ ਨੇ ਖਾਸ ਹਰਿਮੰਦਰ ਸਾਹਿਬ ਅੰਦਰ ਡੇਰਾ ਨਾ ਲਾਇਆ। ਦੂਜੀ ਗੱਲ, ਸੰਤਾਂ ਦੇ ਪੈਰੋਕਾਰ ਪੂਰੀ ਦ੍ਰਿੜਤਾ ਅਤੇ ਸੂਰਮਤਾਈ ਨਾਲ ਲੜੇ। ਬਰਾੜ ਨੇ ਆਪਣੀ ਪੰਜਾਬੀ ਵਿਚ ਲਿਖੀ ਕਿਤਾਬ ਵਿਚ ਲਿਖਿਆ ਹੈ ਕਿ ਫੌਜ ਦੇ ਕੋਈ 15,700 ਜਵਾਨ ਮਾਰੇ ਗਏ ਸਨ।

ਫੌਜ ਨੇ ਹਰਿਮੰਦਰ ਸਾਹਿਬ ਤਾਂ ਨਾ ਢਾਹਿਆ, ਪਰ ਸਰਕਾਰ ਵਾਸਤੇ ਸਕੂਨ ਵਾਲੀ ਗੱਲ ਸੀ ਕਿ ਉਹ ਅਕਾਲ ਤਖਤ ਢਾਹ ਸਕੀ, ਜਿਸ ਤੋਂ ਮੀਰੀ-ਪੀਰੀ ਦਾ ਸਿੱਖ ਸਿਧਾਂਤ ਨਿਕਲਦਾ ਹੈ। ਕਾਂਗਰਸ ਨੂੰ ਇਸ ਸਿਧਾਂਤ ਤੋਂ ਖਾਸ ਚਿੜ ਸੀ, ਜਿਸ ਕਰਕੇ ਅਕਾਲੀ ਨਾਲੇ ਗੁਰਦੁਆਰਿਆਂ 'ਤੇ ਕਾਬਜ਼ ਸਨ, ਨਾਲੇ ਹਕੂਮਤ ਵੀ ਲੋਚਦੇ ਸਨ।

ਮੀਡੀਏ 'ਤੇ ਸੈਂਸਰਸ਼ਿਪ ਲਾ ਦਿੱਤੀ ਗਈ। ਅਣ-ਐਲਾਨੀ ਸੈਂਸਰਸ਼ਿਪ ਅੱਜ ਵੀ ਪੰਜਾਬ ਵਿਚ ਜਾਰੀ ਹੈ। ਉਪਰੰਤ ਦਿੱਲੀ ਦੇ ਸਿੱਖਾਂ ਨੂੰ ਬਲਦੇ ਟਾਇਰ ਗਲਾਂ ਵਿਚ ਪਾ ਕੇ ਸਬਕ ਸਿਖਾਇਆ ਗਿਆ। ਜਵਾਨ ਸਿੱਖਾਂ ਦਾ ਖੂਨ ਇਨ੍ਹਾਂ ਘਟਨਾਵਾਂ ਕਰਕੇ ਖੌਲਣ ਲੱਗਾ। ਸਰਕਾਰ ਨੇ ਸਮੇਂ ਸਿਰ ਭਾਪ ਲਿਆ ਤੇ ਗਰਮ ਖੂਨ ਦੀ ਅਗਵਾਈ ਗੁਪਤ ਏਜੰਸੀਆਂ ਰਾਹੀਂ ਆਪਣੇ ਹੱਥ ਲੈ ਲਈ। ਕਦੀ ਨਿਰਦੋਸ਼ ਲੋਕਾਂ ਨੂੰ ਬੱਸਾਂ ਵਿਚੋਂ ਕੱਢ ਕੱਢ ਮਰਵਾਇਆ ਗਿਆ ਤਾਂ ਕਿ ਪੰਜਾਬ ਦਾ ਇਕ ਤਬਕਾ ਸਿੱਖਾਂ ਖਿਲਾਫ ਹੋ ਜਾਏ। ਨਾਲੇ ਪੁਲਸੀਆਂ ਦੇ ਪਰਿਵਾਰ ਮਰਵਾਏ ਗਏ ਤਾਂ ਕਿ ਪੁਲਿਸ ਸਿੱਖਾਂ 'ਤੇ ਜੁਲਮ ਕਰੇ। ਸਿੱਖਾਂ ਦੀ ਇਕ ਜਵਾਨ ਪੀੜ੍ਹੀ ਮੁਕਾ ਦਿੱਤੀ ਗਈ, ਜਿਸ ਦੇ ਨਤੀਜੇ ਮਰਦਮਸ਼ੁਮਾਰੀ ਦੇ ਅੰਕੜੇ ਜੱਗ ਜਾਹਰ ਕਰਦੇ ਹਨ। ਭਾਰਤ 'ਚ ਸਿੱਖ ਅਨੁਪਾਤ ਝੱਟ ਡਿਗ ਪਿਆ।

ਕਤਲੇਆਮ ਦੀ ਹਨੇਰੀ ਵਿਚ ਸਿੱਖ ਭੈਅ ਭੀਤ ਹੋ ਚੁਕਾ ਸੀ। ਸਰਕਾਰ ਕਹਿ ਰਹੀ ਸੀ, ਅਸੀਂ ਖਾਲਿਸਤਾਨ ਦੀ ਲਹਿਰ ਨਾਲ ਨਜਿੱਠ ਰਹੇ ਹਾਂ। ਭੈਅ ਭੀਤ ਹੋਏ ਹਜ਼ਾਰਾਂ ਸਿੱਖਾਂ ਨੂੰ ਫਿਰ ਸਰਕਾਰ ਨੇ ਮੁਖਬਰਾਂ ਦੇ ਤੌਰ 'ਤੇ ਆਪਣੇ ਨਾਲ ਜੋੜਿਆ। ਖਾਲਿਸਤਾਨ ਲਹਿਰ ਫਿਰ ਪੂਰੀ ਤਰ੍ਹਾਂ ਸਰਕਾਰ ਦੇ ਕਬਜ਼ੇ ਵਿਚ ਸੀ।

ਅਕਾਲੀ ਦਲ ਦੀ ਲੀਡਰਸ਼ਿਪ ਫਿਰ ਪ੍ਰਕਾਸ਼ ਸਿੰਘ ਬਾਦਲ ਰਾਹੀਂ ਆਪਣੇ ਹੱਕ ਵਿਚ ਕਰ ਲਈ ਗਈ।

1990 ਦੇ ਦਹਾਕੇ ਵਿਚ ਆ ਕੇ ਬੇਅਬਦੀ ਦਾ ਦੂਜਾ ਦੌਰ ਸ਼ੁਰੂ ਹੋ ਚੁਕਾ ਸੀ। ਪਹਿਲਾਂ ਤਾਂ ਬੇਅਦਬੀ ਲਈ ਹਿੰਦੂਆਂ ਨੂੰ ਵਰਤਿਆ ਜਾਂਦਾ ਸੀ, ਹੁਣ ਸਰਕਾਰ ਨੇ ਸਿੱਖਾਂ ਵਿਚੋਂ ਹੀ ਇਕ ਫੌਜ ਖੜੀ ਕਰ ਲਈ ਸੀ। ਇਸ ਮੁਹਿੰਮ ਵਿਚ ਪਹਿਲ ਇਕ ਮੂਰਖ ਜਿਹੇ ਡੇਰੇਦਾਰ ਪਿਆਰਾ ਸਿੰਘ ਭਨਿਆਰਾ ਰਾਹੀਂ ਕਰਵਾਈ ਗਈ। ਭਨਿਆਰੇ ਨੇ ਪਿੰਡ ਪਿੰਡ ਜਾ ਕੇ ਸ਼ਰ੍ਹੇਆਮ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਥਾਂ ਮੇਰੇ ਗ੍ਰੰਥ ਦਾ ਪ੍ਰਕਾਸ਼ ਕਰੋ। ਹਥਿਆਰਬੰਦ ਬੰਦੇ ਭਨਿਆਰੇ ਨਾਲ ਮੌਜੂਦ ਹੁੰਦੇ। ਗੁਰੂ ਗ੍ਰੰਥ ਸਾਹਿਬ ਦੀ ਸ਼ਰ੍ਹੇਆਮ ਬੇਅਦਬੀ ਸ਼ੁਰੂ ਹੋ ਗਈ। (2013 ਵਿਚ ਭਨਿਆਰੇ ਨੂੰ ਅੰਬਾਲਾ ਦੀ ਅਦਾਲਤ ਨੇ ਤਿੰਨ ਸਾਲ ਦੀ ਸਜ਼ਾ ਸੁਣਾ ਦਿੱਤੀ। ਬਾਦਲ ਸਰਕਾਰ ਨੇ ਅਪੀਲ ਵਿਚ ਭਨਿਆਰੇ ਦੀ ਮਦਦ ਕੀਤੀ)

ਰਾਤ ਵੇਲੇ ਪਿੰਡਾਂ ਵਿਚ ਹਥਿਆਰਬੰਦ ਗੁੰਡੇ ਬਦਮਾਸ਼ ਲੁੱਟ ਮਾਰ ਅਤੇ ਸਿੱਖ ਔਰਤਾਂ ਨੂੰ ਬੇਪੱਤ ਕਰਨ ਲਈ ਭੇਜੇ ਜਾਂਦੇ। ਸਰਕਾਰ ਦੀ ਇਹ ਮੁਹਿੰਮ 'ਕਾਲਾ ਕੱਛਾ ਗੈਂਗ' ਦੇ ਨਾਂ ਨਾਲ ਬਦਨਾਮ ਹੈ।

ਅਕਾਲੀ ਦਲ ਇਨ੍ਹਾਂ ਕਾਰਵਾਈਆਂ 'ਤੇ ਖਾਮੋਸ਼ ਸੀ, ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਰਾਹੀਂ ਇਹ ਸੁਨੇਹਾ ਪਹੁੰਚ ਰਿਹਾ ਸੀ ਕਿ ਇਹ ਸਭ ਕੁਝ ਖਾਲਿਸਤਾਨ ਦੀ ਲਹਿਰ ਨੂੰ ਪਰਖਣ ਵਾਸਤੇ ਕੀਤਾ ਜਾ ਰਿਹਾ ਹੈ। ਇਨ੍ਹੀਂ ਦਿਨੀਂ ਸ. ਬਾਦਲ ਨੇ ਮੋਗਾ ਕਾਨਫਰੰਸ ਵਿਚ ਮਤਾ ਪਾਸ ਕਰਵਾ ਲਿਆ ਕਿ ਅਕਾਲੀ ਦਲ ਹੁਣ ਸਿੱਖ ਪਾਰਟੀ ਨਾ ਹੋ ਕੇ ਪੰਜਾਬੀ ਪਾਰਟੀ ਹੋਵੇਗੀ। ਭੈਅ ਭੀਤ ਹੋਏ ਅਕਾਲੀਆਂ ਵਿਚੋਂ ਕੋਈ ਨਾ ਕੁਸਕਿਆ।

ਦੂਜੇ ਪਾਸੇ ਕੁਝ ਚਲਾਕ ਮੁਜ਼ਰਿਮ ਲੋਕਾਂ ਨੇ ਸਰਕਾਰ ਦੀ ਇਹ ਨੀਤੀ ਭਾਂਪ ਲਈ ਕਿ ਸਰਕਾਰ ਸਿੱਖਾਂ ਨੂੰ ਜਲੀਲ ਕਰ ਕੇ ਖੁਸ਼ ਹੁੰਦੀ ਹੈ, ਜਿਸ 'ਤੇ ਮੁਜ਼ਰਿਮਾਂ ਨੇ ਸਿੱਖ ਵਿਰੋਧੀ ਹੋਣ ਦੇ ਨਕਾਬ ਪਾ ਲਏ। ਸਿਰਸੇ ਵਾਲਾ ਸਾਧ ਇਸ ਸ੍ਰੇਣੀ ਵਿਚ ਆਉਂਦਾ ਹੈ। ਚੰਡੀਗੜ੍ਹ ਦੇ ਇਤਿਹਾਸ ਦਾ ਸਭ ਤੋਂ ਵੱਡਾ ਰੋਸ ਮੁਜਾਹਰਾ ਸਿਰਸਾ ਡੇਰਾ ਨੇ ਕੀਤਾ ਤੇ ਡੇਰਾ ਪ੍ਰੇਮੀਆਂ ਨੇ ਦੋਸ਼ ਲਾਇਆ ਕਿ ਸਰਕਾਰ ਸਾਡੇ ਬੇਕਸੂਰ ਬਾਬੇ ਨੂੰ ਤੰਗ ਕਰ ਰਹੀ ਹੈ, ਜਦਕਿ ਉਹ ਤਾਂ ਖਾਲਿਸਤਾਨੀਆਂ ਖਿਲਾਫ ਜੱਦੋਜਹਿਦ ਕਰ ਰਿਹਾ ਹੈ।

ਦਸਮ ਗ੍ਰੰਥ ਬਾਬਤ ਸਿੱਖਾਂ ਵਿਚ ਪੁਰਾਣੇ ਮੱਤ ਭੇਦ ਹੋਣ ਕਾਰਨ ਇਸ ਮੁੱਦੇ ਰਾਹੀਂ ਸਿੱਖਾਂ ਨੂੰ ਸਿੱਖੀ ਖਿਲਾਫ ਵਰਤਣ ਦਾ ਸਰਕਾਰ ਨੇ ਪਹਿਲਾ ਤਜਰਬਾ ਕੀਤਾ। ਸਰਕਾਰ ਨੇ ਇਹ ਵੀ ਪ੍ਰਵਾਹ ਨਾ ਕੀਤੀ ਕਿ ਇਸ ਮੁਹਿੰਮ ਵਿਚ ਉਹਦੇ ਗੁਪਤ ਮੋਹਰੇ ਨੰਗੇ ਹੋ ਰਹੇ ਸਨ। ਸਰਕਾਰ ਨੂੰ ਕੁਝ ਹੱਦ ਤੱਕ ਕਾਮਯਾਬੀ ਤਾਂ ਮਿਲੀ ਪਰ ਕੀਮਤ ਵੀ ਵੱਡੀ ਚੁਕਾਉਣੀ ਪਈ। ਇਹਦੇ ਕੁਝ ਬੰਦੇ ਜੋ ਕਿਸੇ ਵੇਲੇ ਤਖਤਾਂ ਦੇ ਜਥੇਦਾਰ ਤਕ ਰਹਿ ਚੁਕੇ ਸਨ, ਨੰਗੇ ਹੋ ਗਏ। ਖਾਸ ਕਰਕੇ ਦਰਸ਼ਨ ਸਿੰਘ ਰਾਗੀ ਜਿਹੇ ਉਹ ਲੋਕ, ਜੋ ਦਸਮ ਗ੍ਰੰਥ ਦੀ ਪ੍ਰਸ਼ੰਸਾ ਦੇ ਸੋਹਲੇ ਪੜ੍ਹਿਆ ਕਰਦੇ ਸਨ।

ਖੈਰ! ਸਰਕਾਰ ਨੂੰ ਭਰੋਸਾ ਹੋ ਗਿਆ ਕਿ ਮੁਖਬਰਾਂ ਨੂੰ ਕਿਸੇ ਵੀ ਹੱਦ ਤਕ ਵਰਤਿਆ ਜਾ ਸਕਦਾ ਹੈ, ਬਸ ਪੈਸਾ ਸੁਟਿਆ ਜਾਏ। ਧਰਾਤਲ ਜਾਂ ਇੰਟਰਨੈਟ 'ਤੇ ਫਿਰ ਬੇਅਦਬੀ ਦੀ ਮੁਹਿੰਮ ਪ੍ਰਚੰਡ ਕਰ ਦਿੱਤੀ ਗਈ। ਇਸ ਕੰਮ ਨੂੰ ਅੰਜਾਮ ਦੇਣ ਲਈ ਫਿਰ ਲੈਨਿਨ-ਸਟਾਲਿਨ ਦੇ ਇਨਕਲਾਬੀਆਂ ਅਤੇ ਡੇਰੇਦਾਰਾਂ ਦੇ ਪੈਰੋਕਾਰਾਂ ਨੇ ਵੱਡੇ ਵੱਡੇ ਖਾਲਸਾਈ ਨਾਮ ਰੱਖ ਲਏ।

ਅਕਾਲ ਤਖਤ ਸਰਕਾਰ ਨੇ ਫੌਜ ਲਾ ਕੇ ਢਾਹਿਆ ਸੀ, ਕਿਉਂਕਿ 'ਇਥੋਂ ਮੀਰੀ-ਪੀਰੀ ਦੇ ਸਿਧਾਂਤ ਦਾ ਫੁਹਾਰਾ ਫੁਟਦਾ ਹੈ।' ਪਰ ਅੰਮ੍ਰਿਤਸਰ ਦਾ ਲੋਹਗੜ੍ਹ ਕਿਲਾ, ਜਿਥੇ ਸਿੱਖਾਂ ਨੇ ਛੇਵੇਂ ਪਾਤਸ਼ਾਹ ਦੀ ਅਗਵਾਈ ਵਿਚ ਪਹਿਲਾ ਯੁਧ ਲੜਿਆ ਸੀ, ਢਾਹੁਣ ਵਾਸਤੇ ਸਰਕਾਰ ਨੂੰ ਹੁਣ ਫੌਜ ਨਹੀਂ ਵਰਤਣੀ ਪਈ। ਕਾਰ ਸੇਵਾ ਵਾਲੇ 'ਬ੍ਰਹਮਗਿਆਨੀ' ਬਾਬਾ ਜਗਤਾਰ ਸਿੰਘ ਨੇ ਕਿਲੇ ਦਾ ਜਦੋਂ ਨਾਮੋ ਨਿਸ਼ਾਨ ਮਿਟਾਇਆ ਤਾਂ ਲਾਲ ਕ੍ਰਿਸ਼ਨ ਅਡਵਾਨੀ ਦੀ ਭਾਰਤ ਵਿਜੇ ਰੱਥ ਯਾਤਰਾ ਦਾ ਸਵਾਗਤ ਖੁਦ 'ਫਖਰ-ਏ-ਕੌਮ ਸ. ਪ੍ਰਕਾਸ਼ ਸਿੰਘ ਬਾਦਲ' ਨੇ ਕਿਲੇ ਦੇ ਲਾਗੇ ਦੁਸਹਿਰਾ ਗਰਾਊਂਡ ਵਿਚ ਕਿਰਪਾਨ ਭੇਟ ਕਰਕੇ ਕੀਤਾ।

ਜਦੋਂ ਮਾਮਲਾ ਕਿਸੇ ਕੌਮ ਨੂੰ ਜਲੀਲ ਕਰਨ ਦਾ ਹੋਵੇ, ਇਹ ਨਹੀਂ ਵੇਖਿਆ ਜਾਂਦਾ ਕਿ ਗ੍ਰੰਥ ਵਿਚ ਲਿਖਿਆ ਕੀ ਹੈ। ਫਿਰ ਕੀ ਹੋਇਆ ਜੇ ਗ੍ਰੰਥ ਦਾ ਨਾਹਰਾ ਹੈ, 'ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬਤ ਦਾ ਭਲਾ॥' ਇਹਦੀ ਬੇਅਦਬੀ ਕਿਸੇ ਹਿੰਦੂ ਜਾਂ ਮੁਸਲਮਾਨ ਰਾਹੀਂ ਨਹੀਂ ਕਰਵਾਈ ਜਾ ਰਹੀ, ਸਗੋਂ...।

# ਪੀ. ਏ. ਯੂ. ਨੂੰ ਸਰਦਾਰ ਪਟੇਲ ਅਵਾਰਡ

**ਲੁਧਿਆਣਾ:** ਭਾਰਤੀ ਖੇਤੀ ਖੋਜ ਕੌਂਸਲ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਕੌਮੀ ਪੱਧਰ ਦਾ ਸਰਦਾਰ ਪਟੇਲ ਅਵਾਰਡ ਦਿੱਤਾ ਗਿਆ ਹੈ। ਪੀ.ਏ.ਯੂ. ਵੱਲੋਂ ਇਹ ਵੱਕਾਰੀ ਪੁਰਸਕਾਰ ਆਈ.ਸੀ.ਏ.ਆਰ. ਦੇ ਵਿਸ਼ੇਸ਼ ਸਮਾਗਮ ਵਿਚ ਨਵੀਂ ਦਿੱਲੀ ਵਿਚ ਉਪ ਕੁਲਪਤੀ ਡਾ. ਬਲਦੇਵ ਸਿੰਘ ਢਿੱਲੋਂ ਨੇ ਭਾਰਤੀ ਖੇਤੀ ਖੋਜ ਪਰਿਸ਼ਦ ਦੇ ਨਿਰਦੇਸ਼ਕ ਜਨਰਲ ਡਾ. ਤ੍ਰਿਲੋਚਨ ਮੋਹਪਾਤਰਾ ਤੋਂ ਹਾਸਲ ਕੀਤਾ। ਇਹ ਵੀ ਦੱਸਣਾ ਬਣਦਾ ਹੈ ਕਿ ਪੀ.ਏ.ਯੂ. ਨੂੰ 1995 ਤੋਂ ਬਾਅਦ ਦੁਬਾਰਾ ਇਹ ਅਵਾਰਡ ਪ੍ਰਾਪਤ ਹੋਇਆ ਹੈ। 1995 ਵਿਚ ਪੀ.ਏ.ਯੂ. ਨੂੰ 'ਸਰਵੋਤਮ ਸੰਸਥਾ ਅਵਾਰਡ' ਮਿਲਿਆ ਸੀ।

ਇਸ ਪਿਛੋਂ ਅਵਾਰਡ ਦਾ ਨਾਂ 'ਸਰਦਾਰ ਪਟੇਲ ਆਊਟ ਸਟੈਂਡਿੰਗ ਆਈਸੀਏਆਰ ਇੰਸਟੀਚਿਊਸ਼ਨ ਅਵਾਰਡ' ਕਰ ਦਿੱਤਾ ਗਿਆ। ਪੀ.ਏ.ਯੂ. ਦੇ ਉਪ ਕੁਲਪਤੀ ਡਾ. ਢਿੱਲੋਂ ਨੇ ਇਸ ਦਾ ਸਿਹਰਾ 'ਵਰਸਿਟੀ ਦੇ ਸਮੁੱਚੇ ਅਮਲੇ ਦੀ ਮਿਹਨਤ ਅਤੇ ਲਗਨ ਨੂੰ ਦਿੱਤਾ। ਦੱਸਣਯੋਗ ਹੈ ਕਿ ਭਾਰਤੀ ਖੇਤੀ ਖੋਜ ਕੌਂਸਲ ਸਾਰੇ ਰਾਜਾਂ ਦੀਆਂ ਖੇਤੀ ਯੂਨੀਵਰਸਿਟੀਆਂ ਵਿਚ ਪਿਛਲੇ ਪੰਜ ਸਾਲਾਂ ਤੋਂ ਹੋ ਰਹੇ ਵਿੱਦਿਅਕ, ਖੋਜ ਤੇ ਪਸਾਰ ਕਾਰਜਾਂ ਦੇ ਆਧਾਰ 'ਤੇ ਸਰਵੋਤਮ ਯੂਨੀਵਰਸਿਟੀ ਦੀ ਚੋਣ ਕਰਦੀ ਹੈ।

ਇਹ ਅਵਾਰਡ ਮਿਲਣਾ ਇਸ ਗੱਲ ਦਾ ਵੀ ਪ੍ਰਮਾਣ ਹੈ ਕਿ ਪੀ.ਏ.ਯੂ. ਰਾਜ ਪੱਧਰ 'ਤੇ ਹੀ ਨਹੀਂ ਸਗੋਂ ਰਾਸ਼ਟਰੀ ਪੱਧਰ ਉਤੇ ਭਾਰਤ ਦੇ ਸਿਖਰਲੀਆਂ ਖੇਤੀ ਸੰਸਥਾਵਾਂ ਵਿਚੋਂ ਇਕ ਹੈ। ਪੀ.ਏ.ਯੂ. ਨੇ ਹਰੀ ਕ੍ਰਾਂਤੀ ਰਾਹੀਂ ਦੇਸ਼ ਨੂੰ ਅਨਾਜ ਪੱਖੋਂ ਸਵੈ-ਨਿਰਭਰ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਨ੍ਹਾਂ ਪੰਜ ਸਾਲਾਂ ਦੌਰਾਨ ਪੀ.ਏ.ਯੂ. ਨੇ ਖੇਤ ਅਤੇ ਬਾਗਬਾਨੀ ਫਸਲਾਂ ਦੀਆਂ ਕਰੀਬ 153 ਕਿਸਮਾਂ ਜਾਰੀ ਕੀਤੀਆਂ ਹਨ ਜਿਨ੍ਹਾਂ ਵਿਚੋਂ 39 ਰਾਸ਼ਟਰ ਪੱਧਰ ਉਤੇ ਸਵੀਕਾਰ ਕੀਤੀਆਂ ਗਈਆਂ ਹਨ।

## ਗੰਧਲੀ ਹਵਾ ਨਾਲ ਹਰ ਸਾਲ ਮਰਦੇ 6 ਲੱਖ ਬੱਚੇ

**ਜਨੇਵਾ:** ਘਰ ਦੇ ਅੰਦਰ ਤੇ ਬਾਹਰ ਹਵਾ ਪ੍ਰਦੂਸ਼ਣ ਇਕ ਮੂਕ ਤੇ ਨਾ ਦਿਸਣ ਵਾਲਾ ਹਤਿਆਰਾ ਬਣ ਗਿਆ ਹੈ। ਇਹ ਹਰ ਸਾਲ 70 ਲੱਖ ਲੋਕਾਂ ਦੀ ਅਕਾਲ ਮੌਤ ਦਾ ਕਾਰਨ ਬਣਦਾ ਹੈ, ਜਿਸ ਵਿਚ ਛੇ ਲੱਖ ਬੱਚੇ ਸ਼ਾਮਲ ਹਨ।

ਵਾਤਾਵਰਣ ਤੇ ਮਨੁੱਖੀ ਅਧਿਕਾਰਾਂ 'ਤੇ ਸੰਯੁਕਤ ਰਾਸ਼ਟਰ ਦੇ ਖਾਸ ਦੂਤ ਡੇਵਿਡ ਆਰ. ਬਾਈਡ ਮੁਤਾਬਕ ਛੇ ਅਰਬ ਤੋਂ ਜ਼ਿਆਦਾ ਲੋਕ ਇੰਨੀ ਜ਼ਹਿਰੀਲੀ ਹਵਾ 'ਚ ਸਾਹ ਲੈ ਰਹੇ ਹਨ ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ, ਸਿਹਤ ਖਤਰੇ ਵਿਚ ਹੈ। ਇਸ 'ਚ ਇਕ ਤਿਹਾਈ ਗਿਣਤੀ ਬੱਚਿਆਂ ਦੀ ਹੈ। ਬਾਈਡ ਨੇ ਜੇਨੇਵਾ 'ਚ ਮਨੁੱਖੀ ਅਧਿਕਾਰ ਪ੍ਰੀਸ਼ਦ ਦੌਰਾਨ ਕਿਹਾ ਕਿ ਹਵਾ ਪ੍ਰਦੂਸ਼ਣ ਇਕ ਅਜਿਹੀ ਸਮੱਸਿਆ ਹੈ ਜਿਸ ਨੂੰ ਰੋਕਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਹਵਾ ਨੂੰ ਸਾਫ ਸੁਥਰਾ ਰੱਖਣ ਲਈ ਜ਼ਰੂਰੀ ਕਾਨੂੰਨ ਤੇ ਫਰਜ਼ ਨਿਭਾਉਣ ਦੀ ਅਪੀਲ ਵੀ ਕੀਤੀ। ਉਨ੍ਹਾਂ ਅੱਗੇ ਕਿਹਾ ਕਿ "ਚੰਗੀਆਂ ਰਵਾਇਤਾਂ ਦੇ ਕਈ ਉਦਾਹਰਨ ਹਨ, ਜਿਵੇਂ ਭਾਰਤ ਤੇ ਇੰਡੋਨੇਸ਼ੀਆ ਵਿਚ ਚਲਾਏ ਜਾ ਰਹੇ ਕਾਰਜ, ਜਿਨ੍ਹਾਂ ਰਾਹੀਂ ਲੱਖਾਂ ਗਰੀਬ ਪਰਿਵਾਰਾਂ ਨੂੰ ਖਾਣਾ ਬਣਾਉਣ ਦੀ ਚੰਗੀ ਤਕਨੀਕ ਅਪਨਾਉਣ 'ਚ ਮਦਦ ਕੀਤੀ ਗਈ।

## ਨੀਰਵ ਮੋਦੀ ਦਾ ਸਮੁੰਦਰ ਕੰਢੇ ਬਣਿਆ ਬੰਗਲਾ ਢਾਹਿਆ

**ਮੁੰਬਈ:** ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਦਾ ਮਹਾਰਾਸ਼ਟਰ ਦੇ ਕਿਹਿਮ ਤਟ 'ਤੇ 30,000 ਵਰਗ ਫੁਟ ਵਿਚ ਬਣਿਆ ਬੰਗਲਾ ਧਮਾਕਾ ਕਰ ਕੇ ਕੁਝ ਸਕਿੰਟਾਂ ਵਿਚ ਹੀ ਢਾਹ ਦਿੱਤਾ ਗਿਆ। ਰਾਇਗੜ੍ਹ ਜ਼ਿਲ੍ਹਾ ਕੁਲੈਕਟਰ ਵਿਜੈ ਸੂਰਯਵੰਸ਼ੀ ਨੇ ਦੱਸਿਆ ਕਿ ਇਹ ਇਕ ਨਿਯੰਤਰਿਤ ਧਮਾਕਾ ਸੀ। ਨਿਯੰਤਰਿਤ ਧਮਾਕੇ ਦੌਰਾਨ ਵੱਡੀ ਮਾਤਰਾ ਵਿੱਚ ਧੂੜ ਉੱਡੀ। ਇਕ ਹੋਰ ਅਧਿਕਾਰੀ ਨੇ ਦੱਸਿਆ ਕਿ ਪੀ.ਐਨ.ਬੀ. ਘੁਟਾਲੇ ਦੇ ਮੁਲਜ਼ਮ ਮੋਦੀ ਦੇ ਬੰਗਲੇ ਦੀ ਕੀਮਤ 40 ਕਰੋੜ ਰੁਪਏ ਸੀ।

# ਮਨੁੱਖੀ ਹੱਕਾਂ ਦੇ ਘਾਣ 'ਚ ਪੰਜਾਬ ਪੁਲਿਸ ਮੋਹਰੀ

**ਚੰਡੀਗੜ੍ਹ:** ਪੰਜਾਬ ਵਿਚ ਮਨੁੱਖੀ ਹੱਕਾਂ ਦਾ ਸਭ ਤੋਂ ਵੱਧ ਘਾਣ ਪੁਲਿਸ ਵੱਲੋਂ ਹੀ ਕੀਤਾ ਜਾਂਦਾ ਹੈ। ਇਹੀ ਨਹੀਂ, ਸੀਨੀਅਰ ਪੁਲਿਸ ਅਫਸਰ ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲੇ ਮੁਲਾਜ਼ਮਾਂ ਤੇ ਅਫਸਰਾਂ ਨੂੰ ਬਚਾਉਣ ਲਈ ਟਿੱਲ ਲਾ ਦਿੰਦੇ ਹਨ। ਇਹ ਤੱਥ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਵਿਚ ਉਜਾਗਰ ਕੀਤੇ ਗਏ ਹਨ ਜੋ ਪਿਛਲੇ ਹਫਤੇ ਖਤਮ ਹੋਏ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਪੇਸ਼ ਕੀਤੀ ਗਈ ਸੀ।

ਕਮਿਸ਼ਨ ਦੀ 19ਵੀਂ ਸਾਲਾਨਾ ਰਿਪੋਰਟ ਮੁਤਾਬਕ ਇਸ ਨੂੰ 2016-17 ਦੌਰਾਨ ਮਨੁੱਖੀ ਹੱਕਾਂ ਦੇ ਉਲੰਘਣ ਦੀਆਂ 10820 ਸ਼ਿਕਾਇਤਾਂ ਮਿਲੀਆਂ ਸਨ ਜਿਨ੍ਹਾਂ ਵਿਚੋਂ 55% ਹਿਰਾਸਤੀ ਮੌਤਾਂ, ਤਸ਼ੱਦਦ, ਪੁਲਿਸ ਤੇ ਜੇਲ੍ਹ ਅਫਸਰਾਂ ਵੱਲੋਂ ਝੂਠੇ ਕੇਸਾਂ ਵਿਚ ਫਸਾਉਣ ਦੇ ਸੰਗੀਨ ਮਾਮਲੇ ਸ਼ਾਮਲ ਹਨ। ਵਧੀਕੀਆਂ ਦੀਆਂ 52% ਸ਼ਿਕਾਇਤਾਂ (5647) ਇਕੱਲੀਆਂ ਪੰਜਾਬ ਪੁਲਿਸ ਨਾਲ ਸਬੰਧਤ ਹਨ। ਕਮਿਸ਼ਨ ਨੂੰ 28% (3015) ਸ਼ਿਕਾਇਤਾਂ ਮਿਲੀਆਂ ਕਿ ਪੁਲਿਸ ਨੇ ਬਣਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ। ਇਨ੍ਹਾਂ ਤੋਂ ਇਲਾਵਾ ਪੁਲਿਸ ਦੀ ਧੱਕੇਸ਼ਾਹੀ ਦੀਆਂ 1282 ਸ਼ਿਕਾਇਤਾਂ ਅਤੇ ਪੁਲਿਸ ਵੱਲੋਂ ਝੂਠੇ ਕੇਸਾਂ ਵਿਚ ਫਸਾਉਣ ਬਾਰੇ 741 ਸ਼ਿਕਾਇਤਾਂ ਵੀ ਮਿਲੀਆਂ ਹਨ।

ਜੇਲ੍ਹ ਅਧਿਕਾਰੀਆਂ ਖਿਲਾਫ ਨਿਆਇਕ ਹਿਰਾਸਤ ਦੌਰਾਨ ਮੌਤਾਂ ਬਾਰੇ 226 ਸ਼ਿਕਾਇਤਾਂ ਮਿਲੀਆਂ ਸਨ। ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਇਸ ਰੁਝਾਨ ਦੀ ਵੀ ਨਿਸ਼ਾਨਦੇਹੀ ਕੀਤੀ ਹੈ ਕਿ ਜਦੋਂ ਵੀ ਉਸ ਵੱਲੋਂ ਮਨੁੱਖੀ ਅਧਿਕਾਰਾਂ ਦੇ ਮਾਮਲਿਆਂ ਸਬੰਧੀ ਦੋਸ਼ੀ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਖਿਲਾਫ ਵਿਭਾਗੀ ਕਾਰਵਾਈ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਆਮ ਦੇਖਣ ਵਿਚ ਆਇਆ ਹੈ ਕਿ ਸੀਨੀਅਰ ਪੁਲਿਸ ਅਧਿਕਾਰੀ ਆਪਣੇ ਮਾਤਹਿਤ ਅਫਸਰਾਂ ਨੂੰ ਬਚਾਉਣ ਲਈ ਹਰ ਵਾਹ ਲਾਉਂਦੇ ਹਨ। ਲਿਹਾਜ਼ਾ ਕਮਿਸ਼ਨ ਨੇ ਕੁਝ ਕੇਸਾਂ ਵਿਚ ਆਪਣੇ ਤਹਿਕੀਕਾਤ ਵਿੰਗ ਰਾਹੀਂ ਅਜ਼ਾਦਾਨਾ ਜਾਂਚ ਕਰਵਾਈ ਹੈ। ਜ਼ਿਆਦਾਤਰ ਕੇਸਾਂ ਵਿਚ ਦੇਖਣ ਨੂੰ ਮਿਲਿਆ ਕਿ ਤਹਿਕੀਕਾਤ ਵਿੰਗ ਵਲੋਂ ਕੀਤੀ ਜਾਂਚ ਅਤੇ ਪੁਲਿਸ ਅਧਿਕਾਰੀਆਂ ਦੀ ਜਾਂਚ ਵਿਚਕਾਰ ਬਹੁਤ ਜ਼ਿਆਦਾ ਅੰਤਰ ਹੁੰਦਾ ਹੈ।

ਜ਼ਿਲਾਵਾਰ ਲੇਖੇ ਜੋਖੇ ਮੁਤਾਬਕ ਸਭ ਤੋਂ ਵੱਧ 1442 ਸ਼ਿਕਾਇਤਾਂ ਲੁਧਿਆਣਾ ਜ਼ਿਲ੍ਹੇ ਵਿਚ ਅਤੇ ਉਸ ਤੋਂ ਬਾਅਦ 1393 ਸ਼ਿਕਾਇਤਾਂ ਅੰਮ੍ਰਿਤਸਰ, ਤਰਨ ਤਾਰਨ ਵਿਚ 709 ਅਤੇ ਬਠਿੰਡਾ ਵਿਚ 674 ਸ਼ਿਕਾਇਤਾਂ ਆਈਆਂ ਸਨ। ਇਸ ਦੌਰਾਨ, ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਮੁੱਚਾ ਢਾਂਚਾ ਠੱਪ ਹੋ ਕੇ ਰਹਿ ਗਿਆ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਇਕ ਕਾਗਜ਼ੀ ਸੰਸਥਾ ਬਣ ਕੇ ਰਹਿ ਗਈ ਹੈ। ਕਮਿਸ਼ਨ ਆਮ ਤੌਰ 'ਤੇ ਪੁਲਿਸ ਖਿਲਾਫ ਸ਼ਿਕਾਇਤਾਂ 'ਤੇ ਕਾਰਵਾਈ ਲਈ ਪੁਲਿਸ ਨੂੰ ਹੀ ਵਾਪਸ ਭੇਜ ਦਿੰਦਾ ਹੈ ਅਤੇ ਪੁਲਿਸ ਅਫਸਰ ਸਾਰੇ ਨੇਮ ਛਿੱਕੇ ਟੰਗ ਕੇ ਆਪਣੇ ਸਾਥੀ ਅਫਸਰਾਂ ਨੂੰ ਬਚਾਉਂਦੇ ਹਨ।


ਪ੍ਰਿੰਸ ਟਰਾਂਸਪੋਰਟ ਇੰਕ.
ਸਿਨਸਿਨੈਟੀ, ਓਹਾਇਓ
ਡਰਾਈਵਰਾਂ ਅਤੇ ਓਨਰ ਆਪਰੇਟਰਾਂ ਦੀ ਲੋੜ ਹੈ
*50 ਸੈਂਟ ਪ੍ਰਤੀ ਮੀਲ *48 ਸਟੇਟਾਂ ਲਈ ਲੋਡ
*ਪੇਪਰ ਦੇਵੋ, ਤੁਰੰਤ ਪੈਸੇ ਲਵੋ *ਜਦੋਂ ਚਾਹੋ, ਐਡਵਾਂਸ ਵੀ ਲੈ ਸਕਦੇ ਹੋ
*Dispatch with confirmation
*Fuel Advance *Load For 48 States
ਹੋਰ ਜਾਣਕਾਰੀ ਲਈ ਸੰਪਰਕ ਕਰੋ:
ਫੋਨ: 513-432-9754
8-11



ਵੇਟਰ ਤੇ ਹੈਲਪਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ
ਫੋਨ: 608-630-0287
8-11


# 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਦਾ 'ਮੇਰਾ ਪਿੰਡ' ਪ੍ਰਾਜੈਕਟ

'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਸੰਸਥਾ ਪੰਜਾਬ ਦੇ ਪਿੰਡਾਂ ਵਿਚ ਵੱਸਦੇ ਲੋੜਵੰਦਾਂ ਦੀ ਵੱਧ ਤੋਂ ਵੱਧ ਮਦਦ ਕਰ ਰਹੀ ਹੈ। 'ਮੇਰਾ ਪਿੰਡ' ਨਾਂ ਤਹਿਤ ਇਸ ਪ੍ਰਾਜੈਕਟ ਨੂੰ ਅਗਾਂਹ ਵਧਾਇਆ ਜਾ ਰਿਹਾ ਹੈ। ਯਾਦ ਰਹੇ ਕਿ ਇਸ ਸ਼ੁਭ ਕਾਰਜ ਲਈ ਪਿੰਡਾਂ ਦੇ ਬੇਜ਼ਮੀਨੇ ਅਤੇ ਹਾਸ਼ੀਏ 'ਤੇ ਧੱਕੇ ਗਏ ਉਨ੍ਹਾਂ ਕਿਸਾਨ ਪਰਿਵਾਰਾਂ ਨਾਲ ਸੰਪਰਕ ਬਣਾਇਆ ਗਿਆ ਹੈ, ਜਿਨ੍ਹਾਂ ਦੀ ਕੋਈ ਖਾਸ ਆਮਦਨ ਨਹੀਂ ਹੈ। ਇਨ੍ਹਾਂ ਪਰਿਵਾਰਾਂ ਦੇ ਬੱਚਿਆਂ ਨੂੰ ਉਚ ਸਿੱਖਿਆ ਦਿਵਾਉਣ ਤੋਂ ਇਲਾਵਾ ਵਿਧਵਾਵਾਂ, ਅਪਾਹਜਾਂ ਅਤੇ ਬੇਔਲਾਦ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ।

ਇਹ ਪ੍ਰਾਜੈਕਟ ਡੇਢ ਸਾਲ ਦੀ ਨਿਰਖ-ਪਰਖ ਤੋਂ ਬਾਅਦ ਐਨ. ਆਰ. ਆਈ ਭਾਈਚਾਰੇ ਵੱਲੋਂ ਸਾਲ 2017 ਦੇ ਅੱਧ ਵਿਚ ਸ਼ੁਰੂ ਕੀਤਾ ਗਿਆ ਸੀ। ਹੁਣ ਇਹ ਪ੍ਰਾਜੈਕਟ ਫੈਲ ਕੇ 40 ਪਿੰਡਾਂ ਤੱਕ ਪਹੁੰਚ ਗਿਆ ਹੈ, ਜਿਥੇ ਲੋੜਵੰਦਾਂ ਦੀ ਇਮਦਾਦ ਕੀਤੀ ਜਾ ਰਹੀ ਹੈ। ਦਾਨੀ ਸੱਜਣ ਆਪਣੇ ਪਿੰਡਾਂ ਲਈ ਆਪ ਹੀ ਫੰਡ ਮੁਹੱਈਆ ਕਰਵਾ ਰਹੇ ਹਨ। ਕੁਝ ਐਨ. ਆਰ. ਆਈ. ਪਹਿਲਾਂ-ਪਹਿਲ ਤਾਂ ਛੋਟੇ ਪੱਧਰ 'ਤੇ ਇਹ ਕਾਰਜ ਸ਼ੁਰੂ ਕਰਦੇ ਹਨ ਪਰ ਬਾਅਦ ਵਿਚ ਪ੍ਰਾਜੈਕਟ ਵਧਾ ਲਿਆ ਜਾਂਦਾ ਹੈ।

ਇਸ ਪ੍ਰਾਜੈਕਟ ਤਹਿਤ ਜਿਨ੍ਹਾਂ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ, ਉਨ੍ਹਾਂ ਵਿਚੋਂ ਕਈਆਂ ਦੀ ਕਹਾਣੀ ਬਹੁਤ ਭਾਵੁਕ ਕਰਨ ਵਾਲੀ ਹੈ। ਇਹ ਕਿਸੇ ਫਿਲਮ ਦੇ ਦ੍ਰਿਸ਼ ਜਾਂ ਫੇਸਬੁੱਕ ਉਤੇ ਪਾਈਆਂ ਪੋਸਟਾਂ ਨਹੀਂ ਹਨ। ਸਭ ਕੁਝ ਹਕੀਕਤ ਵਿਚ ਵਾਪਰ ਰਿਹਾ ਹੈ। ਬੇਸਹਾਰਾ ਅਤੇ ਸਾਧਨਹੀਣ ਲੋਕਾਂ ਦੀ ਪੁੱਜ ਕੇ ਮਦਦ ਕੀਤੀ ਜਾ ਰਹੀ ਹੈ। ਇਸ ਬਾਰੇ ਕੁਝ ਨੁਕਤੇ ਅਸੀਂ ਇਥੇ ਸਾਂਝੇ ਕਰਨੇ



ਜ਼ਰੂਰੀ ਸਮਝਦੇ ਹਾਂ:

-ਲੋੜਵੰਦ, ਬਿਮਾਰ ਬਜ਼ੁਰਗ ਇਕੱਲੇ ਰਹਿ ਰਹੇ ਹਨ। ਇਨ੍ਹਾਂ ਵਿਚੋਂ ਕੁਝ ਜਣਿਆਂ ਦੇ ਬੱਚੇ ਇਨ੍ਹਾਂ ਨੂੰ ਇਨ੍ਹਾਂ ਦੇ ਹਾਲ ਉਤੇ ਛੱਡ ਕੇ ਚਲੇ ਗਏ ਅਤੇ ਕਈ ਮਾਮਲਿਆਂ ਵਿਚ ਇਹ ਬਜ਼ੁਰਗ ਬੇਔਲਾਦ ਹਨ।

-80 ਵਰ੍ਹਿਆਂ ਦੀ ਇਕ ਵਿਧਵਾ ਜਿਸ ਕੋਲ ਕੋਈ ਜ਼ਮੀਨ ਜਾਂ ਹੋਰ ਕੋਈ ਸਾਧਨ ਨਹੀਂ, ਦਾ ਇਕਲੌਤਾ ਪੁੱਤਰ ਮਰ ਗਿਆ ਸੀ। ਹੁਣ ਉਹ ਆਪਣੇ ਪੋਤਰੇ-ਪੋਤਰੀਆਂ ਨੂੰ ਪਾਲ ਰਹੀ ਹੈ। ਅੱਜ ਵੀ ਉਸ ਨੂੰ ਦਿਹਾੜੀ-ਦੱਪਾ ਕਰਨਾ ਪੈ ਰਿਹਾ ਹੈ।

-ਇਕ ਦਰਮਿਆਨੇ ਕਿਸਾਨ ਦੀ ਵਿਧਵਾ ਕੋਲ ਦੋ ਬੱਚੇ ਹਨ। ਇਹ ਆਪਣੇ ਗੁਜ਼ਾਰੇ ਲਈ ਮਦਦ ਆਪਣੇ ਮਾਪਿਆਂ ਤੋਂ ਲੈ ਰਹੀ ਹੈ। ਹੁਣ ਉਸ ਨੂੰ ਫਿਕਰ ਖਾਈ ਜਾਂਦਾ ਹੈ ਕਿ ਉਹ ਇਨ੍ਹਾਂ ਬੱਚਿਆਂ ਨੂੰ ਕਿਵੇਂ ਪੜ੍ਹਾਏਗੀ?

-ਇਕ ਨੌਜਵਾਨ ਗਰੀਬ ਜੋੜੇ ਦਾ ਪਹਿਲਾ ਬੱਚਾ ਤਕਰੀਬਨ ਅੰਨ੍ਹਾ ਹੈ ਪਰ ਉਸ ਦਾ ਇਲਾਜ ਹੋ ਸਕਦਾ ਹੈ। ਇਸ ਇਲਾਜ ਲਈ ਇਹ ਵਸੀਲੇ ਕਿਥੋਂ ਜੁਟਾਉਣਗੇ?

-ਇਕ ਬੇਜ਼ਮੀਨੇ ਪਰਿਵਾਰ ਦੀ ਬਹੁਤ ਹੁਸ਼ਿਆਰ ਬੱਚੀ ਦੇ ਅਗਾਂਹ ਉਚ ਸਿੱਖਿਆ ਦਾ ਕੋਈ ਸਾਧਨ ਨਹੀਂ ਹੈ। ਮਾਪੇ ਚਾਹੁੰਦੇ ਹਨ ਕਿ ਉਹ ਹੁਣ ਕੰਮਕਾਰ ਵਿਚ ਪਰਿਵਾਰ ਦਾ ਹੱਥ ਵਟਾਵੇ।

-ਇਕ ਅੱਧਖੜ੍ਹ ਔਰਤ ਨੂੰ ਉਸ ਦਾ ਪਤੀ ਛੱਡ ਗਿਆ। ਉਸ ਦੀਆਂ ਤਿੰਨ ਧੀਆਂ ਹਨ। ਇਨ੍ਹਾਂ ਵਿਚੋਂ ਦੋ ਤਾਂ ਅਪਾਹਜ ਹਨ। ਇਨ੍ਹਾਂ ਕੋਲ ਕੋਈ ਜ਼ਮੀਨ-ਜਾਇਦਾਦ ਨਹੀਂ ਹੈ। ਖੇਤਾਂ ਵਿਚ ਕੰਮ ਕਰਕੇ ਪਰਿਵਾਰ ਦਾ ਗੁਜ਼ਾਰਾ ਚਲਦਾ ਹੈ।

ਇਹ ਜ਼ਿੰਦਗੀ ਦੀ ਹਕੀਕਤ ਦੀਆਂ ਕੁਝ ਇਕ ਕਹਾਣੀਆਂ ਹਨ।

ਐਨ. ਆਰ. ਆਈ. ਨੇ ਜਿਸ ਇਲਾਕੇ ਵਿਚ ਪਿੰਡ ਅਪਨਾਏ ਹਨ, ਉਨ੍ਹਾਂ ਨੂੰ 'ਇਕ ਪਿੰਡ' ਸਕੀਮ ਅਧੀਨ ਲਿਆਂਦਾ ਗਿਆ ਹੈ। ਦਸਾਂ ਪਿੰਡਾਂ ਦਾ ਇਕ ਕਲੱਸਟਰ ਬਣਾਇਆ ਗਿਆ ਹੈ। ਕਿਸੇ ਲੋੜਵੰਦ ਪਰਿਵਾਰ ਦੇ ਪੜ੍ਹੇ-ਲਿਖੇ ਨੌਜਵਾਨ ਦੀਆਂ ਸੇਵਾਵਾਂ ਲਈਆਂ ਗਈਆਂ ਹਨ ਤਾਂਕਿ ਐਨ. ਆਰ. ਆਈ. ਵੱਲੋਂ ਸ਼ੁਰੂ ਕੀਤੇ ਕਾਰਜਾਂ ਨੂੰ ਨੇਪਰੇ ਚਾੜ੍ਹਿਆ ਜਾ ਸਕੇ। ਇਹ ਨੌਜਵਾਨ ਆਮ ਤੌਰ 'ਤੇ ਇਹ ਕਾਰਜ ਕਰਦਾ ਹੈ:

-ਗਰੀਬੀ ਦੀ ਰੇਖਾ ਤੋਂ ਹੇਠਲੇ ਵਰਗ ਲਈ ਚਲਦੀਆਂ ਸਰਕਾਰੀ ਸਕੀਮਾਂ ਬਾਰੇ ਜਾਗਰੂਕਤਾ ਫੈਲਾਉਣੀ ਅਤੇ ਲੋੜਵੰਦਾਂ ਨੂੰ ਇਨ੍ਹਾਂ ਸਕੀਮਾਂ ਨਾਲ ਜੋੜਨਾ।

-ਨੌਜਵਾਨਾਂ ਨੂੰ ਬੁਨਿਆਦੀ ਆਮ/ਰਸਮੀ ਸਿੱਖਿਆ ਦੀ ਥਾਂ ਹੁਨਰ ਹਾਸਲ ਕਰਨ ਵਾਲੀ ਸਿਖਲਾਈ ਲੈਣ ਲਈ ਪ੍ਰੇਰਨਾ।

-ਕਲੱਸਟਰ ਵਿਚ ਸਾਰਿਆਂ ਨੂੰ ਪਾਸਪੋਰਟ ਬਣਵਾਉਣ ਲਈ ਪ੍ਰੇਰਨਾ।

-ਲਾਭਪਾਤਰੀਆਂ ਨੂੰ ਲਾਭ ਪਹੁੰਚਾਉਣ ਬਾਰੇ ਪੁਣ-ਛਾਣ ਕਰਨੀ।


-ਲੋਕਾਂ ਨੂੰ ਸੁਹਾਂਜਣਾ ਦੇ ਪੌਦੇ ਵੰਡਣੇ। ਇਸ ਪੌਦੇ ਦੇ ਲਾਭ ਬਹੁਤ ਜ਼ਿਆਦਾ ਹਨ।

-ਲਾਭਪਾਤਰੀਆਂ ਨੂੰ ਪਟਸਨ ਦੇ ਥੈਲੇ ਮੁਹੱਈਆ ਕਰਵਾਉਣੇ ਤਾਂ ਕਿ ਪਲਾਸਟਿਕ ਦੇ ਥੈਲਿਆਂ ਤੋਂ ਖਹਿੜਾ ਛੁੱਟ ਸਕੇ।

ਜਿਹੜੇ ਲੋਕ ਗੁਰੂ ਨਾਨਕ ਦੀ 'ਵੰਡ ਛਕੋ' ਦੀ ਸਿੱਖਿਆ ਉਤੇ ਚੱਲਦੇ ਹਨ ਅਤੇ ਲੋੜਵੰਦਾਂ ਦੀ ਮਦਦ ਕਰਨਾ ਚਾਹੁੰਦੇ ਹਨ, ਉਹ ਇਸ ਪ੍ਰਾਜੈਕਟ ਬਾਰੇ ਭੁਪਿੰਦਰ ਸਿੰਘ ਹੁੰਦਲ ਨਾਲ ਫੋਨ: 630-802-2179 ਰਾਹੀਂ ਸੰਪਰਕ ਕਰ ਸਕਦੇ ਹਨ। ਸੰਸਥਾ ਨਾਲ ਵੈਬਸਾਈਟ www.friendsofpunjabfoundation.org ਰਾਹੀਂ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਤਖਤ ਪਟਨਾ ਸਾਹਿਬ ਦੇ ਸਥਾਈ ਜਥੇਦਾਰ ਦੀ ਨਿਯੁਕਤੀ ਲਈ ਕਮੇਟੀ ਕਾਇਮ

**ਅੰਮ੍ਰਿਤਸਰ:** ਤਖਤ ਪਟਨਾ ਸਾਹਿਬ ਵਾਸਤੇ ਸਥਾਈ ਤੌਰ 'ਤੇ ਜਥੇਦਾਰ ਨਿਯੁਕਤ ਕਰਨ ਲਈ ਅਕਾਲ ਤਖਤ ਤੋਂ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਸਿੱਖ ਸੰਪਰਦਾਵਾਂ ਤੇ ਸਿੱਖ ਜਥੇਬੰਦੀਆਂ ਦੀ ਰਾਇ ਨਾਲ ਦੋ ਗੁਰਸਿੱਖਾਂ ਦਾ ਨਾਂ ਅਕਾਲ ਤਖਤ 'ਤੇ ਦੇਵੇਗੀ ਅਤੇ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਸਥਾਈ ਜਥੇਦਾਰ ਨਿਯੁਕਤ ਕੀਤਾ ਜਾਵੇਗਾ। ਇਹ ਫੈਸਲਾ ਅਕਾਲ ਤਖਤ ਦੇ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਦੌਰਾਨ ਕੀਤਾ ਗਿਆ ਹੈ।



ਇਸ ਦੌਰਾਨ ਤਖਤ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਅੰਮ੍ਰਿਤਸਰ ਵਿਚ ਮੌਜੂਦ ਹੁੰਦਿਆਂ ਹੋਇਆਂ ਵੀ ਕੀਤੇ ਐਲਾਨ ਮੁਤਾਬਕ ਅਕਾਲ ਤਖਤ ਵਿਖੇ ਨਹੀਂ ਪੁੱਜੇ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿਚ ਤਖਤ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਗਿਆਨੀ ਰਜਿੰਦਰ ਸਿੰਘ, ਤਖਤ ਕੇਸਗੜ੍ਹ ਤੋਂ ਜਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਅਕਾਲ ਤਖਤ ਤੋਂ ਪੰਜ ਪਿਆਰਿਆਂ ਵਿਚੋਂ ਭਾਈ ਦਿਲਬਾਗ ਸਿੰਘ ਸ਼ਾਮਲ ਸਨ। ਇਕੱਤਰਤਾ ਬਾਰੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਤਖਤ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਵਲੋਂ ਭੇਜੇ ਗਏ ਪੱਤਰ 'ਤੇ ਵਿਚਾਰ ਕੀਤਾ ਗਿਆ ਹੈ। ਇਹ ਪੱਤਰ ਤਖਤ ਪਟਨਾ ਸਾਹਿਬ ਵਾਸਤੇ ਸਥਾਈ ਜਥੇਦਾਰ ਨਿਯੁਕਤ ਕਰਨ ਲਈ ਭੇਜਿਆ ਗਿਆ ਸੀ, ਜਿਸ ਦੇ ਆਧਾਰ ਉਤੇ ਜਥੇਦਾਰ ਵਾਸਤੇ ਉਮੀਦਵਾਰ ਦੀ ਚੋਣ ਕਰਨ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ।

ਇਸ ਪੰਜ ਮੈਂਬਰੀ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਤਖਤ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ, ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਠੇਕੇਦਾਰ, ਤਖਤ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਮੈਂਬਰ ਇਕਬਾਲ ਸਿੰਘ ਅਤੇ ਦਿੱਲੀ ਕਮੇਟੀ ਦੇ ਪ੍ਰਧਾਨ ਨੂੰ ਸ਼ਾਮਲ ਕੀਤਾ ਗਿਆ ਹੈ। ਕਮੇਟੀ ਦਾ ਕੋਆਰਡੀਨੇਟਰ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਮੈਂਬਰ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਨੂੰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਪੰਜ ਮੈਂਬਰੀ ਕਮੇਟੀ ਸਿੱਖ ਜਥੇਬੰਦੀਆਂ, ਸਭਾ ਸੁਸਾਇਟੀਆਂ, ਸੰਪਰਦਾਵਾਂ ਆਦਿ ਤੋਂ ਇਸ ਬਾਰੇ ਰਾਇ ਲਵੇਗੀ ਅਤੇ ਅਹੁਦੇ ਦੇ ਯੋਗ ਦੋ ਗੁਰਸਿੱਖ ਵਿਅਕਤੀਆਂ ਦੀ ਚੋਣ ਕਰਕੇ ਇਨ੍ਹਾਂ ਦੇ ਨਾਵਾਂ ਦੀ ਤਜਵੀਜ਼ ਅਕਾਲ ਤਖਤ 'ਤੇ ਭੇਜੇਗੀ, ਜਿਸ ਵਿਚੋਂ ਇਕ ਉਮੀਦਵਾਰ ਦੀ ਤਖਤ ਪਟਨਾ ਸਾਹਿਬ ਦੇ ਜਥੇਦਾਰ ਵਜੋਂ ਚੋਣ ਕੀਤੀ ਜਾਵੇਗੀ।

ਗਿਆਨੀ ਇਕਬਾਲ ਸਿੰਘ ਨੂੰ ਸੇਵਾ ਮੁਕਤ ਕੀਤੇ ਜਾਣ ਤੋਂ ਬਾਅਦ ਆਰਜ਼ੀ ਪ੍ਰਬੰਧ ਵਾਸਤੇ ਗਿਆਨੀ ਰਜਿੰਦਰ ਸਿੰਘ ਨੂੰ ਫਿਲਹਾਲ ਤਖਤ ਪਟਨਾ ਸਾਹਿਬ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਖਿਲਾਫ ਕੁਝ ਔਰਤਾਂ ਵੱਲੋਂ ਇਥੇ ਸ਼ਿਕਾਇਤ ਪੱਤਰ ਦਿੱਤਾ ਗਿਆ ਹੈ, ਜਿਸ ਵਿਚ ਉਨ੍ਹਾਂ ਗਿਆਨੀ ਇਕਬਾਲ ਸਿੰਘ 'ਤੇ ਦੋ ਵਿਆਹ ਕਰਕੇ ਪੰਥਕ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ ਲਾਏ ਹਨ। ਇਸ ਮਾਮਲੇ ਵਿਚ ਅਕਾਲ ਤਖਤ ਦੇ ਜਥੇਦਾਰ ਨੇ ਇਨ੍ਹਾਂ ਔਰਤਾਂ ਨੂੰ ਭਰੋਸਾ ਦਿੱਤਾ ਕਿ ਇਸ ਮਾਮਲੇ ਵਿਚ ਪਹਿਲਾਂ ਹੀ ਅਕਾਲ ਤਖਤ ਦੇ ਆਦੇਸ਼ 'ਤੇ ਦੋਸ਼ਾਂ ਦੀ ਜਾਂਚ ਚੱਲ ਰਹੀ ਹੈ। ਇਸ ਸਬੰਧੀ ਬਣਾਈ ਗਈ ਜਾਂਚ ਕਮੇਟੀ ਨੂੰ ਉਨ੍ਹਾਂ ਮੁੜ ਆਦੇਸ਼ ਕੀਤਾ ਕਿ ਉਹ 15 ਦਿਨਾਂ ਦੇ ਅੰਦਰ ਜਾਂਚ ਮੁਕੰਮਲ ਕਰਕੇ ਰਿਪੋਰਟ।

## ਸਿੱਖ ਨੌਜਵਾਨਾਂ ਨੂੰ ਸਜ਼ਾ ਦੇ ਮਾਮਲੇ ਦੀ ਪੈਰਵੀ ਦੀ ਹਦਾਇਤ

ਨਵਾਂ ਸ਼ਹਿਰ ਦੀ ਅਦਾਲਤ ਵੱਲੋਂ ਤਿੰਨ ਸਿੱਖ ਨੌਜਵਾਨਾਂ ਅਰਵਿੰਦਰ ਸਿੰਘ, ਸੁਰਜੀਤ ਸਿੰਘ, ਰਣਜੀਤ ਸਿੰਘ ਨੂੰ ਖਾਲਿਸਤਾਨੀ ਸਾਹਿਤ ਰੱਖਣ ਦੇ ਦੋਸ਼ ਹੇਠ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਮਾਮਲੇ ਵਿਚ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਇਨ੍ਹਾਂ ਨੌਜਵਾਨਾਂ ਦੇ ਕੇਸ ਦੀ ਕਾਨੂੰਨੀ ਪੈਰਵੀ ਕੀਤੀ ਜਾਵੇ ਅਤੇ ਆਰਥਿਕ ਸਹਾਇਤਾ ਵੀ ਮੁਹੱਈਆ ਕੀਤੀ ਜਾਵੇ।

ਪੰਜ ਸਿੰਘ ਸਾਹਿਬਾਨ ਵਲੋਂ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਨੂੰ ਹਦਾਇਤ ਜਾਰੀ ਕੀਤੀ ਗਈ ਹੈ ਕਿ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ ਨੂੰ ਇਕੋ ਮੰਚ ਤੋਂ ਇਕੱਠੇ ਹੋ ਕੇ ਮਨਾਇਆ ਜਾਵੇ। ਉਨ੍ਹਾਂ ਤਜਵੀਜ਼ ਦਿੱਤੀ ਹੈ ਕਿ ਪ੍ਰਕਾਸ਼ ਪੁਰਬ ਸਮਾਗਮ ਇਕੱਠੇ ਮਨਾਉਣ ਵਾਸਤੇ ਤਾਲਮੇਲ ਕਮੇਟੀ ਬਣਾ ਕੇ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨਾਲ ਸੰਪਰਕ ਕੀਤਾ ਜਾਵੇ।

# ਭੁਪਿੰਦਰ ਸਿੰਘ ਮਿਨਹਾਸ ਨੂੰ ਥਾਪਿਆ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਦਾ ਪ੍ਰਧਾਨ

**ਅੰਮ੍ਰਿਤਸਰ:** ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਕੀ ਬੋਰਡ ਦੇ ਗਠਨ ਬਾਰੇ ਮਹਾਰਾਸ਼ਟਰ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਦੇ ਬੋਰਡ ਵਿਚ 9 ਮੈਂਬਰਾਂ



ਨੂੰ ਸ਼ਾਮਲ ਕਰ ਕੇ ਭੁਪਿੰਦਰ ਸਿੰਘ ਮਿਨਹਾਸ ਨੂੰ ਬੋਰਡ ਦਾ ਪ੍ਰਧਾਨ ਬਣਾਇਆ ਗਿਆ ਹੈ।

ਮਹਾਰਾਸ਼ਟਰ ਸਰਕਾਰ ਦੇ ਡਿਪਟੀ ਸਕੱਤਰ ਰਵੀ ਰਾਜ ਫਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਵਿਚ ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਨਾਂਦੇੜ ਦੇ 9 ਮੈਂਬਰਾਂ ਵਿਚ ਭੁਪਿੰਦਰ ਸਿੰਘ ਮਿਨਹਾਸ ਤੋਂ ਇਲਾਵਾ ਰਵਿੰਦਰ ਸਿੰਘ ਬੁੰਗਈ, ਮਨਪ੍ਰੀਤ ਸਿੰਘ ਕੁੰਜੀਵਾਲੇ, ਗੁਰਮੀਤ ਸਿੰਘ ਮਹਾਜਨ, ਗੁਰਦੀਪ ਸਿੰਘ ਭਾਟੀਆ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ, ਗੁਰਿੰਦਰ ਸਿੰਘ ਬਾਵਾ, ਪਰਮਜੋਤ ਸਿੰਘ ਚਾਹਲ ਦੇ ਨਾਂ ਸ਼ਾਮਲ ਹਨ। ਇਹ ਨੋਟੀਫਿਕੇਸ਼ਨ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਅਬਚਲ ਨਗਰ ਸਾਹਿਬ ਐਕਟ 1956 ਤਹਿਤ ਜਾਰੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਮਹਾਰਾਸ਼ਟਰ ਸਰਕਾਰ ਵੱਲੋਂ ਇਸ ਐਕਟ ਵਿਚ ਸੋਧ ਕਰਕੇ ਪ੍ਰਬੰਧਕੀ ਬੋਰਡ ਦਾ ਚੇਅਰਮੈਨ ਸਰਕਾਰ ਵੱਲੋਂ ਨਾਮਜ਼ਦ ਕੀਤਾ ਜਾ ਰਿਹਾ ਸੀ ਜਿਸ ਦਾ ਪਹਿਲਾਂ ਵੀ ਮਹਾਰਾਸ਼ਟਰ ਦੀ ਸਿੱਖ ਸੰਗਤ ਵਲੋਂ ਵਿਰੋਧ ਕੀਤਾ ਗਿਆ ਸੀ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਸ ਸਬੰਧੀ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵਿੰਦਰ ਫੜਨਵੀਸ ਨੂੰ ਅਪੀਲ ਕੀਤੀ ਸੀ ਕਿ ਇਸ ਸੋਧ ਨੂੰ ਰੱਦ ਕੀਤਾ ਜਾਵੇ ਅਤੇ ਸਿੱਖ ਸੰਗਤ ਦੀ ਮੰਗ ਮੁਤਾਬਕ ਬੋਰਡ ਲਈ ਚੁਣੇ ਗਏ ਤੇ ਨਾਮਜ਼ਦ ਕੀਤੇ ਮੈਂਬਰਾਂ ਵਿਚੋਂ ਹੀ ਪ੍ਰਧਾਨ ਨਿਯੁਕਤ ਕੀਤਾ ਜਾਵੇ।

## ਸਰਕਾਰੀ ਪ੍ਰਧਾਨ ਨਿਯੁਕਤ ਕਰਨ ਦਾ ਵਿਰੋਧ

**ਨਾਂਦੇੜ:** ਮਹਾਰਾਸ਼ਟਰ ਸਰਕਾਰ ਵੱਲੋਂ ਇਥੋਂ ਦੇ ਗੁਰਦੁਆਰਾ ਤਖਤ ਸ੍ਰੀ ਸੱਚਖੰਡ ਬੋਰਡ ਧਾਰਮਿਕ ਸੰਸਥਾ 'ਤੇ ਸਰਕਾਰੀ ਪ੍ਰਧਾਨ ਨਿਯੁਕਤ ਕੀਤੇ ਜਾਣ ਕਾਰਨ ਇਕ ਵਾਰ ਮੁੜ ਸਿੱਖ ਭਾਈਚਾਰੇ 'ਚ ਰੋਸ ਦੀ ਲਹਿਰ ਫੈਲ ਗਈ ਹੈ।

ਮਹਾਰਾਸ਼ਟਰ ਸਰਕਾਰ ਨੇ ਬੋਰਡ 'ਤੇ 9 ਮੈਂਬਰਾਂ ਵਾਲਾ ਬੋਰਡ ਨਿਯੁਕਤ ਕੀਤਾ। ਹੈਦਰਾਬਾਦ ਦੇ ਪ੍ਰਤੀਨਿਧੀ, ਸੱਚਖੰਡ ਹਜ਼ੂਰੀ ਖਾਲਸਾ ਦੀਵਾਨ, 2 ਸਿੱਖ ਸੰਸਦ ਮੈਂਬਰਾਂ ਦੀ ਨਿਯੁਕਤੀ ਮੈਂਬਰਾਂ ਦੇ ਤੌਰ 'ਤੇ ਰੋਕੀ ਗਈ ਹੈ, ਜਿਸ ਨੂੰ ਭਾਜਪਾ ਸਰਕਾਰ ਦੀ ਇਕ ਵੱਡੀ ਸ਼ਰਾਰਤ ਸਮਝਿਆ ਜਾ ਰਿਹਾ ਹੈ। ਸਿੱਖ ਭਾਈਚਾਰੇ ਵੱਲੋਂ ਤਖਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਦੀ ਮੁੱਖ ਡਿਊੜੀ ਦੇ ਬਾਹਰ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕੀਤਾ ਅਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਵੀ ਕੀਤੀ।

# ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਲਈ ਹੰਭਲਾ ਮਾਰਨ ਦਾ ਸੱਦਾ


**ਚੰਡੀਗੜ੍ਹ:** ਸਿੱਖ ਤਾਲਮੇਲ ਕਮੇਟੀ ਦੇ ਸੱਦੇ 'ਤੇ ਚੰਡੀਗੜ੍ਹ ਦੇ ਕਿਸਾਨ ਭਵਨ ਵਿਚ ਸੈਮੀਨਾਰ ਹੋਇਆ। ਇਸ ਮੌਕੇ ਬਹੁਗਿਣਤੀ ਬੁਲਾਰਿਆਂ ਨੇ ਕਿਹਾ ਕਿ ਸਿੱਖ ਕੌਮ ਨੂੰ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਤਹਿਤ ਦੇਸ਼ ਵਿਚਲੇ ਤਖਤ ਸਾਹਿਬਾਨ ਤੋਂ ਇਲਾਵਾ ਇਤਿਹਾਸਕ ਅਸਥਾਨਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਧੀਨ ਕਰਨ ਲਈ ਕੇਂਦਰ ਸਰਕਾਰ ਕੋਲੋਂ ਇਹ ਐਕਟ ਬਣਵਾਉਣ ਲਈ ਜੱਦੋ-ਜਹਿਦ ਕਰਨੀ ਚਾਹੀਦੀ ਹੈ।

ਇਸ ਮੌਕੇ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਆਲ ਇੰਡੀਆ ਗੁਰਦੁਆਰਾ ਐਕਟ ਬਣਨ ਨਾਲ ਇਕ ਪ੍ਰਧਾਨ, ਇਕ ਵਿਧਾਨ ਤੇ ਇਕ ਸੰਵਿਧਾਨ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਅਕਸ ਬਣੇਗਾ। ਉਨ੍ਹਾਂ ਕਿਹਾ ਕਿ ਉਹ ਜਿਸ ਵੇਲੇ ਅਕਾਲੀ ਦਲ ਬਾਦਲ ਵਿਚ ਸਨ ਤਾਂ ਉਨ੍ਹਾਂ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਲਈ ਆਵਾਜ਼ ਬੁਲੰਦ ਕੀਤੀ ਸੀ ਪਰ ਸ੍ਰੀ ਬਾਦਲ ਨੂੰ ਇਹ ਗੱਲ ਚੰਗੀ ਨਹੀਂ ਲੱਗੀ ਸੀ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਸਿੱਖ ਜਥੇਬੰਦੀਆਂ ਨੂੰ ਧੜੇਬੰਦੀ ਤੋਂ ਉਪਰ ਉੱਠ ਕੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਕਾਰਜ ਕਰਨੇ ਚਾਹੀਦੇ ਹਨ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਭੋਮਾ ਦੇ ਪ੍ਰਧਾਨ ਨੇ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਣਾਉਣ ਲਈ ਸਿੱਖ ਵਿਦਵਾਨਾਂ ਦਾ ਪੈਨਲ ਬਣਾਉਣ ਦਾ ਸੁਝਾਅ ਦਿੱਤਾ। ਇਸੇ ਦੌਰਾਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਜਥੇਦਾਰ ਸੇਖਵਾਂ ਨਾਲ ਮੀਟਿੰਗ ਕਰਕੇ ਐਲਾਨ ਕੀਤਾ ਕਿ ਬਹੁਤ ਜਲਦੀ ਉਹ ਆਪਣੀ ਕਮੇਟੀ ਦੀ ਮੀਟਿੰਗ ਬੁਲਾ ਕੇ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਲਈ ਮਤਾ ਪਾਸ ਕਰਨਗੇ।

# ਨਵੇਂ ਵਰ੍ਹੇ ਦਾ ਨਾਨਕਸ਼ਾਹੀ ਕੈਲੰਡਰ ਜਾਰੀ

**ਅੰਮ੍ਰਿਤਸਰ:** ਨਾਨਕਸ਼ਾਹੀ ਸੰਮਤ 551 ਦਾ ਕੈਲੰਡਰ ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ। ਇਸ ਦੌਰਾਨ ਸਿੱਖ ਸੰਗਤ ਨੂੰ ਆਖਿਆ ਗਿਆ ਕਿ ਉਹ ਗੁਰਪੁਰਬ ਤੇ ਹੋਰ ਦਿਨ ਤਿਉਹਾਰ ਇਸ ਕੈਲੰਡਰ ਮੁਤਾਬਕ ਹੀ ਮਨਾਉਣ।

ਸਮਰਪਤ ਕੀਤਾ ਗਿਆ ਹੈ ਜਿਸ ਵਿਚ ਜਨਮ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ (ਪਾਕਿਸਤਾਨ) ਅਤੇ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਦੀਆਂ ਤਸਵੀਰਾਂ ਸ਼ਾਮਲ ਹਨ। ਕੈਲੰਡਰ ਦੇ ਹੋ ਰਹੇ ਵਿਰੋਧ ਬਾਰੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਜਿਨ੍ਹਾਂ ਨੂੰ ਕੈਲੰਡਰ 'ਤੇ ਇਤਰਾਜ਼ ਹੈ, ਉਹ ਆਪਣੇ



ਸਾਲ 2019-20 ਦਾ ਕੈਲੰਡਰ ਜਾਰੀ ਕਰਨ ਸਮੇਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਰਾਜਿੰਦਰ ਸਿੰਘ, ਸ੍ਰੀ ਅਕਾਲ ਤਖਤ ਤੋਂ ਪੰਜ ਪਿਆਰਿਆਂ ਵਿਚੋਂ ਭਾਈ ਦਿਲਬਾਗ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਧਿਕਾਰੀ ਹਾਜ਼ਰ ਸਨ। ਇਹ ਕੈਲੰਡਰ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਇਤਰਾਜ਼ ਸ੍ਰੀ ਅਕਾਲ ਤਖਤ ਉਤੇ ਭੇਜਣ, ਜਿਸ ਬਾਰੇ ਵਿਚਾਰ ਕੀਤਾ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਪਾਕਿਸਤਾਨ ਵਿਚ ਮਨਾਉਣ ਲਈ ਜਲਦੀ ਹੀ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ 550 ਸਾਲਾ ਪ੍ਰਕਾਸ਼ ਪੁਰਬ ਇਕੋ ਮੰਚ ਹੇਠ ਮਨਾਉਣ ਲਈ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰਨ ਦਾ ਯਤਨ ਕਰਨਗੇ।

# ਜਲੰਧਰ ਤੋਂ ਮੁੰਬਈ ਤੇ ਜੈਪੁਰ ਲਈ ਉਡਣਗੇ ਜਹਾਜ

**ਜਲੰਧਰ:** ਜ਼ਿਲ੍ਹੇ ਦੇ ਆਦਮਪੁਰ ਏਅਰਪੋਰਟ ਤੋਂ ਜਲਦ ਹੀ ਮੁੰਬਈ ਤੇ ਜੈਪੁਰ ਵਾਸਤੇ ਵੀ ਉਡਾਣਾਂ ਸ਼ੁਰੂ ਹੋਣਗੀਆਂ। ਆਦਮਪੁਰ ਏਅਰ ਫੋਰਸ ਸਟੇਸ਼ਨ 'ਤੇ ਬਣੇ ਏਅਰਪੋਰਟ ਤੋਂ ਫਿਲਹਾਲ ਸਿਰਫ ਦਿੱਲੀ ਵਾਸਤੇ ਇਕ ਉਡਾਣ ਚੱਲ ਰਹੀ ਹੈ। ਆਉਣ ਵਾਲੇ ਦਿਨਾਂ ਵਿਚ ਦੋ ਨਵੀਆਂ ਫਲਾਇਟਾਂ ਤੋਂ ਇਲਾਵਾ ਦਿੱਲੀ ਵਾਸਤੇ ਇਕ ਹੋਰ ਫਲਾਇਟ ਵੀ ਸ਼ੁਰੂ ਹੋ ਸਕਦੀ ਹੈ।

ਦੋਆਬੇ ਵਿਚ ਪੈਂਦੇ ਆਦਮਪੁਰ ਏਅਰਪੋਰਟ ਤੋਂ ਸਫਰ ਕਰਨ ਵਾਲਿਆਂ ਲਈ ਇਹ ਵੱਡੀ ਖੁਸ਼ਖਬਰੀ ਹੈ। ਆਦਮਪੁਰ ਏਅਰਫੋਰਸ ਸਟੇਸ਼ਨ ਦੇ ਨਾਲ ਹੀ ਬਣੇ ਸਿਵਲ ਏਅਰਪੋਰਟ ਤੋਂ ਹੁਣ ਜਲਦ ਹੀ ਮੁੰਬਈ ਅਤੇ ਜੈਪੁਰ ਲਈ ਵੀ ਫਲਾਇਟਾਂ ਸ਼ੁਰੂ ਹੋਣ ਵਾਲੀਆਂ ਹਨ। ਇਸ ਏਅਰਪੋਰਟ ਤੋਂ ਸਪਾਇਸ ਜੈਟ ਦਿੱਲੀ ਵਾਸਤੇ ਰੋਜ਼ਾਨਾ ਇਕ ਫਲਾਇਟ ਚਲਾਉਂਦਾ ਹੈ। ਹੁਣ ਸਪਾਇਸ ਜੈਟ ਕੰਪਨੀ ਨੇ ਹੀ ਦੋ ਹੋਰ ਨਵੀਆਂ ਫਲਾਇਟਾਂ ਦੀ ਬੋਲੀ ਹਾਸਲ ਕਰ ਲਈ ਹੈ। ਆਦਮਪੁਰ ਏਅਰਪੋਰਟ ਦੇ ਟਰਮੀਨਲ ਤੇ ਹੋਰ ਕੰਮਾਂ ਦਾ ਨੀਂਹ ਪੱਥਰ ਹਵਾਬਾਜ਼ੀ ਮੰਤਰੀ ਸੁਰੇਸ਼ ਪ੍ਰਭੂ ਨੇ ਦਿੱਲੀ ਤੋਂ ਹੀ ਡਿਜੀਟਲ ਤਰੀਕੇ ਨਾਲ ਰੱਖਿਆ।

165 ਕਰੋੜ ਰੁਪਏ ਦੇ ਇਸ ਪ੍ਰੋਜੈਕਟ ਨਾਲ ਇਥੇ ਟਰਮੀਨਲ ਅਤੇ ਹੋਰ ਕੰਮ ਹੋਣਗੇ। ਹਾਲਾਂਕਿ ਰਨਵੇ ਏਅਰਫੋਰਸ ਦਾ ਹੀ ਇਸਤੇਮਾਲ ਹੋਵੇਗਾ। ਇਸ ਮੌਕੇ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਅਤੇ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਦਾ ਕਹਿਣਾ ਹੈ ਕਿ ਇਥੋਂ ਹੋਰ ਫਲਾਇਟਾਂ ਸ਼ੁਰੂ ਹੋਣ ਨਾਲ ਦੋਆਬਾ ਦੀ ਸਨਅਤ ਨੂੰ ਉਤਸ਼ਾਹ ਮਿਲੇਗਾ। ਪਹਿਲਾਂ ਜਿਹੜੀ ਗੱਲ ਸੁਪਨਾ ਲੱਗਦੀ ਸੀ, ਉਹ ਹੁਣ ਸੱਚ ਹੋ ਰਹੀ ਹੈ। ਆਦਮਪੁਰ ਏਅਰਪੋਰਟ ਤੋਂ ਬਾਅਦ ਦੋ ਹੋਰ ਫਲਾਇਟਾਂ ਸ਼ੁਰੂ ਹੋਣ ਦੀਆਂ ਤਿਆਰੀਆਂ ਨੇ ਦੋਆਬਾ ਦੇ ਕਾਰੋਬਾਰੀਆਂ ਦੇ ਚਿਹਰੇ 'ਤੇ ਖਿੜਾ ਦਿੱਤੇ ਹਨ। ਕਾਰੋਬਾਰੀਆਂ ਨੂੰ ਲੱਗਦਾ ਹੈ ਕਿ ਇਸ ਨਾਲ ਬਿਜ਼ਨਸ ਨਵਾਂ ਰਾਹ ਮਿਲੇਗਾ ਤੇ ਸੂਬੇ ਦੀ ਹੋਰ ਤਰੱਕੀ ਹੋਵੇਗੀ।

## ਦਰਬਾਰ ਸਾਹਿਬ ਦੀ ਇਤਿਹਾਸਕ ਸਮੱਗਰੀ ਵਾਪਸ ਲੈਣ ਲਈ ਰਾਜਨਾਥ ਨੂੰ ਪੱਤਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 1984 ਵਿਚ ਅਪਰੇਸ਼ਨ ਬਲਿਊ ਸਟਾਰ ਦੌਰਾਨ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਲਾਇਬ੍ਰੇਰੀ ਤੋਂ ਹਟਾਈ ਗਈ ਇਤਿਹਾਸਕ ਸਮੱਗਰੀ ਤੁਰਤ ਵਾਪਸ ਕਰਨ ਵਾਸਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਪੱਤਰ ਲਿਖਿਆ ਹੈ।

ਇਸ ਮਾਮਲੇ ਵਿਚ ਕੇਂਦਰੀ ਗ੍ਰਹਿ ਮੰਤਰੀ ਦੇ ਦਖਲ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇੰਗਲੈਂਡ ਤੋਂ ਸਿੱਖ ਸੰਗਠਨਾਂ ਦੀ ਤਾਲਮੇਲ ਕਮੇਟੀ ਦੇ ਕੁਝ ਨੁਮਾਇੰਦਿਆਂ ਦਾ ਇਕ ਵਫਦ ਹਾਲ ਹੀ ਵਿਚ ਉਨ੍ਹਾਂ ਨੂੰ ਮਿਲਿਆ ਸੀ ਅਤੇ ਉਨ੍ਹਾਂ ਇੰਗਲੈਂਡ ਦੇ ਸਿੱਖ ਭਾਈਚਾਰੇ ਅਤੇ ਉਥੇ ਵਸੇ ਭਾਰਤੀਆਂ ਨਾਲ ਸਬੰਧਤ ਕੁਝ ਮੁੱਦਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਸੀ। ਇਨ੍ਹਾਂ ਵਿਚ ਹਰਿਮੰਦਰ ਸਾਹਿਬ ਤੋਂ ਲਿਜਾਈ ਗਈ ਇਤਿਹਾਸਕ ਸਮੱਗਰੀ ਨਾਲ ਸਬੰਧਤ ਮੁੱਦਾ ਵੀ ਸ਼ਾਮਲ ਸੀ। ਵਫਦ ਵੱਲੋਂ ਉਠਾਏ ਗਏ ਮੁੱਦਿਆਂ ਬਾਰੇ ਪੰਜਾਬ ਸਰਕਾਰ ਢੁਕਵੇਂ ਪੱਧਰ ਉਤੇ ਪਹਿਲਾਂ ਹੀ ਚਰਚਾ ਕਰ ਰਹੀ ਹੈ, ਪਰ ਇਤਿਹਾਸਕ ਸਮੱਗਰੀ ਸ੍ਰੀ ਦਰਬਾਰ ਸਾਹਿਬ ਨੂੰ ਵਾਪਸ ਦੇਣ ਵਾਸਤੇ ਭਾਰਤ ਸਰਕਾਰ ਦੇ ਗ੍ਰਹਿ ਮਾਮਲਿਆਂ ਦੇ ਮੰਤਰਾਲੇ ਦੇ ਦਖਲ ਦੀ ਜ਼ਰੂਰੀ ਲੋੜ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲਿਖਿਆ ਹੈ ਕਿ ਸਿੱਖ ਧਰਮ ਦੀ ਵਡਮੁੱਲੀ ਅਤੇ ਇਤਿਹਾਸਕ ਸਮੱਗਰੀ ਜੂਨ, 1984 ਵਿੱਚ ਸੁਰੱਖਿਆ ਫੋਰਸਾਂ ਆਪਣੇ ਨਾਲ ਲੈ ਗਈਆਂ ਸਨ ਅਤੇ ਇਸ ਨੂੰ ਅਜੇ ਤੱਕ ਵਾਪਸ ਨਹੀਂ ਕੀਤਾ ਗਿਆ।

# ਵੱਡੇ ਘਰਾਣਿਆਂ ਦੀਆਂ ਬੱਸਾਂ ਨੂੰ ਬਰੇਕ ਲਾਉਣ ਵਿਚ ਕੈਪਟਨ ਸਰਕਾਰ ਨਾਕਾਮ

**ਬਠਿੰਡਾ:** ਵੱਡੇ ਘਰਾਣਿਆਂ ਦੀ ਬੱਸਾਂ ਨੂੰ ਬਰੇਕ ਲਾਉਣ ਵਿਚ ਕੈਪਟਨ ਸਰਕਾਰ ਨਾਕਾਮ ਰਹੀ ਹੈ। ਸਰਕਾਰ ਦੀ ਚੁੱਪ ਮਗਰੋਂ ਪ੍ਰਾਈਵੇਟ ਬੱਸ ਮਾਲਕ ਹੁਣ ਵੱਡੇ ਘਰਾਣੇ ਦੀ ਬੱਸ ਕੰਪਨੀ ਅੱਗੇ ਵਿਛਣ ਲੱਗੇ ਹਨ। ਪ੍ਰਾਈਵੇਟ ਬੱਸ ਮਾਲਕਾਂ ਨੂੰ ਉਮੀਦਾਂ ਸਨ ਕਿ ਕੈਪਟਨ ਸਰਕਾਰ ਬਣਨ ਮਗਰੋਂ ਉਨ੍ਹਾਂ ਦੇ ਦਿਨ ਬਦਲਣਗੇ। ਜਦੋਂ ਕੁਝ ਵੀ ਨਾ ਬਦਲਿਆ ਤਾਂ ਇਨ੍ਹਾਂ ਟਰਾਂਸਪੋਰਟਾਂ ਨੇ ਰੂਟ ਪਰਮਿਟ 'ਤੇ ਬੱਸਾਂ ਵੱਡੇ ਘਰਾਣੇ ਦੇ ਹਵਾਲੇ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਅਗਲੇ ਮਾਲੀ ਵਰ੍ਹੇ ਤੋਂ ਹੀ ਜਰਨੈਲੀ ਸੜਕਾਂ 'ਤੇ ਕੋਈ ਟਾਵੀਂ ਹੀ ਹੋਰ ਕੰਪਨੀ ਦੀ ਬੱਸ ਨਜ਼ਰ ਪਏਗੀ, ਨਹੀਂ ਤਾਂ ਇਕੋ ਕੰਪਨੀ ਦਾ ਏਕਾਧਿਕਾਰ ਹੋਵੇਗਾ। ਬਠਿੰਡਾ ਤੇ ਬਰਨਾਲਾ ਦੀਆਂ ਦੋ ਵੱਡੀਆਂ ਬੱਸ ਕੰਪਨੀਆਂ ਵੱਲੋਂ ਸਮੇਤ ਬੱਸਾਂ ਆਪਣੇ ਰੂਟ ਪਰਮਿਟਾਂ ਵਗੈਰਾ ਦਾ ਸੌਦਾ ਇੱਕ ਵੱਡੇ ਘਰਾਣੇ ਦੀ ਬੱਸ ਕੰਪਨੀ ਨਾਲ ਕਰਨ ਦੇ ਚਰਚੇ ਹਨ।

ਸੂਤਰ ਦੱਸਦੇ ਹਨ ਕਿ ਬਰਨਾਲਾ ਦੀ ਇੱਕ ਵੱਡੀ ਬੱਸ ਕੰਪਨੀ ਨੇ ਬਠਿੰਡਾ ਲੁਧਿਆਣਾ ਅਤੇ ਬਠਿੰਡਾ ਜਲੰਧਰ ਵਾਲੇ ਅਤੇ ਹੋਰ ਰੂਟ ਪਰਮਿਟ ਸਮੇਤ ਬੱਸਾਂ ਦਾ ਸੌਦਾ ਕੀਤਾ ਹੈ। ਇਵੇਂ ਬਠਿੰਡਾ ਦੀ ਇੱਕ ਵੱਡੀ ਬੱਸ ਕੰਪਨੀ ਨੇ ਹਥਿਆਰ ਸੁੱਟੇ ਹਨ, ਜਿਸ ਨੇ ਅੱਧੀ ਦਰਜਨ ਰੂਟ ਪਰਮਿਟ 'ਤੇ ਬੱਸਾਂ ਦਾ ਸੌਦਾ ਕੀਤਾ ਹੈ। ਕੁਝ ਟਰਾਂਸਪੋਰਟਰਾਂ ਨੇ ਦੱਸਿਆ ਕਿ ਹੁਣ ਤਾਂ ਬਹੁਤੇ ਪ੍ਰਾਈਵੇਟ ਟਰਾਂਸਪੋਰਟਾਂ ਦਾ ਮਨੋਬਲ ਡਿੱਗ ਚੁੱਕਾ ਹੈ ਕਿਉਂਕਿ ਉਨ੍ਹਾਂ ਨੂੰ ਕੈਪਟਨ ਸਰਕਾਰ ਤੋਂ ਵੱਡੀਆਂ ਆਸਾਂ ਸਨ। ਇੱਕ ਟਰਾਂਸਪੋਰਟਰ ਨੇ ਦੱਸਿਆ ਕਿ ਹਾਲੇ ਵੀ ਬੱਸਾਂ ਦੇ ਟਾਈਮ ਟੇਬਲ ਵੱਡੇ ਘਰਾਣੇ ਦੇ ਜਰਨੈਲ ਹੀ ਬੈਠ ਕੇ ਤਿਆਰ ਕਰਦੇ ਹਨ। ਬਠਿੰਡਾ ਦੇ ਇੱਕ ਹੋਰ ਟਰਾਂਸਪੋਰਟਰ ਦੀਆਂ ਬੱਸਾਂ 'ਤੇ ਵੀ ਇਨ੍ਹਾਂ ਜਰਨੈਲਾਂ ਦੀ ਅੱਖ ਹੈ। ਪੀ.ਆਰ.ਟੀ.ਸੀ. ਦੇ ਇੱਕ ਅਧਿਕਾਰੀ ਨੇ ਆਖਿਆ ਕਿ ਜਦੋਂ ਸਾਰੀ ਦਾਲ ਕਾਲੀ ਹੋਵੇ ਤਾਂ ਚੁੱਪ ਵਿਚ ਹੀ ਭਲੀ ਹੁੰਦੀ ਹੈ। ਪ੍ਰਾਈਵੇਟ ਟਰਾਂਸਪੋਰਟਰ ਆਖਦੇ ਹਨ ਕਿ ਮੌਜੂਦਾ ਸਰਕਾਰ ਏਦਾਂ ਹੀ ਚੁੱਪ ਰਹੀ ਤਾਂ ਹੋਰ ਵੀ ਕਾਫ਼ੀ ਟਰਾਂਸਪੋਰਟਰ ਮੁੜ ਖੇਤੀ ਕਰਨ ਲੱਗ ਜਾਣਗੇ।

## ਬਾਦਲ ਖਰੀਦਣਗੇ ਹੋਰ ਬੱਸਾਂ

**ਚੰਡੀਗੜ੍ਹ:** ਪਿਛਲੇ ਸਾਲ 40 ਬੱਸਾਂ ਆਪਣੇ ਬੇੜੇ 'ਚ ਸ਼ਾਮਲ ਕਰਨ ਮਗਰੋਂ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਔਰਬਿਟ ਏਵੀਏਸ਼ਨ ਲਿਮਟਿਡ ਅਤੇ ਸਹਾਇਕ ਕੰਪਨੀਆਂ ਆਪਣੇ 200 ਤੋਂ ਵੱਧ ਬੱਸਾਂ ਦੇ ਬੇੜੇ ਵਿਚ 28 ਹੋਰ ਬੱਸਾਂ ਸ਼ਾਮਲ ਕਰਨ ਜਾ ਰਹੀਆਂ ਹਨ। ਸੂਤਰਾਂ ਮੁਤਾਬਕ ਇਹ ਬੱਸਾਂ ਓਂਕਾਰ ਬੱਸ ਸਰਵਿਸ ਦੀਆਂ ਹਨ ਜਿਨ੍ਹਾਂ ਕੋਲ 28 ਬੱਸ ਪਰਮਿਟ ਹਨ। ਬਾਦਲਾਂ ਦੀਆਂ ਕੰਪਨੀਆਂ ਹੋਰ ਬੱਸਾਂ ਖ਼ਰੀਦਣ ਲਈ ਕੁਝ ਹੋਰ ਟਰਾਂਸਪੋਰਟਰਾਂ ਦੇ ਸੰਪਰਕ ਵਿਚ ਵੀ ਹਨ। ਓਂਕਾਰ ਬੱਸ ਸੇਵਾ ਦੇ ਮੈਨੇਜਰ ਕਰਨਲ (ਸੇਵਾ ਮੁਕਤ) ਆਨੰਦ ਸ਼ਾਰਦਾ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਬੱਸਾਂ ਦੀ ਵਿਕਰੀ ਲਈ ਗੱਲਬਾਤ ਅੰਤਮ ਦੌਰ ਵਿਚ ਹੈ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਦਾ ਕਾਰੋਬਾਰ ਹੁਣ ਮੁਨਾਫ਼ੇ ਦਾ ਸੌਦਾ ਨਹੀਂ ਰਿਹਾ, ਪਰ ਉਧਰ ਬਾਦਲ ਪਰਿਵਾਰ ਦੀਆਂ ਬੱਸਾਂ 'ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਸਾਲ 2014 ਵਿਚ ਉਨ੍ਹਾਂ ਕੋਲ 60 ਬੱਸਾਂ ਸਨ ਪਰ ਹੁਣ 200 ਤੋਂ ਵੱਧ ਬੱਸਾਂ ਹੋ ਗਈਆਂ ਹਨ। ਬਾਦਲਾਂ ਦੀਆਂ ਵੱਖ-ਵੱਖ ਕੰਪਨੀਆਂ ਦੇ ਡਾਇਰੈਕਟਰਾਂ ਲਖਵੀਰ ਲੱਖੀ ਅਤੇ ਮੁਹੰਮਦ ਜਮੀਲ ਸਮੇਤ ਹੋਰਾਂ ਨਾਲ ਸੰਪਰਕ ਕਰਨ ਦੀਆਂ ਕੋਸ਼ਿਸ਼ਾਂ ਬੇਕਾਰ ਗਈਆਂ।

# ਪਾਕਿਸਤਾਨ ਨੂੰ ਜਾਂਦਾ ਪਾਣੀ ਰੋਕਣ ਲਈ ਕੈਪਟਨ ਸਰਕਾਰ ਹੋਈ ਸਰਗਰਮ

**ਪਠਾਨਕੋਟ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਕਿਸਤਾਨ ਵੱਲ ਵਗਦੇ ਰਾਵੀ ਦਰਿਆ ਦੇ ਵਾਧੂ ਪਾਣੀ ਨੂੰ ਹਰ ਹਾਲ ਵਿਚ ਰੋਕਿਆ ਜਾਵੇਗਾ ਅਤੇ ਖਰਚ ਆਉਣਗੇ। ਇਸ ਦੇ ਬਣਨ ਤੋਂ ਬਾਅਦ ਪਾਣੀ ਦੀ ਬੂੰਦ ਵੀ ਪਾਕਿਸਤਾਨ ਵੱਲ ਨਹੀਂ ਜਾ ਸਕੇਗੀ। ਇਹ ਪਾਣੀ ਪੰਜਾਬ ਦੇ ਖੇਤਾਂ ਨੂੰ ਜਾਵੇਗਾ ਅਤੇ ਬਿਜਲੀ ਵੀ ਪੈਦਾ ਹੋ ਸਕੇਗੀ। ਉਨ੍ਹਾਂ ਗੁਆਂਢੀ



ਪਾਣੀ ਦੀ ਇਕ ਬੂੰਦ ਵੀ ਵਿਅਰਥ ਨਹੀਂ ਜਾਣ ਦਿੱਤੀ ਜਾਵੇਗੀ। ਇਸ ਪਾਣੀ ਨਾਲ ਪੰਜ ਹਜ਼ਾਰ ਹੈਕਟੇਅਰ ਰਕਬੇ ਦੀ ਸਿੰਜਾਈ ਕੀਤੀ ਜਾਵੇਗੀ। ਪੰਜਾਬ ਵਿੱਚ ਕਾਂਗਰਸ ਸਰਕਾਰ ਬਣਦਿਆਂ ਹੀ ਸ਼ਾਹਪੁਰ ਕੰਡੀ ਡੈਮ ਦੇ ਰੁਕੇ ਪਏ ਕੰਮ ਨੂੰ ਸ਼ੁਰੂ ਕਰਵਾਉਣ ਲਈ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਜੰਮੂ ਕਸ਼ਮੀਰ ਸੂਬੇ ਨਾਲ ਪਾਣੀ ਦੇ ਰੇੜਕੇ ਬਾਰੇ ਬਣੀ ਖੜੋਤ ਨੂੰ ਦੂਰ ਕਰਵਾ ਕੇ ਨਿਰਮਾਣ ਕਾਰਜ ਮੁੜ ਸ਼ੁਰੂ ਕਰਵਾਇਆ ਹੈ।

ਮੁੱਖ ਮੰਤਰੀ ਨੇ ਸ਼ਾਹਪੁਰ ਕੰਡੀ ਡੈਮ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਣ ਰਖਿਆ। ਇਸ ਡੈਮ ਦਾ ਕੰਮ ਤਿੰਨ ਸਾਲਾਂ ਵਿੱਚ ਮੁਕੰਮਲ ਹੋ ਜਾਵੇਗਾ ਤੇ ਇਸ ਉਪਰ 2700 ਕਰੋੜ ਰੁਪਏ ਮੁਲਕ 'ਤੇ ਵਰ੍ਹਦਿਆਂ ਕਿਹਾ ਕਿ ਪਾਕਿਸਤਾਨ ਆਏ ਦਿਨ ਸਰਹੱਦ 'ਤੇ ਗੋਲੀਬਾਰੀ ਕਰਕੇ ਦੇਸ਼ ਦੇ ਜਵਾਨਾਂ ਨੂੰ ਮਾਰ ਰਿਹਾ ਹੈ ਤਾਂ ਉਹ ਪਾਕਿਸਤਾਨ ਨੂੰ ਪਾਣੀ ਕਿਉਂ ਦੇਣ।

ਮੁੱਖ ਮੰਤਰੀ ਨੇ ਲੋਕਾਂ ਦੀ ਮੰਗ 'ਤੇ ਸ਼ਾਹਪੁਰਕੰਡੀ ਵਿੱਚ ਲੜਕੀਆਂ ਦਾ ਕਾਲਜ ਖੋਲ੍ਹਣ ਦਾ ਐਲਾਨ ਕੀਤਾ ਅਤੇ ਧਾਰਕਲਾਂ ਦੇ ਖੇਤਰ ਦੀਆਂ ਸੜਕਾਂ ਦੀ ਮੰਦੀ ਹਾਲਤ ਲਈ 60 ਕਿਲੋਮੀਟਰ ਦੀਆਂ ਪੇਂਡੂ ਸੜਕਾਂ ਦੀ ਮੁਰੰਮਤ ਮੰਡੀਕਰਨ ਬੋਰਡ ਰਾਹੀਂ ਕਰਵਾਉਣ ਦਾ ਐਲਾਨ ਕੀਤਾ। ਇਸ ਉਪਰੰਤ ਮੁੱਖ ਮੰਤਰੀ ਨੇ ਇੱਥੇ ਇੰਡਸਟਰੀਅਲ ਗਰੋਥ ਸੈਂਟਰ ਵਿਚ 550 ਕਰੋੜ ਨਾਲ ਬਣੀ ਪ੍ਰੈਪਸੀਕੋ ਇੰਡਸਟਰੀ ਦਾ ਵੀ ਉਦਘਾਟਨ ਕੀਤਾ।

# 'ਆਪ' ਨੇ ਮੋਦੀ, ਕੈਪਟਨ ਤੇ ਬਾਦਲ ਨੂੰ ਸੰਮਨ ਭੇਜਣ ਲਈ ਚੀਫ ਜਸਟਿਸ ਨੂੰ ਲਿਖਿਆ ਪੱਤਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਕਿਸਾਨ ਵਿੰਗ ਦੇ ਪ੍ਰਧਾਨ ਅਤੇ ਕੋਟਕਪੂਰਾ ਤੋਂ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਕਿ ਕਿਸਾਨਾਂ ਦੀ ਹਾਲਤ ਲਈ ਮੌਜੂਦਾ ਤੇ ਪਿਛਲੀਆਂ ਸਰਕਾਰਾਂ ਜ਼ਿੰਮੇਵਾਰ ਹਨ, ਇਸ ਲਈ ਉਨ੍ਹਾਂ ਨੂੰ ਸੰਮਨ ਕਰਕੇ ਅਦਾਲਤ ਬੁਲਾਇਆ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨ ਤੇ ਖੇਤ ਮਜ਼ਦੂਰਾਂ ਨਾਲ ਝੂਠ ਬੋਲਣ ਕਰਕੇ ਪੀ.ਐਮ. ਨਰਿੰਦਰ ਮੋਦੀ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਸੰਮਨ ਕੀਤੇ ਜਾਣੇ ਚਾਹੀਦੇ ਹਨ।

ਪੱਤਰ ਵਿਚ ਉਨ੍ਹਾਂ ਸੂਬੇ 'ਚ ਕਿਸਾਨ ਜਥੇਬੰਦੀਆਂ ਦੁਆਰਾ ਰੋਕੇ ਜਾ ਰਹੇ ਟ੍ਰੈਫਿਕ ਤੇ ਕਿਸਾਨਾਂ ਦੀ ਮੁਸ਼ਕਿਲ ਦੇ ਹੱਲ ਲਈ ਆਪਣੇ ਵਿਚਾਰ ਵੀ ਪੇਸ਼ ਕੀਤੇ। ਇਸ ਦੇ ਨਾਲ ਹੀ ਉਨ੍ਹਾਂ ਅਦਾਲਤ ਵੱਲੋਂ ਸੂਬੇ ਵਿਚ ਰੇਲਾਂ ਨੂੰ ਰੋਕ ਰਹੀਆਂ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਬੁਲਾ ਕੇ ਉਨ੍ਹਾਂ ਦੇ ਵਿਚਾਰ ਪੁੱਛਣ ਅਤੇ ਸਮੱਸਿਆ ਦਾ ਹੱਲ ਕੱਢਣ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਤੇ ਖਾਸ ਕਰਕੇ ਸੂਬੇ ਭਰ ਵਿਚ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸੜਕਾਂ ਤੇ ਰੇਲ ਪਟੜੀਆਂ 'ਤੇ ਉੱਤਰੇ ਹੋਏ ਹਨ।

ਸੰਧਵਾਂ ਨੇ ਕਿਹਾ ਕਿ 2014 ਦੀਆਂ ਆਮ ਚੋਣਾਂ ਤੋਂ ਪਹਿਲਾਂ ਬੀ.ਜੇ.ਪੀ. ਤੇ ਮੋਦੀ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਕਿਸਾਨਾਂ ਨਾਲ ਉਨ੍ਹਾਂ ਦੇ ਸਾਰੇ ਕਰਜ਼ੇ ਮੁਆਫ ਕਰਨ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਸਬੰਧੀ ਵਾਅਦੇ ਕੀਤੇ ਸੀ ਪਰ ਪੰਜ ਸਾਲ ਬੀਤਣ ਤੋਂ ਬਾਅਦ ਵੀ ਇਨ੍ਹਾਂ ਮੰਗਾਂ 'ਤੇ ਕਿਸੇ ਪ੍ਰਕਾਰ ਦਾ ਐਕਸ਼ਨ ਨਹੀਂ ਲਿਆ ਗਿਆ। ਇਥੋਂ ਤੱਕ ਕਿ ਸਰਕਾਰ ਕਈ ਮਹੀਨਿਆਂ ਤੋਂ ਦਿੱਲੀ ਦੇ ਜੰਤਰ-ਮੰਤਰ ਤੇ ਹੋਰਾਂ ਥਾਵਾਂ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀ ਸਾਰ ਲੈਣਾ ਵੀ ਜ਼ਰੂਰੀ ਨਹੀਂ ਸਮਝਦੀ। ਉਨ੍ਹਾਂ ਕਿਹਾ ਕਿ ਮੋਦੀ ਦੇ ਨਕਸ਼ੇ ਕਦਮ 'ਤੇ ਚੱਲਦਿਆਂ 2017 ਦੀਆਂ ਚੋਣਾਂ ਤੋਂ ਪਹਿਲਾਂ ਕੈਪਟਨ ਨੇ ਵੀ ਪੰਜਾਬ ਦੇ ਕਿਸਾਨਾਂ ਨਾਲ ਅਜਿਹੇ ਹੀ ਵਾਅਦੇ ਕੀਤੇ ਸੀ ਪਰ ਉਨ੍ਹਾਂ ਵੀ ਹਾਲੇ ਤੱਕ ਕੋਈ ਗੰਭੀਰ ਵਿਚਾਰ ਨਹੀਂ ਕੀਤਾ।

# ਵਿਦੇਸ਼ੀ ਮੁਦਰਾ ਭੰਡਾਰ ਨੇ 400 ਅਰਬ ਡਾਲਰ ਦਾ ਅੰਕੜਾ ਪਾਰ ਕੀਤਾ

**ਮੁੰਬਈ:** ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ ਮੁੜ 400 ਅਰਬ ਡਾਲਰ ਦੇ ਅੰਕੜੇ ਦੇ ਪਾਰ ਪੁੱਜ ਗਿਆ ਹੈ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪਹਿਲੀ ਮਾਰਚ ਨੂੰ ਸਮਾਪਤ ਹਫਤੇ ਦੌਰਾਨ ਵਿਦੇਸ਼ੀ ਮੁਦਰਾ ਭੰਡਾਰ 2.599 ਅਰਬ ਡਾਲਰ ਵਧ ਕੇ 401.776 ਅਰਬ ਡਾਲਰ ਹੋ ਗਿਆ ਹੈ।

ਪਿਛਲੇ ਹਫ਼ਤੇ ਦੇਸ਼ ਦਾ ਮੁਦਰਾ ਭੰਡਾਰ 94.47 ਕਰੋੜ ਡਾਲਰ ਵਧ ਕੇ 399.217 ਅਰਬ ਡਾਲਰ ਹੋ ਗਿਆ ਸੀ। ਡਾਲਰ ਵਿੱਚ ਜ਼ਾਹਰ ਕੀਤੀ ਜਾਣ ਵਾਲੀ ਵਿਦੇਸ਼ੀ ਮੁਦਰਾ ਪੂੰਜੀ ਵਿੱਚ ਮੁਦਰਾ ਭੰਡਾਰ ਵਿੱਚ ਮੌਜੂਦ ਗੈਰ ਅਮਰੀਕੀ ਮੁਦਰਾ ਜਿਵੇਂ ਯੂਰੋ, ਪੌਂਡ ਅਤੇ ਯੇਨ ਵਿੱਚ ਹੋਣ ਵਾਲੇ ਵਾਧੇ ਘਾਟੇ ਦੇ ਪ੍ਰਭਾਵ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ।

# ਸੁਖਬੀਰ ਵੱਲੋਂ ਕੈਪਟਨ ਨੂੰ ਕਬੱਡੀ ਕੱਪ ਬੰਦ ਕਰਵਾਉਣ ਦਾ ਉਲਾਂਭਾ

**ਬਲਾਚੌਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬਲਾਚੌਰ ਤੇ ਬੰਗਾ ਵਿਚ ਪਾਰਟੀ ਵਰਕਰਾਂ ਨਾਲ ਮਿਲਣੀ ਕੀਤੀ ਗਈ। ਬਲਾਚੌਰ ਦੇ ਇਕ ਪੈਲੇਸ ਵਿਚ ਸ੍ਰੀ ਬਾਦਲ ਨੇ ਸੂਬਾ ਸਰਕਾਰ 'ਤੇ ਵਾਰ ਕਰਦਿਆਂ ਕਿਹਾ ਕਿ ਕੈਪਟਨ ਸਰਕਾਰ ਨੂੰ ਕਿਸੇ ਵੀ ਵਰਗ ਦੀ ਚਿੰਤਾ ਨਹੀਂ ਹੈ।

ਉਨ੍ਹਾਂ ਕਿਹਾ ਕਿ ਕੈਪਟਨ ਨੇ ਸੱਤਾ ਵਿਚ ਆਉਂਦਿਆਂ ਹੀ ਜਿਥੇ ਵਰਲਡ ਕਬੱਡੀ ਕੱਪ ਬੰਦ ਕਰਕੇ ਖਿਡਾਰੀਆਂ ਦੇ ਮਨੋਬਲ ਨੂੰ ਠੇਸ ਪਹੁੰਚਾਈ, ਉਥੇ ਹੀ ਵਿਦਿਆਰਥੀਆਂ ਦੇ ਵਜ਼ੀਫੇ, ਤੀਰਥ ਯਾਤਰਾ ਬੰਦ ਕਰਕੇ ਪੰਜਾਬ ਦੀ ਜਨਤਾ ਨਾਲ ਕੋਝਾ ਮਜ਼ਾਕ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਥਿਤੀ ਇਸ ਵੇਲੇ ਬਿਨਾਂ ਡਰਾਈਵਰ ਦੇ ਗੱਡੀ ਵਾਂਗ ਹੋ ਚੁੱਕੀ ਹੈ। ਇਥੇ ਹਰ ਮੁਲਾਜ਼ਮ ਵਰਗ ਕੈਪਟਨ ਸਰਕਾਰ ਦੀਆਂ ਮਾਰੂ ਨੀਤੀਆਂ ਤੋਂ ਦੁਖੀ ਹੈ ਜਿਹੜਾ ਹੜਤਾਲਾਂ ਦਾ ਰਾਹ ਅਖਤਿਆਰ ਕਰ ਚੁੱਕਾ ਹੈ।


ਹੈਲਪਰਾਂ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਪੰਜਾਬੀ ਰੈਸਟੋਰੈਂਟ ਲਈ ਦੋ ਹੈਲਪਰਾਂ ਦੀ ਲੋੜ ਹੈ

ਮੁਫਤ ਰਿਹਾਇਸ਼, ਚੰਗਾ ਮਾਹੌਲ
ਪਤੀ-ਪਤਨੀ ਨੂੰ ਪਹਿਲ

ਸੰਪਰਕ ਕਰੋ: ਗੁਰਦੇਵ ਸਿੰਘ
ਫੋਨ: 773-220-2268
10-13

ਤੰਦੂਰੀਏ ਤੇ ਹਲਵਾਈ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
4-

Convenience Store For Sale

*In Cleveland, Ohio*
Corner Location. Great Opportunity.
Own a business since 1996
Convenience store (Beer, Wine, Grocery) + Check Cashing+ Lottery+ Bill Payments.
Sale Price $95K plus inventory.
Motivated seller planning to retire.
*Call Sunny for inquiries:*
Ph: 216-799-5015 or 440-232-8917
9-12

# ਪਰਵਾਸੀ ਲਾੜਿਆਂ ਨੇ 40 ਹਜ਼ਾਰ ਪੰਜਾਬਣਾਂ ਦੀ ਕੀਤੀ ਜ਼ਿੰਦਗੀ ਤਬਾਹ

**ਜਲੰਧਰ:** ਪੰਜਾਬ ਵਿਚ 40,000 ਔਰਤਾਂ ਪਰਵਾਸੀ ਲਾੜਿਆਂ ਦੇ ਇੰਤਜ਼ਾਰ ਵਿਚ ਹਨ। ਇਨ੍ਹਾਂ ਵਿਚੋਂ 20,000 ਔਰਤਾਂ ਦੁਆਬੇ ਖੇਤਰ ਦੀਆਂ ਹਨ। ਸਾਲਾਂ ਤੋਂ ਇਨਸਾਫ ਦੀ ਉਮੀਦ ਵਿਚ ਜਿਊਂਦੀਆਂ ਹਨ, ਪਰ ਪੁਲਿਸ, ਅਦਾਲਤ ਤੇ ਸਰਕਾਰਾਂ ਕਿਸੇ ਨੇ ਇਨ੍ਹਾਂ ਦੀ ਪਰੇਸ਼ਾਨੀ ਦਾ ਹੱਲ ਨਹੀਂ ਕੱਢਿਆ। ਨਾ ਹੀ ਆਪਣੀ ਪਤਨੀ ਨੂੰ ਛੱਡਣ ਵਾਲੇ ਕਿਸੇ ਐਨ.ਆਰ.ਆਈ. ਖਿਲਾਫ ਸਖਤ ਕਾਰਵਾਈ ਲਈ ਕੋਈ ਕਾਨੂੰਨ ਬਣਿਆ ਹੈ। ਵਿਦੇਸ਼ਾਂ ਵਿਚ ਵੱਸੇ ਮੁੰਡੇ ਪੰਜਾਬ ਆ ਕੇ ਕੁੜੀ ਵਾਲਿਆਂ ਨੂੰ ਸਬਜ਼ਬਾਗ ਦਿਖਾ ਕੇ ਵਿਆਹ ਕਰਵਾ ਲੈਂਦੇ ਹਨ। ਕੁਝ ਦਿਨ ਇਕੱਠੇ ਰਹਿਣ ਮਗਰੋਂ ਵਿਦੇਸ਼ ਚਲੇ ਜਾਂਦੇ ਹਨ। ਪਤਨੀ ਨੂੰ ਇਹ ਕਹਿ ਕੇ ਜਾਂਦੇ ਹਨ ਕਿ ਉਸ ਨੂੰ ਜਲਦ ਹੀ ਬੁਲਾ ਲੈਣਗੇ, ਪਰ ਪਤੀ ਦੇ ਇੰਤਜ਼ਾਰ ਵਿਚ ਮੁਟਿਆਰਾਂ ਜਿਊਂਦੀ ਲਾਸ਼ ਬਣ ਕੇ ਰਹਿ ਜਾਂਦੀਆਂ ਹਨ।

ਪੰਜਾਬ ਵਿਚ 627 ਐਨ.ਆਰ.ਆਈਜ਼. ਨੂੰ ਪੁਲਿਸ ਨੇ ਭਗੌੜਾ ਐਲਾਨ ਦਿੱਤਾ ਹੈ। ਇਨ੍ਹਾਂ ਖ਼ਿਲਾਫ ਅਪਰਾਧਿਕ ਸਮੇਤ ਹੋਰ ਵੀ ਗੰਭੀਰ ਮਾਮਲੇ ਦਰਜ ਹਨ। ਇਨ੍ਹਾਂ ਵਿਚ ਸਭ ਤੋਂ ਵੱਧ ਮਾਮਲੇ ਜਲੰਧਰ ਦਿਹਾਤ ਥਾਣੇ ਵਿਚ ਦਰਜ ਹਨ। ਹਾਲਾਂਕਿ, ਪਿਛਲੇ ਦਿਨੀਂ ਵਿਦੇਸ਼ ਮੰਤਰਾਲੇ ਨੇ ਅਜਿਹੇ ਹੀ 45 ਲਾੜਿਆਂ ਦੇ ਪਾਸਪੋਰਟ ਰੱਦ ਕੀਤੇ ਸੀ। ਪਰ ਜੁਰਮ ਦੀ ਗਿਣਤੀ ਦੇ ਹਿਸਾਬ ਨਾਲ ਇਹ ਅੰਕੜਾ ਬੇਹੱਦ ਥੋੜ੍ਹਾ ਹੈ।

ਹਾਲਾਂਕਿ, ਬੀਤੀ 11 ਜਨਵਰੀ ਨੂੰ ਰਾਜ ਸਭਾ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਪ੍ਰਵਾਸੀ ਲਾੜਿਆਂ ਲਈ 'ਦ ਰਜਿਸਟ੍ਰੇਸ਼ਨ ਆਫ ਮੈਰਿਜ ਆਫ ਨਾਨ ਰੈਜ਼ੀਡੈਂਟ ਇੰਡੀਅਨ ਬਿਲ' ਪੇਸ਼ ਕੀਤਾ, ਪਰ ਸੰਸਦ ਮੈਂਬਰਾਂ ਵੱਲੋਂ ਜ਼ੋਰ ਨਾ ਲਾਏ ਜਾਣ ਕਾਰਨ ਇਹ ਬਿਲ ਫਸ ਗਿਆ। ਹੁਣ ਇਹ ਬਿਲ 17ਵੀਂ ਲੋਕ ਸਭਾ 'ਚ ਪਾਸ ਹੋ ਸਕਦਾ ਹੈ।

# ਪਰਵਾਸੀ ਲਾੜਿਆਂ ਹੱਥੋਂ ਸਤਾਈਆਂ ਧੀਆਂ ਨੇ ਇਨਸਾਫ ਲਈ ਆਪ ਸੰਭਾਲਿਆ ਮੋਰਚਾ

**ਜਲੰਧਰ:** ਪਰਵਾਸੀ ਠੱਗ ਲਾੜਿਆਂ ਹੱਥੋਂ ਸਤਾਈਆਂ ਪੰਜਾਬ ਦੀਆਂ ਧੀਆਂ ਨੇ ਕੌਮਾਂਤਰੀ ਮਹਿਲਾ ਦਿਵਸ ਮਨਾਉਣ ਵਾਲੀਆਂ ਸਰਕਾਰਾਂ ਨੂੰ ਲਾਹਨਤਾਂ ਪਾਉਂਦਿਆਂ ਪਾਸਪੋਰਟ ਦਫਤਰ ਅੱਗੇ ਰੋਸ ਮੁਜ਼ਾਹਰਾ ਕੀਤਾ। 'ਅਬ ਨਹੀਂ ਵੈਲਫੇਅਰ ਸੁਸਾਇਟੀ' ਦੇ ਬੈਨਰ ਹੇਠ ਰੋਸ ਮੁਜ਼ਾਹਰਾ ਕਰਦਿਆਂ ਇਨ੍ਹਾਂ ਲੜਕੀਆਂ ਨੇ ਆਪਣੇ ਪਰਵਾਸੀ ਪਤੀਆਂ ਦੇ ਪਾਸਪੋਰਟ ਜ਼ਬਤ ਕਰਨ ਦੀ ਮੰਗ ਕੀਤੀ, ਜਿਹੜੇ ਵਿਆਹ ਕਰਾਉਣ ਮਗਰੋਂ ਧੋਖਾ ਦੇ ਗਏ ਸਨ।




ਜਥੇਬੰਦੀ ਦੀ ਪ੍ਰਧਾਨ ਸਤਵਿੰਦਰ ਕੌਰ ਸੱਤੀ ਨੇ ਦੱਸਿਆ ਕਿ 150 ਦੇ ਕਰੀਬ ਠੱਗ ਪਰਵਾਸੀ ਲਾੜਿਆਂ ਤੋਂ ਸਤਾਈਆਂ ਲੜਕੀਆਂ ਨੇ ਪਾਸਪੋਰਟ ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਦੀ ਸੰਸਥਾ ਨਾਲ 450 ਦੇ ਕਰੀਬ ਅਜਿਹੀਆਂ ਪੀੜਤ ਲੜਕੀਆਂ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 32 ਹਜ਼ਾਰ ਅਜਿਹੀਆਂ ਧੀਆਂ ਹਨ, ਜਿਨ੍ਹਾਂ ਨੂੰ ਐਨ.ਆਰ.ਆਈਜ਼ ਲਾੜਿਆਂ ਨੇ ਛੱਡਿਆ ਹੋਇਆ ਹੈ। ਇਨ੍ਹਾਂ ਵਿਚੋਂ ਕੁਝ ਦੇ ਤਾਂ ਬੱਚੇ ਵੀ ਜਵਾਨ ਹੋ ਚੁੱਕੇ ਹਨ, ਪਰ ਉਨ੍ਹਾਂ ਨੂੰ ਨਾ ਤਾਂ ਕੋਈ ਖਰਚਾ ਮਿਲਦਾ ਹੈ ਤੇ ਨਾ ਹੀ ਸਹੁਰੇ ਪਰਿਵਾਰ ਉਨ੍ਹਾਂ ਨੂੰ ਝੱਲਦੇ ਹਨ। ਰੋਸ ਮੁਜ਼ਾਹਰੇ ਵਿਚ 63 ਸਾਲਾ ਪ੍ਰੀਤਮ ਕੌਰ ਵੀ ਸ਼ਾਮਲ ਸੀ, ਜਿਸ ਦਾ 1977 ਵਿਚ ਵਿਆਹ ਹੋਇਆ ਸੀ। ਉਸ ਦੇ ਪਤੀ ਦਰਸ਼ਨ ਸਿੰਘ ਗਰਚਾ ਨੇ 1982 ਵਿਚ ਕੈਨੇਡਾ 'ਚ ਪੱਕਾ ਹੋਣ ਲਈ ਆਪਣੀ ਭਾਬੀ ਨਾਲ ਵਿਆਹ ਕਰਵਾ ਲਿਆ ਸੀ। ਪ੍ਰੀਤਮ ਕੌਰ ਨੇ ਦੱਸਿਆ ਕਿ ਇਸ ਤੋਂ ਬਾਅਦ ਵੀ ਉਹਦੇ ਪਤੀ ਨੇ ਇਕ ਹੋਰ ਵਿਆਹ ਕਰਵਾਇਆ। ਉਸ ਦੇ ਪਤੀ ਦੇ ਦੋ ਧੀਆਂ ਤੇ ਇਕ ਪੁੱਤਰ ਹੈ ਜਦਕਿ ਉਸ ਨੂੰ ਤਲਾਕ ਨਹੀਂ ਦਿੱਤਾ। ਜਗਰਾਉਂ ਦੇ ਐਨ.ਆਰ.ਆਈ. ਥਾਣੇ ਵਿਚ ਜਾ ਜਾ ਕੇ ਇਹ ਬਿਰਧ ਔਰਤ ਥੱਕ-ਹਾਰ ਗਈ ਹੈ, ਪਰ ਉਸ ਦੀ ਉਡੀਕ ਅਜੇ ਤੱਕ ਨਹੀਂ ਮੁੱਕੀ। ਪੁਲਿਸ ਵਾਲੇ ਉਸ ਤੋਂ 1977 ਵਿਚ ਹੋਏ ਵਿਆਹ ਦਾ ਸਬੂਤ ਮੰਗਦੇ ਹਨ।

ਸਤਵਿੰਦਰ ਕੌਰ ਸੱਤੀ ਨੇ ਦੱਸਿਆ ਕਿ ਜਲੰਧਰ ਦਫਤਰ ਨੇ ਅਜੇ ਪੀੜਤ ਲੜਕੀਆਂ ਦੇ ਪਤੀਆਂ ਦੇ ਪਾਸਪੋਰਟ ਜ਼ਬਤ ਕਰਨੇ ਸ਼ੁਰੂ ਨਹੀਂ ਕੀਤੇ, ਜਦਕਿ ਪੰਜਾਬ ਦੇ ਹੋਰ ਕਈ ਪਾਸਪੋਰਟ ਦਫਤਰਾਂ ਨੇ ਇਸ ਕਾਰਵਾਈ ਨੂੰ ਅਮਲ 'ਚ ਲਿਆਂਦਾ ਹੈ। ਉਸ ਨੇ ਦੱਸਿਆ ਕਿ ਉਹਦਾ ਪਤੀ ਉਸ ਨੂੰ ਛੱਡ ਕੇ ਯੂਕਰੇਨ ਚਲਾ ਗਿਆ ਸੀ। ਉਥੇ ਪੱਕਾ ਹੋਣ ਤੋਂ ਬਾਅਦ ਉਸ ਨੂੰ ਧੋਖੇ ਨਾਲ ਘਰ 'ਚੋਂ ਬੇਦਖਲ ਕਰ ਦਿੱਤਾ। ਉਹ ਆਪਣੇ ਪਤੀ ਦਾ ਵੀਜ਼ਾ ਰੱਦ ਕਰਵਾ ਚੁੱਕੀ ਹੈ। ਹੁਣ ਉਸ ਦਾ ਪਤੀ ਯੂਕਰੇਨ ਤੋਂ ਭੱਜ ਕੇ ਪੋਲੈਂਡ ਚਲਾ ਗਿਆ ਹੈ। ਸੱਸ ਸਹੁਰਾ ਵਿਰੁੱਧ ਕੀਤੇ ਕੇਸ ਵਿਚ ਉਹ ਜ਼ਮਾਨਤ 'ਤੇ ਬਾਹਰ ਹਨ।

## ਪੁਰਸ਼ਾਂ ਦੇ ਮੁਕਾਬਲੇ ਔਰਤਾਂ ਕੋਲ ਉਚ-ਅਹੁਦੇ ਨਾਂਮਾਤਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ ਦੁਨੀਆਂ ਭਰ ਵਿਚ ਉਚ-ਅਹੁਦਿਆਂ 'ਤੇ ਮਹਿਲਾਵਾਂ ਦੀ ਸੰਖਿਆ ਹਾਲੇ ਵੀ ਕਾਫੀ ਘੱਟ ਹੈ ਅਤੇ ਉਹ ਬੱਚਿਆਂ ਦੀ ਸੰਭਾਲ ਵਿਚ ਜੁਟੀਆਂ ਹੋਣ ਕਾਰਨ ਪੱਛੜ ਜਾਂਦੀਆਂ ਹਨ। ਇਸ ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਭਾਰਤ ਵਿਚ ਕੇਵਲ 10 ਫੀਸਦੀ ਮਹਿਲਾ ਮੈਨੇਜਰ ਹਨ, ਜਿਨ੍ਹਾਂ ਦੇ ਛੇ ਸਾਲ ਤੋਂ ਘੱਟ ਉਮਰ ਦੇ ਬੱਚੇ ਹਨ ਜਦਕਿ ਉਨ੍ਹਾਂ ਦੇ ਹਮਰੁਤਬਾ ਪੁਰਸ਼ਾਂ ਦੀ ਗਿਣਤੀ ਕਰੀਬ 90 ਫੀਸਦੀ ਹੈ। ਕੌਮਾਂਤਰੀ ਲੇਬਰ ਸੰਸਥਾ ਵਲੋਂ ਮਹਿਲਾ ਦਿਵਸ ਮੌਕੇ ਜਾਰੀ ਕੀਤੀ ਗਈ ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ 1990 ਤੋਂ ਬਾਅਦ ਔਰਤਾਂ ਲਈ ਨੌਕਰੀਆਂ ਦੇ ਮੌਕਿਆਂ ਵਿਚ ਬਹੁਤਾ ਸੁਧਾਰ ਨਹੀਂ ਆਇਆ ਹੈ। ਹਾਲੇ ਵੀ ਉੱਚ ਅਹੁਦਿਆਂ 'ਤੇ ਔਰਤਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ 30 ਸਾਲਾਂ ਵਿਚ ਹਾਲਾਤ ਵਧੇਰੇ ਨਹੀਂ ਬਦਲੇ ਹਨ।

## ਪੁਲਵਾਮਾ ਹਮਲੇ ਦੇ ਸ਼ਹੀਦ ਦੀ ਮਾਂ ਨੇ ਸਰਕਾਰ ਤੋਂ ਮੰਗੇ ਏਅਰ ਸਟ੍ਰਾਈਕ ਦੇ ਸਬੂਤ

**ਉਤਰ ਪ੍ਰਦੇਸ਼:** ਇਕ ਪਾਸੇ ਜਿਥੇ ਅਜੇ ਤੱਕ ਪੁਲਵਾਮਾ ਹਮਲੇ ਤੋਂ ਬਾਅਦ ਭਾਰਤੀ ਏਅਰਫੋਰਸ ਵੱਲੋਂ ਪਾਕਿਸਤਾਨ 'ਤੇ ਕੀਤੀ ਕਾਰਵਾਈ ਚਰਚਾ 'ਚ ਹੈ, ਦੂਜੇ ਪਾਸੇ ਪੁਲਵਾਮਾ ਹਮਲੇ 'ਚ ਸ਼ਹੀਦ ਜਵਾਨਾਂ ਦੇ ਪਰਿਵਾਰ ਸਰਕਾਰ ਤੋਂ ਅਤਿਵਾਦੀ ਕੈਂਪ 'ਤੇ ਕੀਤੇ ਹਮਲੇ ਅਤੇ ਮਾਰੇ ਗਏ ਅਤਿਵਾਦੀਆਂ ਦੇ ਸਬੂਤ ਮੰਗ ਰਹੇ ਹਨ।

ਪੁਲਵਾਮਾ ਹਮਲੇ 'ਚ ਉਤਰ ਪ੍ਰਦੇਸ਼ ਦੇ ਮੈਨਪੁਰੀ ਦੇ ਜਵਾਨ ਰਾਮਵਕੀਲ ਦੀ ਮਾਂ ਦਾ ਕਹਿਣਾ ਹੈ ਕਿ ਅਤਿਵਾਦੀਆਂ 'ਤੇ ਕੀਤੇ ਹਮਲਿਆਂ ਅਤੇ ਉਨ੍ਹਾਂ ਦੇ ਮਾਰੇ ਜਾਣ ਦੀ ਗੱਲ ਉਹ ਉਦੋਂ ਤੱਕ ਨਹੀਂ ਮੰਨੇਗੀ ਜਦੋਂ ਤੱਕ ਸਰਕਾਰ ਉਨ੍ਹਾਂ ਨੂੰ ਸਬੂਤ ਨਹੀਂ ਦਿਖਾਉਂਦੀ। ਸ਼ਹੀਦ ਰਾਮਵਕੀਲ ਦੀ ਭੈਣ ਅਤੇ ਪਤਨੀ ਗੀਤਾ ਦੇਵੀ ਦਾ ਵੀ ਕਹਿਣਾ ਹੈ ਕਿ ਉਹ ਉਦੋਂ ਤੱਕ ਸਰਕਾਰ 'ਤੇ ਯਕੀਨ ਨਹੀਂ ਕਰਨਗੇ ਜਦੋਂ ਤੱਕ ਉਨ੍ਹਾਂ ਅੱਗੇ ਸਬੂਤ ਨਹੀਂ ਰੱਖੇ ਜਾਂਦੇ। ਉਨ੍ਹਾਂ ਦਾ ਕਹਿਣਾ ਹੈ ਕਿ ਪਾਕਿਸਤਾਨ 'ਤੇ ਹੋਈ ਕਾਰਵਾਈ ਦਾ ਕੋਈ ਸਬੂਤ ਨਹੀਂ ਮਿਲਿਆ।

# ਭਾਰਤ 'ਚ ਮੋਬਾਈਲ ਰਾਹੀਂ ਔਰਤਾਂ ਦਾ ਸਭ ਵੱਧ ਸ਼ੋਸ਼ਣ


**ਨਵੀਂ ਦਿੱਲੀ:** ਮੋਬਾਈਲ ਐਪ 'ਟਰੂਕਾਲਰ' ਨੇ ਅੰਤਰਰਾਸ਼ਟਰੀ ਮਹਿਲਾ ਦਿਹਾੜੇ 2019 ਮੌਕੇ ਹੈਰਾਨੀਜਨਕ ਰਿਪੋਰਟ ਪੇਸ਼ ਕੀਤੀ ਹੈ। ਇਸ 'ਚ ਦੱਸਿਆ ਹੈ ਕਿ ਕਿਸ ਦੇਸ਼ ਦੀ ਔਰਤਾਂ ਫੋਨ ਕਾਲਸ ਅਤੇ ਮੈਸੇਜ ਰਾਹੀਂ ਸਭ ਤੋਂ ਜ਼ਿਆਦਾ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ। ਐਪ ਰਾਹੀਂ ਸਾਹਮਣੇ ਆਈ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਅਜਿਹੇ ਮਾਮਲਿਆਂ 'ਚ ਭਾਰਤ ਸਭ ਤੋਂ ਅੱਗੇ ਹੈ।

ਹਫਤੇ 'ਚ ਘੱਟੋ ਘੱਟ ਇਕ ਵਾਰ 52 ਫੀਸਦੀ ਮਹਿਲਾਵਾਂ ਅਣਚਾਹੇ ਕਾਲ, ਮੈਸੇਜ ਦਾ ਸ਼ਿਕਾਰ ਹੁੰਦੀਆਂ ਹਨ ਅਤੇ 47 ਫੀਸਦੀ ਨੂੰ ਇਸ ਸਬੰਧੀ ਅਣਚਾਹੇ ਵੀਡੀਓ ਤੇ ਤਸਵੀਰਾਂ ਮਿਲਦੀਆਂ ਹਨ। ਰਿਪੋਰਟ ਮੁਤਾਬਕ ਇਨ੍ਹਾਂ 'ਚ 74 ਫੀਸਦੀ ਕਾਲ ਅਤੇ ਮੈਸੇਜ ਗੁੰਮਨਾਮ ਸੀ, 23 ਫੀਸਦੀ ਪਿੱਛਾ ਕਰਨ ਵਾਲਿਆਂ ਵੱਲੋਂ ਅਤੇ 11 ਫੀਸਦੀ ਆਪਣੇ ਹੀ ਜਾਣ-ਪਛਾਣ ਦੇ ਲੋਕਾਂ ਵੱਲੋਂ ਭੇਜੇ ਗਏ ਸੀ। ਖਾਸ ਕਰ ਦਿੱਲੀ 'ਚ 28 ਫੀਸਦੀ ਮਹਿਲਾਵਾਂ ਨੇ ਹਫਤੇ 'ਚ ਅਪਮਾਨਜਨਕ ਅਤੇ ਭੱਦੇ ਵੀਡੀਓ ਦੇ ਨਾਲ ਕਾਲ-ਸੰਦੇਸ਼ ਪ੍ਰਾਪਤ ਕਰਨ ਦੀ ਸ਼ਿਕਾਇਤ ਕੀਤੀ ਜੋ ਭਾਰਤ 'ਚ ਸਭ ਤੋਂ ਜ਼ਿਆਦਾ ਹੈ। 10 ਵਿਚੋਂ ਅੱਠ ਮਹਿਲਾਵਾਂ ਨੂੰ ਇਨ੍ਹਾਂ ਕਾਲਸ ਅਤੇ ਮੈਸੇਜਸ ਤੋਂ ਗੁੱਸਾ ਆਇਆ, ਜਦਕਿ 40 ਫੀਸਦੀ ਮਹਿਲਾਵਾਂ ਅਜਿਹੇ ਕਾਲ-ਮੈਸੇਜ ਤੋਂ ਡਰ ਗਈਆਂ। ਰਿਪੋਰਟ ਮੁਤਾਬਕ 74 ਫੀਸਦੀ ਔਰਤਾਂ ਨੇ ਇਨ੍ਹਾਂ ਖ਼ਿਲਾਫ ਕਦਮ ਚੁੱਕੇ। 60 ਫੀਸਦੀ ਮਹਿਲਾਵਾਂ ਨੂੰ ਲੱਗਦਾ ਸੀ ਕਿ ਉਨ੍ਹਾਂ ਨੂੰ ਪਰੇਸ਼ਾਨ ਕਰਨ ਵਾਲਾ ਅਜਨਬੀ ਹੈ ਅਤੇ ਇਨ੍ਹਾਂ ਤੋਂ ਬਚਣ ਦਾ ਆਮ ਤਰੀਕਾ ਹੈ, ਅਜਿਹੇ ਨੰਬਰਾਂ ਨੂੰ ਬਲਾਕ ਕਰ ਦੇਣਾ।

# ਸੱਜਣ ਕੁਮਾਰ ਨੇ ਸਿੱਖਾਂ ਨੂੰ ਮਾਰਨ ਲਈ ਭੀੜ ਨੂੰ ਉਕਸਾਇਆ ਸੀ: ਗਵਾਹ

**ਨਵੀਂ ਦਿੱਲੀ:** 1984 ਸਿੱਖ ਕਤਲੇਆਮ ਨਾਲ ਜੁੜੇ ਇਕ ਕੇਸ 'ਚ ਇਕ ਪ੍ਰਮੁੱਖ ਸਰਕਾਰੀ ਗਵਾਹ ਚਾਮ ਕੌਰ ਨੇ ਦਿੱਲੀ ਦੀ ਅਦਾਲਤ ਸਾਹਮਣੇ ਦੁਹਰਾਇਆ ਕਿ ਕਾਂਗਰਸ ਨੇਤਾ ਸੱਜਣ ਕੁਮਾਰ ਨੇ ਸਿੱਖਾਂ ਨੂੰ ਮਾਰਨ ਦੇ ਲਈ ਭੀੜ ਨੂੰ

**1984 ਕਤਲੇਆਮ**




ਉਕਸਾਇਆ ਸੀ। ਚਾਮ ਕੌਰ ਨੇ ਸੱਜਣ ਕੁਮਾਰ ਦੀਆਂ ਦੀਆਂ ਉਨ੍ਹਾਂ ਗੱਲਾਂ ਨੂੰ ਖਾਰਜ ਕੀਤਾ ਕਿ ਉਸ ਨੇ ਦਿੱਲੀ ਪੁਲਿਸ ਨੂੰ ਪਹਿਲਾਂ ਦਿੱਤੇ ਬਿਆਨ 'ਚ ਸੱਜਣ ਦਾ ਨਾਂ ਨਹੀਂ ਲਿਆ ਸੀ।

ਚਾਮ ਕੌਰ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੇ ਭੀੜ ਨੂੰ ਉਕਸਾਉਣ ਵਾਲੇ ਵਿਅਕਤੀ ਦੇ ਤੌਰ 'ਤੇ ਹਮੇਸ਼ਾ ਸੱਜਣ ਕੁਮਾਰ ਦਾ ਨਾਂ ਲਿਆ ਹੈ। ਚਾਮ ਕੌਰ ਨਾਲ ਜਿਰ੍ਹਾ ਦੌਰਾਨ ਸੱਜਣ ਕੁਮਾਰ ਦੇ ਵਕੀਲ ਨੇ ਕਿਹਾ ਕਿ, ਤੁਸੀਂ ਆਪਣੇ ਬਿਆਨ 'ਚ ਸਾਰੇ ਦੰਗਾ ਕਰਨ ਵਾਲਿਆਂ ਦਾ ਨਾਂ ਲਿਆ ਪਰ ਕਦੇ ਸੱਜਣ ਕੁਮਾਰ ਦਾ ਨਾਮ ਨਹੀਂ ਲਿਆ, ਹੁਣ ਤੁਸੀਂ ਉਨ੍ਹਾਂ ਦਾ ਨਾਂ ਲੈ ਰਹੇ ਹੋ। ਇਸ 'ਤੇ ਚਾਮ ਕੌਰ ਨੇ ਕਿਹਾ ਕਿ, ਮੈਂ ਹਮੇਸ਼ਾ ਸੱਜਣ ਕੁਮਾਰ ਦਾ ਨਾਂ ਲਿਆ ਹੈ।

ਚਾਮ ਕੌਰ ਨੇ ਪਹਿਲਾਂ ਵੀ ਅਦਾਲਤ ਨੂੰ ਦੱਸਿਆ ਸੀ ਕਿ ਉਸ ਨੇ ਸਾਲ 1984 ਵਿਚ ਦਿੱਲੀ ਦੇ ਸੁਲਤਾਨਪੁਰੀ ਇਲਾਕੇ 'ਚ ਸੱਜਣ ਕੁਮਾਰ ਨੂੰ ਭੀੜ ਨੂੰ ਇਹ ਕਹਿੰਦਿਆਂ ਹੋਇਆਂ ਵੇਖਿਆ ਸੀ ਕਿ ਸਿੱਖਾਂ ਨੇ 'ਸਾਡੀ ਮਾਂ' ਨੂੰ ਮਾਰ ਦਿੱਤਾ ਹੈ ਅਤੇ ਉਨ੍ਹਾਂ ਭੀੜ ਨੂੰ ਸਿੱਖਾਂ ਨੂੰ ਮਾਰਨ ਲਈ ਉਕਸਾਇਆ। ਚਾਮ ਕੌਰ ਨੇ ਜ਼ਿਲ੍ਹਾ ਜੱਜ ਪੂਨਮ ਏ. ਬਾਂਬਾ ਨੂੰ ਦੱਸਿਆ ਕਿ 31 ਅਕਤੂਬਰ 1984 ਨੂੰ ਅਸੀਂ ਇੰਦਰਾ ਗਾਂਧੀ ਦੀ ਮੌਤ ਵਾਲੇ ਦਿਨ ਟੈਲੀਵਿਜ਼ਨ ਵੇਖ ਰਹੇ ਸੀ।

ਪਹਿਲੀ ਨਵੰਬਰ 1984 ਨੂੰ ਜਦ ਮੈਂ ਆਪਣੀ ਬੱਕਰੀ ਨੂੰ ਵੇਖਣ ਬਾਹਰ ਨਿਕਲੀ ਤਾਂ ਵੇਖਿਆ ਕਿ ਸੱਜਣ ਕੁਮਾਰ ਭੀੜ ਨੂੰ ਸੰਬੋਧਿਤ ਕਰਦਿਆਂ ਕਹਿ ਰਿਹਾ ਹੈ ਕਿ 'ਸਾਡੀ ਮਾਂ ਨੂੰ ਮਾਰ ਦਿੱਤਾ, ਸਰਦਾਰਾਂ ਨੂੰ ਮਾਰ ਦਿਓ'। ਉਨ੍ਹਾਂ ਦੱਸਿਆ ਕਿ ਅਗਲੀ ਸਵੇਰ ਉਨ੍ਹਾਂ 'ਤੇ ਹਮਲਾ ਕੀਤਾ ਗਿਆ, ਜਿਸ ਵਿਚ ਉਸ ਦੇ ਬੇਟੇ ਕਪੂਰ ਸਿੰਘ ਅਤੇ ਪਿਤਾ ਸਰਦਾਰਜੀ ਸਿੰਘ ਦੀ ਮੌਤ ਹੋ ਗਈ। ਸੁਣਵਾਈ ਦੌਰਾਨ ਚਾਮ ਕੌਰ ਨੇ ਸੱਜਣ ਕੁਮਾਰ ਦੀ ਪਛਾਣ ਵੀ ਕੀਤੀ, ਜੋ ਅਦਾਲਤ 'ਚ ਹਾਜ਼ਰ ਸੀ। ਚਾਮ ਕੌਰ ਤੋਂ ਪਹਿਲਾਂ ਇਕ ਹੋਰ ਗਵਾਹ ਸ਼ੀਲਾ ਕੌਰ ਨੇ ਵੀ ਸੁਲਤਾਨਪੁਰੀ 'ਚ ਭੀੜ ਨੂੰ ਉਕਸਾਉਣ ਵਾਲੇ ਵਿਅਕਤੀ ਦੇ ਰੂਪ 'ਚ ਸੱਜਣ ਕੁਮਾਰ ਦੀ ਪਛਾਣ ਕੀਤੀ ਸੀ।

# ਇਕੋ ਪਰਿਵਾਰ ਦੇ 25 ਜੀਆਂ ਦੀਆਂ ਚੌਵੀ ਚੌਵੀ ਉਂਗਲਾਂ





ਸਾਡੇ ਸਭ ਦੀਆਂ ਹੱਥਾਂ-ਪੈਰਾਂ ਦੀਆਂ 5-5 ਉਂਗਲਾਂ ਹੀ ਹੁੰਦੀਆਂ ਹਨ ਪਰ ਇਕੋ ਹੀ ਪਰਿਵਾਰ ਦੇ 25 ਜੀਆਂ ਦੀਆਂ ਚੌਵੀ ਚੌਵੀ ਉਂਗਲਾਂ ਹੋਣ, ਹੈ ਨਾ ਵਿਕੋਲਿਤਰੀ ਤੇ ਹੈਰਾਨੀ ਵਾਲੀ ਗੱਲ! ਹਾਂ ਜੀ, ਬਿਹਾਰ ਸੂਬੇ ਦੇ ਗਯਾ ਜਿਲੇ ਵਿਚ ਇਕ ਪਰਿਵਾਰ ਐਸਾ ਹੈ, ਜਿਸ ਦੇ ਕੁਲ 25 ਜੀਅ ਹਨ ਅਤੇ ਸਭਨਾਂ ਦੇ ਹੱਥਾਂ ਤੇ ਪੈਰਾਂ ਦੀਆਂ ਛੇ-ਛੇ, ਕੁਲ ਚੌਵੀ-ਚੌਵੀ ਉਂਗਲਾਂ ਹਨ। ਇਸ ਨਾਲ ਇਹ ਪਰਿਵਾਰ ਦੂਰ ਦੂਰ ਤੱਕ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਡਾਕਟਰ ਦਾ ਕਹਿਣਾ ਹੈ ਕਿ ਇਹ ਇਕ ਵਿਰਾਸਤੀ ਰੋਗ (ਜੈਨੇਟਿਕ ਡਿਸਆਰਡਰ) ਹੈ।

ਗਯਾ ਦੇ ਪਿੰਡ ਟੇਉਸਾ ਦੇ 50 ਸਾਲਾ ਕ੍ਰਿਸ਼ਨਾ ਚੌਧਰੀ ਇਸ ਘਰ ਦੇ ਮੁਖੀ ਹਨ। ਉਹ ਦੱਸਦੇ ਹਨ ਕਿ ਸਾਡੇ ਘਰ ਦੇ ਮੇਰੇ ਸਮੇਤ 25 ਮੈਂਬਰ ਹਨ ਤਾਂ ਉਨ੍ਹਾਂ ਦੇ ਹੱਥਾਂ ਪੈਰਾਂ ਦੀਆਂ ਬਾਰਾਂ-ਬਾਰਾਂ ਉਂਗਲਾਂ ਹਨ। ਕ੍ਰਿਸ਼ਨਾ ਦੇ ਦਾਦੇ ਤੇ ਪੜਦਾਦੇ ਦੇ ਵੀ ਬਾਰਾਂ-ਬਾਰਾਂ ਹੀ ਉਂਗਲਾਂ ਸਨ। ਉਸ ਦੇ ਭੈਣਾਂ-ਭਰਾਵਾਂ, ਮਾਤਾ-ਪਿਤਾ ਦੀਆਂ ਵੀ ਬਾਰਾਂ ਬਾਰਾਂ ਹੀ ਉਂਗਲਾਂ ਹਨ।

ਦਿਹਾੜੀ ਦੱਪਾ ਕਰਕੇ ਪਰਿਵਾਰ ਦਾ ਪੇਟ ਪਾਲਣ ਵਾਲੇ ਕ੍ਰਿਸ਼ਨਾ ਅਨੁਸਾਰ 'ਮੈਨੂੰ ਛੇ-ਛੇ ਉਂਗਲਾਂ ਕਾਰਨ ਕੋਈ ਪ੍ਰੇਸ਼ਾਨੀ ਨਹੀਂ ਹੈ ਪਰ ਮੈਨੂੰ ਆਪਣੀਆਂ ਲੜਕੀਆਂ ਦੀ ਸ਼ਾਦੀ ਕਰਨ ਲਈ ਬਹੁਤ ਮੁਸ਼ਕਿਲ ਪੇਸ਼ ਆ ਰਹੀ ਹੈ। ਠੰਢ ਦੇ ਮੌਸਮ ਵਿਚ ਵੀ ਸਾਰੇ ਲੋਕ ਚੱਪਲ ਹੀ ਪਾਉਂਦੇ ਹਨ, ਕਿਉਂਕਿ ਪੈਰਾਂ ਦੀਆਂ ਛੇ ਛੇ ਉਂਗਲਾਂ ਹੋਣ ਕਰਕੇ ਬੰਦ ਜੁੱਤੀ ਜਾਂ ਬੂਟ ਦਾ ਸਾਈਜ਼ ਨਹੀਂ ਮਿਲਦਾ।'

ਘਰ ਦੀ ਸਭ ਤੋਂ ਛੋਟੀ ਜੀਅ ਮਨੀਪਾ ਸਿਰਫ ਇੱਕ ਸਾਲ ਦੀ ਹੈ। ਉਸ ਨੂੰ ਤਾਂ ਆਪਣੀ ਬੀਮਾਰੀ ਬਾਰੇ ਕੁਝ ਵੀ ਪਤਾ ਨਹੀਂ ਹੈ। ਪਰਿਵਾਰ ਦੇ ਹੋਰ ਸਾਰੇ ਬੱਚੇ ਪੜ੍ਹਾਈ ਵਿਚ ਤਾਂ ਠੀਕ ਹਨ, ਬੱਸ ਉਨ੍ਹਾਂ ਨੂੰ ਕਲਮ ਫੜਨ ਵਿਚ ਜਰੂਰ ਮੁਸ਼ਕਿਲ ਆਉਂਦੀ ਹੈ। ਬੱਚੇ ਕਹਿੰਦੇ ਹਨ ਕਿ ਪਿੰਡ ਦੇ ਬੱਚੇ ਉਨ੍ਹਾਂ ਦੀਆਂ ਉਂਗਲਾਂ ਨੂੰ ਲੈ ਕੇ ਮਜ਼ਾਕ ਬਹੁਤ ਕਰਦੇ ਹਨ। ਕ੍ਰਿਸ਼ਨਾ ਦੇ ਰਿਸ਼ਤੇਦਾਰ ਇਸ ਨੂੰ ਭਗਵਾਨ ਦੀ ਦੇਣ ਮੰਨਦੇ ਹਨ, ਪਰ ਕ੍ਰਿਸ਼ਨਾ ਦਾ ਪਰਿਵਾਰ ਇਸ ਨੂੰ ਕੋਈ ਸਰਾਪ ਸਮਝਦਾ ਹੈ। ਡਾਕਟਰ ਆਪਣੀ ਭਾਸ਼ਾ ਵਿਚ ਇਸ ਨੂੰ ਪੋਲੀਡਕਟਾਈਲੀ (ਬੀਮਾਰੀ ਦਾ ਨਾਂ) ਕਹਿੰਦੇ ਹਨ, ਜੋ ਹਾਰਮੋਨ ਦੇ ਵਿਕਾਸ ਦੇ ਪਰਿਵਰਤਨ ਦੇ ਸਮੇਂ ਕਾਰਨ ਹੁੰਦਾ ਹੈ। ਨਾਲ ਹੀ ਉਹ ਕਹਿੰਦੇ ਹਨ ਕਿ ਜੇ ਉਨ੍ਹਾਂ ਨੂੰ ਕੋਈ ਤਕਲੀਫ ਹੈ ਤਾਂ ਸਰਜਰੀ ਕਰਕੇ ਵਾਧੂ ਉਂਗਲਾਂ ਹਟਾਈਆਂ ਜਾ ਸਕਦੀਆਂ ਹਨ।

**-ਅਮਰਜੀਤ ਚੰਦਰ ਲੁਧਿਆਣਾ**
**ਫੋਨ: 91-94176-00014**

# ਬਾਬਾ ਨਾਨਕ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ ਤੇ ਮੌਲਾਨਾ ਰੂਮੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਆਪਣੀ ਸੱਜਰੀ ਪਾਕਿਸਤਾਨ ਫੇਰੀ ਦੀ ਗੱਲ ਕਰਦਿਆਂ ਪਿਛਲੇ ਹਫਤੇ ਦੇ ਕਾਲਮ ਵਿਚ ਲਿਖਿਆ ਸੀ, ਖੰਨੇ ਦੀ ਜੰਮਪਲ ਭਾਵਨਾ ਆਪਣੇ ਸਵਾਤ ਵਾਸੀ ਪਤੀ ਤੇ ਦੋ ਬੱਚਿਆਂ ਸਮੇਤ ਦੇਹਰਾ ਸਾਹਿਬ (ਲਾਹੌਰ) ਦੇ ਗੁਰਦੁਆਰੇ ਵਿਚ ਕਈ ਦਿਨਾਂ ਤੋਂ ਟਿਕੀ ਹੋਈ ਸੀ। ਵੀਜ਼ਾ ਲੱਗਣ 'ਚ ਕੋਈ ਵੱਡੀ ਅੜਚਣ ਸੀ ਤੇ ਉਨ੍ਹਾਂ ਨੇ ਸਾਰੀ ਡੋਰੀ ਬਾਬੇ ਨਾਨਕ ਦੀ ਬਖਸ਼ਿਸ਼ 'ਤੇ ਲਾ ਰੱਖੀ ਸੀ, ਜਿਸ ਨੂੰ ਉਹ 'ਪੰਜੇ ਵਾਲਾ' ਕਹਿੰਦੇ ਹਨ। ਉਹ ਵਾਰ ਵਾਰ ਬਾਬੇ ਨਾਨਕ ਦਾ ਨਾਂ ਲੈਂਦੇ ਸਨ, 'ਪੰਜੇ ਵਾਲਾ ਕਰਸੀ' ਉਚਾਰ ਕੇ। ਪਤਾ ਲੱਗਾ ਹੈ, ਪੰਜੇ ਵਾਲੇ ਦੀ ਬਖਸ਼ਿਸ਼ ਨਾਲ ਉਹ ਖੰਨੇ ਪਹੁੰਚ ਗਏ ਹਨ।

ਉਧਰ ਸਾਡੀ ਟੋਲੀ ਦੀ ਮੋਹਰੀ ਜਸਬੀਰ ਕੌਰ ਵੀ ਵਾਪਸ ਆ ਚੁਕੀ ਹੈ, ਜੋ ਆਪਣੀ ਵੱਡੀ ਭੈਣ ਕੁਲਵੰਤ ਕੌਰ ਸਮੇਤ ਪਿੱਛੇ ਰਹਿ ਗਈ ਸੀ। ਸਵਾਤ ਸ਼ਬਦਾਵਲੀ ਵਿਚ 'ਪੰਜੇ ਵਾਲੇ ਦੀ ਮਿਹਰ ਸਦਕਾ।' ਏਧਰ ਮੀਡੀਆ ਨੇ ਭਾਰਤ-ਪਾਕਿ ਸਬੰਧਾਂ ਦਾ ਧੁੰਦਲਕਾ ਵਧਾ ਛੱਡਿਆ ਹੈ। ਆਪਾਂ ਇਸ ਧੁੰਦਲਕੇ ਨੂੰ ਹਟਾਈਏ। ਪੰਜੇ ਵਾਲੇ ਦੀ ਭੇਜੀ ਭਾਵਨਾ ਨੂੰ ਖੁਸ਼ਆਮਦੀਦ ਕਹੀਏ।

ਲਾਹੌਰ ਵਾਲੀ ਪੰਜਾਬ ਯੂਨੀਵਰਸਿਟੀ ਨੇ 18 ਫਰਵਰੀ ਨੂੰ ਆਪਣੇ ਅੱਲਾਮਾ ਇਕਬਾਲ ਕੰਪਲੈਕਸ ਵਿਚ ਫੈਕਲਟੀ ਆਫ ਓਰੀਐਂਟਲ ਲਰਨਿੰਗ ਵਲੋਂ ਸੁਲਤਾਨ ਬਾਹੂ ਤੇ ਮੌਲਾਨਾ ਰੂਮੀ ਦੀ ਦੇਣ ਉਤੇ ਸੈਮੀਨਾਰ ਕੀਤਾ ਸੀ। ਸੱਦਾ ਮਿਲਣ 'ਤੇ ਅਸੀਂ ਵੀ ਹਾਜ਼ਰ ਹੋ ਗਏ। ਵਾਈਸ ਚਾਂਸਲਰ ਪ੍ਰੋ. ਨਿਆਜ਼ ਅਹਿਮਦ ਅਖਤਰ ਪ੍ਰਧਾਨਗੀ ਕਰ ਰਹੇ ਸਨ ਤੇ ਪੰਜਾਬੀ ਵਿਭਾਗ ਦੀ ਮੁਖੀ ਨਬੀਲਾ ਰਹਿਮਾਨ ਮੰਚ ਸੰਚਾਲਨ। ਡਾ. ਸਲੀਮ ਮਜਹਰ (ਫੈਕਲਟੀ ਡੀਨ) ਦੇ ਸਵਾਗਤੀ ਸ਼ਬਦਾਂ ਪਿਛੋਂ ਦੋਹਾਂ ਮਹਾਰਥੀਆਂ ਦੀਆਂ ਰਚਨਾਵਾਂ ਤੇ ਜੀਵਨ ਦੇ ਹਵਾਲੇ ਦੇ ਕੇ ਆਪਸੀ ਮਿਲਵਰਤਣ ਤੇ ਮਿੱਤਰਤਾ ਦੇ ਸੰਦੇਸ਼ ਨੂੰ ਖੁੱਲ੍ਹ ਕੇ ਉਜਾਗਰ ਕੀਤਾ ਗਿਆ। ਇਸ ਪਿਛੋਂ ਬਹੁਤ ਹੀ ਸੁਰੀਲੀ ਗਾਇਕੀ ਨਾਲ ਇਸ ਸੰਦੇਸ਼ ਦੀ ਤਹਿ ਜਮਾਈ ਗਈ।

ਸੈਮੀਨਾਰ ਵਿਚ ਸ਼ਿਰਕਤ ਕਰਨ ਹਿੱਤ ਬਰੈਂਪਟਨ (ਕੈਨੇਡਾ) ਤੋਂ ਪੰਜਾਬੀਅਤ ਨੂੰ ਪ੍ਰਣਾਈ ਪੰਜ ਮੈਂਬਰੀ ਟੋਲੀ ਵੀ, ਆਪਣੇ ਮੁਖੀ ਏ. ਐਸ. ਚੱਠਾ ਦੀ ਅਗਵਾਈ ਹੇਠ ਪਧਾਰੀ ਹੋਈ ਸੀ। ਪ੍ਰਬੰਧਕਾਂ ਨੇ ਰੂਮੀ ਤੇ ਬਾਹੂ ਲਈ ਜੋ ਵਿਸ਼ੇਸ਼ਣ ਵਰਤੇ ਸਨ, ਉਨ੍ਹਾਂ ਦੇ ਸ਼ਬਦ-ਜੋੜ ਹਜ਼ਰਤ ਤੇ ਮੌਲਾਨਾ ਦੀ ਥਾਂ ਹਦਰਤ ਤੇ ਮਾਵਲਾਨਾ ਸਨ। ਸਪਸ਼ਟ ਹੈ ਕਿ ਉਸ ਫੈਕਲਟੀ ਵਿਚ ਅਰਬੀ ਦਾ ਵਧੇਰੇ ਅਸਰ ਹੈ। ਸਹਿੰਦਾ ਸਹਿੰਦਾ ਜ਼ਿਕਰ ਬਾਬਾ ਬੁੱਲ੍ਹੇ ਸ਼ਾਹ ਦਾ ਵੀ ਹੋਇਆ, ਪਰ ਬਹੁਤਾ ਨਹੀਂ।



*ਵਾਈਸ ਚਾਂਸਲਰ ਪ੍ਰੋ. ਨਿਆਜ਼ ਅਹਿਮਦ ਅਖਤਰ ਨੂੰ ਸ਼ਾਹਮੁਖੀ ਲਿਪੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਭੇਟ ਕਰਦੇ ਹੋਏ ਗੁਲਜ਼ਾਰ ਸੰਧੂ ਅਤੇ ਬੀਬੀ ਜਸਵੀਰ ਕੌਰ*

ਸਾਨੂੰ ਇਹ ਤਾਂ ਪਤਾ ਸੀ ਕਿ ਯੂਨੀਵਰਸਿਟੀ ਨੇ ਗੁਰੂ ਨਾਨਕ ਦੇਵ ਜੀ ਦੀ 550ਵੀਂ ਵਰ੍ਹੇਗੰਢ ਦੇ ਪ੍ਰਸੰਗ ਵਿਚ ਗੁਰੂ ਨਾਨਕ ਚੇਅਰ ਸਥਾਪਤ ਕੀਤੀ ਹੈ, ਪਰ ਇਹ ਨਹੀਂ ਸਾਂ ਜਾਣਦੇ ਕਿ ਇਹ ਸੈਮੀਨਾਰ ਵੀ ਬਾਬੇ ਨਾਨਕ ਨੂੰ ਸਮਰਪਿਤ ਸੀ ਤੇ ਗੁਰੂ ਨਾਨਕ ਚੇਅਰ ਅਧੀਨ ਕੀਤਾ ਗਿਆ ਸੀ। ਮੇਰੀ ਮਾਸੀ ਦਿੱਲੀ ਦੀ ਨਿਵਾਸੀ ਤਰਲੋਚਨ ਕੌਰ ਨੇ ਆਪਣੇ ਘਰ ਆਪਣੇ ਬਜੁਰਗਾਂ ਵਲੋਂ ਵਰਤੀ ਜਾਂਦੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੰਭਾਲ ਰੱਖੀ ਸੀ, ਜੋ ਸ਼ਾਹਮੁਖੀ ਲਿਪੀ ਵਿਚ ਹੈ।

ਗੁਰੂ ਨਾਨਕ ਚੇਅਰ ਦੀ ਸਥਾਪਨਾ ਉਪਰੰਤ ਮੈਂ ਉਹ ਬੀੜ, ਜੋ ਦੋ ਜਿਲਦਾਂ ਵਿਚ ਹੈ, ਆਪਣੇ ਨਾਲ ਲੈ ਗਿਆ ਸਾਂ। ਇਹ ਸੋਚ ਕੇ ਕਿ ਏਧਰਲੇ ਪੰਜਾਬ ਵਿਚ ਇਸ ਦੀ ਵਰਤੋਂ ਕਰਨ ਵਾਲਾ ਕੋਈ ਨਹੀਂ ਤੇ ਓਧਰ ਪ੍ਰਵਾਨ ਹੋ ਸਕਦੀ ਹੈ। ਸਾਡੇ ਕੋਲੋਂ ਉਹ ਬੀੜ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਤੇ ਫੈਕਲਟੀ ਮੈਂਬਰਾਂ ਨੇ ਆਪਣੇ ਸਿਰਾਂ 'ਤੇ ਰੁਮਾਲ ਬੰਨ੍ਹ ਕੇ ਪੂਰੇ ਆਦਰ ਤੇ ਮਾਣ ਨਾਲ ਕਬੂਲ ਕੀਤੀ। ਅਸੀਂ ਉਨ੍ਹਾਂ ਵਲੋਂ ਗੁਰੂ ਨਾਨਕ ਚੇਅਰ ਦੀ ਸਥਾਪਨਾ ਵਿਚ ਕੀਤੀ ਪਹਿਲਕਦਮੀ ਦਾ ਜ਼ਿਕਰ ਕਰ ਰਹੇ ਸਾਂ ਤਾਂ ਵਾਈਸ ਚਾਂਸਲਰ ਸਾਡੀ ਭੇਟ ਕੀਤੀ ਸ਼ਾਹਮੁਖੀ ਅੱਖਰਾਂ ਵਾਲੀ ਬੀੜ ਲਈ ਧੰਨਵਾਦ ਕਰ ਰਹੇ ਸਨ। ਉਨ੍ਹਾਂ ਸ਼ਾਹਮੁਖੀ ਲਿਪੀ ਵਾਲੀ ਬੀੜ ਪਹਿਲੀ ਵਾਰ ਤੱਕੀ ਸੀ। ਇਹ ਵੀ ਪਤਾ ਲੱਗਾ ਕਿ ਛੇਤੀ ਹੀ ਨਨਕਾਣਾ ਸਾਹਿਬ ਵਿਖੇ ਵੀ ਯੂਨੀਵਰਸਿਟੀ ਸਥਾਪਤ ਹੋ ਰਹੀ ਹੈ। ਜਸਬੀਰ ਕੌਰ ਨੇ ਸੁਣਦੇ ਸਾਰ ਤਜਵੀਜ਼ ਪੇਸ਼ ਕੀਤੀ ਕਿ ਉਥੇ ਬੇਬੇ ਨਾਨਕੀ ਕਾਲਜ ਵੀ ਹੋਣਾ ਚਾਹੀਦਾ ਹੈ। ਸਭ ਨੇ ਮੁਸਕਰਾ ਕੇ ਪ੍ਰਵਾਨਗੀ ਦੇ ਦਿੱਤੀ।

ਦੁਪਹਿਰ ਦਾ ਖਾਣਾ ਖਾਂਦਿਆਂ ਬਾਬਾ ਬੁੱਲ੍ਹੇ ਸ਼ਾਹ ਦੀ ਦੇਣ ਦਾ ਜ਼ਿਕਰ ਹੋਇਆ ਤਾਂ ਮੈਂ ਵੀ. ਸੀ. ਅਖਤਰ ਸਾਹਿਬ ਨੂੰ ਦੱਸਿਆ ਕਿ ਮੇਰੇ ਮਿੱਤਰ ਬਰਜਿੰਦਰ ਸਿੰਘ ਹਮਦਰਦ ਨੇ ਬੁੱਲ੍ਹੇ ਸ਼ਾਹ ਦੇ ਕਲਾਮ ਨੂੰ ਆਪਣੀ ਸੁਰੀਲੀ ਆਵਾਜ਼ ਵਿਚ ਭਰ ਕੇ ਇੱਕ ਐਲਬਮ ਤਿਆਰ ਕੀਤੀ ਹੈ, ਜੋ ਪੰਜਾਬ ਤੋਂ ਤੁਰਨ ਸਮੇਂ ਮੇਰੇ ਹੱਥ ਲੱਗੀ ਸੀ। ਮੈਂ ਆਪਣੇ ਨਾਲ ਲਿਆਉਣੀ ਸੀ, ਪਰ ਭੁੱਲ ਗਿਆ। ਐਲਬਮ ਦਾ ਨਾਂ 'ਰੂਹਾਨੀ ਰਮਜ਼ਾਂ' ਹੈ, ਜੋ ਸੈਮੀਨਾਰ ਦੇ ਵਿਸ਼ੇ ਨਾਲ ਮੇਲ ਖਾਂਦੀ ਹੈ। ਵੀ. ਸੀ. ਸਾਹਿਬ ਦਾ ਪ੍ਰਤੀਕਰਮ ਹੋਰ ਵੀ ਪਿਆਰਾ ਸੀ, "ਲੈ ਆਉਂਦੇ ਤਾਂ ਆਪਾਂ ਖੁਦ ਵੀ ਸੁਣਦੇ ਤੇ ਸੈਮੀਨਾਰ ਦੇ ਸਰੋਤਿਆਂ ਨੂੰ ਵੀ ਸੁਣਾ ਸਕਦੇ ਸਾਂ।"

ਅਖਤਰ ਸਾਹਿਬ ਦਾ ਸੁਭਾਅ ਤੇ ਵਤੀਰਾ ਅਸਲੀ ਪੰਜਾਬੀਆਂ ਵਾਲਾ ਹੈ। ਜਦੋਂ ਅਸੀਂ ਵਿਦਾ ਮੰਗੀ ਤਾਂ ਕਹਿਣ ਲੱਗੇ, "ਤੁਸੀਂ ਏਥੇ ਹੀ ਰਹਿ ਜਾਓ ਖਾਂ।" ਇਹ ਕਹਿੰਦੇ ਸਮੇਂ ਉਨ੍ਹਾਂ ਦਾ ਧਿਆਨ ਮੇਰੇ ਨਾਲ ਗਈਆਂ ਬੀਬੀਆਂ ਵੱਲ ਸੀ। 'ਰੂਹਾਨੀ ਰਮਜ਼ਾਂ' ਦੀ ਗੱਲ ਫੇਰ ਕਰਾਂਗੇ। ਹਾਲ ਦੀ ਘੜੀ ਅੱਠਾਂ 'ਚੋਂ ਪਹਿਲੀ ਰਮਜ਼ 'ਅੰਤਿਕਾ' ਵਜੋਂ।

**ਅੰਤਿਕਾ: ਬਾਬਾ ਬੁੱਲ੍ਹੇ ਸ਼ਾਹ**

ਕਿਆ ਜਾਣਾ ਮੈਂ ਕੋਈ ਰੇ ਬਾਬਾ...
ਜੋ ਕੋਈ ਅੰਦਰ ਬੋਲੇ ਚਾਲੇ
ਜ਼ਾਤ ਅਸਾਡੀ ਸੋਈ
ਜਿਸ ਦੇ ਨਾਲ ਮੈਂ ਨਿਹੁੰ ਲਗਾਇਆ
ਉਹੋ ਜੇਹੀ ਹੋਈ ਰੇ ਬਾਬਾ
ਚਿੱਟੀ ਚਾਦਰ ਲਾਹ ਸੁੱਟ ਕੁੜੀਏ
ਪਹਿਨ ਫਕੀਰੀ ਦੀ ਲੋਈ
ਇਸ ਚਾਦਰ ਨੂੰ ਦਾਗ ਲਗੇਗਾ
ਲੋਈ ਨੂੰ ਦਾਗ ਨਾ ਕੋਈ
ਜੋ ਕਿਛੁ ਕਰਸੀ ਅੱਲਾਹ ਭਾਣੇ
ਕਿਆ ਕਿਛੁ ਕਰਸੀ ਸੋਈ
ਜੋ ਕਿਛੁ ਲੇਖ ਮੱਥੇ ਦਾ ਲਿਖਿਆ
ਉਸ 'ਤੇ ਸ਼ਾਕਿਰ ਹੋਣੀ ਵੇ ਬਾਬਾ
ਕਿਆ ਜਾਣਾ ਮੈਂ ਕੋਈ!

## ਫੁੱਲ

ਫੁੱਲ ਛੱਡਦਾ ਖੁਸ਼ਬੂ ਪਿਆਰੀ
ਭਵਰਾ ਮਾਰ ਉਡਾਰੀ ਜਾ ਬੈਠਦਾ।
ਹੋਇਆ ਮਸਤ ਖੁਸ਼ਬੂ ਵਿਚ
ਭਵਰਾ ਆਪਣਾ ਆਪ ਗਵਾ ਬੈਠਦਾ।

ਫੁੱਲ ਵਿਚ ਕਿਆਰੀਆਂ ਸੋਭਦੇ ਨੇ
ਫੁੱਲਾਂ ਬਾਜ ਸੁੰਨੀਆਂ ਕਿਆਰੀਆਂ।
ਝੂਠ ਨਾ ਵਿਚ ਮੁਹੱਬਤ ਦੇ ਹੋਵੇ ਕੋਈ
ਤਾਂਹੀਂ ਨਿਭਦੀਆਂ ਤੋੜ ਤੱਕ ਯਾਰੀਆਂ।

ਮੈਂ ਤੇ ਮੋਇਆ ਡਾਲੀ ਨਾਲੋਂ ਟੁੱਟਿਆ
ਸੂਈ ਦੇ ਵਿਚ ਦੀ ਲੰਘਾ, ਮਾਲਾ ਬਣਾਈ ਮੇਰੀ
ਬਦਬੂ ਵਾਲੇ ਪਾਣੀ ਵਿਚ ਜਾ ਸੁੱਟਿਆ।

ਫੁੱਲ ਸੋਹਣੇ ਲੱਗਦੇ ਨੇ ਪਰ ਹੈ ਬੇਵਫਾ
ਬਹਾਰ ਤੋਂ ਪਹਿਲਾਂ ਆਉਂਦੇ ਨਹੀਂ
ਭਾਵੇਂ ਕਿੰਨਾ ਵੀ ਕੋਈ ਹੋਵੇ ਖਫਾ।

*-ਕਸ਼ਮੀਰ ਸਿੰਘ*




Best Truck Driving School

2641 S. Lynhurst Dr., Suite# 511, Indianapolis, IN 46241

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !

ਸਾਰੀਆਂ 48 ਸਟੇਟਾਂ ਵਿਚ ਮਨਜ਼ੂਰਸ਼ੁਦਾ

- ਆਪਣੀ ਸਟੇਟ ਤੋਂ CDL Learning Permit ਲੈ ਕੇ ਆਓ ਅਤੇ ਇੰਡੀਅਨਐਪੋਲਿਸ (ਇੰਡੀਆਨਾ) ਸਾਡੇ ਸਕੂਲ ਤੋਂ Class A CDL ਟਰੇਨਿੰਗ ਤੇ ਟੈਸਟਿੰਗ ਲਓ।
- CDL Road Test Exam ਪਾਸ ਕਰਨ ਤੋਂ ਬਾਅਦ ਆਪਣੀ ਸਟੇਟ ਤੋਂ ਜਾ ਕੇ CDL License ਦੀ ਫੋਟੋ ਲਵਾਓ ਅਤੇ CDL Class A License ਪਾਓ।
- ਇੰਡੀਅਨਐਪੋਲਿਸ ਵਾਸੀਆਂ ਨੂੰ ਜਾਬ ਛੱਡਣ ਦੀ ਲੋੜ ਨਹੀਂ, ਅਸੀਂ ਤੁਹਾਡੇ Work Schedule ਮੁਤਾਬਕ ਟਰੇਨਿੰਗ ਦੇਵਾਂਗੇ।

ਫੋਨ: 317-518-3388

3-



# ਪਤਝੜ ਦੀ ਰੰਗੋਲੀ


## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਜ਼ਿੰਦਗੀ ਦੇ ਹਰ ਪੱਖ ਦੇ ਦੋ ਨਜ਼ਰੀਏ ਹਨ, ਹਾਂ ਪੱਖੀ ਤੇ ਨਾਂਹ ਪੱਖੀ, ਅਮਨ ਤੇ ਜੰਗ, ਆਸ ਤੇ ਨਿਰਾਸ਼ਾ, ਚੰਗਾ ਤੇ ਮਾੜਾ, ਅਮੀਰੀ ਤੇ ਗਰੀਬੀ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਆਸ ਪ੍ਰਗਟਾਈ ਸੀ ਕਿ ਨਾਂਹ ਪੱਖੀ ਸੋਚ ਨੇ ਹਾਰਨਾ ਹੈ ਤੇ ਹਾਂ ਪੱਖੀ ਸੋਚ ਨੇ ਜਿੱਤਣਾ, "ਹਾਰ ਜਾਣੀਆਂ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਨ ਵਾਲੀਆਂ ਸੋਚਾਂ, ਚਾਲਾਂ ਅਤੇ ਕੋਝੀਆਂ ਹਰਕਤਾਂ। ਜਿੱਤ ਜਾਣੀਆਂ ਦੋਸਤੀਆਂ, ਗਲਵੱਕੜੀਆਂ ਤੇ ਮੁਹੱਬਤੀ ਤਰਾਨੇ, ਜਿਨ੍ਹਾਂ ਵਿਚ ਮਿਠਾਸ ਅਤੇ ਹਮਜੋਲਤਾ ਦਾ ਸੁਗਮ ਸੰਦੇਸ਼।" ਹਥਲੇ ਲੇਖ ਵਿਚ ਉਨ੍ਹਾਂ ਪਤਝੜ ਦੀ ਗੱਲ ਕੀਤੀ ਹੈ। ਕੀ ਹੈ, ਪਤਝੜ? ਸਾਲ ਦਾ ਆਖਰੀ ਪਹਿਰ। ਪੁਰਾਣੇ ਪੱਤਿਆਂ ਦੇ ਤੁਰ ਜਾਣ ਦਾ ਵੇਲਾ...ਪਤਝੜ ਰੁੱਖਾਂ, ਬੂਟਿਆਂ 'ਤੇ ਹੀ ਨਹੀਂ ਆਉਂਦੀ ਸਗੋਂ ਇਨਸਾਨ ਦੇ ਪਿਛਲੇਰੇ ਸਮੇਂ ਵਿਚ ਵੀ ਆਉਂਦੀ ਹੈ। ਡਾ. ਭੰਡਾਲ ਸੱਚੀ ਗੱਲ ਕਹਿੰਦੇ ਹਨ, "ਮਨੁੱਖ ਵਲੋਂ ਜੀਵਨੀ ਪਤਝੜ 'ਚ ਨਿਰਾਸ਼ਾਵਾਦੀ ਸੋਚ ਅਤੇ ਨਾਕਾਰਾਤਮਕ ਰੁਚੀਆਂ ਉਪਜਾਉਣਾ, ਸਰੀਰਕ ਪਤਝੜ ਦਾ ਨਿਰਾਦਰ। ਜੀਵਨ ਦੇ ਇਸ ਰੰਗ ਨੂੰ ਕੁਦਰਤ ਵਾਂਗ ਰੰਗਲੀ ਆਭਾ ਨਾਲ ਮਨਾਉਣ ਅਤੇ ਆਖਰੀ ਪਲਾਂ ਨੂੰ ਯਾਦਗਾਰੀ ਬਣਾਉਣ ਦਾ ਹੁਨਰ ਆ ਜਾਵੇ ਤਾਂ ਮਨੁੱਖਾ ਜੀਵਨ ਅਕੀਦਤਯੋਗ ਬਣ ਜਾਂਦਾ।" ਜੇ ਜਾਣੀਏ ਤਾਂ ਪਤਝੜ ਵੀ ਤਾਂ ਇਕ ਬਹਾਰ ਵਾਂਗ ਹੈ। -ਸੰਪਾਦਕ***

ਪਤਝੜ ਦੀ ਰੁੱਤ। ਸਵੇਰੇ ਸੈਰ ਕਰਦਿਆਂ ਰਾਹਾਂ 'ਤੇ ਬਿਖਰੇ ਰੰਗ-ਬਿਰੰਗੇ ਪੱਤਿਆਂ ਨੂੰ ਨਿਹਾਰਦਾ ਹਾਂ। ਚਾਰ-ਚੁਫੇਰੇ ਬਿਰਖਾਂ ਦੀ ਰੰਗੀਲੀ ਪੁਸ਼ਾਕ ਨੂੰ ਸੋਚ-ਜੂਹ 'ਚ ਉਤਾਰਦਾ ਹਾਂ। ਕੁਦਰਤ ਦੀ ਅਨੂਠੀ ਕਲਾਕਾਰੀ ਦੇ ਬਲਿਹਾਰੇ ਜਾਂਦਾ ਹਾਂ ਅਤੇ ਸੋਚਦਾ ਹਾਂ, ਕੁਦਰਤ ਵੀ ਕਿੰਨੀ ਵਿਚਿੱਤਰ ਹੈ ਕਿ ਉਹ ਆਪਣੀ ਪਤਝੜ ਦੀ ਰੰਗੋਲੀ ਨੂੰ ਮਨੁੱਖੀ ਮਾਨਸਿਕਤਾ ਦੇ ਨਾਮ ਕਰ, ਜੀਵਨ-ਰੰਗਤਾ ਨਾਲ ਸੰਵਾਦ ਰਚਾਉਣ ਲਈ ਉਤਸ਼ਾਹਤ ਕਰਦੀ ਏ। ਕੁਦਰਤੀ ਸੰਵਾਦ ਵਿਚੋਂ ਹੀ ਮਨੁੱਖ ਅੰਤਰੀਵੀ ਸਫਰ ਦੇ ਰਾਹ ਪੈਂਦਾ। ਮਨੁੱਖ ਖੁਦ ਨੂੰ ਵਿਸ਼ਲੇਸ਼ਣ ਅਤੇ ਵਿਸਥਾਰਨ ਲਈ ਨਵੀਆਂ ਤਰਕੀਬਾਂ ਤੇ ਤਕਦੀਰਾਂ ਦਾ ਸਿਰਜਣਹਾਰਾ ਬਣਦਾ।

ਕਦੇ ਬਿਰਖਾਂ ਨਾਲ ਰੰਗੀਨੀ ਦੀਆਂ ਬਾਤਾਂ ਪਾਉਂਦਾ ਹਾਂ। ਹੌਲੀ ਹੌਲੀ ਬਿਰਖ ਦਾ ਸਾਥ ਛੱਡ ਰਹੇ ਪੱਤਿਆਂ ਦੇ ਸ਼ਾਹਾਨਾ ਅੰਦਾਜ਼ ਸਾਹਵੇਂ ਸਿਰ ਝੁਕਾਉਂਦਾ ਹਾਂ। ਫਿਰ ਬੌਣੇਪਣ ਦਾ ਅਹਿਸਾਸ ਹੁੰਦਾ ਕਿ ਮੈਂ ਬਿਰਖ ਦੀ ਮਹਾਨਤਾ ਸਾਹਵੇਂ ਕਿੰਨਾ ਹੀਣਾ ਤੇ ਅਧੂਰਾ ਹਾਂ। ਮਨੁੱਖ ਨੂੰ ਆਪਣੇ ਉਚਮ ਅਤੇ ਸੁੱਚਮ ਲਈ ਬਿਰਖ ਨੂੰ ਮਾਰਗ-ਦਰਸ਼ਕ ਬਣਾਉਣ ਦੀ ਸਖਤ ਲੋੜ, ਭਾਵੇਂ ਮਨੁੱਖ ਖੁਦ ਨੂੰ ਧਰਤੀ ਦਾ ਉਚਤਮ ਜੀਵ ਕਹਾਉਂਦਾ ਏ।

ਪਤਝੜ, ਸਾਲ ਦਾ ਆਖਰੀ ਪਹਿਰ। ਪੁਰਾਣੇ ਪੱਤਿਆਂ ਦੇ ਤੁਰ ਜਾਣ ਦਾ ਵੇਲਾ। ਬਿਰਖ ਨੂੰ ਕੱਜਣ ਤੋਂ ਮਹਿਰੂਮ ਹੋਣ ਦਾ ਵਕਤ। ਨੰਗੇ ਪਿੰਡੇ ਸਮੇਂ ਦੀਆਂ ਤਲਖੀਆਂ ਨੂੰ ਸਹਿਣ ਅਤੇ ਬਿਖੜੇ ਹਾਲਾਤ ਵਿਚ ਰਹਿਣ ਵੇਲੇ ਦੀ ਦਸਤਕ; ਪਰ ਪੱਤਿਆਂ ਦੀ ਵਿਦਾਈ ਨੂੰ ਹੋਠਾਂ 'ਤੇ ਗੁਣਗੁਣਾਉਂਦੇ ਬਿਰਖ।

ਪਤਝੜ, ਬੇਰੁਖੀ, ਉਜਾੜ ਅਤੇ ਬਿਨ-ਪੱਤਰੇ ਬਿਰਖਾਂ ਦਾ ਜੰਗਲ। ਸ਼ੂਕਦੀਆਂ ਹਵਾਵਾਂ ਦਾ ਡਰਾਉਣਾ ਰੂਪ, ਸਮੇਂ ਦੀ ਮਾਰ ਨੂੰ ਹੋਰ ਵੀ



ਕੁਲਹਿਣਾ ਬਣਾਉਂਦਾ।

ਪਤਝੜ, ਪੱਤਿਆਂ ਦਾ ਮੂਲ ਨਾਲੋਂ ਟੁੱਟਣ ਦਾ ਦਰਦ। ਟਾਹਣੀ ਨਾਲੋਂ ਦੂਰ ਤੁਰ ਜਾਣ ਦਾ ਹੇਰਵਾ। ਰੁਮਕਦੀਆਂ ਪੌਣਾਂ ਵਿਚ ਸੰਗੀਤ ਪੈਦਾ ਕਰਨ ਵਾਲੇ ਪਲਾਂ ਨੂੰ ਸਿਰਫ ਚੇਤਿਆਂ ਵਿਚ ਵਸਾਉਣ ਦੀ ਲੋਚਾ।

ਪਤਝੜ, ਧਰਤੀ 'ਤੇ ਉਗ ਰਹੀ ਸੁੱਕੇ ਪੱਤਿਆਂ ਦੀ ਫਸਲ। ਦਾਤੇ ਦੇ ਮੁੱਢ ਦੀ ਕਬਰ ਵਿਚ ਹੀ ਖੁਦ ਨੂੰ ਦਫਨਾਉਣਾ। ਫਿਰ ਬਹਾਰ ਆਉਣ 'ਤੇ ਬਿਰਖ ਦੀਆਂ ਕਰੂੰਬਲਾਂ ਅਤੇ ਕੋਮਲ-ਪੱਤੀਆਂ ਦੇ ਸਫਰ ਦਾ ਮੂਲ-ਸਰੋਤ।

ਪਤਝੜ, ਜ਼ਿੰਦਗੀ ਦਾ ਸਭ ਤੋਂ ਵੱਡਾ ਸੱਚ। ਸਮਿਆਂ ਦੀ ਸਰਦਲ 'ਤੇ ਇਸ ਦੀ ਦਸਤਕ ਬਹੁਤ ਕੁਝ ਚੇਤਨ ਅਤੇ ਅਵਚੇਤਨ ਵਿਚ ਧਰਦੀ। ਸਾਨੂੰ ਸਾਡੀਆਂ ਹੋਣੀਆਂ, ਹਾਦਸਿਆਂ, ਹੌਸਲਿਆਂ ਅਤੇ ਹਮ-ਸਫਰਾਂ ਦੇ ਰੂਬਰੂ ਕਰਦੀ, ਜਿਨ੍ਹਾਂ ਨੇ ਜੀਵਨ ਮਾਰਗ ਨੂੰ ਵਿਭਿੰਨ ਰੂਪ ਵਿਚ ਪ੍ਰਭਾਵਿਤ ਕੀਤਾ। ਇਨ੍ਹਾਂ ਦੀਆਂ ਸੇਧਾਂ ਅਤੇ ਸੱਟਾਂ ਨੇ ਜੀਵਨ-ਜਾਚ ਨੂੰ ਨਵੇਂ ਦਿਸਹੱਦੇ ਪ੍ਰਦਾਨ ਕੀਤੇ।

ਮਨੁੱਖੀ ਜੀਵਨ ਵਿਚ ਸਦਾ ਬਾਹਰ ਨਹੀਂ ਰਹਿੰਦੀ ਅਤੇ ਪਤਝੜ ਦੀ ਦਸਤਕ ਵੀ ਜਰੂਰੀ ਹੈ। ਨਵਿਆਂ ਦੀ ਦਸਤਕ ਲਈ ਪੁਰਾਣਿਆਂ ਦਾ ਤੁਰ ਜਾਣਾ, ਕੁਦਰਤ ਦਾ ਅਸੂਲ। ਫੁੱਲ ਸਦਾ ਖਿੜੇ ਨਹੀਂ ਰਹਿੰਦੇ। ਇਨ੍ਹਾਂ ਨੇ ਮੁਰਝਾਉਣਾ ਅਤੇ ਨਵੀਆਂ ਡੋਡੀਆਂ ਨੇ ਫੁੱਲ ਬਣਨ ਦੇ ਰਾਹ ਪੈਣਾ ਹੁੰਦਾ। ਪੱਤੇ ਨਹੀਂ ਝੜਨਗੇ ਤਾਂ ਨਵੇਂ ਪੱਤੇ ਆਪਣਾ ਟਿਕਾਣਾ ਕਿਥੇ ਬਣਾਉਣਗੇ? ਸਮੇਂ ਦੇ ਮਿਜਾਜ਼ 'ਚ ਤਬਦੀਲੀ ਜਰੂਰੀ।

ਪਤਝੜ ਸਦਾ ਰੁੱਖੀ ਜਾਂ ਬੀਆਬਾਨ ਵਰਗੀ ਨਹੀਂ ਹੁੰਦੀ। ਵਿਦੇਸ਼ਾਂ ਵਿਚ ਪਤਝੜ ਤਾਂ ਬਿਰਖਾਂ ਨੂੰ ਰੰਗਰੇਜ਼ਤਾ ਨਾਲ ਕੁਦਰਤੀ ਕਿਰਤੀਆਂ ਦਾ ਰੂਪ ਬਣਾਉਂਦੀ। ਹਰ ਪੱਤਾ ਹੀ ਫੁੱਲ ਵਾਂਗ ਰੰਗ-ਬਿਰੰਗੇ ਰੰਗਾਂ ਵਿਚ ਰੰਗਿਆ, ਬਿਰਖ ਨੂੰ ਕਲਾ-ਕ੍ਰਿਸ਼ਮੇ ਨਾਲ ਨਿਵਾਜਦਾ। ਰੰਗਲੀ ਪਤਝੜ ਤਾਂ ਜ਼ਿੰਦਗੀ ਨੂੰ ਰੱਜ ਕੇ ਜਿਉਣ ਦਾ ਜਸ਼ਨ। ਬੀਤੇ ਸਮੇਂ ਦੀ ਪੂਰਨਤਾ ਨੂੰ ਰੰਗ-ਬਿਰੰਗੀ ਆਭਾ ਨਾਲ ਸਜਾਉਣਾ ਅਤੇ ਆਖਰੀ ਸਫਰ ਨੂੰ ਯਾਦਗਾਰੀ ਬਣਾਉਣਾ।

ਸਮਾਂ ਮਿਲੇ ਤਾਂ ਅਜਿਹੀ ਪਤਝੜ ਦੇ ਦਿਨੀਂ ਕੁਦਰਤ ਨਾਲ ਸੰਵਾਦ ਰਚਾਉਣਾ, ਇਸ ਦੇ ਨੈਣਾਂ 'ਚ ਝਾਕਣਾ, ਕੁਦਰਤੀ ਕਾਰੀਗਰੀ ਨੂੰ ਨਿਹਾਰਨਾ, ਬਹੁ-ਰੰਗਾਂ ਦੀ ਕਸ਼ੀਦਗੀ ਵਿਚੋਂ ਉਪਜੀ ਰੰਗਾਂ ਦੀ ਆਕਾਸ਼-ਗੰਗਾਂ ਨੂੰ ਮਨ-ਅੰਬਰ 'ਤੇ ਉਤਾਰਨਾ-ਤੁਹਾਨੂੰ ਕੁਦਰਤੀ ਸੁੰਦਰਤਾ ਦੀ ਅਸੀਮਤਾ ਤੇ ਅਨੂਠੇਪਣ ਦਾ ਅਹਿਸਾਸ ਹੋਵੇਗਾ। ਕੁਦਰਤ ਆਪਣੇ ਸਤਰੰਗਾਂ ਨਾਲ ਮਾਨਵ ਦੀਆਂ ਸੁੱਖਾਂ ਮੰਗਦੀ, ਜੀਵਨੀ ਪਤਝੜ ਨੂੰ ਵੀ ਇਸੇ ਅੰਦਾਜ਼ ਵਿਚ ਮਨਾਉਣ ਲਈ ਉਕਸਾਉਂਦੀ।

ਮਨੁੱਖ ਵਲੋਂ ਜੀਵਨੀ ਪਤਝੜ 'ਚ ਨਿਰਾਸ਼ਾਵਾਦੀ ਸੋਚ ਅਤੇ ਨਾਕਾਰਾਤਮਕ ਰੁਚੀਆਂ ਉਪਜਾਉਣਾ, ਸਰੀਰਕ ਪਤਝੜ ਦਾ ਨਿਰਾਦਰ। ਜੀਵਨ ਦੇ ਇਸ ਰੰਗ ਨੂੰ ਕੁਦਰਤ ਵਾਂਗ ਰੰਗਲੀ ਆਭਾ ਨਾਲ ਮਨਾਉਣ ਅਤੇ ਆਖਰੀ ਪਲਾਂ ਨੂੰ ਯਾਦਗਾਰੀ ਬਣਾਉਣ ਦਾ ਹੁਨਰ ਆ ਜਾਵੇ ਤਾਂ ਮਨੁੱਖਾ ਜੀਵਨ ਅਕੀਦਤਯੋਗ ਬਣ ਜਾਂਦਾ।

ਪਤਝੜ ਵਿਚ ਧਰਤੀ 'ਤੇ ਪਏ ਪੱਤਿਆਂ ਦੀ ਚਿੱਤਰਕਾਰੀ ਨੂੰ ਰੂਹ-ਰੰਗ ਦਾ ਹਿੱਸਾ ਬਣਾਉਣਾ, ਆਖਰੀ ਸਾਹ ਨੂੰ ਸਤਵਰਗੀ ਹੋਣ ਦਾ ਅਹਿਸਾਸ ਹੋਵੇਗਾ।

ਸਰੀਰਕ ਪਤਝੜ ਨੂੰ ਕਦੇ ਵੀ ਮਨ 'ਤੇ ਹਾਵੀ ਨਾ ਹੋਣ ਦਿਓ। ਮਨ ਦੀ ਪਤਝੜ ਦੌਰਾਨ ਪਿਲੱਤਣਾਂ ਦਾ ਰੰਗ ਤੁਹਾਡੀ ਸੋਚ ਅਤੇ ਕਰਮ ਸ਼ੈਲੀ ਵਿਚ ਭਾਰੂ ਹੋ ਜਾਵੇਗਾ, ਜੋ ਤੁਹਾਡੀ ਮੌਤ ਤੋਂ ਪਹਿਲਾਂ ਵਾਲੀ ਮੌਤ ਦਾ ਸਬੱਬ ਬਣੇਗਾ। ਮਨ ਨੂੰ ਸਦਾ ਖੇੜੇ ਵਿਚ ਰੱਖੋ। ਇਸ ਦੇ ਵਿਹੜੇ ਵਿਚ ਚਾਵਾਂ ਅਤੇ ਭਾਵਾਂ ਦੇ ਸੂਹੇ ਫੁੱਲ ਖਿੜਦੇ ਰਹਿਣ। ਸੁਖਨ-ਸੁਗੰਧੀ ਮਨ ਵਿਹੜੇ ਨੂੰ ਮੁਅੱਤਰ ਕਰਦੀ ਰਹੇ ਤਾਂ ਸੰਦਲੀ-ਸਾਹ ਤੇ ਸੰਵੇਦਨਾ ਦਾ ਸੰਗਮ, ਜੀਵਨ ਤਰੰਗ ਬਣਦਾ।

ਅਕਸਰ ਲੋਕ ਪਤਝੜ ਨੂੰ ਜੀਵਨ ਦਾ ਆਖਰੀ ਪਲ ਸਮਝ ਆਪਣਾ ਮਰਸੀਆ ਪੜ੍ਹਨ ਵੰਨੀਂ ਰੁਚਿਤ ਹੋ ਜਾਂਦੇ। ਜ਼ਿੰਦਗੀ ਦੇ ਹਰ ਪਲ ਨੂੰ ਇਸ ਤਰ੍ਹਾਂ ਸਮਝੋ ਕਿ ਇਹ ਪਹਿਲਾ ਪਲ ਹੈ ਅਤੇ ਇਸ ਨੂੰ ਇਸ ਤਰ੍ਹਾਂ ਮਾਣੋ ਕਿ ਇਹ ਜ਼ਿੰਦਗੀ ਦਾ ਆਖਰੀ ਪਲ ਹੈ। ਜ਼ਿੰਦਗੀ ਦਾ ਮੁਹਾਂਦਰਾ ਤੁਹਾਡੇ ਲਈ ਸੰਜੀਵਨੀ ਬੂਟੀ ਬਣਿਆ ਰਹੇਗਾ।

ਪਤਝੜ ਵਿਚ ਪਿਆਰ, ਪੂਰਨਤਾ ਅਤੇ ਪਾਕੀਜ਼ਗੀ ਨੂੰ ਮਨ-ਦਰ 'ਤੇ ਉਕਰਾਉਣ ਵਾਲੇ ਲੋਕ ਇਸ ਦੀ ਅਰਾਧਨਾ ਵਿਚੋਂ ਹੀ ਆਪਣੇ ਸੁਪਨਿਆਂ ਦੀ ਅਰਦਾਸ ਦਾ ਆਗਾਜ਼ ਹੁੰਦੇ।

ਪਤਝੜ ਦੀ ਰੰਗੋਲੀ ਨਾਲ ਆਪਣੀ ਜੀਵਨ-ਜਾਚ, ਪੈੜ-ਚਾਲ ਅਤੇ ਰੂਹ-ਰਵਾਨਗੀ ਨੂੰ ਬਹੁ-ਰੰਗਤਾ ਪ੍ਰਦਾਨ ਕਰਨ ਵਾਲੇ ਸਮਿਆਂ ਦਾ ਸੁੱਚਮ ਹੁੰਦੇ, ਜੋ ਜ਼ਿੰਦਗੀ ਕੋਲੋਂ ਕੁਝ ਲੈਣ ਦੀ ਥਾਂ ਕੁਝ ਦੇਣ ਨੂੰ ਤਰਜੀਹ ਦਿੰਦੇ।

ਕੁਝ ਲੋਕ ਸਦਾ ਹੀ ਕੁਝ ਸਿੱਖਣ ਅਤੇ ਗਿਆਨ ਹਾਸਲ ਕਰਨ ਵੱਲ ਰੁਚਿਤ ਰਹਿੰਦੇ। ਉਨ੍ਹਾਂ ਦੀ ਗਿਆਨ-ਪ੍ਰਾਪਤੀ ਦੀ ਲੋਚਾ 'ਚ ਕਦੇ ਵੀ ਪਤਝੜ ਨਹੀਂ ਆਉਂਦੀ। ਉਹ ਆਪਣਾ ਆਖਰੀ ਸਮਾਂ ਵੀ ਕੁਝ ਸਿੱਖਣ, ਸਮਝਣ ਅਤੇ ਸੋਚ ਦੇ ਨਵੀਨੀਕਰਨ ਲਈ ਬਿਤਾਉਂਦੇ; ਪਰ ਕੁਝ ਲੋਕ ਇਕ ਮੁਕਾਮ 'ਤੇ ਪਹੁੰਚ ਆਪਣੇ ਸੋਚ-ਸਫਰ ਦੇ ਦਰਵਾਜੇ ਬੰਦ ਕਰ ਦਿੰਦੇ। ਬਹੁਤ ਘੱਟ ਲੋਕ ਨੇ, ਜੋ ਕਿਤਾਬਾਂ ਨਾਲ ਸਾਂਝ ਪਾ, ਸਮੇਂ ਦੀ ਤੋਰ ਦੇ ਹਾਣੀ ਬਣੇ ਰਹਿੰਦੇ। ਪੁਸਤਕ-ਸਭਿਆਚਾਰ ਤੋਂ ਵਿਰਵਾਪਣ ਲੋਕਾਂ ਦੀ ਜ਼ਿੰਦਗੀ ਵਿਚ ਸਮੇਂ ਤੋਂ ਪਹਿਲਾਂ ਵਾਲੀ ਪਤਝੜ ਦਾ ਸਬੱਬ। ਵਿਦੇਸ਼ਾਂ ਵਿਚ ਨੌਕਰੀ ਜਾਂ ਪੜ੍ਹਾਈ ਲਈ ਉਮਰ ਦੀ ਕੋਈ ਸੀਮਾ ਨਹੀਂ। ਹਰ ਵਿਅਕਤੀ ਆਪਣੀ ਕਾਰਜ ਸ਼ੈਲੀ 'ਚ ਪੁਰਾਣੇ ਹੋਣ ਦਾ ਅਹਿਸਾਸ ਮਨ ਵਿਚ ਪੈਦਾ ਨਹੀਂ ਹੋਣ ਦਿੰਦਾ। ਬਜੁਰਗਾਂ ਨੂੰ ਅਕਸਰ ਹੀ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਪੜ੍ਹਦੇ ਦੇਖ ਸਕਦੇ ਹੋ। ਇਹ ਵਰਤਾਰਾ ਹੀ ਇਨ੍ਹਾਂ ਦੀ ਉਸਾਰੂ ਤੇ ਸੁਚਾਰੂ ਸੋਚ ਦਾ ਬਿੰਬ, ਜੋ ਨਵੀਨਤਮ ਧਰਾਤਲਾਂ ਦੀ ਖੋਜ ਨੂੰ ਪ੍ਰਣਾਏ ਹੋਣ ਦਾ ਸਬੂਤ।

ਪਤਝੜ ਵਰਗੀ ਲੋਕ-ਸੋਚ ਦੇ ਪੱਲੇ ਵਿਚ ਹਾਵੇ। ਉਨ੍ਹਾਂ ਦੀ ਮਨ-ਬੀਹੀ ਵਿਚ ਭੌਂਦੇ ਹੰਝੂ, ਹੌਕੇ ਤੇ ਹਾਵੇ। ਉਨ੍ਹਾਂ ਲਈ ਖੇੜੇ ਦੀ ਦਸਤਕ ਹੁੰਦੀ ਬਹੁਤ ਹੀ ਦੂਰ। ਨਾ ਹੀ ਕਦੇ ਜੀਵਨ-ਪ੍ਰਾਪਤੀਆਂ ਦਾ ਚੜ੍ਹਦਾ ਚਾਅ-ਸਰੂਰ। ਉਨ੍ਹਾਂ ਲਈ ਸਾਹ-ਸੰਤੋਖਣਾ, ਇਕੋ ਜੀਵਨ-ਨਾਮ, ਤਾਂ ਹੀ ਉਨ੍ਹਾਂ ਦੀ ਮਨ-ਬਿਰਤੀ 'ਚ ਸਦਾ ਉਤਰਦੀ ਸ਼ਾਮ। ਜੀਵਨ ਦੀ ਪਤਝੜ ਨੂੰ ਮਾਣੋ ਇਸ ਤਰ੍ਹਾਂ, ਆਖਰੀ ਤੇ ਪਹਿਲਾ ਪਹਿਰ ਹੁੰਦਾ ਜਿਸ ਤਰ੍ਹਾਂ।

ਪਤਝੜ ਜਦ ਕਲਮ ਵਿਚ ਉਤਰਦੀ ਤਾਂ ਹਰਫਾਂ 'ਚ ਸੋਗ ਫੈਲਦਾ। ਸਿਆਹੀ ਸੁੱਕ ਜਾਂਦੀ। ਕਾਗਜ਼ 'ਤੇ ਮਨ ਦੀ ਕਮਤਰੀ-ਅਹਿਸਾਸ, ਉਸ ਦੇ ਜ਼ਰਜ਼ਰੀ ਹੋਣ ਦਾ ਸਬੱਬ। ਕਲਮ-ਸਾਧਨਾ ਬਰਕਰਾਰ ਰਹੇ ਤਾਂ ਹਰਫ ਮੌਲਦੇ, ਅਰਥ ਉਗਦੇ ਅਤੇ ਵਰਕਿਆਂ 'ਤੇ ਵਕਤ ਦੀ ਤਹਿਜ਼ੀਬ ਨੂੰ ਉਕਰੇ ਜਾਣ ਦਾ ਮਾਣ ਮਿਲਦਾ। ਇਨਾਮ-ਸਨਮਾਨ ਤੀਕ ਸੀਮਤ ਹੋ ਕੇ ਰਹਿ ਗਈ ਕਲਮ-ਕਿਰਤ ਤਾਂ ਆਪਣੀ ਕਬਰ ਜਿਉਂਦੇ-ਜੀਅ ਹੀ ਪੁੱਟ ਲੈਂਦੀ। ਥੋੜ੍ਹ-ਚਿਰੀ ਸਾਧਨਾ, ਕਲਮ-ਕੀਰਤੀ ਦੀ ਚਿਰ-ਸਦੀਵਤਾ ਕਿਵੇਂ ਪੈਦਾ ਕਰ ਸਕਦੀ ਏ? ਅਜਿਹਾ ਬਹੁਤ ਸਾਰੀਆਂ ਕਲਮਾਂ ਨਾਲ ਵਾਪਰਦਾ। ਖੁਦ ਦਾ ਮਰਸੀਆ ਪੜ੍ਹਨ ਜੋਗੀਆਂ ਰਹਿ ਜਾਂਦੀਆਂ ਅਜਿਹੀਆਂ ਕਲਮਾਂ।

ਪਤਝੜ ਪੈਰਾਂ ਵਿਚ ਪਨਪ ਪਵੇ ਤਾਂ ਸਫਰ ਸਿਸਕੀਆਂ ਬਣਦੇ, ਰਾਹਾਂ ਵਿਚ ਧੁੰਦਲਕਾ ਉਪਜਦਾ ਅਤੇ ਮੰਜ਼ਿਲਾਂ ਦੇ ਦਿਸਹੱਦਿਆਂ ਨੂੰ ਅਪ੍ਰਾਪਤੀ ਦੀ ਸਿਉਂਕ ਖਾ ਜਾਂਦੀ।

ਜਦ ਕਿਸੇ ਦੇ ਦੀਦਿਆਂ ਵਿਚ ਪਤਝੜ ਡੇਰਾ ਲਾਉਂਦੀ ਤਾਂ ਨੈਣਾਂ ਵਿਚ ਸੁਪਨੇ ਸਜਾਉਣ ਦੀ ਸੋਝੀ ਬੇਵਾ ਹੋ ਜਾਂਦੀ। ਸੁਪਨਿਆਂ ਦੀ ਪੂਰਤੀ ਲਈ ਸਾਧਨਾ ਅਤੇ ਸਾਧਨ ਨੂੰ ਕਿਵੇਂ ਕਿਆਸੋਗੇ? ਸੁਪਨਹੀਣ ਅੱਖਾਂ ਤਾਂ ਕਬਰੀਂ ਪੈਣ ਲਈ ਉਤਾਵਲੀਆਂ। ਮਰਨ-ਰੁੱਤ ਦੀ ਦਸਤਕ ਸੁਣਨ ਲਈ ਕਾਹਲੇ ਕੰਨਾਂ ਨੂੰ ਸੰਗੀਤ ਨਹੀਂ ਭਾਉਂਦਾ। ਉਨ੍ਹਾਂ ਦੀ ਲਿਵ ਸਿਰਫ ਕੀਰਨੇ ਤੇ ਕੁਬੋਲ ਸੁਣਨ ਤੀਕ ਸੀਮਤ।

ਪਤਝੜ ਜਦ ਕਿਸੇ ਘਰ ਦੀਆਂ ਬਰੂਹਾਂ ਮੱਲ ਲਵੇ ਤਾਂ ਦਰਾਂ 'ਤੇ ਚੋਏ ਜਾਣ ਵਾਲੇ ਤੇਲ ਤੇ ਡੋਲ੍ਹੇ ਜਾਣ ਵਾਲੇ ਪਾਣੀ ਨੂੰ ਬਦਰੂਹਾਂ ਮੰਤਰ ਜਾਂਦੀਆਂ। ਇਹ ਮੰਤਰੇ ਪਾਣੀ ਹੀ ਘਰ ਦੀਆਂ ਬਰੂਹਾਂ ਖਾ ਜਾਂਦੇ। ਘਰ ਨੂੰ ਅ-ਘਰ ਹੋਣ ਦਾ ਅਹਿਸਾਸ ਖਾਣ ਲੱਗਦਾ। ਬੜਾ ਔਖਾ ਤੇ ਦਰਦ ਦੇਣ ਵਾਲਾ ਹੁੰਦਾ ਹੈ, ਕਿਸੇ ਘਰ ਲਈ ਅ-ਘਰ ਹੋ ਜਾਣ ਦਾ ਅਹਿਸਾਸ।

ਪਤਝੜ ਦੀ ਕੁੱਖ ਵਿਚੋਂ ਹੀ ਬਹਾਰਾਂ ਨੇ ਪੁੰਗਰਨਾ ਹੁੰਦਾ। ਰੁੰਡ-ਮਰੁੰਡ ਹੋਈਆਂ ਟਾਹਣੀਆਂ 'ਤੇ ਫੁੱਟਦੀਆਂ ਨੇ ਕਰੂੰਬਲਾਂ ਅਤੇ ਮੁਲਾਇਮ ਪੱਤੀਆਂ ਦੀਆਂ ਕਿਰਮਚੀ ਲੜੀਆਂ। ਨਵੀਆਂ ਬਹਾਰਾਂ ਅਤੇ ਸੰਧਾਰਿਆਂ ਦੀ ਰੁੱਤ ਦਾ ਰਾਂਗਲਾ ਰਾਗ। ਇਸ ਲਈ ਪਤਝੜ ਨੂੰ ਮਾਣਦਿਆਂ, ਭਵਿੱਖੀ ਬਹਾਰ ਵੰਨੀਂ ਸੋਚ ਨੂੰ ਸੇਧਤ ਕਰਾਂਗੇ ਤਾਂ ਖੇੜਿਆਂ ਤੇ ਖੁਸ਼ੀਆਂ ਨਾਲ ਝੋਲੀਆਂ ਦੀ ਪ੍ਰਫੁਲਤਾ ਜ਼ਿੰਦ-ਬੀਹੀ ਦਾ ਨਾਦ ਬਣੇਗੀ।

ਪਤਝੜ ਜੀਵਨ ਦਾ ਇਕ ਰੰਗ ਅਤੇ ਪੜਾਅ। ਹਰ ਪੜਾਅ ਦੀ ਆਪਣੀ ਵਿਲੱਖਣਤਾ, ਅਹਿਮੀਅਤ ਅਤੇ ਸਰੋਕਾਰ। ਲੋੜ ਹੈ, ਵਰਤਮਾਨ ਵਿਚ ਰਹਿਣ ਦੀ ਆਦਤ ਪਾਈਏ। ਜੀਵਨ ਦੇ ਹਰ ਰੰਗ ਨੂੰ ਭਰਪੂਰਤਾ ਨਾਲ ਜਿਉਣ ਦੇ ਅੰਦਾਜ਼ ਨੂੰ ਜੀਵਨ-ਸ਼ੈਲੀ ਦਾ ਹਿੱਸਾ ਬਣਾਈਏ। ਪਤਝੜ ਦੀਆਂ ਰਾਂਗਲੀਆਂ ਯਾਦਾਂ, ਦਿਲ-ਤਖਤੀ 'ਤੇ ਸੁਰਖ ਸੰਵਾਦ ਦਾ ਸਿਰਲੇਖ ਬਣਨਗੀਆਂ।

ਪਤਝੜ ਇਕ ਸੂਖਮ ਸੰਦੇਸ਼ ਮਨ ਦੀ ਜੂਹੇ ਧਰਦੀ ਕਿ ਪੱਤੇ ਵਾਂਗ ਅੱਧ-ਅੰਬਰੀਂ ਆਪਣੀ ਅਉਧ ਨੂੰ ਪੂਰਨਤਾ ਨਾਲ ਮਾਣੋ ਅਤੇ ਜਦ ਅਲਵਿਦਾ ਹੋਣ ਦਾ ਮੌਕਾ ਹੋਵੇ ਤਾਂ ਮੜਕ ਨਾਲ ਰੁਖਸਤ ਲਵੋ। ਹਵਾਵਾਂ ਨਾਲ ਖੇਡਦੇ ਹੀ ਆਖਰੀ ਅਲਵਿਦਾ ਕਹਿ ਜਾਵੋ। ਇਹ ਹੀ ਜੀਵਨ ਨੂੰ ਸੰਪੂਰਨਤਾ ਨਾਲ ਹੰਢਾਉਣ ਤੇ ਅਪਨਾਉਣ ਦਾ ਗਹਿਰਾ ਗੁਰ।

ਦਰਅਸਲ ਪਤਝੜ ਨੂੰ ਸਾਲ ਦੀ ਦੂਸਰੀ ਤੇ ਆਖਰੀ ਬਹਾਰ ਕਿਹਾ ਜਾਂਦਾ, ਜਦ ਹਰ ਪੱਤਾ ਹੀ ਫੁੱਲ ਦੀ ਜੂਨੇ ਪੈਂਦਾ। ਹਰ ਬਿਰਖ ਵਿਚੋਂ ਫੁੱਲਾਂ ਦੀ ਵਾਦੀ ਦਾ ਝਉਲਾ ਪੈਂਦਾ। ਸਮੁੱਚੀ ਕਾਇਨਾਤ ਬਹਾਰ ਬਣ ਜਾਂਦੀ।

ਪਤਝੜੀ ਰੰਗ-ਬਿਰੰਗਤਾ ਵਿਚੋਂ ਮੌਤ ਦਾ ਭੈਅ ਨਹੀਂ ਸਗੋਂ ਜੀਵਨ-ਜਾਚ ਦੀ ਅਦਾਕਾਰੀ ਰੂਪਮਾਨ ਹੁੰਦੀ, ਜੋ ਮਰਨਹਾਰਿਆਂ ਨੂੰ ਵੀ ਜਿਉਣ ਦਾ ਸਬਕ ਪੜ੍ਹਾ ਜਾਂਦੀ।

ਸਰਦੀਆਂ ਦੀ ਚਿੱਟੀ ਚਾਦਰ ਪਿਛੋਂ ਬਹਾਰ ਆਪਣੇ ਫੁੱਲ-ਬੂਟਿਆਂ ਦੇ ਤਰੋਪੇ ਪਾਉਂਦੀ। ਗਰਮੀ, ਹਰਿਆਵਲੀ ਰੰਗਤ ਨਾਲ ਇਸ ਦੀ ਖੂਬਸੂਰਤੀ ਨੂੰ ਚਾਰ ਚੰਨ ਲਾਉਂਦੀ, ਪਰ ਪਤਝੜ ਆਉਣ 'ਤੇ ਸਾਰੇ ਰੰਗ ਇਕਮਿਕ ਹੋ ਅਜਿਹਾ ਜਲੌਅ ਸਜਾਉਂਦੇ ਕਿ ਕੁਦਰਤ ਆਪਣੀ ਅਮੀਰੀ ਦਾ ਜਸ਼ਨ ਧਰਤ-ਵਿਹੜੇ 'ਚ ਮਨਾਉਂਦੀ। ਸਾਲ ਦਾ ਆਖਰੀ ਅਤੇ ਅਜ਼ੀਮ ਰੰਗ-ਮੇਲਾ।

ਪਤਝੜ ਦੇ ਪੱਤੇ ਡਿਗਦੇ ਤਾਂ ਰਾਹ-ਰਾਸਤੇ ਛੁਪ ਜਾਂਦੇ। ਰਾਹੀ ਦੇ ਮਨ ਵਿਚ ਨਵੇਂ ਰਾਹ ਤਲਾਸ਼ਣ ਦਾ ਹੁਨਰ ਅਤੇ ਚੇਸ਼ਟਾ ਉਪਜਾਉਂਦੇ। ਰਾਹ, ਜਿਨ੍ਹਾਂ 'ਤੇ ਤੁਰਦਿਆਂ ਜੀਵਨੀ ਰੰਗਤਾ ਨੂੰ ਭਾਗ ਲੱਗਦੇ। ਤੁਰਦਿਆਂ ਪੱਤਿਆਂ ਦਾ ਚਰਮਰਾਉਣਾ, ਮਨ ਨੂੰ ਪੀੜਤ ਵੀ ਕਰਦਾ ਕਿ ਅੰਬਰ-ਜੂਹ ਵਿਚ ਰਹਿਣ ਵਾਲਿਆਂ ਨੂੰ ਆਖਰ ਧਰਤੀ ਹੀ ਪਨਾਹ ਦਿੰਦੀ।

ਕੁਝ ਲੋਕ ਪਤਝੜ ਨੂੰ ਮਾਣਨ ਤੋਂ ਇਸ ਲਈ ਇਨਕਾਰੀ ਹੋ ਜਾਂਦੇ ਕਿ ਇਹ ਜੀਵਨ ਦੇ ਆਖਰੀ ਵਕਤ ਆਈ ਹੈ। ਉਨ੍ਹਾਂ ਨੂੰ ਇਸ ਦੇ ਆਉਣ ਦਾ ਚਾਅ ਨਹੀਂ, ਸਗੋਂ ਲੇਟ ਆਉਣ ਦਾ ਹੇਰਵਾ ਹੁੰਦਾ। ਲੋੜ ਹੈ, ਹੇਰਵਾ ਕਰਨ ਦੀ ਥਾਂ ਇਸ ਨੂੰ ਮਾਣਨ ਦੀ ਆਦਤ ਪਾਓ।

ਪਤਝੜ, ਪੱਤਿਆਂ ਦਾ ਝੜ ਕੇ ਹੇਠਾਂ ਡਿੱਗਣ



*ਇਹ ਬਹਾਰ ਰੁੱਤ ਦੇ ਫੁੱਲ ਨਹੀਂ, ਸਗੋਂ ਪਤਝੜ ਰੁੱਤ ਦੇ ਪੱਤੇ ਹਨ*

ਦਾ ਨਾਂ ਨਹੀਂ, ਸਗੋਂ ਜੀਵਨ ਨੂੰ ਪੂਰਨਤਾ ਨਾਲ ਜਿਉਂ ਕੇ ਆਪਣੇ ਅਗਲੇ ਸਫਰ ਨੂੰ ਜਾਰੀ ਰੱਖਣ ਦਾ ਪਲੇਠਾ ਕਦਮ ਏ, ਕਿਉਂਕਿ ਤੁਰਨਾ ਹੀ ਤਾਂ ਜ਼ਿੰਦਗੀ ਏ ਜਦ ਕਿ ਖੜੋਤ ਮੌਤ।

ਪਤਝੜ ਦੇ ਸੁਨੇਹੇ ਨੂੰ ਸਦਾ ਯਾਦ ਰੱਖੋ ਕਿ ਜ਼ਿੰਦਗੀ ਦਾ ਆਖਰੀ ਪੜਾਅ ਵੀ ਸੁੰਦਰ ਹੋ ਸਕਦਾ ਏ, ਬਸ਼ਰਤੇ ਤੁਹਾਨੂੰ ਜ਼ਿੰਦਗੀ ਜਿਉਣ ਅਤੇ ਇਸ ਦੀਆਂ ਬਰਕਤਾਂ ਮਾਣਨ ਦਾ ਸ਼ਰਫ ਹਾਸਲ ਹੋਵੇ।


ਪਤਝੜ ਕੁਦਰਤ ਦੀ ਸਭ ਤੋਂ ਸੁੰਦਰ ਕਵਿਤਾ, ਜਿਸ ਦਾ ਹਰ ਰੂਪ ਜੀਵਨ ਨੂੰ ਸੁੰਦਰ, ਸੁਪਨਸ਼ੀਲ ਅਤੇ ਸੁਹੱਪਣੀ ਸਾਧਨਾ ਦਾ ਸਰੂਪ ਬਣਾ ਜਾਂਦਾ। ਇਹ ਕਵਿਤਾ ਪੜ੍ਹਨ ਦੀ ਸੋਝੀ ਤੇ ਸ਼ਕਤੀ ਆ ਜਾਵੇ ਤਾਂ ਜ਼ਿੰਦਗੀ ਵੀ ਇਕ ਕਵਿਤਾ ਬਣ ਜਾਂਦੀ, ਜਿਸ ਦੀ ਸੂਖਮਤਾ ਵਿਚੋਂ ਹੀ ਸੁਖਨ, ਸੰਤੁਸ਼ਟੀ ਅਤੇ ਸਹਿਜ ਦਾ ਸਬਕ ਮਿਲਦਾ।


SAHIL
L.A. TAN
ATLANTIC TRAVELS
Atisundar Entertainment
IN ASSOCIATION WITH
STARZ ENTERTAINMENT
Deccan Cultural Academy DCA Promoting Art & Culture
BIGGEST MUSICAL CONCERT OF 2019
FOOD AVAILABLE FOR PURCHASE BY
JIGAR'S KITCHEN
Klose to My Life
LIVE IN CONCERT
SONU NIGAM
NEHA KAKKAR
ZEE TV HD
BALAJI Entertainment Inc.
27TH
Shri Balaji Entertainment & 27th Investments Presents
FRIDAY MARCH 29TH | 8:30PM
SEARS CENTRE ARENA
TICKET PRICES - $46, $68, $89, $111, $166, VIP, VVIP & RED CARPET
INCLUDES FACILITY FEE & AMUSEMENT TAX
BUY TICKETS ONLINE - Sulekha.com HUNGAMACITY
BOLLYWOOD TICKETS
FOR SPONSORSHIP & TICKETS CALL
NICK PATEL 773-507-7333
BHAVESH 773-262-1222
ANOOP 312-375-2359
ANISH 224-715-5991
SAVI 847-630-4916
RAJU 847-962-7641
FOR TICKETS CALL AL MANSOOR 773 764 7576 | INDIA VIDEO 630-709-1451
www.bollywoodstarshow.com
SUPPORTED BY
hi INDIA
Desi Junction www.desijunction.com
ADBHHUT MEDIA ONLINE NEWSPAPER & CHANNEL
asianmediausa

# ਜੰਗ ਦੇ ਬੱਦਲਾਂ 'ਚ ਮੁਹੱਬਤ ਦੀ ਲਿਸ਼ਕੋਰ

## ਕਲਾ ਪਰਿਕਰਮਾ

ਪਤਝੜ ਦੀ ਰੁੱਤੇ ਵੀ ਬਸੰਤ ਦੀ ਬਹਾਰ ਦਾ ਗੀਤ ਗਾਉਣ ਵਾਲਿਆਂ ਦਾ ਆਪਣਾ ਗੌਰਵਮਈ ਇਤਿਹਾਸ ਹੈ। ਨਫਰਤ ਦੇ ਸਮਿਆਂ ਵਿਚ ਪਿਆਰ ਦੀ ਧੁਨ ਛੇੜਨ ਵਾਲਿਆਂ ਦਾ ਸੰਗੀਤ ਵਕਤ ਦੇ ਪਰਾਂ 'ਤੇ ਉਕਰਿਆ ਜਾਂਦਾ ਹੈ। ਸਾਡੇ ਮੁਲਕ ਦੀ ਜਵਾਨੀ ਨੇ ਅਜਿਹਾ ਹੀ ਉਦਮ ਕੀਤਾ ਹੈ ਜੋ ਆਸ ਬੰਨ੍ਹਾਉਂਦਾ ਹੈ ਕਿ ਸਾਡੀ ਮਿੱਟੀ ਦੇ ਕਣ-ਕਣ ਅੰਦਰ ਸਮੋਈ ਸਾਂਝੀ ਵਿਰਾਸਤ ਨੂੰ ਜ਼ਹਿਰ ਦੇ ਵਣਜਾਰੇ, ਜ਼ਹਿਰੀਲਾ ਕਰਨ ਦੇ ਚੰਦਰੇ ਮਨਸੂਬੇ ਨੇਪਰੇ ਨਹੀਂ ਚਾੜ੍ਹ ਸਕਦੇ।



ਅਮੋਲਕ ਸਿੰਘ
ਫੋਨ: +91-94170-76735

'ਨਫਰਤ ਦੇ ਖਿਲਾਫ: ਕਲਾਕਾਰ ਏਕਾ' ਨਾਮੀ ਮੰਚ ਨੇ 2 ਅਤੇ 3 ਮਾਰਚ ਨੂੰ ਦਿੱਲੀ ਵਿਖੇ ਲਾਲ ਕਿਲ੍ਹੇ ਅੱਗੇ ਵਿਸ਼ਾਲ ਪਾਰਕ ਵਿਚ ਕਲਾ, ਸਭਿਆਚਾਰ, ਸਮਾਜ ਅਤੇ ਕਲਾਕਾਰ ਦੇ ਫਰਜ਼ਾਂ ਸਬੰਧੀ ਨਿਵੇਕਲਾ ਤਿਓਹਾਰ ਮਨਾਇਆ। ਦੇਸ਼ ਭਰ ਤੋਂ ਜੁੜੇ ਕਲਾਕਾਰਾਂ ਨੇ 'ਜੰਗ ਨਹੀਂ, ਰੁਜ਼ਗਾਰ: ਬੰਬ ਨਹੀਂ, ਸੰਗੀਤ ਦੀ ਟੁਣਕਾਰ' ਦਾ ਮੁਹੱਬਤ, ਭਾਈਚਾਰਕ ਸਾਂਝ ਭਰੀ ਗਲਵੱਕੜੀ ਦੀ ਖੁਸ਼ਬੋ ਵੰਡਦਾ ਪੈਗ਼ਾਮ ਦਿੱਤਾ।

ਇਨ੍ਹਾਂ ਗੱਭਰੂ ਅਤੇ ਮੁਟਿਆਰਾਂ ਦੇ ਕਾਫਲੇ ਨੇ ਨਵੀਂ ਦੁਨੀਆਂ ਦੀ ਤਸਵੀਰ ਵਿਚ ਰੰਗ ਭਰ ਦਿੱਤੇ। ਉਨ੍ਹਾਂ ਦੇ ਹੱਥਾਂ 'ਚ ਮੋਬਾਈਲ, ਹਥਿਆਰ ਜਾਂ ਫਿਰਕੂ ਜ਼ਹਿਰ ਦੀਆਂ ਪੁੜੀਆਂ ਦੀ ਬਜਾਏ ਸਾਜ਼, ਕਿਤਾਬਾਂ, ਪੋਸਟਰ, ਰੰਗ, ਕੈਨਵਸ, ਦਸਤਾਵੇਜ਼ੀ ਫਿਲਮਾਂ ਅਤੇ ਰੰਗ-ਮੰਚ ਦਾ ਸਾਜ਼ੋ-ਸਾਮਾਨ ਸੀ। 2 ਅਤੇ 3 ਮਾਰਚ 2019 ਦੇ ਇਸ ਦਿਨ ਆਮ ਦਿਨ ਨਹੀਂ ਸਨ। ਜਦੋਂ ਮੁਲਕ ਦੀਆਂ ਹਵਾਵਾਂ ਅੰਦਰ ਜੰਗ ਦਾ ਸ਼ੋਰ ਮੱਚ ਰਿਹਾ ਸੀ। ਜਦੋਂ ਵਿਸ਼ੇਸ਼ ਫਿਰਕੇ ਦੇ ਵਿਦਿਆਰਥੀਆਂ ਨੂੰ ਆਪਣੇ ਨੈਣਾਂ 'ਚ ਛਲਕਦੇ ਹੰਝੂਆਂ ਦੇ ਦਰਿਆ ਲੈ ਕੇ ਆਪਣੀ ਜ਼ਿੰਦਗੀ ਦਾ ਤੀਜਾ ਨੇਤਰ ਛੱਡ ਕੇ ਦੂਰ ਜਾਣ ਦਾ ਦਰਦ ਹੰਢਾਉਣਾ ਪੈ ਰਿਹਾ ਸੀ। ਜਦੋਂ ਅੰਨ੍ਹੇ ਕੌਮੀ ਜਨੂੰਨ ਦੀ ਪਾਣ ਚਾੜ੍ਹ ਕੇ ਸੰਵਾਦ ਦਾ ਮਾਹੌਲ ਗ੍ਰਹਿਣਿਆ ਜਾ ਰਿਹਾ ਸੀ। ਅਜਿਹੇ ਕਾਲੇ ਸਮਿਆਂ ਅੰਦਰ 'ਕਲਾਕਾਰ ਏਕਾ: ਨਫਰਤ ਦੇ ਖਿਲਾਫ' ਨਾਂ ਦੇ ਮੰਚ ਨੇ ਲਾਲ ਕਿਲ੍ਹੇ ਅੱਗੇ ਦੋ ਦਿਨ ਅਤੇ ਰਾਤ ਪਿਆਰ ਅਤੇ ਚੇਤਨਾ ਦੇ ਚਾਨਣ ਦੀਆਂ ਝੋਲੀਆਂ ਭਰਵਾਂ ਮਾਹੌਲ ਸਿਰਜਿਆ।



ਲਾਲ ਕਿਲ੍ਹੇ ਦੇ ਬਾਹਰ ਲੱਗਿਆ ਕਲਾਕਾਰਾਂ ਦਾ ਇਕ ਹੋਰ

ਰੰਗਕਰਮੀ, ਗੀਤਕਾਰ, ਸੰਗੀਤਕਾਰ, ਕਵੀ, ਚਿੱਤਰਕਾਰ, ਦਸਤਾਵੇਜ਼ੀ ਫਿਲਮਸਾਜ਼, ਬੁੱਧੀਜੀਵੀ, ਪੱਤਰਕਾਰ, ਲੇਖਕ, ਸਾਹਿਤਕਾਰ, ਸਮਾਜਿਕ ਅਤੇ ਜਮਹੂਰੀ ਕਾਮੇ, ਖੁਦ ਹੀ ਪ੍ਰਬੰਧਕ, ਸੁਰੱਖਿਆ ਵਲੰਟੀਅਰ ਅਤੇ ਕਲਾ-ਵੰਨਗੀਆਂ ਦੇ ਪੇਸ਼ ਕਰਤਾ ਸਨ। ਸਾਡੇ ਅਤੇ ਗੁਆਂਢੀ ਮੁਲਕ ਦੇ ਸੂਝਵਾਨ, ਸੁਹਿਰਦ ਲੋਕ ਜਿਥੇ ਆਪੋ ਆਪਣੀ ਥਾਂ ਭਰਾ-ਮਾਰ, ਨਿਹੱਕੀ ਜੰਗ ਦੇ ਬੱਦਲ ਹਟਾਉਣ ਲਈ ਚਾਨਣ ਦੀ ਲੀਕ ਦਾ ਕੰਮ ਕਰ ਰਹੇ ਸਨ, ਉਥੇ ਇਸ ਸਭਿਆਚਾਰਕ ਉਤਸਵ ਵਿਚ ਜੋਟੀਆਂ ਪਾ ਕੇ ਵੱਖ-ਵੱਖ ਖਿੱਤਿਆਂ ਤੋਂ ਆਏ ਕਲਾਕਾਰਾਂ ਨੇ ਬੁਲੰਦ ਆਵਾਜ਼ 'ਚ ਉਹ ਵੀ ਮੁਲਕ ਦੀ ਰਾਜਧਾਨੀ ਦੇ ਮਰਕਜ਼ ਤੋਂ ਸਾਂਝਾ ਸੁਨੇਹਾ ਦਿੱਤਾ:

ਕਾਲਜੇ 'ਚ ਹੌਲ ਪੈ ਜਾਏ
ਜਦੋਂ ਉਡਣ ਜਹਾਜ਼ਾਂ ਦੀਆਂ ਡਾਰਾਂ।
ਪੁੱਤ-ਖਾਣੀ ਲਾਮ ਨਾ ਲੱਗੇ
ਚੂੜੇ ਭੰਨਕੇ ਨਾ ਰੋਣ ਮੁਟਿਆਰਾਂ।

ਅਜਿਹਾ ਸਰਬ ਸਾਂਝਾ ਪੈਗ਼ਾਮ ਵਿਸ਼ਾਲ ਪੰਡਾਲ ਵਿਚ ਲੱਗੀਆਂ ਵੰਨ-ਸੁਵੰਨੀਆਂ ਸਟੇਜਾਂ ਦੇ ਰਹੀਆਂ ਸਨ। ਕਿਤੇ ਨੁੱਕੜ ਨਾਟਕ। ਕਿਤੇ ਗੀਤ-ਸੰਗੀਤ ਦੀ ਸਰਗਮ। ਕਿਤੇ ਕਾਲੇ ਪਰਦਿਆਂ ਨਾਲ ਬਣਾਏ ਸਿਨਮਾ ਘਰ 'ਚ ਫਿਲਮ ਸ਼ੋਅ। ਕਿਤੇ ਪੋਸਟਰ ਪ੍ਰਦਰਸ਼ਨੀ। ਕਿਤੇ ਵਿਚਾਰ ਚਰਚਾ। ਕਿਤੇ ਖੁੱਲ੍ਹਾ ਮੰਚ ਜਿਥੇ ਮਾਈਕ ਆਮ ਦਰਸ਼ਕਾਂ ਦੇ ਸੁਆਗਤ ਲਈ ਹਾਜ਼ਰ ਸੀ ਕਿ ਉਹ ਕੋਈ ਵੀ ਕਵਿਤਾ, ਗੀਤ ਪੇਸ਼ ਕਰ ਸਕਦੇ ਸਨ। ਹਿੰਦੂ, ਮੁਸਲਿਮ, ਸਿੱਖ, ਇਸਾਈ, ਆਸਤਿਕ, ਨਾਸਤਿਕ, ਵੱਖ-ਵੱਖ ਸੂਬਿਆਂ, ਭਾਸ਼ਾਵਾਂ ਨਾਲ ਸਬੰਧਤ ਚੜ੍ਹਦੀ ਉਮਰ ਦੇ ਕਲਾਕਾਰ, ਦਰਸ਼ਕ ਅਤੇ ਸਰੋਤੇ ਇਕ-ਦੂਜੇ ਨੂੰ ਗਲਵੱਕੜੀ ਪਾ ਰਹੇ ਸਨ। ਖਾਣ-ਪੀਣ ਤੋਂ ਇਲਾਵਾ ਪੁਸਤਕਾਂ, ਪੋਸਟਰਾਂ ਦਾ ਭੰਡਾਰ ਸੀ। ਕੀਮਤ ਦੀ ਕੋਈ ਬੰਦਿਸ਼ ਨਹੀਂ। ਵਲੰਟੀਅਰ, ਸਿਰਫ ਪ੍ਰੇਮ ਸਹਿਤ ਇਹੋ ਕਹਿੰਦੇ,



ਲਾਲ ਕਿਲ੍ਹੇ ਦੇ ਬਾਹਰ ਸਭਿਆਚਾਰਕ ਸਰਗਰਮੀ ਦੀ ਝਲਕ।

"ਜੋ ਸਹਾਇਤਾ ਦੇ ਸਕਦੇ ਹੋ, ਜੇ ਸੰਭਵ ਹੈ ਤਾਂ ਦੇ ਦਿਓ, ਜੇ ਕੋਈ ਮਜਬੂਰੀ ਹੈ ਤਾਂ ਭੇਟਾ ਰਹਿਤ ਸਾਹਿਤਕ ਸਮੱਗਰੀ ਲੈ ਜਾਓ।"

ਰਵਾਇਤੀ, ਵਪਾਰਕ, ਮਨੋਰੰਜਕ, ਸਰਕਾਰੀ, ਨੀਮ ਸਰਕਾਰੀ ਮੇਲਿਆਂ ਨਾਲੋਂ ਸਿਫਤੀ ਤੌਰ 'ਤੇ ਵਿਲੱਖਣ ਤਰਜ਼ ਵਾਲਾ ਇਹ ਕਲਾ ਮੇਲਾ ਅਜੋਕੇ ਇਮਤਿਹਾਨੀ ਦੌਰ ਅੰਦਰ ਜੰਗ, ਫਿਰਕੂ ਨਫਰਤ, ਜਾਤ-ਪਾਤ, ਅਸ਼ਲੀਲ, ਬਾਜ਼ਾਰੂ, ਅੰਧ-ਵਿਸ਼ਵਾਸੀ ਭਰੇ ਗ਼ੈਰ-ਵਿਗਿਆਨਕ ਸਾਹਿਤ, ਸੱਭਿਆਚਾਰ ਦੇ ਬਦਲ 'ਚ ਨਵਾਂ-ਨਰੋਆ, ਅਮੀਰ ਰਵਾਇਤਾਂ ਨੂੰ ਪਰਨਾਇਆ, ਸਿਹਤਮੰਦ ਅਤੇ ਲੋਕ ਪੱਖੀ ਸਭਿਆਚਾਰ ਦੀ ਨਿੱਘੀ ਧੁੱਪ ਅਤੇ ਚੰਨ ਦੀ ਚਾਨਣੀ ਵਰਗਾ ਸੀ।

ਕਲਮ, ਕਲਾ, ਸੰਗੀਤ, ਫਿਲਮ ਅਤੇ ਰੰਗ ਮੰਚ ਦੇ ਮਾਧਿਅਮ ਵਿਚ ਕਿੰਨੀ ਅਥਾਹ ਸ਼ਕਤੀ ਹੁੰਦੀ ਹੈ, ਪੇਸ਼ਕਾਰੀਆਂ ਇਸ ਦੇ ਦੀਦਾਰ ਕਰਵਾ ਰਹੀਆਂ ਸਨ। ਮੁਲਕ ਦੀ ਨਾਮਵਰ ਰੰਗ ਕਰਮੀ ਸ਼ੁਭਾ ਮੁਦਗਿਲ ਨੇ ਇਕ ਪਾਤਰੀ ਸੰਗੀਤ-ਨਾਟ ਨਾਲ ਸਮਾਂ ਬੰਨ੍ਹ ਦਿੱਤਾ। ਉਸ ਨੇ 1857, ਗ਼ਦਰ ਲਹਿਰ, ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀ ਲਹਿਰ ਸਮੇਤ ਲੰਮੀ ਇਤਿਹਾਸਕ ਲੜੀ ਕਲਾਤਮਕ ਅੰਦਾਜ਼ 'ਚ ਪੇਸ਼ ਕਰਦਿਆਂ ਦਰਸਾਇਆ ਕਿ ਸਾਡੀ ਮਿੱਟੀ ਦੇ ਕਣ-ਕਣ ਵਿਚ ਸਮੋਈ ਸਾਂਝੀ ਵਿਰਾਸਤ ਨੂੰ ਕੋਈ ਵੀ ਤਾਕਤ ਫਨਾਹ ਨਹੀਂ ਕਰ ਸਕਦੀ। ਉਸਨੇ ਬੇਬਾਕੀ ਨਾਲ ਕਿਹਾ ਕਿ ਹੱਦਾਂ ਸਰਹੱਦਾਂ 'ਤੇ ਫੌਜਾਂ ਦੇ ਜਮਾਵੜੇ ਜੰਗ ਛੇੜ ਸਕਦੇ ਹਨ। ਜੰਗ ਕਿਸੇ ਸਮੱਸਿਆ ਦਾ ਹੱਲ ਨਹੀਂ। ਜੰਗ ਤਾਂ ਖੁਦ ਹੀ ਇਕ ਸਮੱਸਿਆ ਹੈ। ਉਸ ਨੇ ਸੁਨੇਹਾ ਦਿੱਤਾ ਕਿ ਮਸਲਿਆਂ ਦੇ ਹੱਲ ਲਈ ਮੁਲਕਾਂ ਨੂੰ ਜਿੱਤਣ ਦੀ ਬਜਾਏ ਦੁਨੀਆਂ ਦੇ ਮਨ ਜਿੱਤਣ ਲਈ ਸਾਹਿਤ ਅਤੇ ਕਲਾ ਦਾ ਹਥਿਆਰ ਲੈ ਕੇ ਮੁਲਕ ਭਰ ਦੇ ਕਲਾਕਾਰਾਂ ਦੀ ਫੌਜ ਲਾਲ ਕਿਲ੍ਹੇ ਅੱਗੇ ਸਿਰ ਜੋੜਕੇ ਖੜ੍ਹੀ ਹੈ। ਇਹ ਨਫਰਤ ਦਾ ਨਹੀਂ, ਮੁਹੱਬਤ ਦਾ ਪੈਗ਼ਾਮ ਲੈ ਕੇ ਆਈ ਹੈ।

ਸੰਸਾਰ ਪ੍ਰਸਿਧ ਲੇਖਕਾ ਅਰੁੰਧਤੀ ਰਾਏ ਨੇ ਕਲਾਕਾਰਾਂ ਅਤੇ ਸਰੋਤਿਆਂ ਨਾਲ ਮੰਚ ਤੋਂ ਚੰਦ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਅੱਜ ਜਦੋਂ ਮਜ਼ਦੂਰ, ਕਿਸਾਨ, ਆਦਿਵਾਸੀ, ਸਭ ਆਪਣੇ ਹੱਕ ਲਈ ਉਠ ਖੜ੍ਹੇ ਨੇ ਤਾਂ ਅਸੀਂ ਕਲਾਕਾਰ ਆਪਣੀ ਕਹਾਣੀ ਖੁਦ ਲਿਖਣ ਲਈ ਕਿਉਂ ਨਹੀਂ ਉਠਾਂਗੇ? ਉਸ ਨੇ ਕਿਹਾ ਕਿ ਨਫਰਤ ਫੈਲਾਉਣ ਵਾਲਿਆਂ ਦੇ ਦਿਨ ਪੁੱਗਣ ਵਾਲੇ ਹਨ। ਅੰਤ ਨੂੰ ਜਿੱਤ ਸੱਚ ਦੀ ਹੋਏਗੀ। ਉਸ ਨੇ ਕੁਫਰ ਤੋਲਣ ਵਾਲੇ ਮੀਡੀਆ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਦਿਮਾਗ਼ੀ ਤਵਾਜ਼ਨ ਬਣਾਈ ਰੱਖਣ ਲਈ ਸਿਹਤ ਕੇਂਦਰ ਜਾਣ ਦੀ ਲੋੜ ਹੈ।

ਮਹਾਰਾਸ਼ਟਰ ਦੀ ਪ੍ਰਸਿਧ ਗਾਇਕਾ ਸੀਤਲ ਸਾਠੇ ਦੀ ਸੰਗੀਤਕ ਮੰਡਲੀ ਨੇ 'ਐ ਭਗਤ ਸਿੰਘ ਤੂੰ ਜ਼ਿੰਦਾ ਹੈ, ਹਰ ਏਕ ਲਹੂ ਕੇ ਕਤਰੇ ਮੇਂ ਗਾ ਕੇ ਸਰੋਤਿਆਂ ਦਾ ਦਿਲ ਜਿੱਤ ਲਿਆ। ਆਜ਼ਮਗੜ੍ਹ ਤੋਂ ਆਈ ਇਪਟਾ ਦੀ ਟੀਮ ਨੇ 'ਜਗੀਰਾ ਸਾਰਾ ਰਾਰਾ' ਦੇ ਬੋਲਾਂ ਨਾਲ ਨਫਰਤ ਦੀ ਖੇਤੀ ਕਰਦੀ ਅਜੋਕੀ ਵਿਵਸਥਾ 'ਤੇ ਵਿਅੰਗਾਤਮਕ ਚੋਟਾਂ ਕੀਤੀਆਂ।

ਕਲਾ ਮੇਲੇ 'ਚ ਨਾਮਵਰ ਫਿਲਮਸਾਜ਼ ਸੰਜੇ ਕਾਕ, ਰਾਹੁਲ ਰਾਏ, ਗੌਹਰ ਰਜ਼ਾ, ਕਬੀਰ ਕੈਫੇ, ਰੱਬੀ ਸ਼ੇਰ ਗਿੱਲ, ਮਾਲਾ ਹਾਸ਼ਮੀ, ਡਾ.ਨਵਸ਼ਰਨ ਤੋਂ ਇਲਾਵਾ ਦਰਜਨਾਂ ਹੀ ਨਾਮਵਰ ਸ਼ਖਸੀਅਤਾਂ, ਨਾਟ, ਸੰਗੀਤ ਮੰਡਲੀਆਂ, ਫਿਲਮਾਂ, ਪੋਸਟਰ, ਸਟੈਚੂ, ਪੇਂਟਿੰਗ ਆਦਿ ਥਾਓਂ ਥਾਈਂ ਆਪਣੀਆਂ ਕਲਾ ਕਿਰਤਾਂ ਤੇ ਵਿਚਾਰ-ਵਟਾਂਦਰੇ ਰਾਹੀਂ ਖੌਫ ਦੇ 'ਅਜੋਕੇ ਦੌਰ ਖਿਲਾਫ ਬੋਲਣਾ ਲਾਜ਼ਮੀ ਹੋ ਗਿਆ ਹੈ' ਦਾ ਸੁਨੇਹਾ ਦੇ ਰਹੇ ਸਨ।

ਫਿਰਕੂ ਦਹਿਸ਼ਤ, ਜੰਗ, ਅੰਨ੍ਹੇ ਰਾਸ਼ਟਰਵਾਦ, ਕਸ਼ਮੀਰ 'ਚ ਵਗਦੇ ਦਰਦਾਂ ਦੇ ਦਰਿਆ, ਕਰਜ਼ੇ, ਖੁਦਕੁਸ਼ੀਆਂ, ਬੇਰੁਜ਼ਗਾਰੀ, ਨਸ਼ੇ, ਗੈਂਗਵਾਰ, ਉਜਾੜੇ, ਬੇਪਤੀਆਂ, ਕਤਲੋਗਾਰਦ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਅਸ਼ਲੀਲ ਅਤੇ ਬਾਜ਼ਾਰੂ ਸਭਿਆਚਾਰ ਦੇ ਭਖਦੇ ਸੁਆਲਾਂ ਨੂੰ ਕਲਾਵੇ 'ਚ ਲੈਂਦਾ ਕਲਾਕਾਰਾਂ ਦਾ ਇਹ ਉਤਸਵ ਹਵਾ ਦਾ ਰੁਖ ਬਦਲਣ ਲਈ ਕਲਾ ਜਗਤ ਦੇ ਹਿੱਸੇ ਆਉਂਦੀ ਨੈਤਿਕ ਜ਼ਿੰਮੇਵਾਰੀ ਅਦਾ ਕਰਨ ਦੇ ਕਾਰਜ ਵਿਚ ਸਫਲ ਰਿਹਾ। ਦਿੱਲੀ ਤੋਂ ਇਲਾਵਾ ਇਸ ਨੇ ਮੁਲਕ ਦੀਆਂ ਹੋਰ ਥਾਵਾਂ 'ਤੇ ਅਜਿਹੇ ਯਤਨਾਂ ਨੂੰ ਹੁਲਾਰਾ ਦਿੱਤਾ। ਇਸ ਮੇਲੇ ਵਿਚੋਂ ਪੰਜਾਬ ਦੇ ਲੋਕ-ਪੱਖੀ ਸਾਹਿਤ/ਸਭਿਆਚਾਰ ਦੇ ਪਿੜ ਲਈ ਕਈ ਕੁਝ ਕਈ ਪੱਖਾਂ ਤੋਂ ਪੱਲੇ ਬੰਨ੍ਹਣ ਵਾਲਾ ਮਿਲਿਆ।



ਰੱਬੀ ਸ਼ੇਰਗਿੱਲ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਮਾਰਚ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-369



*ਵਹੁਟੀਆਂ ਵਾਂਗੂੰ ਗਹਿਣੇ ਪਾਏ, ਦੇਖ ਕੇ ਆਵੇ ਹਾਸੀ।
ਹੱਸੇਗਾ ਵੀ ਸ਼ੇਰ ਬਥੇਰਾ, ਕੀ ਬਣ ਗਈ ਮੇਰੀ ਮਾਸੀ!*

## ਕੈਪਸ਼ਨ ਮੁਕਾਬਲਾ-367



---

ਜਾਤ ਪਾਤ ਨੂੰ ਖਤਮ ਕਰਨ ਲਈ
ਖਾਲਸਾ ਪੈਦਾ ਕੀਤਾ।
ਗਿਦੜ ਤੋਂ ਉਹ ਸ਼ੇਰ ਬਣ ਗਿਆ
ਜਿਸ ਨੇ ਅੰਮ੍ਰਿਤ ਪੀਤਾ।
ਸੈਲਫੀ ਦੇਣ ਲਈ ਖੜ੍ਹਾ ਖਾਲਸਾ
ਦਿਸਦਾ ਸਿੰਘ ਤਿਆਰ,
ਕਮਰ ਕਸਾ ਕਰ, ਪਾ ਖਜਾਨਾ
ਖੜ੍ਹਾ ਸਿੰਘ ਸਰਦਾਰ।
ਸੈਨਾਪਤੀ ਤੇ ਸੂਬੇਦਾਰਾਂ
ਫੀਤੀਆਂ ਕਈ ਕਈ ਲਾਈਆਂ,
ਰੋਹਬ ਖਾਲਸੇ ਦੇ ਸਾਹਮਣੇ
ਕੰਮ ਕਿਸੇ ਨਾ ਆਈਆਂ।

**-ਮਾਸਟਰ ਪ੍ਰੀਤਮ ਸਿੰਘ ਲੰਮੇ**
**ਕੈਲੀਫੋਰਨੀਆ।**
**ਫੋਨ: 925-325-2486**

---

ਸਰੂ ਵਰਗਾ, ਲਾਡਲੀ ਫੌਜ ਦਾ
ਸਿਰ ਖੰਡੇ ਵਾਲੀ ਦਸਤਾਰ।
ਪਾ ਚੋਲਾ, ਕਮਰਕੱਸਾ ਕੱਸਿਆ
ਸਿੰਘ ਨੌ-ਬਰ-ਨੌ ਤਿਆਰ
ਵਰਦੀਧਾਰ ਖਿੱਚੇ ਅਲੌਕਿਕ ਦਿੱਖ ਨੇ
ਸੈਲਫੀ ਲਈ, ਪਾ ਕੇ ਜੱਫੀ ਨਾਲ ਪਿਆਰ।
ਗੁਰੂ ਗੋਬਿੰਦ ਦਾ ਨਿਆਰਾ ਖਾਲਸਾ
ਸੱਚਾ-ਸੁੱਚਾ ਇਸ ਦਾ ਕਿਰਦਾਰ।

**-ਦਵਿੰਦਰ ਕੌਰ**

---

ਉਚਾ ਕੱਦ, ਉਚੀ ਮੱਤ
ਸਰੂ ਵਰਗਾ ਅਣਖੀਲਾ ਗੱਭਰੂ
ਦੂਜਾ ਸਜਿਆ ਨਾਲ ਦਸਤਾਰ
ਹਜ਼ਾਰਾਂ 'ਚੋਂ ਵੀ ਵੱਖਰੀ ਪਛਾਣ।
ਸਮਾਜ ਸਲਾਹੁੰਦਾ ਲੰਮੇ ਕੱਦ ਨੂੰ
ਹੋਵੇ ਛੋਟਾ ਕਹਾਵੇ ਗਿਠਮੁਠੀਆ।
ਸਵਾਲ ਪਰਖਦਾ ਕਸਵੱਟੀ 'ਤੇ
ਛੋਟਾ ਜਾਂ ਵੱਡਾ ਅੰਤਰ
ਇਨਸਾਨੀ ਗੁਣ ਹੋਣੇ ਚਾਹੀਦੇ
ਛੋਟਾ ਕੱਦ ਜਿੰਨਾ ਥੱਲੇ, ਉਨਾ ਉਤੇ
ਗੁਰਨਾਮ ਸਿੰਘ ਤੀਰ ਲਿਖਦਾ,
"ਵਹੁਟੀ ਮੇਰੀ ਛੋਟੇ ਕੱਦ ਦੀ
ਮੈਂ ਖਿੱਚ ਕੇ ਬਰੋਬਰ ਕੀਤੀ।"

**-ਦਰਸ਼ਨਪਾਲ ਦੋਸਾਂਝ**

---

ਤੱਕ ਕੇ ਜੁੱਸਾ ਸਿੰਘ ਸਾਹਿਬ ਦਾ
ਮੂੰਹ ਵਿਚ ਸਾਰੇ ਉਂਗਲਾਂ ਪਾਵਣ।
ਸੁਰੱਖਿਆ ਕਰਮੀ ਕਾਇਲ ਹੋ ਗਏ
ਸੈਲਫੀ ਲੈਣ ਲਈ ਭੱਜੇ ਆਵਣ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਛੈਲ ਛਬੀਲਾ ਪੰਜਾਬੀ ਗੱਭਰੂ
ਸਰੂ ਵਰਗਾ ਕੱਦ ਪਾਇਆ।
ਭਰਵਾਂ ਜੁੱਸਾ ਹੱਸਮੁੱਖ ਚਿਹਰਾ
ਬਾਣੇ ਦੂਣਾ ਰੂਪ ਸਵਾਇਆ।
ਜਾਣੋ ਛੇ ਫੁੱਟੇ ਵੀ ਜਾਪਣ ਬੌਣੇ
ਸਰਦਾਰ ਰੋਅਬ ਬਣਾਇਆ।
ਸਿੱਖੀ ਭਾਵੇਂ ਖੰਡੇ ਤੋਂ ਵੀ ਤਿੱਖੀ
ਸਦਾ ਸੁਖੀ ਵਸੇ ਮਾਂ ਜਾਇਆ।

**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜ਼ੇ, ਕੈਲੀਫੋਰਨੀਆ।**

---

ਸਿੰਘ ਸੂਰਮੇ ਰਹੇ ਝੰਡੇ ਗੱਡਦੇ
ਜੁਲਮ ਦੀ ਇੱਟ ਨਾਲ ਇੱਟ ਖੜਕਾ ਕੇ।
ਲੋਕੀਂ ਮਾਣ ਮਹਿਸੂਸ ਨੇ ਕਰਦੇ
ਇਨ੍ਹਾਂ ਨਾਲ ਫੋਟੋ ਖਿਚਵਾ ਕੇ।

**-ਗੁਰਦੇਵ ਸਿੰਘ ਢਪਾਲੀ, ਬਠਿੰਡਾ**
**ਫੋਨ: 91-94176-49275**

# ਧਰਤੀ ਪੰਜ ਦਰਿਆਵਾਂ ਦੀ

***ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਅਤੇ ਹੁਣ ਟੋਰਾਂਟੋ, ਕੈਨੇਡਾ ਵਸਦੇ ਡਾ. ਗੁਰਨਾਮ ਕੌਰ ਹਾਲ ਹੀ ਵਿਚ ਪੰਜਾਬ ਦੀ ਫੇਰੀ ਲਾ ਕੇ ਮੁੜੇ ਹਨ। ਆਪਣੀ ਫੇਰੀ ਦੌਰਾਨ ਉਨ੍ਹਾਂ ਪੰਜਾਬ ਦੇ ਜੋ ਹਾਲਾਤ ਤੱਕੇ, ਉਹ ਉਨ੍ਹਾਂ ਆਪਣੇ ਇਸ ਲੇਖ ਵਿਚ ਬਿਆਨੇ ਹਨ। -ਸੰਪਾਦਕ***

30 ਜਨਵਰੀ ਨੂੰ ਭਾਰਤ ਲਈ ਰਵਾਨਾ ਹੋਣ ਦਾ ਸਬੱਬ ਮੇਰੇ ਭਤੀਜੇ ਦਲੀਪ ਸਿੰਘ ਦੀ ਬੇਟੀ ਨਵਰੀਤ ਦਾ ਵਿਆਹ ਬਣਿਆ। ਮੈਂ, ਮੇਰੇ ਭਾਣਜੇ ਅਮਨਦੀਪ ਸਿੰਘ ਤੇ ਸੰਦੀਪ ਸਿੰਘ ਨੇ ਜਾਣ ਲਈ ਇਕੱਠਿਆਂ ਤੁਰਕਿਸ਼ ਏਅਰਲਾਈਨ 'ਤੇ ਸੀਟਾਂ ਬੁੱਕ ਕਰਾਈਆਂ, ਜਦ ਕਿ ਮੇਰੀ ਵੱਡੀ ਭੈਣ ਅਤੇ ਭਣੋਈਏ ਨੇ ਏਅਰ ਕੈਨੇਡਾ 'ਤੇ। ਮਨ ਵਿਚ ਉਤਸ਼ਾਹ ਵੀ ਸੀ ਅਤੇ ਆਸ ਵੀ ਕਿ ਪੰਜਾਂ ਪਾਣੀਆਂ ਦੀ ਧਰਤੀ 'ਤੇ ਸਭ ਕੁਝ ਠੀਕ ਠਾਕ ਹੋਵੇਗਾ। ਆਸ ਦੇ ਸਹਾਰੇ ਹੀ ਤਾਂ ਮਨੁੱਖ ਜਿਉਂਦਾ ਅਤੇ ਅੱਗੇ ਵੱਲ ਕਦਮ ਵਧਾਉਂਦਾ ਹੈ। ਸ਼ਾਇਦ ਧਰਤੀ ਦੀ ਵਧ ਰਹੀ ਤਪਸ਼ ਦੇ ਨਤੀਜੇ ਵਜੋਂ ਵਾਤਾਵਰਣ ਵਿਚ ਆ ਰਹੀ ਤਬਦੀਲੀ ਦੀ ਵਜ੍ਹਾ ਕਰਕੇ ਫਰਵਰੀ ਦੇ ਮਹੀਨੇ ਪੰਜਾਬ ਵਿਚ ਦਸੰਬਰ ਵਰਗਾ ਮੌਸਮ ਸੀ। ਜੇ ਇੱਕ ਦਿਨ ਧੁੱਪ ਨਿਕਲਦੀ ਤਾਂ ਦੂਜੇ ਦਿਨ ਮੀਂਹ ਪੈ ਜਾਂਦਾ; ਮੀਂਹ ਵੀ ਕੋਈ ਮਾੜੀ-ਮੋਟੀ ਕਿਣਮਕਣੀ ਨਹੀਂ, ਸਗੋਂ ਸੌਣ ਦੇ ਮਹੀਨੇ ਤੋਂ ਵੀ ਵੱਧ



ਡਾ. ਗੁਰਨਾਮ ਕੌਰ, ਕੈਨੇਡਾ

ਘੰਟਿਆਂ ਬੱਧੀ ਪੈਂਦਾ ਮੋਹਲੇਧਾਰ ਮੀਂਹ, ਜੋ ਕਿਸਾਨਾਂ ਦੇ ਸਾਹ ਸੂਤ ਰਿਹਾ ਸੀ।

ਕੈਨੇਡਾ ਦੀ ਠੰਢ ਹੱਡੀਆਂ ਦੁਖਣ ਲਾ ਦਿੰਦੀ ਹੈ ਪਰ ਸਭ ਦਾ ਇਹੀ ਕਹਿਣਾ ਸੀ ਕਿ 'ਦੇਖਣਾ, ਪੰਜਾਬ ਪਹੁੰਚਦਿਆਂ ਹੀ ਕਿਵੇਂ ਧੁੱਪ ਨਾਲ ਹੱਡੀਆਂ ਖੁੱਲ੍ਹ ਜਾਣੀਆਂ ਹਨ।' ਪਰ ਅਜਿਹਾ ਤਾਂ ਵਾਪਰਦਾ ਜੇ 'ਫੱਗਣੇ ਦਿਨ ਲੱਗਣੇ' ਵਾਲੀ ਧੁੱਪ ਨਿਕਲਦੀ। ਮੌਸਮ ਤਾਂ ਮੀਂਹ ਕਰਕੇ ਪੂਰਾ ਸਲਾਭਿਆ ਹੋਇਆ ਸੀ। 7 ਫਰਵਰੀ ਦਾ ਮੀਂਹ ਤਾਂ ਇਉਂ ਲੱਗਦਾ ਸੀ ਜਿਵੇਂ ਪਰਲੋ ਹੀ ਆ ਜਾਵੇਗੀ।

ਖੰਨੇ ਲਲਹੇੜੀ ਸੜਕ 'ਤੇ ਸਥਿਤ ਮੇਰੇ ਭਾਣਜੇ ਦੀ ਬੇਟੀ ਮਨਜੋਤ ਕਾਲੀਰਾਓ ਨੂੰ ਮਿਲਣ ਗਏ ਤਾਂ ਆਪਣੇ ਪਿੰਡ ਘੁੰਗਰਾਲੀ ਆਉਣ ਲਈ ਜੁਗਰਾਜ, ਮੇਰੇ ਭਤੀਜੇ ਗੁਰਮੀਤ ਸਿੰਘ ਦੇ ਬੇਟੇ ਨੇ ਗੱਡੀ ਮਲਕਪੁਰ, ਸੇਹ ਅਤੇ ਮਾਣਕੀ ਆਦਿ ਪਿੰਡਾਂ ਵਿਚੋਂ ਦੀ ਪਾ ਲਈ। ਖੰਨਾ ਸ਼ਹਿਰ ਦੇ ਆਸ-ਪਾਸ ਇਨ੍ਹਾਂ ਪਿੰਡਾਂ ਵਿਚ ਆਲੂਆਂ ਦੀ ਭਰਪੂਰ ਫਸਲ ਦਿਖਾਈ ਦੇ ਰਹੀ ਸੀ ਅਤੇ ਆਲੂਆਂ ਦੀ ਪੁਟਾਈ-ਭਰਾਈ ਪੂਰੇ ਜ਼ੋਰਾਂ 'ਤੇ ਸੀ। ਕੁਝ ਦਿਨਾਂ ਪਿਛੋਂ ਜਦੋਂ ਮੁੜ ਰਹਿਣ ਮੇਰੀ ਭਤੀਜੀ ਕੰਵਲਜੀਤ ਕੋਲ ਚੱਕਰ ਲਾਉਣ ਦਾ ਮੌਕਾ ਲੱਗਾ ਤਾਂ ਦੇਖਿਆ ਕਿ ਮੀਂਹ ਨੇ ਆਲੂਆਂ ਤੇ ਕਣਕ ਦੀ ਫਸਲ ਦੀ ਤਬਾਹੀ ਮਚਾ ਦਿੱਤੀ ਸੀ। ਨਿਸਰਨ ਲਈ ਤਿਆਰ ਬੱਲੀਆਂ ਨਾਲ ਲੱਦੀ ਕਣਕ ਦੀ ਭਰਪੂਰ ਫਸਲ ਵਿਚ ਗੋਡੇ ਗੋਡੇ ਪਾਣੀ ਖੜ੍ਹਾ ਸੀ ਅਤੇ ਕਣਕਾਂ ਦਾ ਰੰਗ ਪੀਲਾ ਪੈ ਗਿਆ ਸੀ। ਧਰਤੀ ਹੇਠਲਾ ਪਾਣੀ ਘੱਟ ਹੋਣ ਦੇ ਬਾਵਜੂਦ ਜਮੀਨ ਪਾਣੀ ਨੂੰ ਬਿਲਕੁਲ ਜ਼ੀਰ ਨਹੀਂ ਸੀ ਰਹੀ। ਕਈ ਥਾਂਈਂ ਲੋਕਾਂ ਨੇ ਫਸਲ ਵਿਚੋਂ ਪਾਣੀ ਕੱਢਣ ਲਈ ਪੰਪ ਲਾਏ ਹੋਏ ਸਨ ਤੇ ਖੇਤਾਂ ਦੇ ਕੰਢਿਆਂ ਤੇ ਪਾਣੀ ਸੁੱਟਣ ਲਈ ਟੋਏ ਪੁੱਟੇ ਹੋਏ ਸਨ।

9 ਫਰਵਰੀ ਨੂੰ ਜਦੋਂ ਮੈਂ ਬੌਂਦਲੀ ਤੋਂ ਰਿਸ਼ਤੇਦਾਰੀ 'ਚੋਂ ਆਪਣੇ ਵੀਰ ਨਾਲ ਗੱਡੀ ਵਿਚ ਮੈਰਿਜ ਪੈਲੇਸ ਵੱਲ ਜਾ ਰਹੀ ਸਾਂ ਤਾਂ ਉਸ ਨੂੰ ਕਿਸੇ ਦਾ ਫੋਨ ਆਇਆ ਕਿ ਲਾਗਲੇ ਖੇਤਾਂ ਵਿਚੋਂ ਪਾਣੀ ਉਨ੍ਹਾਂ ਦੀ ਕਣਕ ਦੀ ਫਸਲ ਨੂੰ ਮਾਰ ਕਰ ਰਿਹਾ ਹੈ ਤਾਂ ਵੀਰ ਸੁਨੇਹਾ ਦੇ ਰਿਹਾ ਸੀ ਕਿ ਪੰਪ ਲਾ ਕੇ ਪਾਣੀ ਟੋਇਆਂ ਵਿਚ ਪਾਓ। ਪੰਜਾਬ ਦੀ ਪਾਣੀਆਂ ਤੋਂ ਪਿਆਸੀ ਧਰਤੀ, ਪੰਜਾਂ ਦਰਿਆਵਾਂ ਦੀ ਪਾਣੀਆਂ ਤੋਂ ਥੁੜ੍ਹੀ ਧਰਤੀ ਪਾਣੀ ਨੂੰ ਆਪਣੇ ਅੰਦਰ ਸਮਾਉਣ ਤੋਂ ਇਨਕਾਰ ਕਿਉਂ ਕਰ ਰਹੀ ਹੈ, ਉਹ ਆਪਣੀ ਪਿਆਸ ਬੁਝਾਉਣ ਲਈ ਪਾਣੀ ਦਾ ਭੰਡਾਰ ਕਰਨ ਤੋਂ ਝਿਜਕਦੀ ਕਿਉਂ ਹੈ? ਪੰਜਾਬ ਦੇ ਕਿਸਾਨ ਅਤੇ ਸਰਕਾਰ-ਦੋਹਾਂ ਨੂੰ ਇਸ ਬਾਰੇ ਸੋਚਣਾ ਪਵੇਗਾ।

ਜਦੋਂ ਦੀ ਹੋਸ਼ ਸੰਭਾਲੀ ਹੈ, ਪੰਜਾਬ ਦੇ ਖੇਤਾਂ ਦੀ ਪਿਆਸ ਬੁਝਾਉਣ ਲਈ ਅੰਗਰੇਜ਼ਾਂ ਵੱਲੋਂ ਪੁੱਟੀ 'ਸਰਹਿੰਦ ਕੈਨਾਲ' ਯਾਨਿ 'ਕੱਚੀ ਨਹਿਰ' ਨੂੰ ਧੁਰ ਰੋਪੜ ਤੋਂ ਲੈ ਕੇ ਲੁਧਿਆਣੇ, ਦਬੁਰਜੀ ਅਤੇ ਰਾੜੇ ਤੱਕ ਦੇਖਦੇ ਆਏ ਹਾਂ। ਅੰਗਰੇਜ਼ਾਂ ਨੂੰ ਇਸ ਗੱਲ ਦੀ ਸੋਝੀ ਸੀ ਕਿ ਪੰਜਾਬ ਹਿੰਦੋਸਤਾਨ ਦਾ ਅੰਨ ਭੰਡਾਰ ਹੈ। ਇਸੇ ਲਈ ਉਨ੍ਹਾਂ ਨੇ ਪੂਰਬੀ ਪੰਜਾਬ ਤੋਂ ਲੈ ਕੇ ਪੱਛਮੀ ਪੰਜਾਬ ਵਿਚ ਧੁਰ ਬਾਰ ਤੱਕ ਖੇਤ ਸਿੰਜਣ ਲਈ ਨਹਿਰਾਂ ਪੁੱਟੀਆਂ। ਜਦੋਂ ਕਦੀ ਥੋੜ੍ਹਾ ਜਿਹਾ ਵੀ ਮੀਂਹ ਪੈਂਦਾ ਤਾਂ ਦੇਖੀਦਾ ਸੀ ਕਿ 'ਕੱਚੀ ਨਹਿਰ' ਪਹਾੜਾਂ ਦੀ ਮਿੱਟੀ ਖੁਰ ਕੇ ਲਾਲ ਹੋਏ ਪਾਣੀ ਨਾਲ ਕੰਢਿਆਂ ਤੱਕ ਉਛਲ ਕੇ ਵਗਦੀ ਹੁੰਦੀ ਸੀ, ਪਰ ਇਸ ਫੇਰੀ ਵੇਲੇ ਲੁਧਿਆਣਾ-ਚੰਡੀਗੜ੍ਹ ਸੜਕ 'ਤੇ ਪੈਂਦੇ ਨੀਲੋਂ ਦੇ ਪੁਲ ਤੋਂ ਲੈ ਕੇ ਧੁਰ ਲੁਧਿਆਣਾ ਤੱਕ ਦੇਖਿਆ ਕਿ ਨਹਿਰ ਦੇ ਕੰਢੇ ਤਾਂ ਸ਼ਾਇਦ ਇਸ ਲਈ ਪੱਕੇ ਕਰ ਦਿੱਤੇ ਗਏ ਹਨ ਕਿ ਪੰਜਾਬ ਦੇ ਖੇਤਾਂ ਵਿਚ ਵਾਧੂ ਪਾਣੀ ਨਾ ਜਾਵੇ ਪਰ ਨਹਿਰ ਇੰਨੇ ਮੀਂਹਾਂ ਦੇ ਬਾਵਜੂਦ ਬਿਲਕੁਲ ਸੁੱਕੀ ਪਈ ਸੀ, ਸਗੋਂ ਆਪਣੇ ਖਾਲੀ ਪੇਟ ਵਿਚ ਪਾਣੀ ਦੀ ਥਾਂ ਲੁਧਿਆਣੇ ਦਾ ਕੂੜਾ ਸਮੇਟਣ ਦਾ ਕੰਮ ਕਰ ਰਹੀ ਹੈ।

'ਪੱਕੀ ਨਹਿਰ' ਯਾਨਿ 'ਭਾਖੜਾ ਨਹਿਰ' ਵਿਚੋਂ ਨਿਕਲਦੇ ਸੂਏ, ਜੋ ਕਦੀ ਪਾਣੀ ਨਾਲ ਭਰੇ ਹੁੰਦੇ ਸਨ, ਕਦੋਂ ਦੇ ਉਜੜ-ਪੁੱਜੜ ਗਏ ਹਨ, ਕਿਉਂਕਿ ਭਾਖੜਾ ਨਹਿਰ ਦਾ ਪੰਜਾਬ ਦੇ ਹਿੱਸੇ ਦਾ ਪਾਣੀ ਵੀ ਪੰਜਾਬ ਤੋਂ ਬਾਹਰ ਜਾ ਰਿਹਾ ਹੈ। ਇਨ੍ਹਾਂ ਸੂਇਆਂ ਦੀ ਇੱਕ ਬਰਾਂਚ ਸਮਰਾਲੇ ਕੋਲੋਂ ਲੰਘਦਿਆਂ ਮਾਦਪੁਰ ਵਿਚੋਂ ਦੀ ਹੁੰਦੀ ਮਹਿਦੂਦਾਂ ਮੇਰੇ ਭਣੋਈਏ ਦੇ ਹਿੱਸੇ ਆਈ ਜਮੀਨ ਵਿਚ ਜਾ ਕੇ ਖਤਮ ਹੁੰਦੀ ਸੀ, ਜਿਨ੍ਹਾਂ ਨੂੰ 'ਟੇਲਾਂ' ਕਹਿੰਦੇ ਹੁੰਦੇ ਸਾਂ। ਭਾਵੇਂ ਮੈਂ ਉਦੋਂ ਕਾਫੀ ਛੋਟੀ ਸਾਂ, ਪਰ ਮੈਨੂੰ ਯਾਦ ਹੈ ਕਿ ਮੇਰੇ ਬਾਪੂ ਜੀ ਨੇ ਉਨ੍ਹਾਂ ਟੇਲਾਂ ਦਾ ਫਸਲ ਨੂੰ ਬਰਬਾਦ ਕਰਦਾ ਪਾਣੀ ਬੰਦ ਕਰਾਉਣ ਲਈ ਮੇਰੇ ਮਾਮੇ ਦੇ ਸਹੁਰੇ ਸ. ਬਖਸ਼ੀਸ਼ ਸਿੰਘ (ਸਵਰਗੀ ਐਮ. ਐਲ. ਏ. ਰਣਧੀਰ ਸਿੰਘ ਦੇ ਪਿਤਾ) ਨੂੰ ਨਾਲ ਲੈ ਕੇ ਸ. ਪ੍ਰਤਾਪ ਸਿੰਘ ਕੈਰੋਂ ਦੇ ਦਫਤਰ ਦੇ ਕਿੰਨੇ ਹੀ ਚੱਕਰ ਲਾਏ ਸਨ। ਸ. ਬਖਸ਼ੀਸ਼ ਸਿੰਘ ਅਤੇ ਸ. ਪ੍ਰਤਾਪ ਸਿੰਘ ਕੈਰੋਂ ਆਜ਼ਾਦੀ ਦੀ ਲੜਾਈ ਵਿਚ ਕਾਂਗਰਸ ਪਾਰਟੀ ਵੱਲੋਂ ਇਕੱਠੇ ਜੇਲ੍ਹ ਵਿਚ ਰਹੇ ਸਨ, ਜਿੱਥੇ ਉਨ੍ਹਾਂ ਦੀ ਗਹਿਰੀ ਦੋਸਤੀ ਹੋ ਗਈ ਸੀ। ਹੁਣ ਇਸ ਸੂਏ ਵਿਚ ਪਾਣੀ ਵਗਣ ਦੀ ਥਾਂ ਆਲ-ਕਬਾੜ ਉਗਿਆ ਹੋਇਆ ਹੈ ਅਤੇ ਇਹੀ ਹਾਲ 'ਭਾਖੜਾ ਨਹਿਰ' ਵਿਚੋਂ ਪੰਜਾਬ ਦੇ ਖੇਤਾਂ ਨੂੰ ਸਿੰਜਣ ਲਈ ਕੱਢੇ ਸਾਰੇ ਸੂਇਆਂ ਦਾ ਹੋ ਗਿਆ ਹੈ।

ਗੁਰਦਾਸ ਮਾਨ ਦੇ ਦਿਲਜੀਤ ਦੁਸਾਂਝ ਨਾਲ ਕੋਕ ਸਟੂਡੀਓ ਵਿਚ ਗਾਏ ਇੱਕ ਗੀਤ ਦੇ ਬੋਲ ਨੇ, 'ਰਾਵੀ ਤੋਂ ਝਨਾਂ ਪੁੱਛਦਾ, ਕੀ ਹਾਲ ਏ ਸਤਿਲੁਜ ਦਾ', ਜੋ ਇਥੇ ਕੈਨੇਡਾ ਵਿਚ ਸੱਤਵੀਂ ਜਮਾਤ ਵਿਚ ਪੜ੍ਹਦੇ ਮੇਰੇ ਪੋਤੇ ਅਜੇ ਸਿੰਘ ਨੂੰ ਬਹੁਤ ਪਸੰਦ ਹੈ। ਮੈਂ ਵੀ ਇਸ ਗੀਤ ਨੂੰ ਜਦੋਂ ਉਸ ਨਾਲ ਬੈਠ ਕੇ ਕਦੀ ਸੁਣ ਰਹੀ ਹੋਵਾਂ ਤਾਂ ਸਾਰੇ ਪੰਜਾਬੀਆਂ ਵਾਂਗ ਬਹੁਤ ਭਾਵੁਕ ਹੋ ਜਾਂਦੀ ਹਾਂ।

ਪਿਛਲੇ ਕਾਫੀ ਸਾਲਾਂ ਤੋਂ ਸਤਿਲੁਜ ਦਾ ਹਾਲ ਤਾਂ ਇਹ ਹੈ ਹੀ ਕਿ ਬਹੁਤ ਬਾਰਿਸ਼ ਵੇਲੇ ਵੀ ਇਸ ਵਿਚ ਬਹੁਤਾ ਪਾਣੀ ਨਹੀਂ ਵਗਦਾ, ਇਹ ਪਾਣੀ ਉਦੋਂ ਹੀ ਹੁੰਦਾ ਹੈ, ਜਦੋਂ ਗੋਬਿੰਦ ਸਾਗਰ ਕਦੀ ਉਛਲਣ 'ਤੇ ਆ ਜਾਂਦਾ ਹੈ ਤਾਂ ਉਸ ਨੂੰ ਬਚਾਉਣ ਲਈ ਪਾਣੀ ਸਤਿਲੁਜ ਵਿਚ ਛੱਡ ਦਿੱਤਾ ਜਾਂਦਾ ਹੈ। ਇਸ ਦੇ ਉਲਟ ਦਰਿਆ ਬਿਆਸ ਨੂੰ ਉਦੋਂ ਵੀ ਠਾਠਾਂ ਮਾਰਦੇ ਵਗਦੇ ਦੇਖਿਆ ਹੈ, ਜਦੋਂ ਮੀਂਹ ਨਹੀਂ ਵੀ ਪੈ ਰਹੇ ਹੁੰਦੇ। ਇਸ ਵਾਰ ਅੰਮ੍ਰਿਤਸਰ ਵੱਲ ਜਾਂਦਿਆਂ ਇਹ ਦੇਖ ਕੇ ਬਹੁਤ ਹੈਰਾਨੀ ਹੋਈ ਕਿ ਇੰਨੇ ਮੀਂਹ ਪੈਣ ਦੇ ਬਾਵਜੂਦ ਦਰਿਆ ਬਿਆਸ ਵਿਚ ਪਾਣੀ ਦੀ ਹਾਲਤ ਸਤਿਲੁਜ ਨਾਲੋਂ ਕੋਈ ਬਹੁਤੀ ਬਿਹਤਰ ਨਹੀਂ ਸੀ। ਪਾਣੀ ਧਾਰਾਂ ਦੇ ਰੂਪ ਵਿਚ ਵਗ ਰਿਹਾ ਸੀ; ਵਗ ਕੀ ਰਿਹਾ, ਖੜ੍ਹਾ ਹੀ ਸੀ ਅਤੇ ਸਤਿਲੁਜ ਵਾਂਗ ਹੀ ਦਰਿਆ ਬਿਆਸ ਵਿਚ ਵੀ ਥਾਂ ਥਾਂ ਬਰੇਤੀਆਂ ਨਿਕਲੀਆਂ ਹੋਈਆਂ ਸਨ। ਸੁਣਨ ਵਿਚ ਇਹ ਵੀ ਆਉਂਦਾ ਹੈ ਕਿ ਪੰਜਾਬ ਤੋਂ ਪਰੇ ਪਰੇ ਹੀ ਹਿਮਾਚਲ ਪ੍ਰਦੇਸ਼ ਵਿਚ ਸੁਰੰਗਾਂ ਰਾਹੀਂ ਪੰਜਾਬ ਦੇ ਦਰਿਆਵਾਂ ਦਾ ਪਾਣੀ ਅਲੋਪ ਹੋ ਚੁਕੀ 'ਸਰਸਵਤੀ' ਨਦੀ ਵਿਚ ਪਾ ਕੇ ਉਸ ਨੂੰ ਪੁਨਰ ਸੁਰਜੀਤੀ ਬਖਸ਼ ਦਿੱਤੀ ਗਈ ਹੈ। ਵਾਹ ਵਾਹ ਮੇਰੇ ਪੰਜਾਬ, ਪੰਜਾਂ ਦਰਿਆਵਾਂ ਦੀ ਧਰਤੀ ਤੇਰਾ ਤਾਂ ਹੁਣ ਰੱਬ ਹੀ ਰਾਖਾ ਹੈ!

ਇਸ ਫੇਰੀ ਦੌਰਾਨ ਕਾਰ ਵਿਚ ਸਫਰ ਕਰਨ ਦਾ ਕਾਫੀ ਮੌਕਾ ਮਿਲਿਆ। ਦਿੱਲੀ ਤੋਂ ਪੰਜਾਬ ਜਾਂਦਿਆਂ ਦੇਖਿਆ ਕਿ ਸਾਲਾਂ ਤੋਂ ਹੀ ਜੀ. ਟੀ. ਰੋਡ 'ਤੇ ਕਿਤੇ ਨਾ ਕਿਤੇ ਕੋਈ ਮੁਰੰਮਤ ਚੱਲ ਰੀ ਰਹੀ ਹੁੰਦੀ ਹੈ ਜਾਂ ਕੋਈ ਫਲਾਈਓਵਰ ਬਣ ਰਿਹਾ ਹੁੰਦਾ ਹੈ। ਦਿੱਲੀ ਤੋਂ ਲੈ ਕੇ ਸ਼ੰਭੂ ਤੱਕ ਹੀ ਘੱਟੋ ਘੱਟ ਤਿੰਨ ਥਾਂਵਾਂ 'ਤੇ ਟੌਲ ਟੈਕਸ ਹੈ। ਇਸ ਦੇ ਬਾਵਜੂਦ ਇੱਥੇ ਉਸਾਰੀ ਦਾ ਕੰਮ, ਜੋ ਕਈ ਵਰ੍ਹਿਆਂ ਤੋਂ ਚੱਲ ਰਿਹਾ ਹੈ, ਮੁਕੰਮਲ ਕਿਉਂ ਨਹੀਂ ਹੁੰਦਾ? ਪੰਜਾਬ ਦੇ ਸ਼ਾਹ-ਰਾਹ ਕਾਫੀ ਚੰਗੀ ਹਾਲਤ ਵਿਚ ਹਨ, ਜਿਨ੍ਹਾਂ 'ਤੇ ਥਾਂ ਥਾਂ ਟੌਲ ਟੈਕਸ ਦਾ ਇੰਤਜ਼ਾਮ ਕੀਤਾ ਗਿਆ ਹੈ, ਕਿਉਂਕਿ ਸਰਕਾਰਾਂ ਸੜਕਾਂ ਦੀ ਉਸਾਰੀ ਦਾ ਸਾਰਾ ਕੰਮ ਪ੍ਰਾਈਵੇਟ ਕੰਪਨੀਆਂ ਤੋਂ ਕਰਵਾਉਂਦੀਆਂ ਹਨ ਅਤੇ ਉਨ੍ਹਾਂ ਨੂੰ ਹਮੇਸ਼ਾ ਲਈ ਟੌਲ ਟੈਕਸ ਦਾ ਅਧਿਕਾਰ ਦੇ ਦਿੰਦੀਆਂ ਹਨ।

ਪਿੰਡਾਂ ਵਿਚ ਘੁੰਮਦਿਆਂ ਦੇਖਿਆ ਕਿ ਲੁਧਿਆਣਾ ਜਿਲੇ ਵਿਚ ਸੜਕਾਂ ਦਾ ਹਾਲ ਕਾਫੀ ਮੰਦਾ ਹੈ। ਪਿੰਡਾਂ ਦੀਆਂ ਸੜਕਾਂ ਦਾ ਤਾਂ ਕਹਿਣਾ ਹੀ ਕੀ ਹੈ, ਪਰ ਖੰਨਾ-ਸਮਰਾਲਾ ਸੜਕ, ਜੋ ਬਰਾਸਤਾ ਮਾਛੀਵਾੜਾ-ਰਾਹੋਂ ਦਿੱਲੀ ਨੂੰ ਪਠਾਨਕੋਟ ਨਾਲ ਜੋੜਨ ਦੀ ਵਿਉਂਤਬੰਦੀ ਵਿਚ ਹੈ, ਉਸ ਵਿਚ ਖੰਨੇ ਤੋਂ ਲੈ ਕੇ ਧੁਰ ਰਾਹੋਂ ਤੱਕ ਗੋਡੇ ਗੋਡੇ ਟੋਏ ਪਏ ਹੋਏ ਹਨ। ਇਸ 'ਤੇ ਗੱਡੀ ਚਲਾਉਣੀ ਤਾਂ ਦੁਸ਼ਵਾਰੀ ਹੈ ਹੀ, ਸਾਈਕਲ ਚਲਾਉਣਾ ਤੇ ਪੈਦਲ ਚੱਲਣਾ ਵੀ ਮੁਸ਼ਕਿਲ ਹੈ। ਸੁਣਨ ਵਿਚ ਆਇਆ ਹੈ ਕਿ ਇਸ ਸੜਕ ਦੀ ਉਸਾਰੀ ਲਈ ਲੋਕਾਂ ਵੱਲੋਂ ਕਈ ਵਾਰ ਧਰਨੇ ਵੀ ਦਿੱਤੇ ਗਏ ਹਨ।

ਜਦੋਂ ਪਿਛਲੀ ਵਾਰ 2015 ਵਿਚ ਮੈਂ ਪਰਿਵਾਰ ਸਮੇਤ ਪੰਜਾਬ ਗਈ ਸਾਂ ਤਾਂ ਸੁਣਨ ਵਿਚ ਆਇਆ ਸੀ ਕਿ ਮੁੱਖ ਮੰਤਰੀ (ਸਾਬਕਾ) ਸ. ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਅਤੇ ਸਮੁੱਚੇ ਲੰਬੀ ਇਲਾਕੇ ਵਿਚ ਬਣੀਆਂ ਸੜਕਾਂ ਕੈਨੇਡਾ-ਅਮਰੀਕਾ ਦੀਆਂ ਸੜਕਾਂ ਨੂੰ ਵੀ ਮਾਤ ਪਾਉਂਦੀਆਂ ਹਨ। ਲੋਕਾਂ ਦਾ ਕਹਿਣਾ ਸੀ ਕਿ ਆਪਣਾ ਵੋਟ-ਬੈਂਕ ਸੁਰੱਖਿਅਤ ਰੱਖਣ ਲਈ ਸ. ਬਾਦਲ ਨੇ ਸਾਰੇ ਪੰਜਾਬ ਦੀ ਉਸਾਰੀ 'ਤੇ ਖਰਚਿਆ ਜਾਣ ਵਾਲਾ ਪੈਸਾ ਲੰਬੀ ਇਲਾਕੇ 'ਤੇ ਲਾ ਦਿੱਤਾ ਹੈ। ਹੁਣ ਦੀ ਫੇਰੀ ਵਿਚ ਆਪਣੇ ਪਤੀ ਗੁਰਦਿਆਲ ਸਿੰਘ ਬੱਲ ਦੇ ਨਾਨਕਾ ਪਰਿਵਾਰਾਂ ਨੂੰ ਮਿਲਣ ਲਈ ਕੰਮੋਕੇ-ਬੁਤਾਲੇ ਤੋਂ ਅਲੀਆਲ, ਬਟਾਲਾ ਅਤੇ ਘਸੀਟਪੁਰੇ ਤੋਂ ਪਿੰਡਾਂ ਥਾਣੀਂ ਬੁਟਾਰੀ ਨੂੰ ਆਉਂਦਿਆਂ ਬਿਕਰਮ ਸਿੰਘ ਮਜੀਠੀਆ ਦੇ ਇਲਾਕੇ ਵਿਚੋਂ ਗੁਜ਼ਰਦਿਆਂ ਦੇਖਿਆ ਕਿ ਸੜਕਾਂ ਦਾ ਹਾਲ ਪਿੰਡਾਂ-ਥਾਂਵਾਂ ਵਿਚ ਵੀ ਲੰਬੀ ਵਰਗਾ ਹੀ ਹੈ। ਸ਼ਾਇਦ ਅਕਾਲੀ ਭਾਈਆਂ ਨੂੰ ਸਮੁੱਚੇ ਪੰਜਾਬ ਦੇ ਫਿਕਰ ਨਾਲੋਂ ਆਪੋ ਆਪਣਾ ਵੋਟ-ਬੈਂਕ ਸੁਰੱਖਿਅਤ ਰੱਖਣ ਦਾ ਕੁਝ ਜ਼ਿਆਦਾ ਹੀ ਸਤਾਉਂਦਾ ਰਿਹਾ ਹੈ। ਜੇ ਕਿਤੇ 'ਅੰਨਾ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ' ਦੇਣ ਦੀ ਥਾਂ ਇਹੀ ਫਿਕਰ ਸਮੁੱਚੇ ਪੰਜਾਬ ਲਈ ਗੁਰੂ ਬੋਲਿਆਂ ਅਨੁਸਾਰ 'ਸਰਬਤ ਦਾ ਭਲਾ' ਨੂੰ ਸਾਹਮਣੇ ਰੱਖ ਕੇ ਕੀਤਾ ਹੁੰਦਾ ਤਾਂ ਕਹਾਣੀ ਹੋਰ ਹੋਣੀ ਸੀ।

---

ਭਗਤ ਰਵਿਦਾਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਉਸ ਨੂੰ ਸ਼ਬਦ ਗੁਰੂ ਦਾ ਹਿੱਸਾ ਹੋਣ ਦਾ ਮਾਣ ਪ੍ਰਾਪਤ ਹੈ। ਰਾਗ ਗਉੜੀ ਵਿਚ ਪੰਨਾ 346 'ਤੇ ਭਗਤ ਰਵਿਦਾਸ ਹਿੰਦੂ ਸ਼ਾਸਤਰਾਂ ਅਨੁਸਾਰ ਵੱਖ ਵੱਖ ਜੁਗਾਂ ਦੇ ਦੱਸੇ ਗਏ ਧਰਮ-ਕਰਮ ਦੀ ਗੱਲ ਕਰਦਿਆਂ ਪੰਡਿਤ ਨੂੰ ਸਮਝਾਉਂਦੇ ਹਨ ਕਿ ਜੁਗਾਂ ਅਨੁਸਾਰ ਇਹ ਧਰਮ-ਕਰਮ ਕਰਦਿਆਂ ਇਸ ਸੰਸਾਰ ਸਾਗਰ ਦਾ ਪਰਲਾ ਪਾਰ ਕਿਵੇਂ ਲੱਭੋਗੇ? ਅਰਥਾਤ ਇਸ ਸੰਸਾਰ ਸਮੁੰਦਰ ਨੂੰ ਕਿਵੇਂ ਪਾਰ ਕਰੋਗੇ?

ਭਗਤ ਜੀ ਕਹਿੰਦੇ ਹਨ, ਸ਼ਾਸਤਰਾਂ ਨੂੰ ਜਾਣਨ ਵਾਲਾ ਮੈਨੂੰ ਕੋਈ ਵੀ ਅਜਿਹਾ ਕੰਮ ਨਹੀਂ ਦੱਸ ਸਕਿਆ, ਜਿਸ ਦੀ ਮਦਦ ਨਾਲ ਮਨੁੱਖ ਦਾ ਜਨਮ-ਮਰਨ ਦਾ ਚੱਕਰ ਖਤਮ ਹੋ ਸਕੇ। ਸ਼ਾਸਤਰਾਂ ਵਿਚ ਕਈ ਤਰੀਕਿਆਂ ਨਾਲ ਵਰਣ ਤੇ ਆਸ਼ਰਮ ਧਰਮ ਦੇ ਫਰਜ਼ਾਂ ਦੀ ਹੱਦ-ਬੰਦੀ ਕੀਤੀ ਗਈ ਹੈ ਅਤੇ ਸਾਰੇ ਹੀ ਇਹ ਮਿੱਥੇ ਧਾਰਮਕ ਕਾਰਜ ਕਰਦੇ ਦਿਸ ਰਹੇ ਹਨ। ਉਹ ਕਿਹੜਾ ਕਰਮ ਹੈ, ਜਿਸ ਦੇ ਸਾਧਿਆਂ ਮਨੁੱਖ ਦੇ ਜਨਮ-ਮਨੋਰਥ ਦੀ ਸਫਲਤਾ ਹੁੰਦੀ ਹੈ? ਕੋਈ ਨਹੀਂ ਦੱਸਦਾ। ਮਸਲਨ ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਸਰੀਰ ਦੀ ਮੈਲ ਹੀ ਧੁਲਦੀ ਹੈ, ਪਰ ਮਨ ਵਿਚ ਵਿਕਾਰ ਉਵੇਂ ਹੀ ਟਿਕੇ ਰਹਿੰਦੇ ਹਨ। ਜਿਸ ਤਰ੍ਹਾਂ ਸੂਰਜ ਦੇ ਚੜ੍ਹਨ ਨਾਲ ਰਾਤ ਦਾ ਹਨੇਰਾ ਮੁੱਕ ਜਾਂਦਾ ਹੈ, ਇਸੇ ਤਰ੍ਹਾਂ ਗੁਰੂ ਨੂੰ ਮਿਲਣ ਨਾਲ ਗਿਆਨ ਦੀ ਰੌਸ਼ਨੀ ਪ੍ਰਾਪਤ ਹੁੰਦੀ ਹੈ, ਰੱਬ ਨੂੰ ਮਿਲਣ ਦੀ ਸਿੱਕ ਮਨ ਵਿਚ ਪੈਦਾ ਹੁੰਦੀ ਹੈ ਅਤੇ ਮਨੁੱਖ ਅੰਤਰ-ਆਤਮੇ ਹੀ ਪਰਮਾਤਮਾ ਨੂੰ ਮਿਲ ਪੈਂਦਾ ਹੈ।

ਆਦਰਸ਼ ਰਾਜ 'ਬੇਗਮ ਪੁਰਾ' ਦਾ ਸੰਕਲਪ ਵੀ ਭਗਤ ਰਵੀਦਾਸ ਦੀ ਬਾਣੀ ਵਿਚੋਂ ਹੀ ਮਿਲਦਾ ਹੈ। ਭਗਤ ਰਵੀਦਾਸ ਦੀ ਸਿੱਖਿਆ ਨੂੰ ਘਰ ਘਰ ਪਹੁੰਚਾ ਕੇ ਨਵੀਂ ਜਾਗ੍ਰਿਤੀ ਪੈਦਾ ਕਰਨ ਦੀ ਥਾਂ ਭਗਤ ਜੀ ਨੂੰ ਵੱਖਰਾ ਗੁਰੂ ਮੰਨਣ ਵਾਲੇ ਵੀ ਵੱਡੇ ਵੱਡੇ ਜਲੂਸ ਕੱਢ ਕੇ ਹੀ ਕੰਮ ਸਾਰ ਰਹੇ ਹਨ।

ਅੰਮ੍ਰਿਤਸਰ ਵੱਲ ਜਾਣ ਲਈ ਮੈਂ ਜੁਗਰਾਜ ਨਾਲ ਗੱਡੀ ਵਿਚ ਜਾ ਰਹੀ ਸਾਂ। ਫਗਵਾੜਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਾਰਾ ਟਰੈਫਿਕ ਪੁਲਿਸ ਨੇ ਕੌਮੀ ਸ਼ਾਹ-ਰਾਹ ਤੋਂ ਹਟਾ ਕੇ ਜੰਡਿਆਲੇ ਰਾਹੀਂ ਕਪੂਰਥਲਾ ਜਿਲੇ ਦੇ ਪਿੰਡਾਂ ਵਿਚੋਂ ਦੀ ਮੋੜਿਆ ਹੋਇਆ ਸੀ। ਸਾਰੇ ਟਰੱਕਾਂ ਨੂੰ ਜੀ. ਟੀ. ਰੋਡ ਦੇ ਕਿਨਾਰੇ ਖੜ੍ਹੇ ਹੋਣ ਦਾ ਆਦੇਸ਼ ਸੀ ਅਤੇ ਕਾਰਾਂ, ਟਰੈਕਟਰ, ਬੱਸਾਂ-ਸਭ ਜੰਡਿਆਲੇ ਵਿਚੋਂ ਦੀ ਪਿੰਡਾਂ ਦੀਆਂ ਇਕਹਿਰੀਆਂ ਸੜਕਾਂ ਤੋਂ ਗੁਜ਼ਰ ਰਹੇ ਸਨ, ਜਿਨ੍ਹਾਂ ਦੀ ਚਾਲ ਕੁਦਰਤੀ ਹੈ ਕਿ ਬਹੁਤ ਹੌਲੀ ਸੀ। ਫਗਵਾੜੇ ਦੇ ਅਗਲੇ ਸਿਰੇ 'ਤੇ ਨਿਕਲਣ ਲਈ 10-15 ਮਿੰਟਾਂ ਦੀ ਥਾਂ ਪੂਰੇ ਦੋ ਘੰਟੇ ਲੱਗ ਗਏ। ਕੰਮੋਕੇ 12 ਵਜੇ ਪਹੁੰਚਣ ਦੀ ਥਾਂ ਢਾਈ ਵਜੇ ਪਹੁੰਚ ਸਕੇ। ਜੁਗਰਾਜ ਨੇ ਮੈਨੂੰ ਛੱਡ ਕੇ ਵਾਪਸ ਸਮਰਾਲੇ ਆਉਣਾ ਸੀ। ਉਹ ਸਾਢੇ ਤਿੰਨ ਵਜੇ ਘਰੋਂ ਚੱਲਿਆ ਪਰ ਸਾਢੇ ਅੱਠ ਵਜੇ ਜਦੋਂ ਮੈਂ ਉਸ ਨੂੰ ਫੋਨ ਕੀਤਾ, ਉਹ ਵਾਇਆ ਰਾਹੋਂ-ਮਾਛੀਵਾੜਾ ਸਮਰਾਲੇ ਜਾਣ ਲਈ ਹਾਲੇ ਵੀ ਫਗਵਾੜੇ ਹੀ ਖੜ੍ਹਾ ਸੀ, ਕਿਉਂਕਿ ਵਾਪਸੀ ਦਾ ਟਰੈਫਿਕ ਉਸ ਪਾਸਿਓਂ ਮੋੜਿਆ ਗਿਆ ਸੀ। ਉਹ ਰਾਤ 10 ਵਜੇ ਸਮਰਾਲੇ ਪਹੁੰਚਿਆ।

ਇਸ ਟਰੈਫਿਕ ਵਿਚ ਫਸੇ ਕਈ ਮਰੀਜ਼ ਵੀ ਹੋ ਸਕਦੇ ਸਨ, ਜਿਨ੍ਹਾਂ ਨੂੰ ਫੌਰੀ ਡਾਕਟਰੀ ਮਦਦ ਦੀ ਲੋੜ ਹੋਵੇ ਜਾਂ ਕੋਈ ਕਿਸੇ ਇੰਟਰਵਿਊ ਦੇਣ, ਇਮਤਿਹਾਨ ਦੇਣ ਜਾਂ ਕਿਸੇ ਹੋਰ ਜ਼ਰੂਰੀ ਕੰਮ ਲਈ ਵੀ ਜਾ ਰਿਹਾ ਹੋਵੇਗਾ? ਕੀ ਭਗਤ ਜੀ ਦੀਆਂ ਸਿਖਿਆਵਾਂ ਦਾ ਪ੍ਰਚਾਰ ਜੀ. ਟੀ. ਰੋਡ ਤੋਂ ਟਰੈਫਿਕ ਹਟਾ ਕੇ ਹੀ ਕੀਤਾ ਜਾ ਸਕਦਾ ਹੈ ਜਾਂ ਘਰ ਘਰ ਸਿੱਖਿਆ ਪੁਜਦੀ ਕਰਨ ਦਾ ਕੋਈ ਹੋਰ ਸਾਧਨ ਵੀ ਹੋ ਸਕਦਾ ਹੈ? ਕੀ ਪ੍ਰਬੰਧਕੀ ਅਮਲਾ ਜੀ. ਟੀ. ਰੋਡ, ਜੋ 6-ਲੇਨ ਬਣੀ ਹੋਈ ਹੈ, ਉਸ ਦੀ ਕਿਸੇ ਇੱਕ ਲੇਨ ਨੂੰ ਜਲੂਸ ਲਈ ਰਾਖਵੀਂ ਰੱਖ ਕੇ ਬਾਕੀ ਟਰੈਫਿਕ ਨੂੰ ਅਰਾਮ ਨਾਲ ਨਹੀਂ ਸੀ ਲੰਘਾ ਸਕਦਾ?

ਅਜਿਹੇ ਬਹੁਤ ਸਾਰੇ ਸਵਾਲ ਸਨ, ਜਿਨ੍ਹਾਂ ਨੇ ਸੋਚਣ ਲਈ ਮਜਬੂਰ ਕੀਤਾ ਕਿ ਅਸੀਂ ਲੋਕ ਅਜਿਹੇ ਮੌਕਿਆਂ 'ਤੇ ਆਮ ਜਨਤਾ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਕਿੰਨੇ ਲਾਪਰਵਾਹ ਅਤੇ ਸੰਵੇਦਨਾਹੀਣ ਹੋ ਜਾਂਦੇ ਹਾਂ। ਧਾਰਮਕ ਦਿਹਾੜਿਆਂ 'ਤੇ ਜਲਸੇ ਜਲੂਸ ਕੱਢਦੇ, ਧਾਰਮਕ ਸਥਾਨਾਂ 'ਤੇ ਬਿਨਾ ਕਿਸੇ ਬੀਮਾਰ ਦੀ ਤਕਲੀਫ ਜਾਂ ਵਿਦਿਆਰਥੀ ਦੀ ਪੜ੍ਹਾਈ ਦੇ ਹਰਜ ਵੱਲ ਧਿਆਨ ਦਿੱਤਿਆਂ ਉਚੀ ਆਵਾਜ਼ ਵਿਚ ਲਾਊਡ ਸਪੀਕਰ ਲਾਉਂਦੇ ਹਾਂ। ਕੀ ਇਹੀ ਧਾਰਮਕਤਾ ਹੈ? ਪੰਜਾਬ ਵਿਚ ਕਿਸਾਨ ਖੁਦਕਸ਼ੀਆਂ, ਨਸ਼ੇ ਦੀ ਓਵਰਡੋਜ਼ ਨਾਲ ਨੌਜੁਆਨਾਂ ਦਾ ਮਰਨਾ, ਕੁੱਤਿਆਂ ਵੱਲੋਂ ਬੱਚਿਆਂ-ਮਨੁੱਖਾਂ ਨੂੰ ਪਾੜ ਕੇ ਖਾਣਾ, ਅਵਾਰਾ ਪਸ਼ੂਆਂ ਵੱਲੋਂ ਖੇਤਾਂ ਦਾ ਉਜਾੜਾ ਅਤੇ ਹਾਦਸਿਆਂ ਦਾ ਕਾਰਨ ਬਣਨਾ, ਸੜਕਾਂ ਦੇ ਟੋਏ-ਟਿੱਬੇ ਸਭ ਕੁਝ ਹੀ ਬਾਦਸਤੂਰ ਕਾਇਮ ਹੈ।

(ਚਲਦਾ)

## ਗੁਰਬਾਣੀ ਗਿਆਨ

# ਬੀਜ ਮੰਤ੍ਰੁ ਹਰਿ ਕੀਰਤਨ ਗਾਉ

**ਰਾਮਕਲੀ ਮਹਲਾ ੫**

ਬੀਜ ਮੰਤ੍ਰੁ ਹਰਿ ਕੀਰਤਨ ਗਾਉ॥
ਆਗੈ ਮਿਲੀ ਨਿਥਾਵੇ ਥਾਉ॥
ਗੁਰ ਪੂਰੇ ਕੀ ਚਰਣੀ ਲਾਗੁ॥
ਜਨਮ ਜਨਮ ਕਾ ਸੋਇਆ ਜਾਗੁ॥
ਹਰਿ ਹਰਿ ਜਾਪੁ ਜਪਲਾ॥
ਗੁਰ ਕਿਰਪਾ ਤੇ ਹਿਰਦੈ ਵਾਸੈ
ਭਉਜਲੁ ਪਾਰਿ ਪਰਲਾ॥ ਰਹਾਉ॥
ਨਾਮੁ ਨਿਧਾਨੁ ਧਿਆਇ ਮਨ ਅਟਲ॥
ਤਾ ਛੂਟਹਿ ਮਾਇਆ ਕੇ ਪਟਲ॥
ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ॥
ਤਾ ਤੇਰਾ ਹੋਇ ਨਿਰਮਲ ਜੀਉ॥
ਸੋਧਤ ਸੋਧਤ ਸੋਧਿ ਬੀਚਾਰਾ॥
ਬਿਨੁ ਹਰਿ ਭਗਤਿ ਨਹੀ ਛੁਟਕਾਰਾ॥
ਸੋ ਹਰਿ ਭਜਨੁ ਸਾਧ ਕੈ ਸੰਗਿ॥
ਮਨੁ ਤਨੁ ਰਾਪੈ ਹਰਿ ਕੈ ਰੰਗਿ॥
ਛੋਡਿ ਸਿਆਣਪ ਬਹੁ ਚਤੁਰਾਈ॥
ਮਨ ਬਿਨੁ ਹਰਿ ਨਾਵੈ ਜਾਇ ਨ ਕਾਈ॥
ਦਇਆ ਧਾਰੀ ਗੋਵਿਦ ਗੋੁਸਾਈ॥
ਹਰਿ ਹਰਿ ਨਾਨਕ ਟੇਕ ਟਿਕਾਈ॥

ਗੁਰੂ ਅਰਜਨ ਦੇਵ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਉਪਦੇਸ਼ ਕਰਦਿਆਂ ਉਸ ਮਿਹਰਬਾਨ ਪ੍ਰਭੂ ਦੇ ਨਾਮ ਦੀ ਮਹਿਮਾ ਵਰਣਨ ਕਰੇ ਹਨ। ਹੇ ਭਾਈ, ਜਿਸ ਮਨੁੱਖ ਨੇ ਪਰਮਾਤਮਾ ਦਾ ਨਾਂ ਜਪਿਆ, ਉਹ ਮਨੁੱਖ ਭਵਜਲ ਯਾਨਿ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ।

ਬੀਜ ਮੰਤ੍ਰੁ ਹਰਿ ਕੀਰਤਨ ਗਾਉ॥
ਆਗੈ ਮਿਲੀ ਨਿਥਾਵੇ ਥਾਉ॥
ਗੁਰ ਪੂਰੇ ਕੀ ਚਰਣੀ ਲਾਗੁ॥
ਜਨਮ ਜਨਮ ਕਾ ਸੋਇਆ ਜਾਗੁ॥

ਗੁਰਦੇਵ ਪਿਤਾ ਆਖਦੇ ਹਨ, ਮਿਹਰਬਾਨ ਪ੍ਰਭੂ ਨੂੰ ਵੱਸ ਵਿਚ ਕਰਨ ਦਾ ਇਹ ਸਭ ਤੋਂ ਸ੍ਰੇਸ਼ਟ ਮੰਤਰ ਹੈ ਕਿ ਪ੍ਰਭੂ ਦੀ ਸਿਫਤ ਦੇ ਗੀਤ ਗਾਇਆ ਕਰੋ। ਕੀਰਤਨ ਦੀ ਬਰਕਤ ਨਾਲ ਅੱਗੇ ਪਰਲੋਕ ਵਿਚ ਨਿਆਸਰੇ ਜੀਵ ਨੂੰ ਭੀ ਆਸਰਾ ਮਿਲ ਜਾਂਦਾ ਹੈ। ਹੇ ਭਾਈ, ਪੂਰੇ ਗੁਰੂ ਦੇ ਚਰਨਾਂ 'ਤੇ ਪਿਆ ਰਹੁ, ਇਸ ਤਰ੍ਹਾਂ ਕਈ ਜਨਮਾਂ ਤੋਂ ਮਾਇਆ ਦੇ ਮੋਹ ਦੀ ਨੀਂਦ 'ਚ ਸੁਤਾ ਹੋਇਆ ਤੂੰ ਜਾਗ ਪਵੇਂਗਾ।

ਨਾਮੁ ਨਿਧਾਨੁ ਧਿਆਇ ਮਨ ਅਟਲ॥
ਤਾ ਛੂਟਹਿ ਮਾਇਆ ਕੇ ਪਟਲ॥
ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ॥
ਤਾ ਤੇਰਾ ਹੋਇ ਨਿਰਮਲ ਜੀਉ॥

ਸਤਿਗੁਰੂ ਆਖਦੇ ਹਨ, ਹੇ ਮਨ! ਪਰਮਾਤਮਾ ਦਾ ਨਾਮ ਕਦੀ ਨਾ ਮੁਕਣ ਵਾਲਾ ਖਜਾਨਾ ਹੈ, ਤੂੰ ਇਸ ਦਾ ਸਿਮਰਨ ਸਦਾ ਹੀ ਕਰਦਾ ਰਹੁ, ਤਾਂ ਹੀ ਤੇਰੇ ਮਾਇਆ ਦੇ ਮੋਹ ਦੇ ਪਟਲ ਭਾਵ ਪਰਦੇ ਪਾਟਣਗੇ। ਹੇ ਮਨ! ਗੁਰੂ ਸ਼ਬਦ ਹੀ ਆਤਮਕ ਜੀਵਨ ਦੇਣ ਵਾਲਾ ਅੰਮ੍ਰਿਤ ਰਸ ਹੈ, ਤੂੰ ਇਸ ਨੂੰ ਪੀਂਦਾ ਰਹਿ, ਤਾ ਹੀ ਤੇਰਾ ਜੀਉ ਨਿਰਮਲ ਪਵਿਤਰ ਹੋਵੇਗਾ।

ਸੋਧਤ ਸੋਧਤ ਸੋਧਿ ਬੀਚਾਰਾ॥
ਬਿਨੁ ਹਰਿ ਭਗਤਿ ਨਹੀ ਛੁਟਕਾਰਾ॥
ਸੋ ਹਰਿ ਭਜਨੁ ਸਾਧ ਕੈ ਸੰਗਿ॥
ਮਨੁ ਤਨੁ ਰਾਪੈ ਹਰਿ ਕੈ ਰੰਗਿ॥

ਸਤਿਗੁਰ ਆਖਦੇ ਹਨ, ਹੇ ਮਨ! ਅਸਾਂ ਬਹੁਤ ਵਿਚਾਰ ਕੇ ਇਹ ਸਿੱਟਾ ਕੱਢਿਆ ਹੈ ਕਿ ਉਸ ਮਿਹਰਬਾਨ ਪ੍ਰਭੂ ਦੀ ਭਗਤੀ ਤੋਂ ਬਿਨਾ ਮਾਇਆ ਦੇ ਮੋਹ ਤੋਂ ਖਲਾਸੀ ਨਹੀਂ ਹੋ ਸਕਦੀ। ਪ੍ਰਭੂ ਦੀ ਉਹ ਭਗਤੀ ਗੁਰੂ ਦੀ ਸੰਗਤਿ ਵਿਚ ਰਹਿ ਕੇ ਹੀ ਪ੍ਰਾਪਤ ਹੁੰਦੀ ਹੈ ਅਤੇ ਜਿਸ ਨੂੰ ਪ੍ਰਾਪਤ ਹੁੰਦੀ ਹੈ, ਉਸ ਦਾ ਮਨ ਤੇ ਤਨ-ਦੋਵੇਂ ਹੀ ਪਰਮਾਤਮਾ ਦੇ ਰੰਗ ਵਿਚ ਰੰਗੇ ਜਾਂਦੇ ਹਨ।

ਛੋਡਿ ਸਿਆਣਪ ਬਹੁ ਚਤੁਰਾਈ॥
ਮਨ ਬਿਨੁ ਹਰਿ ਨਾਵੈ ਜਾਇ ਨ ਕਾਈ॥
ਦਇਆ ਧਾਰੀ ਗੋਵਿਦ ਗੋੁਸਾਈ॥
ਹਰਿ ਹਰਿ ਨਾਨਕ ਟੇਕ ਟਿਕਾਈ॥

ਗੁਰਦੇਵ ਜੀ ਕਹਿੰਦੇ ਨੇ, ਹੇ ਮਨ! ਆਪਣੀ ਸਾਰੀ ਹੀ ਸਿਆਣਪ ਅਤੇ ਚਤੁਰਾਈ ਛੱਡ ਦੇਹ। ਹੇ ਮਨ! ਜਿਵੇਂ ਕਾਈ (ਜਾਲਾ) ਕਾਰਨ ਧਰਤੀ ਵਿਚ ਪਾਣੀ ਨਹੀਂ ਜਾ ਸਕਦਾ, ਇਵੇਂ ਹੀ ਹਉਮੈ ਰੂਪ ਕਾਈ ਕਰਕੇ ਗੁਰੂ ਦੇ ਉਪਦੇਸ਼ ਦਾ ਵੀ ਮਨੁੱਖ 'ਤੇ ਅਸਰ ਨਹੀਂ ਹੁੰਦਾ; ਪ੍ਰਭੂ ਨਾਮ ਤੋਂ ਬਿਨਾ ਇਹ ਜਾਲਾ ਦੂਰ ਨਹੀਂ ਹੁੰਦਾ। ਨਾਨਕ ਆਖਦਾ ਹੈ, ਜਿਸ ਮਨੁੱਖ ਉਤੇ ਧਰਤੀ ਦਾ ਮਾਲਕ ਪ੍ਰਭੂ ਦਇਆ ਕਰਦਾ ਹੈ, ਉਹ ਪ੍ਰਭੂ ਦਾ ਆਸਰਾ ਲੈਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਕਹਿ ਰਵਿਦਾਸ ਹਾਥ ਪੈ ਨੇਰੈ

ਕਾਵਿ ਦਾ ਅਹਿਮ ਤੇ ਪ੍ਰਮੁੱਖ ਅੰਗ ਸੰਗੀਤ ਹੁੰਦਾ ਹੈ। ਭਗਤਾਂ, ਰੱਬ ਦੇ ਪਿਆਰਿਆਂ ਨੇ ਜਦੋਂ ਵੀ ਵਜਦ ਵਿਚ ਆ ਕੇ, ਜੋ ਕੁਝ ਵੀ ਉਚਾਰਿਆ, ਉਹ ਕਵਿਤਾ ਨਾ ਹੋ ਕੇ ਬਾਣੀ ਅਖਵਾਈ। ਉਸ ਬਾਣੀ ਵਿਚ ਰਸ ਭਰੇ ਮਧੁਰ ਰੱਬੀ ਸੁਨੇਹੇ ਅਤੇ ਰੱਬ ਦੀਆਂ ਦਾਤਾਂ ਦਾ ਵਰਨਣ ਹੋਇਆ। ਰੱਬੀ ਅਨੁਭਵਾਂ ਨੂੰ ਸ਼ਬਦੀ ਜਾਮਾ ਪਹਿਨਾਇਆ ਗਿਆ ਤਾਂ ਜੋ ਪਰਮਾਰਥ ਦੇ ਰਸਤੇ 'ਤੇ ਚੱਲਣ ਵਾਲੇ ਇਨ੍ਹਾਂ ਹਕੀਕੀ ਅਨੁਭਵਾਂ ਤੋਂ ਫਾਇਦਾ ਉਠਾ ਕੇ ਪਰਮ ਪਦਵੀ ਪ੍ਰਾਪਤ ਕਰ ਸਕਣ। ਭਗਤਾਂ ਨੇ ਰੱਬੀ ਕੀਰਤਨ ਕੀਤਾ, ਪਰਮਾਤਮਾ ਦੇ ਗੁਣਾਂ ਦਾ ਗਾਇਨ ਕੀਤਾ। ਉਹ ਸ਼ਬਦੀ ਜਾਮਾ ਪਹਿਨ ਸਾਰੇ ਅਨੁਭਵ ਬਾਣੀ ਬਣ ਗਏ। ਕਵਿਤਾ ਅਤੇ ਬਾਣੀ ਦਾ ਮੁਖ ਅੰਤਰ ਇਹੋ ਹੀ ਹੈ ਕਿ ਕਵਿਤਾ ਦਾ ਰੁਖ ਦੁਨੀਆਂ ਵਲ ਹੁੰਦਾ ਹੈ, ਜਦਕਿ ਬਾਣੀ ਦਾ ਰੁਖ ਉਸ ਅਕਾਲ ਪੁਰਖ ਜਾਂ ਰੱਬ ਵੱਲ ਹੁੰਦਾ ਹੈ।



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਬਾਣੀ ਦਾ ਮੁਲਾਂਕਣ ਕਰਨ ਹਿਤ ਕੋਈ ਵੀ ਕਾਵਿ ਸ਼ਾਸਤਰ ਹੋਂਦ ਵਿਚ ਨਹੀਂ ਆਇਆ, ਇਸ ਲਈ ਭਗਤਾਂ ਦੀ ਬਾਣੀ ਨੂੰ ਪਰੰਪਰਾਗਤ ਢੰਗ ਨਾਲ ਹੀ ਵੇਖਣਾ ਚਾਹੀਦਾ ਹੈ। ਭਗਤ ਕਬੀਰ, ਭਗਤ ਸੈਣ ਅਤੇ ਭਗਤ ਧੰਨਾ ਆਦਿ ਨੇ ਆਰਤੀ ਦੀ ਪਰੰਪਰਾਗਤ ਵਿਧੀ ਨਾ ਸਵੀਕਾਰੀ। ਭਗਤ ਰਵਿਦਾਸ ਵਲੋਂ ਵਰਨਣ ਆਰਤੀ ਵਿਚ ਬੜੇ ਸੁੰਦਰ ਸ਼ਬਦਾਂ ਦੀ ਵਰਤੋਂ ਕਰ ਕੇ ਦੱਸਿਆ ਗਿਆ ਹੈ ਕਿ ਉਸ ਪਰਮਾਤਮਾ ਦਾ ਨਾਂ ਹੀ ਆਰਤੀ ਹੈ ਅਤੇ ਬਾਕੀ ਸਭ ਝੂਠੇ ਪਸਾਰੇ ਹਨ,

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥੧॥ ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ॥੩॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥੪॥
(ਗੁਰੂ ਗ੍ਰੰਥ ਸਾਹਿਬ, ਪੰਨਾ 694)

ਅਰਥਾਤ ਹੇ ਪ੍ਰਭੂ! ਅਣਜਾਣ ਲੋਕ ਮੂਰਤੀਆਂ ਦੀ ਆਰਤੀ ਉਤਾਰਦੇ ਹਨ, ਪਰ ਮੇਰੇ ਲਈ ਤੇਰਾ ਨਾਮ ਹੀ ਆਰਤੀ ਹੈ ਅਤੇ ਤੀਰਥਾਂ ਦਾ ਇਸ਼ਨਾਨ ਹੈ। ਹੇ ਭਾਈ, ਉਸ ਪ੍ਰਭੂ ਦੇ ਨਾਮ ਤੋਂ ਬਿਨਾ ਹੋਰ ਸਾਰੇ ਅਡੰਬਰ ਕੂੜੇ ਹਨ। ਤੇਰਾ ਨਾਮ ਮੇਰੀ ਉਪਾਸਨਾ ਵਾਲੀ ਚਟਾਈ ਹੈ, ਤੇਰਾ ਨਾਮ ਕੇਸਰ ਰਗੜਨ ਵਾਲੀ ਸਿਲ ਅਤੇ ਤੇਰਾ ਨਾਮ ਹੀ ਕੇਸਰ, ਜਿਸ ਨੂੰ ਲੈ ਕੇ ਮੈਂ ਤੇਰੇ ਉਪਰ ਛਿੜਕਾਓ ਕਰਦਾ ਹਾਂ। ਹੇ ਮੁਰਾਰ, ਤੇਰਾ ਨਾਮ ਹੀ ਪਾਣੀ ਹੈ ਅਤੇ ਤੇਰਾ ਨਾਮ ਹੀ ਚੰਦਨ। ਤੇਰੇ ਨਾਮ ਦਾ ਉਚਾਰਨ ਹੀ ਚੰਦਨ ਦਾ ਰਗੜਨ ਹੈ, ਨਾਮ ਦਾ ਸਹਾਰਾ ਲੈ ਕੇ ਮੈਂ ਇਸ ਦੀ ਭੇਟਾ ਤੈਨੂੰ ਚੜ੍ਹਾਉਂਦਾ ਹਾਂ। ਤੇਰਾ ਨਾਮ ਹੀ ਦੀਵਾ ਹੈ ਅਤੇ ਤੇਰੇ ਨਾਮ ਦੀ ਹੀ ਬਾਤੀ। ਤੇਰੇ ਨਾਮ ਦਾ ਤੇਲ ਲੈ ਕੇ ਮੈਂ ਇਸ ਨੂੰ ਉਸ ਵਿਚ ਪਾਉਂਦਾ ਹਾਂ। ਤੇਰੇ ਨਾਮ ਦੀ ਲਾਟ ਮੈਂ ਇਸ ਨੂੰ ਲਾਈ ਹੈ ਅਤੇ ਇਸ ਨੇ ਸਾਰੇ ਜਹਾਨ ਨੂੰ ਰੌਸ਼ਨ ਕਰ ਦਿੱਤਾ ਹੈ। ਤੇਰਾ ਨਾਮ ਹੀ ਧਾਗਾ ਹੈ ਅਤੇ ਤੇਰਾ ਨਾਮ ਹੀ ਪੁਸ਼ਪ ਮਾਲਾ ਹੈ। ਬਨਸਪਤੀ ਦੇ ਸਾਰੇ ਅਠਾਰਾਂ ਭਾਰ ਹੀ ਤੈਨੂੰ ਭੇਟਾ ਕਰਨ ਖਾਤਿਰ ਅਪਵਿੱਤਰ ਹਨ। ਮੈਂ ਤੇਰੇ ਬਣਾਏ ਹੋਏ ਦੀ ਤੈਨੂੰ ਭੇਟਾ ਕਿਉਂ ਕਰਾਂ? ਤੇਰੇ ਨਾਮ ਦੀ ਚੌਰ ਹੀ ਮੈਂ ਤੇਰੇ ਉਪਰ ਕਰਦਾ ਹਾਂ। ਸਾਰਾ ਸੰਸਾਰ ਹੀ ਅਠਾਰਾਂ ਪੁਰਾਣਾਂ, ਤੀਰਥਾਂ ਅਤੇ ਚਾਰਾਂ ਹੀ ਉਤਪਤੀ ਸੋਮਿਆਂ ਅੰਦਰ ਖਚਿਤ ਹੈ। ਰਵਿਦਾਸ ਜੀ ਆਖਦੇ ਹਨ, ਹੇ ਪ੍ਰਭੂ! ਕੇਵਲ ਤੇਰਾ ਨਾਮ ਹੀ ਮੇਰੀ ਪ੍ਰਭੂ ਪੂਜਾ ਹੈ। ਤੇਰੇ ਸੱਚੇ ਨਾਮ ਦਾ ਪ੍ਰਸ਼ਾਦ ਹੀ ਮੈਂ ਤੈਨੂੰ ਚੜ੍ਹਾਉਂਦਾ ਹਾਂ।

ਭਗਤੀ ਸਾਹਿਤ ਦਾ ਮੂਲ ਵਿਸ਼ਾ ਪਰਮਾਤਮਾ ਹੈ। ਪਰਮਾਤਮਾ ਦੇ ਦੋ ਸਰੂਪਾਂ-ਸਰਗੁਣ ਤੇ ਨਿਰਗੁਣ ਦਾ ਬਿਆਨ ਭਾਰਤੀ ਅਧਿਆਤਮਕ ਸਾਹਿਤ ਵਿਚ ਬਹੁਤ ਹੀ ਵਿਸਥਾਰ ਵਿਚ ਹੋਇਆ ਮਿਲਦਾ ਹੈ। ਨਿਰਗੁਣ ਦਾ ਅਰਥ ਹੈ, ਗੁਣ ਰਹਿਤ ਜਾਂ ਗੁਣ ਅਤੀਤ ਅਤੇ ਸਰਗੁਣ ਦਾ ਅਰਥ ਹੈ, ਗੁਣ ਸਹਿਤ। ਗੁਣ ਅਤੀਤ ਨੂੰ ਗੁਣਾਂ ਦੀ ਸੀਮਾ ਵਿਚ ਨਹੀਂ ਬੰਨਿਆ ਜਾ ਸਕਦਾ। ਉਹ ਸਰਬ ਸ਼ਕਤੀਮਾਨ ਪਰਮਾਤਮਾ ਸਰਬ ਵਿਆਪਕ ਹੈ ਅਤੇ ਘਟ ਘਟ 'ਚ ਵਸਦਾ ਹੈ। ਇਸ ਲਈ ਉਹ ਸਰਗੁਣ ਵੀ ਹੈ। ਗੁਰਬਾਣੀ 'ਚ ਪਰਮਾਤਮਾ ਨੂੰ ਨਿਰਗੁਣ ਤੇ ਸਰਗੁਣ-ਦੋਵੇਂ ਹੀ ਮੰਨਿਆ ਗਿਆ ਹੈ।

ਭਗਤੀ ਮਾਰਗ ਨਾਲ ਜੁੜੇ ਹੋਰ ਮਹਾਨ ਸੰਤਾਂ ਅਤੇ ਭਗਤਾਂ ਵਾਂਗ ਭਗਤ ਰਵਿਦਾਸ ਨਿਰਗੁਣ ਅਤੇ ਸਰਗੁਣ ਵਿਚ ਕੋਈ ਵਿਭਾਜਨ ਰੇਖਾ ਨਹੀਂ ਖਿੱਚਦੇ। ਨਿਰਗੁਣ ਪਰਮਾਤਮਾ ਦੇ ਪੂਜਕ ਹੋਣ ਦੇ ਬਾਵਜੂਦ ਪ੍ਰਭੂ ਮਿਲਣ ਦੀ ਤੀਬਰ ਇੱਛਾ ਉਨ੍ਹਾਂ ਨੂੰ ਸਰਗੁਣ ਭਗਤੀ ਪਰੰਪਰਾ ਦੇ ਨੇੜੇ ਵੀ ਲੈ ਜਾਂਦੀ ਹੈ। ਇਸ ਤਰ੍ਹਾਂ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ-ਦੋਹਾਂ ਰੂਪਾਂ 'ਚ ਸੰਤੁਲਨ ਦੀ ਸਿਰਜਣਾ ਕਰਦੇ ਦਿਸਦੇ ਹਨ। ਨਿਰਗੁਣ ਆਕਾਰ ਧਾਰਦਾ ਹੈ, ਬ੍ਰਹਿਮੰਡ ਰਚ ਕੇ ਉਸ ਦੇ ਵਿਚ ਵੀ ਵਸਦਾ ਹੈ, ਇਸ ਲਈ ਸਰਗੁਣ ਹੈ। ਉਨ੍ਹਾਂ ਸਪਸ਼ਟ ਸ਼ਬਦਾਂ ਵਿਚ ਇਸ ਤਰ੍ਹਾਂ ਵਰਨਣ ਕੀਤਾ ਹੈ,

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥
ਅਪਨੇ ਚਰਿਤ ਪ੍ਰਭਿ ਆਪਿ ਬਨਾਏ॥
ਅਪੁਨੀ ਕੀਮਤਿ ਆਪੇ ਪਾਏ॥
ਹਰਿ ਬਿਨੁ ਦੂਜਾ ਨਾਹੀ ਕੋਇ॥
ਸਰਬ ਨਿਰੰਤਰਿ ਏਕੋ ਸੋਇ॥
(ਗੁਰੂ ਗ੍ਰੰਥ ਸਾਹਿਬ, ਪੰਨਾ 287)

ਭਗਤ ਰਵਿਦਾਸ ਦੀ ਬਾਣੀ ਦਾ ਅਧਿਐਨ ਕਰਦਿਆਂ ਸਪਸ਼ਟ ਹੋ ਜਾਂਦਾ ਹੈ ਕਿ ਉਹ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ ਅਤੇ ਉਸ ਪਰਮ ਹਸਤੀ ਦੇ ਗੁਣਾਂ ਨੂੰ ਬੜੇ ਸੁੰਦਰ ਢੰਗ ਨਾਲ 'ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ' ਵਿਚ ਅੰਕਿਤ ਕੀਤਾ ਹੈ,

ਸਰਬੇ ਏਕੁ ਅਨੇਕੈ ਸੁਆਮੀ
ਸਭ ਘਟ ਭੋਗਵੈ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ
ਸਹਜੇ ਹੋਇ ਸੁ ਹੋਈ॥
(ਗੁਰੂ ਗ੍ਰੰਥ ਸਾਹਿਬ, ਪੰਨਾ 657)

ਰਵਿਦਾਸ ਜੀ ਆਖ ਰਹੇ ਹਨ ਕਿ ਸਭ ਵਿਚ ਇੱਕ ਸੁਆਮੀ ਨੇ ਅਨੇਕ ਰੂਪ ਧਾਰਨ ਕੀਤੇ ਹੋਏ ਹਨ ਅਤੇ ਉਹ ਮਾਲਕ ਸਭ ਦੇ ਦਿਲਾਂ 'ਚ ਅਨੰਦ ਮਾਣ ਰਿਹਾ ਹੈ। ਉਹ ਮਾਲਕ ਸਾਨੂੰ ਆਪਣੇ ਹੱਥਾਂ ਤੇ ਪੈਰਾਂ ਨਾਲੋਂ ਵੀ ਨੇੜੇ ਹੈ। ਇਸ ਲਈ ਜੋ ਕੁਝ ਕੁਦਰਤੀ ਹੋ ਰਿਹਾ ਹੈ, ਉਸ ਨੂੰ ਹੋਣ ਦਿਓ।

ਸਵੈ ਜੀਵਨੀ ਲਿਖਣ ਦਾ ਰਿਵਾਜ ਭਾਰਤ 'ਚ ਪ੍ਰਚਲਿਤ ਨਹੀਂ ਸੀ ਅਤੇ ਇਹ ਰਿਵਾਜ ਮੁਗਲਾਂ ਦੇ ਆਉਣ ਨਾਲ ਆਇਆ ਸੀ। ਕਾਰਨ ਇਹ ਦੱਸਿਆ ਜਾਂਦਾ ਹੈ ਕਿ ਭਾਰਤੀ ਫਿਲਾਸਫਰਾਂ ਤੇ ਅਧਿਆਤਮਕ ਲੋਕਾਂ ਦਾ ਵਿਚਾਰ ਸੀ ਕਿ ਇਹ ਦੁਨੀਆਂ ਇਕ ਮਿਥਿਆ ਹੈ ਅਤੇ ਆਤਮਾ ਇਸ ਦੁਨੀਆਂ 'ਤੇ ਚੋਲੇ ਬਦਲ ਕੇ ਆਉਂਦੀ ਰਹਿੰਦੀ ਹੈ, ਪਰ ਮੁਸਲਮਾਨ ਮਹਿਸੂਸ ਕਰਦੇ ਹਨ ਕਿ ਬਸ ਇਹੋ ਇਕ ਜੀਵਨ ਹੈ ਅਤੇ ਫਿਰ ਕਬਰੀਂ ਜਾ ਪੈਣਾ ਹੈ ਤੇ ਕਿਆਮਤ ਵਾਲੇ ਦਿਨ ਹਜ਼ਰਤ ਮੁਹੰਮਦ ਨੇ ਉਥੋਂ ਕੱਢਣਾ ਹੈ; ਤਾਂ ਹੀ ਉਹ ਮਕਬਰੇ ਬਣਾਉਂਦੇ ਸਨ ਅਤੇ ਆਪਣੇ ਬਾਰੇ ਲਿਖਦੇ ਸਨ। ਕਿਉਂਕਿ ਸਾਡੇ ਲੋਕ ਇਹ ਮਹਿਸੂਸ ਕਰਦੇ ਸਨ ਕਿ ਇਸ ਦੁਨੀਆਂ 'ਤੇ ਬਹੁਤ ਵਾਰ ਆਉਣਾ ਹੈ, ਇਸ ਲਈ ਆਪਣਾ ਅੱਗਾ ਸੰਵਾਰਨ ਦੇ ਯਤਨ ਕਰਦੇ ਰਹੇ ਹਨ। ਇਸੇ ਕਾਰਨ ਹੀ ਭਗਤ ਰਵਿਦਾਸ ਦੇ ਜੀਵਨ ਬਾਰੇ ਉਨ੍ਹਾਂ ਦੀ ਬਾਣੀ ਅਤੇ ਹੋਰ ਸਾਖੀਆਂ ਦੀ ਮਦਦ ਨਾਲ ਸ਼ਬਦੀ ਚਿਤਰ ਉਤਾਰਨ ਦਾ ਯਤਨ ਕੀਤਾ ਗਿਆ ਹੈ।

ਭਗਤ ਰਵਿਦਾਸ ਦੀ ਜਨਮ ਮਿਤੀ ਬਾਰੇ ਵਿਵਾਦ ਹੱਲ ਕਰਨ ਹਿੱਤ ਭਗਤਮਾਲ ਅਤੇ ਡਾ. ਭੰਡਰਕਰ ਦੀ ਲੇਖਣੀ ਦਾ ਆਸਰਾ ਲੈ ਕੇ ਆਖਿਆ ਜਾਂਦਾ ਹੈ ਕਿ ਜਨਮ 1297 ਈਸਵੀ ਵਿਚ ਹੋਇਆ ਹੈ, ਪਰ ਡਾ. ਭਗਵਤ ਵਰਤ ਮਿਸ਼ਰ ਨੇ ਆਪਣੀਆਂ ਖੋਜਾਂ ਵਿਚ ਜਨਮ ਬਾਰੇ 1398 ਈਸਵੀ ਦਾ ਜ਼ਿਕਰ ਕੀਤਾ ਹੈ। ਭਾਈ ਕਾਹਨ ਸਿੰਘ ਨਾਭਾ ਨੇ ਭਗਤ ਜੀ ਦਾ ਜਨਮ ਪਹਿਲੀ ਹਾੜ 1456 ਸੰਮਤ ਮੰਨਿਆ ਹੈ। ਮਾਤਾ-ਪਿਤਾ ਦੇ ਨਾਮ ਬਾਰੇ ਪ੍ਰਿਥਵੀ ਸਿੰਘ ਆਜ਼ਾਦ ਨੇ ਪਿਤਾ ਦਾ ਨਾਮ ਰਾਘਵ ਅਤੇ ਮਾਤਾ ਦਾ ਨਾਮ ਕਰਮ ਦੇਵੀ ਦੱਸਿਆ ਹੈ। ਭਵਿੱਖ ਪੁਰਾਣ ਦਾ ਹਵਾਲਾ ਦੇ ਕੇ ਦੱਸਿਆ ਹੈ ਕਿ ਪਿਤਾ ਦੇ ਜਨਮ ਸਮੇਂ ਨਾਮ ਮਾਨਦਾਸ ਸੀ। "ਮਾਨਦਾਸ ਦਾ ਪੁੱਤਰ ਰਵਿਦਾਸ ਨਾਮ ਨਾਲ ਪ੍ਰਸਿੱਧ ਹੋਇਆ।" ਕਵੀ ਬਰਕਤ ਸਿੰਘ ਨੇ ਪਿਤਾ ਦਾ ਨਾਂ ਸੰਤੋਖਾ ਅਤੇ ਮਾਤਾ ਦਾ ਨਾਂ ਕੌਂਸ ਦੇਈ ਲਿਖਿਆ ਹੈ,

ਏਸ ਸ਼ਹਿਰ ਦੀ ਬਸਤੀ ਅੰਦਰ
ਸੀ ਇਕ ਭਗਤ ਪਿਆਰਾ।
ਨਾ ਸੰਤੋਖਾ ਦਾਸ ਸੀ ਉਸ ਦਾ
ਜਾਤਿ ਦਾ ਚਮਿਆਰਾ।




ਕੌਂਸ ਦੇਈ ਸੀ ਤੀਵੀਂ ਉਸ ਦੀ
ਵੱਡਿਆਂ ਭਾਗਾਂ ਵਾਲੀ।...
ਕੌਂਸਾ ਦੇ ਘਰ ਬਾਲਕ ਹੋਇਆ
ਚੰਨ ਨਾਲੋਂ ਵੱਧ ਸੋਹਣਾ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਪਿਤਾ ਦਾ ਨਾਂ ਸੰਤੋਖਾ ਅਤੇ ਮਾਤਾ ਦਾ ਨਾਂ ਦਿਆਰੀ ਸੀ। ਵੱਡੇ ਵਡੇਰੇ ਜੁੱਤੀਆਂ ਬਣਾਉਣ ਦਾ ਕੰਮ ਕਰਦੇ ਸਨ। ਭਗਤ ਜੀ ਨੇ ਵੀ ਪਿਤਰੀ ਕਿੱਤੇ ਨੂੰ ਅਪਨਾਇਆ, ਜਿਸ ਦਾ ਵਰਨਣ ਉਨ੍ਹਾਂ ਆਪਣੀ ਬਾਣੀ ਵਿਚ ਇਕ ਤੋਂ ਵੱਧ ਵਾਰ ਕੀਤਾ ਹੈ। ਭਗਤ ਜੀ ਦੇ ਬਨਾਰਸ ਦੇ ਵਾਸੀ ਅਤੇ ਮਰੇ ਹੋਏ ਪਸ਼ੂ ਢੋਣ ਦਾ ਕੰਮ ਕਰਦੇ ਹੋਣ ਸਬੰਧੀ ਸੂਚਨਾ ਉਨ੍ਹਾਂ ਦੇ ਰਚਿਤ ਸ਼ਬਦ ਤੋਂ ਪ੍ਰਾਪਤ ਹੁੰਦੀ ਹੈ,

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ॥ (ਗੁਰੂ ਗ੍ਰੰਥ ਸਾਹਿਬ, ਪੰਨਾ 1293 )

ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਅਨੁਸਾਰ ਭਗਤ ਜੀ ਦਾ ਜਨਮ ਅਸਥਾਨ ਬਨਾਰਸ ਦੇ ਨੇੜੇ ਪਿੰਡ ਮੰਡੂਰ ਸੀ, ਪਰ ਉਨ੍ਹਾਂ ਦੇ ਜਨਮ ਅਸਥਾਨ ਬਾਰੇ ਸਹਿਮਤੀ ਹੈ ਕਿ ਇਹ ਅਸਥਾਨ ਬਨਾਰਸ ਦੇ ਆਸ ਪਾਸ ਹੈ। ਬਨਾਰਸ ਹਿੰਦੂ ਯੂਨੀਵਰਸਿਟੀ ਦਾ ਪੱਛਮੀ ਦਰਵਾਜ਼ਾ ਲੰਘ ਕੇ ਇਕ ਪਿੰਡ ਸੀਰ ਗੋਵਰਧਨਪੁਰਾ ਹੈ, ਜੋ ਬਨਾਰਸ ਦਾ ਹਿੱਸਾ ਹੈ, ਨੂੰ ਰਵਿਦਾਸ ਜੀ ਦਾ ਜਨਮ ਅਸਥਾਨ ਮੰਨਿਆ ਜਾਂਦਾ ਹੈ। ਇਸ ਅਸਥਾਨ 'ਤੇ ਇਕ ਰੰਬੀ ਅਤੇ ਇਕ ਸੰਖ, ਉਨ੍ਹਾਂ ਦੀਆਂ ਯਾਦਗਾਰੀ ਵਸਤਾਂ ਵੀ ਪਈਆਂ ਹਨ ਤੇ ਹੁਣ ਇਸ ਅਸਥਾਨ 'ਤੇ ਚਾਰ ਮੰਜ਼ਿਲਾਂ ਮੰਦਿਰ ਵੀ ਬਣਿਆ ਹੋਇਆ ਹੈ।

ਬਹੁਤ ਸਾਰੇ ਵਿਦਵਾਨ ਮੰਨਦੇ ਹਨ ਕਿ ਭਗਤ ਰਾਮਾਨੁਜ ਦੁਆਰਾ ਸ਼ੁਰੂ ਹੋਈ ਪ੍ਰੇਮਾ ਭਗਤੀ ਦੀ ਪਰੰਪਰਾ ਵਿਚ ਦੇਵਾ ਨੰਦ, ਹਰੀਆ ਨੰਦ ਅਤੇ ਰਾਮਾ ਨੰਦ ਆਦਿ ਸੰਤ ਹੋਏ ਹਨ ਅਤੇ ਭਗਤ ਰਵਿਦਾਸ ਇਸ ਰਾਮਾ ਨੰਦ ਦੇ ਹੀ ਸ਼ਿਸ਼ ਸਨ। ਡਾ. ਰਾਮ ਕੁਮਾਰ ਵਰਮਾ, ਮੈਕਾਲਿਫ, ਰਾਮ ਚੰਦਰ ਸ਼ੁਕਲ ਅਤੇ ਲਾਲ ਸਿੰਘ ਨਰੋਤਮ ਵੀ ਇਸ ਮੱਤ ਨਾਲ ਸਹਿਮਤ ਹਨ; ਪਰ ਰਵਿਦਾਸ ਬਾਣੀ ਵਿਚੋਂ ਇਸ ਦਾ ਕੋਈ ਵੀ ਸਬੂਤ ਨਹੀਂ ਮਿਲਦਾ। ਭਗਤ ਜੀ ਦੀ ਬਾਣੀ ਵਿਚ ਇਹ ਤਾਂ ਦਰਜ ਕੀਤਾ ਮਿਲਦਾ ਹੈ ਕਿ ਭਗਤ ਨਾਮਦੇਵ, ਭਗਤ ਕਬੀਰ ਅਤੇ ਭਗਤ ਸਧਨਾ ਮਹਾਂ ਪੁਰਖ ਸਨ ਅਤੇ ਉਨ੍ਹਾਂ ਨੇ ਮੁਕਤੀ ਪ੍ਰਾਪਤ ਕਰ ਲਈ ਸੀ।

ਭਗਤ ਰਵਿਦਾਸ ਗਰੀਬ ਪਰਿਵਾਰ ਤੇ ਚਮਾਰ ਜਾਤੀ ਵਿਚੋਂ ਉਠ ਕੇ ਅਤੇ ਆਪਣੀ ਸਾਧਨਾ ਰਾਹੀਂ ਸਾਰੇ ਉਤਰੀ ਭਾਰਤ 'ਤੇ ਛਾ ਗਏ, ਇਥੋਂ ਤਕ ਕਿ ਦੂਰ ਦੁਰਾਡੇ ਦੇ ਰਾਜਪੂਤ ਘਰਾਣੇ ਵੀ ਉਨ੍ਹਾਂ ਦਾ ਪ੍ਰਭਾਵ ਕਬੂਲਣ ਲੱਗ ਪਏ। ਉਸ ਸਮੇਂ ਕੁਝ ਅਜਿਹੀਆਂ ਕਥਾਵਾਂ ਵੀ ਪ੍ਰਚਲਿਤ ਸਨ ਕਿ ਰਵਿਦਾਸ ਜੀ ਪਿਛਲੇ ਜਨਮ ਵਿਚ ਸ਼ੁੱਧ ਬ੍ਰਾਹਮਣ ਸਨ ਅਤੇ ਕਿਸੇ ਗਲਤੀ ਕਾਰਨ ਉਨ੍ਹਾਂ ਨੂੰ ਚਮਾਰ ਜਾਤੀ ਵਿਚ ਜਨਮ ਲੈਣਾ ਪਿਆ।

ਅਜਿਹੀ ਹੀ ਇਕ ਕਥਾ ਅਨੁਸਾਰ ਪਿਛਲੇ ਜਨਮ ਵਿਚ ਰਵਿਦਾਸ ਜੀ ਨੇ ਮਾਸ ਦਾ ਸੇਵਨ ਕੀਤਾ ਸੀ, ਜਿਸ ਕਾਰਨ ਉਨ੍ਹਾਂ ਨੂੰ ਅਗਲੇ ਜਨਮ ਵਿਚ ਮੁਰਦੇ ਪਸ਼ੂ ਢੋਣ ਵਾਲੀ ਜਾਤੀ ਦੇ ਘਰ ਜਨਮ ਲੈਣਾ ਪਿਆ। ਇਕ ਹੋਰ ਕਥਾ ਅਨੁਸਾਰ ਭਗਤ ਰਵਿਦਾਸ ਨੇ ਆਪਣੇ ਪਿਛਲੇ ਜਨਮ ਵਿਚ ਇਕ ਮਲੇਛ ਦੇ ਘਰੋਂ ਭਿਖਿਆ ਲੈ ਕੇ ਆਪਣੇ ਗੁਰੂ ਨੂੰ ਖੁਆ ਦਿੱਤੀ ਸੀ, ਪਤਾ ਲੱਗਣ 'ਤੇ ਰਾਮਾ ਨੰਦ ਜੀ ਨੇ ਉਨ੍ਹਾਂ ਨੂੰ ਅਗਲੇ ਜਨਮ ਵਿਚ ਕਿਸੇ ਮਲੇਛ ਦੇ ਘਰ ਪੈਦਾ ਹੋਣ ਦਾ ਸਰਾਪ ਦਿੱਤਾ ਸੀ।

ਭਗਤ ਜੀ ਦੇ ਜੀਵਨ ਨਾਲ ਸਬੰਧਤ ਕਰਾਮਾਤੀ ਘਟਨਾਵਾਂ ਦਾ ਵਰਨਣ ਵੀ ਮਿਲਦਾ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਗੰਗਾ ਦੇਵੀ ਭਗਤ ਰਵਿਦਾਸ ਦੀ ਸਾਧਨਾ ਨਾਲ ਉਨ੍ਹਾਂ ਤੋਂ ਅਤਿਅੰਤ ਖੁਸ਼ ਸੀ। ਇਕ ਵਾਰ ਇਕ ਯਾਤਰੀ, ਜੋ ਗੰਗਾ ਦੀ ਯਾਤਰਾ 'ਤੇ ਜਾ ਰਿਹਾ ਸੀ, ਨੇ ਭਗਤ ਜੀ ਤੋਂ ਜੁੱਤੀ ਗੰਢਵਾਈ ਅਤੇ ਮਜ਼ਦੂਰੀ ਵਜੋਂ ਇਕ ਦਮੜੀ ਦਿੱਤੀ। ਰਵਿਦਾਸ ਜੀ ਨੇ ਉਹ ਦਮੜੀ ਯਾਤਰੀ ਨੂੰ ਮੋੜ ਕੇ ਆਖਿਆ ਕਿ ਇਹ ਦਮੜੀ ਮੇਰੇ ਵਲੋਂ ਮਾਂ ਗੰਗਾ ਨੂੰ ਅਰਪਿਤ ਕਰ ਦੇਣਾ। ਯਾਤਰੀ ਨੇ ਉਵੇਂ ਹੀ ਕੀਤਾ। ਯਾਤਰੀ ਇਹ ਦੇਖ ਕੇ ਹੈਰਾਨ ਹੋਇਆ ਕਿ ਗੰਗਾ ਨੇ ਰਵਿਦਾਸ ਜੀ ਵਲੋਂ ਭੇਜੀ ਦਮੜੀ ਨੂੰ ਆਪਣਾ ਹੱਥ ਬਾਹਰ ਕੱਢ ਕੇ ਸਵੀਕਾਰ ਕੀਤਾ ਅਤੇ ਬਦਲੇ ਵਿਚ ਪ੍ਰਸ਼ਾਦ ਵਜੋਂ ਇਕ ਜੜਾਊ ਕੰਗਣ ਦਿੱਤਾ। ਸੁੰਦਰ ਕੰਗਣ ਵੇਖ ਯਾਤਰੀ ਦੀ ਨੀਅਤ ਵਿਗੜ ਗਈ ਅਤੇ ਉਹ ਕੰਗਣ ਵੇਚਣ ਲਈ ਸੁਨਿਆਰੇ ਕੋਲ ਚਲਾ ਗਿਆ। ਸੁਨਿਆਰੇ ਨੇ ਉਹੀ ਕੰਗਣ ਰਾਜੇ ਨੂੰ ਭੇਟ ਕਰ ਦਿੱਤਾ। ਰਾਜੇ ਕੋਲੋਂ ਉਹ ਕੰਗਣ ਰਾਣੀ ਕੋਲ ਚਲਾ ਗਿਆ ਤਾਂ ਰਾਣੀ ਦੂਜਾ ਕੰਗਣ ਲੈਣ ਲਈ ਜ਼ਿਦ ਕਰਨ ਲੱਗੀ। ਜਦੋਂ ਪਤਾ ਲੱਗਾ ਕਿ ਇਹ ਕੰਗਣ ਤਾਂ ਗੰਗਾ ਨੇ ਰਵਿਦਾਸ ਜੀ ਲਈ ਪ੍ਰਸ਼ਾਦ ਵਜੋਂ ਦਿੱਤਾ ਸੀ ਤਾਂ ਰਾਜਾ ਤੇ ਰਾਣੀ ਭਗਤ ਰਵਿਦਾਸ ਕੋਲ ਜਾ ਪਹੁੰਚੇ। ਰਵਿਦਾਸ ਜੀ ਦੀ ਬੇਨਤੀ 'ਤੇ ਗੰਗਾ ਨੇ ਪਹਿਲੇ ਕੰਗਣ ਦੇ ਨਾਲ ਦਾ ਕੰਗਣ ਬਾਹਰ ਸੁੱਟ ਦਿੱਤਾ। ਇਸ ਨੂੰ ਦੇਖ ਰਾਜੇ ਤੇ ਰਾਣੀ ਨੇ ਭਗਤ ਜੀ ਅੱਗੇ ਸਿਰ ਝੁਕਾਇਆ ਅਤੇ ਉਨ੍ਹਾਂ ਨੂੰ ਗੁਰੂ ਮੰਨ ਲਿਆ। ਇਸ ਘਟਨਾ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਦਰਜ ਕੀਤਾ ਹੈ,

ਭਗਤੁ ਭਗਤੁ ਜਗਿ ਵਜਿਆ
ਚਹੁੰ ਚਕਾਂ ਦੇ ਵਿਚਿ ਚਮਿਰੇਟਾ।
ਪਾਣ੍ਹਾ ਗੰਢੈ ਰਾਹ ਵਿਚਿ ਕੁਲਾ
ਧਰਮ ਢੋਇ ਢੋਰ ਸਮੇਟਾ।
ਜਿਉ ਕਰਿ ਮੈਲੈ ਚੀਥੜੈ
ਹੀਰਾ ਲਾਲ ਅਮੋਲ ਪਲੇਟਾ।
ਚਹੁੰ ਵਰਨਾ ਉਪਦੇਸਦਾ
ਗਿਆਨ ਧਿਆਨੁ ਕਰਿ ਭਗਤਿ ਸਹੇਟਾ।
ਨ੍ਹਾਵਣਿ ਆਇਆ ਸੰਗੁ ਮਿਲਿ
ਬਾਨਾਰਸ ਕਰਿ ਗੰਗਾ ਥੇਟਾ।
ਕਢਿ ਕਸੀਰਾ ਸਉਪਿਆ
ਰਵਿਦਾਸੈ ਗੰਗਾ ਦੀ ਭੇਟਾ।
ਲਗਾ ਪੁਰਬੁ ਅਭੀਚ ਦਾ
ਡਿਠਾ ਚਲਿਤੁ ਅਚਰਜ ਅਮੇਟਾ।
ਲਇਆ ਕਸੀਰਾ ਹਥੁ ਕਢਿ
ਸੂਤੁ ਇਕੁ ਜਿਉ ਤਾਣਾ ਪੇਟਾ।
ਭਗਤ ਜਨਾਂ ਹਰਿ ਮਾਂ ਪਿਉ ਬੇਟਾ॥੧੭॥

ਇਕ ਹੋਰ ਸਾਖੀ ਅਨੁਸਾਰ ਗੰਗਾ ਨਦੀ ਭਗਤ ਜੀ ਦੀ ਜੁੱਤੀਆਂ ਗੰਢਣ ਵਾਲੀ ਕੁਠਾਲੀ ਹੇਠ ਵਗਦੀ ਸੀ ਅਤੇ ਭਗਤ ਜੀ ਨੇ ਕਈ ਸ਼ਰਧਾਲੂਆਂ ਨੂੰ ਕੁਠਾਲੀ ਚੁੱਕ ਕੇ ਦਰਸ਼ਨ ਵੀ ਕਰਵਾਏ ਸਨ।

ਭਗਤ ਰਵਿਦਾਸ ਜੀ ਨੇ ਆਪਣਾ ਸਾਰਾ ਜੀਵਨ ਪਰਮਾਤਮਾ ਦੇ ਚਰਨਾਂ ਵਿਚ ਅਰਪਿਤ ਕਰੀ ਰੱਖਿਆ। ਭਾਵੇਂ ਉਹ ਰੁਜ਼ਗਾਰ ਖਾਤਿਰ ਜੁੱਤੀਆਂ ਗੰਢਣ ਅਤੇ ਮੁਰਦੇ ਜਾਨਵਰ ਢੋਣ ਦਾ ਕੰਮ ਕਰਦੇ ਰਹੇ, ਪਰ ਦੁਨਿਆਵੀ ਧੰਦੇ ਉਨ੍ਹਾਂ ਨੂੰ ਆਪਣੇ ਵਲ ਖਿੱਚ ਨਾ ਪਾ ਸਕੇ। ਬਚਪਨ ਤੋਂ ਹੀ ਦੁਨੀਆਂਦਾਰੀ ਤੋਂ ਵੈਰਾਗੀ ਸਨ। ਮਾਪਿਆਂ ਨੇ ਉਨ੍ਹਾਂ ਦਾ ਵਿਆਹ ਬੀਬੀ ਲੋਣਾ ਜਾਂ ਲੋਨਾ ਨਾਲ ਕਰ ਕੇ ਸੋਚਿਆ ਕਿ ਸ਼ਾਇਦ ਰਵਿਦਾਸ ਦੁਨੀਆਂਦਾਰ ਬਣ ਜਾਵੇ, ਪਰ ਪ੍ਰਭੂ ਦੀ ਪ੍ਰੀਤ ਕਾਰਨ ਉਹ ਦੁਨੀਆਂਦਾਰੀ ਵਲ ਨਾ ਖਿਚੇ ਜਾ ਸਕੇ ਅਤੇ ਸਦਾ ਰਾਮ ਨਾਮ ਵਿਚ ਲੀਨ ਰਹਿੰਦੇ। ਉਹ ਲਿਖਦੇ ਹਨ,

ਚਮਰਟਾ ਗਾਂਠਿ ਨ ਜਨਈ॥
ਲੋਗੁ ਗਠਾਵੈ ਪਨਹੀ॥੧॥ ਰਹਾਉ॥
ਆਰ ਨਹੀ ਜਿਹ ਤੋਪਉ॥
ਨਹੀ ਰਾਂਬੀ ਠਾਉ ਰੋਪਉ॥੧॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ॥
ਹਉ ਬਿਨੁ ਗਾਂਠੇ ਜਾਇ ਪਹੂਚਾ॥੨॥
ਰਵਿਦਾਸੁ ਜਪੈ ਰਾਮ ਨਾਮਾ॥
ਮੋਹਿ ਜਮ ਸਿਉ ਨਾਹੀ ਕਾਮਾ॥੩॥
(ਗੁਰੂ ਗ੍ਰੰਥ ਸਾਹਿਬ, ਪੰਨਾ 659)

ਭਗਤ ਰਵਿਦਾਸ ਨੇ ਲੋਕਾਈ ਨੂੰ ਗਿਆਨ ਦੀ ਰੋਸ਼ਨੀ ਵੰਡਣ ਅਤੇ ਦੀਨ ਦੁਖੀਆਂ ਨੂੰ ਜਾਗ੍ਰਿਤ ਕਰਨ ਖਾਤਰ ਭਾਰਤ 'ਚ ਕਈ ਯਾਤਰਾਵਾਂ ਕੀਤੀਆਂ। ਬਿਹਾਰ, ਰਾਜਸਥਾਨ, ਮਹਾਂਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼ ਅਤੇ ਹੋਰ ਦੱਖਣੀ ਪ੍ਰਦੇਸ਼ਾਂ ਵਿਚ ਗਏ। ਉਨ੍ਹਾਂ ਨੇ ਇਕ ਯਾਤਰਾ ਰਾਣੀ ਝਾਲੀ ਕੋਲ ਚਿਤੌੜ ਦੀ ਕੀਤੀ ਸੀ। ਬਹੁਤ ਸਾਰੇ ਸਥਾਨਾਂ 'ਤੇ ਯਾਦਗਾਰਾਂ ਵੀ ਬਣਾਈਆਂ ਗਈਆਂ ਹਨ।

ਬਹੁਤ ਸਾਰੇ ਵਿਦਵਾਨ ਭਗਤ ਰਵਿਦਾਸ ਦੇ ਅਕਾਲ ਚਲਾਣੇ ਦੀ ਮਿਤੀ ਬਾਰੇ ਇਕ ਮਤ ਨਹੀਂ ਹਨ। ਪ੍ਰੋ. ਰਾਮ ਕੁਮਾਰ ਵਰਮਾ ਅਤੇ ਗਿਆਨੀ ਬਰਕਤ ਸਿੰਘ ਅਨੰਦ ਅਨੁਸਾਰ ਉਨ੍ਹਾਂ ਦਾ ਚਲਾਣਾ 28 ਮਾਘ ਸੰਮਤ 1575 (1518 ਈਸਵੀ) ਨੂੰ ਹੋਇਆ, ਪਰ ਭਗਵਤ ਮਿਸ਼ਰ ਸੰਮਤ 1597 (1540 ਈਸਵੀ) ਅਤੇ ਪ੍ਰਿਥੀ ਸਿੰਘ ਆਜ਼ਾਦ ਸੰਮਤ 1584 (1527 ਈਸਵੀ) ਦੀਆਂ ਮਿਤੀਆਂ ਦਸਦੇ ਹਨ।

ਭਗਤ ਜੀ ਦੇ ਜੀਵਨ ਨਾਲ ਸਬੰਧਤ ਪੁਰਾਤਨ ਸਰੋਤਾਂ ਅਨੁਸਾਰ ਉਸ ਸਮੇਂ ਭਾਰਤ 'ਤੇ ਸਿਕੰਦਰ ਲੋਧੀ ਦਾ ਰਾਜ ਸੀ ਅਤੇ ਭਗਤ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ, ਸੈਣ ਅਨੰਦ ਜਨ ਭਗਤ ਰਵਿਦਾਸ ਤੋਂ ਪਹਿਲਾਂ ਪਰਲੋਕ ਸਿਧਾਰ ਚੁਕੇ ਸਨ। ਰਵਿਦਾਸ ਜੀ ਦੇ ਅੰਤਿਮ ਚਲਾਣੇ ਦੀ ਸਾਖੀ ਦੇ ਸਰੋਤ ਸੋਢੀ ਮਿਹਰਬਾਨ ਦੀ ਸਾਖੀ ਨਾਲ ਹੀ ਤਾਅਲੁਕ ਰੱਖਦੇ ਹਨ। ਉਸ ਅਨੁਸਾਰ ਠਾਕੁਰ ਜੀ ਆਪ ਆਏ ਤੇ ਆਪਣੇ ਬੀਬਾਣ ਵਿਚ ਰਵਿਦਾਸ ਜੀ ਨੂੰ ਸਦੇਹੀ ਸੱਚਖੰਡ ਵਿਚ ਲੈ ਗਏ ਸਨ। ਇਸ ਤਰ੍ਹਾਂ ਰਵਿਦਾਸ ਜੀ ਹਿੰਦੂਆਂ ਤੇ ਮੁਸਲਮਾਨਾਂ ਦੇ ਸਾਂਝੇ ਗੁਰੂ ਦੇ ਰੂਪ ਵਿਚ ਇਸ ਸੰਸਾਰ ਤੋਂ ਅੰਤਿਮ ਚਲਾਣਾ ਕਰ ਗਏ। ਉਨ੍ਹਾਂ ਦੀ ਬਾਣੀ ਵਿਚਲਾ ਸੰਦੇਸ਼ ਹਰ ਪ੍ਰਾਣੀ ਲਈ ਅਰਥਪੂਰਨ ਹੈ।

# ਸਾਹਿਬ ਮੇਰਾ ਏਕੋ ਹੈ...

ਗੁਰਬਚਨ ਸਿੰਘ
ਫੋਨ: 91-98156-98451

ਗੁਰੂ ਗ੍ਰੰਥ ਸਾਹਿਬ ਵਿਚ ਫਿਲਾਸਫੀ ਦੇ ਅਨੇਕਾਂ ਅਜਿਹੇ ਸੰਕਲਪ ਦਰਜ ਹਨ, ਜਿਨ੍ਹਾਂ ਬਾਰੇ ਸਪਸ਼ਟ ਹੋਣਾ ਜਰੂਰੀ ਹੈ। ਇਨ੍ਹਾਂ ਬਾਰੇ ਸਪਸ਼ਟ ਹੋ ਕੇ ਹੀ ਗੁਰਮਤਿ ਗਿਆਨ ਦੀ ਸੋਝੀ ਹੋ ਸਕਦੀ ਹੈ। ਗੁਰਬਾਣੀ ਵਿਚ ਆਏ ਕੁਝ ਸੰਕਲਪ ਆਦਿ ਕਾਲ ਤੋਂ ਤੁਰੇ ਆ ਰਹੇ ਹਨ, ਪਰ ਗੁਰਮਤਿ ਨੇ ਇਨ੍ਹਾਂ ਦੇ ਭਾਵ ਅਰਥਾਂ ਨੂੰ ਨਵਾਂ ਤੇ ਨਿਵੇਕਲਾ ਰੂਪ ਦਿੱਤਾ ਹੈ। ਭਾਵੇਂ ਇਨ੍ਹਾਂ ਸੰਕਲਪਾਂ ਦੀ ਸੂਝ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਰਾਹੀਂ ਹੀ ਆਉਂਦੀ ਹੈ, ਪਰ ਜੇ ਇਨ੍ਹਾਂ ਦੀ ਸੋਝੀ ਹੋਵੇ ਤਾਂ ਗੁਰਮਤਿ ਦੇ ਦਰ ਸੌਖੇ ਹੀ ਖੁਲ੍ਹਣੇ ਸ਼ੁਰੂ ਹੋ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਦਾ ਅਰੰਭ ੴ ਦੇ ਚਿੰਨ੍ਹ ਨਾਲ ਹੁੰਦਾ ਹੈ। ਬੋਲਣ ਲੱਗਿਆਂ ਭਾਵੇਂ ਇਸ ਨੂੰ ਇਕ ਓਅੰਕਾਰ (ਔਂਕਾਰ) ਬੋਲਿਆ ਜਾਂਦਾ ਹੈ, ਪਰ ਅੱਖਰੀ ਇਕ ਨਾਲ ਲੱਗੇ ਖੁੱਲ੍ਹੇ ਊੜੇ ਦਾ ਭਾਵ ਇਕੋ (ਏਕੋ) ਹੈ। ਇਹੀ ਸੱਚ ਹੈ। ਇਸ ਲਈ ਇਹ ਨਾਮ ਸਰੂਪ ਹੈ। ਇਹੀ ਕਰਤਾ ਹੈ। ਇਹੀ ਪੁਰਖ ਹੈ, ਕਿਉਂਕਿ ਚੇਤਨਾ ਦੇ ਰੂਪ ਵਿਚ ਇਹ ਜੀਵੰਤ ਹੈ। ਇਹ ਨਿਰਭਉ ਭਾਵ ਨਿਡਰ ਹੈ। ਇਹ ਨਿਰਵੈਰ ਭਾਵ ਵੈਰ ਰਹਿਤ ਹੈ। ਇਹ ਕਿਸੇ ਨਾਲ ਵੈਰ ਨਹੀਂ ਕਰਦਾ। ਇਹ ਅਕਾਲ ਭਾਵ ਕਾਲ ਰਹਿਤ (ਸਦੀਵੀ) ਹੈ। ਇਹ ਮੂਰਤ ਭਾਵ ਸਾਕਾਰ ਹੈ। ਇਹ ਅਜੂਨੀ ਹੈ ਭਾਵ ਕਿਸੇ ਜੂਨ ਵਿਚ ਨਹੀਂ ਆਉਂਦਾ। ਇਸ ਨੂੰ ਕਿਸੇ ਨੇ ਨਹੀਂ ਸਾਜਿਆ। ਇਸ ਦੀ ਹੋਂਦ ਸਵੈ ਤੋਂ ਹੈ। ਇਸ ਦਾ ਅਨੁਭਵ ਗੁਰੂ ਦੀ ਮਿਹਰ ਨਾਲ ਹੁੰਦਾ ਹੈ।

ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਇਸ ਏਕੋ ਦੇ ਭਾਵ ਅਰਥਾਂ ਨੂੰ ਵਾਰ ਵਾਰ ਸਪਸ਼ਟ ਕੀਤਾ ਗਿਆ ਹੈ। ਇਸ ਬਾਰੇ ਕੋਈ ਭਰਮ ਭੁਲੇਖਾ ਨਹੀਂ ਰਹਿਣ ਦਿੱਤਾ ਗਿਆ। ਜਦੋਂ ਮਨੁੱਖੀ ਚੇਤਨਾ ਇਸ ਏਕੋ ਦੇ ਸੰਕਲਪ ਬਾਰੇ ਸਪਸ਼ਟ ਹੁੰਦੀ ਹੈ ਤਾਂ ਗੁਰਮਤਿ ਗਿਆਨ ਝਰਨੇ ਵਾਂਗ ਵਹਿਣਾ ਅਰੰਭ ਹੁੰਦਾ ਹੈ। ਫਿਰ ਮਨੁੱਖੀ ਮਨ ਆਪਣੇ ਆਲੇ-ਦੁਆਲੇ ਬੁਣੇ ਸਾਰੇ ਕਲਪਿਤ ਭਰਮ ਜਾਲ ਵਿਚੋਂ ਬਾਹਰ ਨਿਕਲਦਾ ਹੈ।

ਏਕੋ ਕਰਤਾ ਆਪੇ ਆਪ॥ (ਪੰਨਾ 1271)
ਏਕੋ ਕਰਤਾ ਅਵਰੁ ਨ ਕੋਇ॥ (ਪੰਨਾ 1174)
ਏਕੋ ਕਰਤਾ ਜਿਨਿ ਜਗੁ ਕੀਆ॥
(ਪੰਨਾ 1188)
ਏਕੋ ਆਪ ਵਰਤਦਾ ਪਿਆਰੇ
ਘਟਿ ਘਟਿ ਰਹਿਆ ਸਮਾਇ॥ (ਪੰਨਾ 432)
ਏਕੋ ਏਕੁ ਆਪਿ ਇਕੁ ਏਕੈ
ਏਕੈ ਹੈ ਸਗਲਾ ਪਾਸਾਰੇ॥ (ਪੰਨਾ 379)
ਏਕੋ ਏਕੁ ਵਸੈ ਮਨਿ ਸੁਆਮੀ
ਦੂਜਾ ਅਵਰ ਨਾ ਕੋਈ॥ (ਪੰਨਾ 1259)
ਏਕੋ ਸਚਾ ਸਭ ਮਹਿ ਵਰਤੈ
ਵਿਰਲਾ ਕੋ ਵੀਚਾਰੇ॥ (ਪੰਨਾ 754)

ਭਾਵ ਏਕੋ ਹੀ ਕਰਤਾ ਹੈ ਅਤੇ ਇਸ ਦੀ ਹੋਂਦ ਆਪਣੇ ਆਪ ਤੋਂ ਹੈ। ਕੋਈ ਇਸ ਦਾ ਸਿਰਜਣਹਾਰ ਨਹੀਂ। ਇਹੀ ਏਕੋ ਕਰਤਾ ਹੈ ਅਤੇ ਇਸ ਤੋਂ ਬਿਨਾ ਕਿਸੇ ਦੂਜੇ ਮਨ-ਕਲਪਿਤ ਸਿਰਜਣਹਾਰ ਰੱਬ ਦੀ ਹੋਰ ਕੋਈ ਹੋਂਦ ਨਹੀਂ। ਇਹ ਏਕੋ ਕਰਤਾ ਹੀ ਇਸ ਜਗਤ ਦਾ ਸਿਰਜਣਹਾਰ ਹੈ। ਇਹੀ ਏਕੋ ਸਭ ਥਾਂ ਵਰਤ ਰਿਹਾ ਹੈ ਅਤੇ ਇਹੀ ਬ੍ਰਹਿਮੰਡ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ। ਇਹ ਏਕੋ ਇਕ ਹੈ ਅਤੇ ਸਭ ਥਾਂ ਇਸ ਏਕੋ ਦਾ ਹੀ ਪਸਾਰਾ ਹੈ। ਇਹੀ ਏਕੋ ਸਾਰਿਆਂ ਮਨਾਂ ਵਿਚ ਵਸ ਰਿਹਾ ਹੈ। ਇਹੀ ਸਾਰਿਆਂ ਦਾ ਮਾਲਕ ਹੈ। ਇਸ ਏਕੋ ਤੋਂ ਬਿਨਾ ਕਿਸੇ ਦੂਜੇ ਮਨ-ਕਲਪਿਤ ਰੱਬ ਦੀ ਹੋਰ ਕੋਈ ਹੋਂਦ ਨਹੀਂ। ਇਹੀ ਏਕੋ ਸਾਰਿਆਂ ਵਿਚ ਵਰਤ ਰਿਹਾ ਹੈ, ਪਰ ਇਸ ਦੀ ਵਿਚਾਰ ਕੋਈ ਵਿਰਲਾ ਮਨੁੱਖ ਹੀ ਕਰਦਾ ਹੈ।

ਏਕੋ ਸਬਦੁ ਏਕੋ ਪ੍ਰਭੁ ਵਰਤੈ
ਸਭ ਏਕਸੁ ਤੇ ਉਤਪਤਿ ਚਲੈ॥
(ਪੰਨਾ 1334)
ਏਕੋ ਚੇਤਹਿ ਤਾ ਸੁਖੁ ਪਾਵਹਿ
ਫਿਰਿ ਦੂਖੁ ਨ ਮੂਲੇ ਹੋਇ॥ (ਪੰਨਾ 558)
ਏਕੋ ਚੇਤੈ ਫਿਰਿ ਜੋਨਿ ਨ ਆਵੈ॥
(ਪੰਨਾ 1174)

ਭਾਵ ਗਿਆਨ ਦਾ ਇਹ ਸਗਲ ਪਸਾਰਾ ਇਸ ਏਕੋ (ਬ੍ਰਹਮ) ਸ਼ਬਦ ਤੋਂ ਹੋਇਆ ਹੈ ਅਤੇ ਇਹ ਏਕੋ ਹੀ ਪ੍ਰਭੂ ਤਥਾ ਸਮੂਚੀ ਪ੍ਰਭੁਤਾ ਦਾ ਮਾਲਕ ਭਾਵ ਸਰੱਬਸ਼ਕਤੀਮਾਨ ਹੈ, ਜੋ ਸਭ ਥਾਂ ਵਰਤ ਰਿਹਾ ਹੈ। ਸਾਰੀ ਉਤਪਤੀ ਇਸ ਇਕ ਤੋਂ ਹੋਈ ਹੈ। ਜੇ ਇਸ ਏਕੋ ਨੂੰ ਹੀ ਚਿਤਵਿਆ ਜਾਵੇ ਤਾਂ ਸੁਖ ਮਿਲਦਾ ਹੈ, ਕੋਈ ਦੁਖ ਨਹੀਂ ਵਿਆਪਦਾ। ਭਾਵ ਕਿਸੇ ਦੂਜੀ ਰੱਬੀ ਹਸਤੀ ਬਾਰੇ ਮਨ ਵਿਚ ਬਣੇ ਹੋਏ ਸਾਰੇ ਭਰਮ ਖਤਮ ਹੋ ਜਾਂਦੇ ਹਨ ਅਤੇ ਮਨ ਵਿਚਲੀ ਸਾਰੀ ਦੁਬਿਧਾ ਦੂਰ ਹੋ ਜਾਂਦੀ ਹੈ। ਜੇ ਇਸ ਏਕੋ ਨੂੰ ਹੀ ਚਿਤਵਿਆ ਜਾਵੇ ਤਾਂ ਫਿਰ ਮੁੜ ਜੂਨੀਆਂ ਵਿਚ ਪੈਣ ਦਾ ਸਾਰਾ ਭਰਮ ਜਾਲ ਖਤਮ ਹੋ ਜਾਂਦਾ ਹੈ। ਫਿਰ ਸਪਸ਼ਟ ਹੋ ਜਾਂਦਾ ਹੈ ਕਿ ਇਹ ਜ਼ਿੰਦਗੀ ਇਕ ਵਾਰ ਹੀ ਮਿਲਦੀ ਹੈ,

ਏਕੋ ਜਪਿ ਏਕੋ ਸਾਲਾਹਿ॥ (ਪੰਨਾ 289)
ਏਕੋ ਤਖਤੁ ਏਕੋ ਪਾਤਿਸਾਹੁ॥
(ਪੰਨਾ 1188)
ਏਕੋ ਰਵਿ ਰਹਿਆ ਸਭ ਥਾਈ
ਏਕੁ ਵਸਿਆ ਮਨ ਮਾਹੀ॥ (ਪੰਨਾ 433)
ਏਕੋ ਲੇਵੈ ਏਕੋ ਦੇਵੈ
ਅਵਰੁ ਨ ਦੂਜਾ ਮੈ ਸੁਣਿਆ॥ (ਪੰਨਾ 433)
ਏਕੋ ਏਕੁ ਰਵਿਆ ਸਭ ਅੰਤਰਿ
ਸਭਨਾ ਜੀਆ ਕਾ ਆਧਾਰੀ ਹੇ॥
(ਪੰਨਾ 1051)
ਏਕੋ ਅਮਰੁ ਏਕਾ ਪਤਿਸਾਹੀ
ਜੁਗੁ ਜੁਗੁ ਸਿਰਿ ਕਾਰ ਬਣਾਈ ਹੇ॥
(ਪੰਨਾ 1046)

ਗੁਰਮਤਿ ਇਹ ਧਾਰਨਾ ਵਾਰ ਵਾਰ ਦੁਹਰਾਉਂਦੀ ਹੈ ਕਿ ਇਸ ਏਕੋ ਨੂੰ ਜਪ। ਇਸ ਏਕੋ ਦੇ ਗੁਣ ਗਾ। ਇਹੀ ਏਕੋ ਪਾਤਸ਼ਾਹ ਹੈ ਅਤੇ ਇਸ ਏਕੋ ਦਾ ਤਖਤ ਹਰ ਥਾਂ ਮੌਜੂਦ ਹੈ। ਭਾਵ ਇਸ ਏਕੋ ਦੀ ਹਰ ਥਾਂ ਪਾਤਸ਼ਾਹੀ (ਰਾਜ) ਹੈ। ਇਹੀ ਏਕੋ ਸਭ ਥਾਂ ਰਮ ਰਿਹਾ ਹੈ। ਇਸੇ ਏਕੋ ਦਾ ਸਾਰੇ ਮਨਾਂ ਵਿਚ ਵਾਸ ਹੈ। ਇਹੀ ਏਕੋ ਸਭ ਜੀਵਾਂ ਨਾਲ ਲੈਣ-ਦੇਣ ਕਰਦਾ ਹੈ। ਭਾਵ ਇਹੀ ਏਕੋ ਮਨੁੱਖ ਨੂੰ ਲੋੜੀਂਦੀਆਂ ਵਸਤੂਆਂ ਦਿੰਦਾ ਹੈ। ਗੁਰੂ ਸਾਹਿਬ ਦੇ ਬਚਨ ਹਨ ਕਿ ਇਸ ਏਕੋ ਤੋਂ ਬਿਨਾ ਮੈਂ ਕਿਸੇ ਹੋਰ ਦੂਜੀ ਰੱਬੀ ਹਸਤੀ ਬਾਰੇ ਨਹੀਂ ਸੁਣਿਆ। ਇਹੀ ਏਕੋ ਸਾਰਿਆਂ ਜੀਵਾਂ ਦੇ ਮਨਾਂ ਅੰਦਰ ਵੱਸ ਰਿਹਾ ਹੈ। ਇਹੀ ਏਕੋ ਸਾਰਿਆਂ ਜੀਵਾਂ ਦਾ ਆਧਾਰ ਹੈ। ਇਹ ਏਕੋ ਅਮਰ ਹੈ। ਇਸੇ ਏਕੋ ਦੀ ਪਾਤਸ਼ਾਹੀ ਸਭ ਥਾਂ ਮੌਜੂਦ ਹੈ। ਜੁਗਾਂ-ਜੁਗਾਂਤਰਾਂ ਤੋਂ ਇਸ ਏਕੋ ਦੀ ਸਰਦਾਰੀ ਸਰਬ ਵਿਆਪਕ ਹੈ,

ਕੁਦਰਤਿ ਤਖਤੁ ਰਚਾਇਆ
ਸਚਿ ਨਿਬੇੜਣਹਾਰੋ॥ (ਪੰਨਾ 580)

ਭਾਵ ਇਸ ਏਕੋ ਰੂਪੀ ਕੁਦਰਤ ਦੀ ਪਾਤਸ਼ਾਹੀ ਸਭ ਥਾਂ ਵਿਆਪਕ ਹੈ, ਜੋ ਸਭ ਨਾਲ ਇਕੋ ਜਿਹਾ ਨਿਆਂ ਕਰਦੀ ਹੈ।

ਏਕੋ ਏਕੁ ਕਹੈ ਸਭੁ ਕੋਈ
ਹਉਮੈ ਗਰਬੁ ਵਿਆਪੈ॥
ਅੰਤਰਿ ਬਾਹਰਿ ਏਕੁ ਪਛਾਣੈ
ਇਉ ਘਰੁ ਮਹਲੁ ਸਿਞਾਪੈ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ
ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀਂ ਦੂਜਾ
ਨਾਨਕ ਏਕੁ ਸਮਾਈ॥ (ਪੰਨਾ 930)

ਬੇਸ਼ਕ ਹਰ ਕੋਈ ਏਕੋ ਏਕੁ ਕਹਿੰਦਾ ਹੈ, ਪਰ ਆਪਣੇ ਮਨ ਅੰਦਰਲੀ ਹਉਮੈ ਤਥਾ ਆਪਣੀ ਮੈਂ-ਮੇਰੀ ਦਾ ਨਿਜ ਖਤਮ ਕਰਕੇ ਇਸ ਏਕੋ ਨਾਲ ਇਕਮਿਕ ਨਹੀਂ ਹੁੰਦਾ। ਆਪਣੇ-ਆਪ ਨੂੰ ਇਸ ਇਕ ਦਾ ਅੰਗ ਨਹੀਂ ਸਮਝਦਾ। ਜੇ ਆਪਣੇ ਸਰੀਰ ਅੰਦਰਲੇ ਤੇ ਬਾਹਰਲੇ ਇਸ ਏਕੁ ਨੂੰ ਪਛਾਣ ਲਿਆ ਜਾਏ ਭਾਵ ਇਹ ਸਮਝ ਲਿਆ ਜਾਏ ਕਿ ਸਰੀਰ ਦੇ ਅੰਦਰ ਅਤੇ ਬਾਹਰ ਇਸ ਏਕੋ ਦਾਤੇ-ਕਰਤਾ (ਕੁਦਰਤ) ਦਾ ਹੀ ਪਸਾਰਾ ਹੈ ਤੇ ਮੈਂ ਵੀ ਇਸ 'ਏਕੋ' ਦਾ ਹੀ ਇਕ ਅੰਸ਼ ਹਾਂ, ਤਾਂ ਆਪਣੇ ਘਰ ਵਿਚਲੇ ਭਾਵ ਆਪਣੇ ਸਰੀਰੀ ਮਨ ਅੰਦਰਲੇ ਪ੍ਰਭੂ ਭਾਵ ਪ੍ਰਭੁਤਾ ਦੇ ਮਾਲਕ ਦੀ ਹੋਂਦ ਨੂੰ ਪਛਾਣਿਆ ਜਾ ਸਕਦਾ ਹੈ। ਇਸ ਦਾ ਅਹਿਸਾਸ ਆਪਣੇ ਸਰੀਰੀ ਮਨ ਵਿਚ ਅਨੁਭਵ ਕੀਤਾ ਜਾ ਸਕਦਾ ਹੈ। ਸਮੁੱਚੀ ਪ੍ਰਭੁਤਾ ਭਾਵ ਸਰਬ ਸ਼ਕਤੀ ਦਾ ਮਾਲਕ ਅਤੇ ਸਾਡੇ ਚਾਰ-ਚੁਫੇਰੇ ਫੈਲਿਆ ਹੋਇਆ ਹਰਿ ਸਾਡੇ ਤੋਂ ਦੂਰ ਨਹੀਂ ਤੇ ਇਹੀ ਹਰਿ ਏਕੋ ਦੇ ਰੂਪ ਵਿਚ ਅਸੀਮ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ। ਗੁਰੂ ਸਾਹਿਬ ਦੇ ਬਚਨ ਹਨ ਕਿ ਸਾਡੇ ਆਲੇ-ਦੁਆਲੇ ਚਾਰ-ਚੁਫੇਰੇ ਪਸਰੇ ਇਸ ਸਰਬਵਿਆਪੀ ਏਕੋ ਦੀ ਹੀ ਹੋਂਦ ਹੈ। ਇਸ ਤੋਂ ਬਿਨਾ ਕਿਸੇ ਦੂਜੇ ਮਨ-ਕਲਪਿਤ 'ਰੱਬ' ਦੀ ਹੋਰ ਕੋਈ ਹੋਂਦ ਨਹੀਂ। ਇਹ ਏਕੁ ਹੀ ਸਭ ਥਾਂ ਵਿਆਪ ਰਿਹਾ ਹੈ,

ਏਕੋ ਸੇਵਹੁ ਅਵਰ ਨ ਕੋਇ॥
ਜਿਤੁ ਸੇਵਿਐ ਸਦਾ ਸੁਖੁ ਹੋਇ॥
ਨਾ ਓਹੁ ਮਰੈ ਨ ਆਵੈ ਜਾਇ॥
ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ॥
(ਪੰਨਾ 1174)

ਇਸ ਏਕੋ ਨੂੰ ਸਿਮਰੋ। ਕਿਸੇ ਦੂਜੇ ਮਨ-ਕਲਪਿਤ 'ਰੱਬ' ਦੀ ਹੋਰ ਕੋਈ ਹੋਂਦ ਨਹੀਂ। ਇਸ ਏਕੋ ਨੂੰ ਸਿਮਰਿਆਂ ਹੀ ਸੁਖ ਮਿਲਦੇ ਹਨ। ਇਸ ਏਕੋ ਦੀ ਹੋਂਦ ਨੂੰ ਪਛਾਣ ਕੇ ਅਤੇ ਇਸ ਏਕੋ ਨਾਲ ਆਪਣਾ ਅਟੁੱਟ ਅਨੁਭਵੀ ਰਿਸ਼ਤਾ ਜਾਣ ਕੇ ਹੀ ਆਪਣੀ ਨਾਸ਼ਵਾਨ ਹੋਂਦ ਦਾ ਅਹਿਸਾਸ ਹੁੰਦਾ ਹੈ। ਫਿਰ ਹਉਮੈ ਅਤੇ ਤ੍ਰਿਸਨਾ ਕਾਰਨ ਚੰਬੜੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ਇਹ ਏਕੋ ਨਾ ਮਰਦਾ ਹੈ ਅਤੇ ਨਾ ਜੰਮਣ-ਮਰਨ ਦੇ ਗੇੜ ਵਿਚ ਪੈਂਦਾ ਹੈ। ਫਿਰ ਇਸ ਏਕੋ ਤੋਂ ਬਿਨਾ ਕਿਸੇ ਹੋਰ ਨੂੰ ਕਿਉਂ ਸਿਮਰਿਆ ਜਾਏ। ਇਸ ਧਾਰਨਾ ਨੂੰ ਗੁਰਮਤਿ ਹੋਰ ਵੀ ਸਪਸ਼ਟ ਕਰਦੀ ਹੈ,

ਮੇਰੇ ਮਨ ਏਕਸ ਸਿਉ ਚਿਤੁ ਲਾਇ॥
ਏਕਸ ਬਿਨੁ ਸਭ ਧੰਧੁ ਹੈ
ਸਭ ਮਿਥਿਆ ਮੋਹੁ ਮਾਇ॥ (ਪੰਨਾ 44)
ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ॥
ਇਕਸ ਕਾ ਮਨਿ ਆਸਰਾ
ਇਕੋ ਪ੍ਰਾਣ ਅਧਾਰੁ॥
ਤਿਸੁ ਸਰਣਾਈ ਸਦਾ ਸੁਖੁ
ਪਾਰਬ੍ਰਹਮੁ ਕਰਤਾਰੁ॥ (ਪੰਨਾ 45)
ਮਨ ਮੇਰੇ ਏਕੋ ਨਾਮੁ ਧਿਆਇ॥
ਸਰਬ ਸੁਖਾ ਸੁਖ ਊਪਜਹਿ
ਦਰਗਹ ਪੈਧਾ ਜਾਇ॥
ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ॥
ਤਿਸੁ ਸਰਣਾਈ ਛੁਟੀਐ
ਕੀਤਾ ਲੋੜੇ ਸੁ ਹੋਇ॥ (ਪੰਨਾ 45)

ਗੁਰਮਤਿ ਮਨੁੱਖੀ ਮਨ ਨੂੰ ਇਹ ਆਤਮਿਕ ਗਿਆਨ ਦੇ ਰਹੀ ਹੈ ਕਿ ਇਸ ਏਕੋ ਦੀ ਹੋਂਦ ਹੀ ਸੱਚ ਹੈ, ਬਾਕੀ ਸਭ ਕੁਝ ਝੂਠ ਅਤੇ ਮਨ ਦੀ ਕੋਰੀ ਕਲਪਨਾ ਹੈ। ਇਹੀ ਇਕੁ ਮਨੁੱਖ ਦਾ ਨੇੜਲਾ ਪਛਾਣੂ ਯਥਾ ਮਿੱਤਰ ਹੈ। ਇਹੀ ਏਕੋ ਮਨੁੱਖ ਦਾ ਰਾਖਾ ਹੈ। ਇਹੀ ਮਨੁੱਖ ਦੀ ਜ਼ਿੰਦਗੀ ਦਾ ਆਧਾਰ ਹੈ। ਇਹੀ ਮਨੁੱਖ ਦਾ ਆਸਰਾ ਹੈ। ਇਸ ਏਕੋ ਦੀ ਸ਼ਰਨ ਪਿਆਂ ਹੀ ਸਦਾ ਸੁਖ ਮਿਲਦੇ ਹਨ ਤੇ ਕਿਹਾ ਜਾਂਦਾ ਪਾਰਬ੍ਰਹਮ ਤੇ ਸਿਰਜਣਹਾਰ ਵੀ ਇਹੀ ਹੈ।

ਇਸ ਲਈ ਗੁਰਮਤਿ ਦੀ ਵਾਰ-ਵਾਰ ਤਾਕੀਦ ਹੈ, ਹੇ ਮਨਾ! ਇਸੇ ਇਕ ਨੂੰ ਸਦਾ ਲਈ ਯਾਦ ਰੱਖ। ਹਮੇਸ਼ਾ ਲਈ ਇਸ ਨਾਲ ਆਪਣੇ ਅਨੁਭਵੀ ਰਿਸ਼ਤੇ ਦਾ ਅਹਿਸਾਸ ਕਰ, ਕਿਉਂਕਿ ਇਸ ਰਿਸ਼ਤੇ ਦਾ ਅਹਿਸਾਸ ਕਰਨ ਪਿਛੋਂ ਹੀ ਸਾਰੇ ਸੁਖ ਮਿਲਦੇ ਹਨ। ਆਪਣੀ ਬਿਨਸਣਹਾਰ ਹੋਂਦ ਦਾ ਅਹਿਸਾਸ ਹੁੰਦਾ ਹੈ ਅਤੇ ਹਉਮੈ ਤੇ ਤ੍ਰਿਸਨਾ ਤੋਂ ਛੁਟਕਾਰਾ ਮਿਲਦਾ ਹੈ। ਆਪਣੀ ਅਸਲੀ ਮਨੁੱਖੀ ਹੋਂਦ ਦਾ ਅਹਿਸਾਸ ਹੁੰਦਾ ਹੈ। ਪਤਾ ਲਗਦਾ ਹੈ ਕਿ ਇਹ ਇਕੁ ਹੀ ਸਾਰੀਆਂ ਦਾਤਾਂ ਦਾ ਸੋਮਾ ਹੈ। ਇਸ ਦੀ ਸ਼ਰਨ ਪਿਆਂ ਹੀ ਸਾਰੀ ਭਟਕਣਾ ਤੋਂ ਮੁਕਤੀ ਮਿਲਣੀ ਹੈ। ਇਸ ਦੇ ਕੀਤਿਆਂ ਹੀ ਸਾਰਾ ਕੁਝ ਹੁੰਦਾ ਹੈ। ਇਸ ਏਕੋ ਦੀ ਹੋਰ ਵਿਆਖਿਆ ਕਰਦੀ ਹੋਈ ਗੁਰਮਤਿ ਹੁਣ ਤਕ ਮਨੁੱਖੀ ਮਨਾਂ ਵਿਚ 'ਰੱਬੀ' ਹਸਤੀ ਬਾਰੇ ਬਣੇ ਆ ਰਹੇ ਸਾਰੇ ਸੰਕਲਪਾਂ ਨੂੰ ਇਸ ਏਕੋ ਨਾਲ ਜੋੜਦੀ ਹੈ। ਗੁਰਮਤਿ ਅਨੁਸਾਰ,

ਕਾਰਨ ਕਰਨ ਕਰੀਮ॥
ਸਰਬ ਪ੍ਰਤਿਪਾਲ ਰਹੀਮ॥
ਅਲਹ ਅਲਖ ਅਪਾਰ॥
ਖੁਦਿ ਖੁਦਾਇ ਵਡ ਬੇਸੁਮਾਰ॥ ੧॥
ਓੁਂ ਨਮੋ ਭਗਵੰਤ ਗੁਸਾਈ॥
ਖਾਲਕੁ ਰਵਿ ਰਹਿਆ ਸਰਬ ਠਾਈ॥੧॥ ਰਹਾਉ॥
ਜਗੰਨਾਥ ਜਗਜੀਵਨ ਮਾਧੋ॥
ਭਉ ਭੰਜਨ ਰਿਦ ਮਾਹਿ ਅਰਾਧੋ॥
ਰਿਖੀਕੇਸ ਗੋਪਾਲ ਗੋੁਵਿੰਦ॥
ਪੂਰਨ ਸਰਬਤ੍ਰ ਮੁਕੰਦ॥ ੨॥
ਮਿਹਰਵਾਨ ਮਉਲਾ ਤੂਹੀ ਏਕ॥
ਪੀਰ ਪੈਕਾਂਬਰ ਸੇਖ॥
ਦਿਲਾ ਕਾ ਮਾਲਕੁ ਕਰੇ ਹਾਕੁ॥
ਕੁਰਾਨ ਕਤੇਬ ਤੇ ਪਾਕੁ॥ ੩॥
ਨਾਰਾਇਣ ਨਰਹਰ ਦਇਆਲ॥
ਰਮਤ ਰਾਮ ਘਟ ਘਟ ਆਧਾਰ॥
ਬਾਸੁਦੇਵ ਬਸਤ ਸਭ ਠਾਇ॥
ਲੀਲਾ ਕਿਛੁ ਲਖੀ ਨ ਜਾਇ॥ ੪॥
ਮਿਹਰ ਦਇਆ ਕਰਿ ਕਰਨੈਹਾਰ॥
ਭਗਤਿ ਬੰਦਗੀ ਦੇਹਿ ਸਿਰਜਣਹਾਰ॥
ਕਹੁ ਨਾਨਕ ਗੁਰਿ ਖੋਏ ਭਰਮ॥
ਏਕੋ ਅਲਹੁ ਪਾਰਬ੍ਰਹਮ॥ (ਪੰਨਾ 896)

ਭਾਵ ਸਮੁੱਚੀ ਖਲਕਤ ਨੂੰ ਪੈਦਾ ਕਰਨ ਵਾਲਾ ਖਾਲਕ ਸਰਬਵਿਆਪਕ ਹੈ। ਉਹ ਸਭਨੀ ਥਾਂਈਂ ਰਮਿਆ ਹੋਇਆ ਹੈ। ਓਹੀ ਕਾਰਨ ਭਾਵ ਕਰਨ ਵਾਲਾ ਹੈ। ਓਹੀ ਬਖਸ਼ਿੰਦ ਹੈ। ਓਹੀ ਸਾਰਿਆਂ ਦੀ ਪਾਲਣਾ ਕਰਨ ਵਾਲਾ ਤੇ ਸਾਰਿਆਂ ਉਤੇ ਰਹਿਮਤਾਂ ਕਰਨ ਵਾਲਾ ਹੈ। ਇਹ ਅਲਹ ਦੇ ਰੂਪ ਵਿਚ ਅਪਹੁੰਚ ਅਤੇ ਬੇਅੰਤ ਹੈ। ਇਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਮਨੁੱਖੀ ਮਨ ਵਿਚ ਇਸ ਦਾ ਸਿਰਫ ਅਨੁਭਵੀ ਅਹਿਸਾਸ ਹੀ ਕੀਤਾ ਜਾ ਸਕਦਾ ਹੈ। ਇਹ ਖਾਲਕ ਹੀ ਆਪ ਖੁਦਾ ਹੈ, ਜੋ ਮਨੁੱਖੀ ਗਿਣਤੀਆਂ-ਮਿਣਤੀਆਂ ਦੇ ਕਲਾਵੇ ਵਿਚ ਨਹੀਂ ਆਉਂਦਾ। ਇਹ ਖਾਲਕ ਹੀ ਹਿੰਦੂ ਮਤਿ ਵਿਚਲਾ ਸਰਬਵਿਆਪੀ ਓਮ ਨਮੋ ਭਗਵੰਤ ਅਤੇ ਗੁਸਾਈਂ ਹੈ। ਹਿੰਦੂ ਮਤਿ ਅਨੁਸਾਰ ਗੁਸਾਈਂ ਕ੍ਰਿਸ਼ਨ ਜੀ ਦਾ ਇਕ ਨਾਮ ਵੀ ਹੈ। ਇਹੀ ਧਰਤੀ ਦਾ ਮਾਲਕ ਹੈ। ਇਹੀ ਖਾਲਕ ਜਗਤ ਦਾ ਪਾਲਕ ਹੈ। ਸਮੁੱਚੇ ਜਗਤ ਨੂੰ ਜੀਵਨ ਦੇਣ ਵਾਲਾ ਜਗੰਨਾਥ ਅਤੇ ਸਮੁੱਚੀ ਦੌਲਤ ਦਾ ਮਾਲਕ ਵੀ ਇਹੀ ਹੈ। ਜਿਸ ਨੂੰ ਹਿਰਦੇ ਭਾਵ ਮਨ ਵਿਚ ਵਸਾਉਣ ਨਾਲ ਸਾਰੇ ਡਰ ਦੂਰ ਹੋ ਜਾਂਦੇ ਹਨ। ਸਾਰੀਆਂ ਮਨੁੱਖੀ ਇੰਦਰੀਆਂ ਦਾ ਮਾਲਕ ਵੀ ਇਹੀ ਹੈ, ਜੋ ਪੂਰਨ ਹੈ, ਸਰਬਵਿਆਪੀ ਹੈ ਅਤੇ ਮੁਕਤੀ ਦਾਤਾ ਹੈ। ਇਹ ਖਾਲਕ ਹੀ ਮਿਹਰਬਾਨ ਤੇ ਮੁਕਤੀ ਦੇਣ ਵਾਲਾ ਹੈ। ਇਹ ਸਭ ਦੇ ਦਿਲਾਂ ਦਾ ਮਾਲਕ ਹੈ।

ਗੁਰੂ ਸਾਹਿਬ ਬਚਨ ਕਰਦੇ ਹਨ ਕਿ ਗੁਰੂ ਨੇ ਮੇਰੇ ਮਨ ਦੇ ਸਾਰੇ ਭਰਮ ਦੂਰ ਕਰ ਦਿੱਤੇ ਹਨ। ਹੁਣ ਮੈਨੂੰ ਪਤਾ ਲੱਗਾ ਹੈ ਕਿ ਇਹ ਏਕੋ ਹੀ ਅਲਹ ਅਤੇ ਇਹ ਏਕੋ ਹੀ ਪਾਰਬ੍ਰਹਮ ਹੈ। ਭਾਵ ਹਿੰਦੂ ਫਿਲਾਸਫੀ ਅਤੇ ਇਸਲਾਮੀ ਫਿਲਾਸਫੀ ਵਿਚਲਾ ਰੱਬ ਇਕੋ ਹੀ ਹੈ, ਜਿਸ ਦੇ ਦੀਦਾਰ ਕੁਦਰਤ ਵਿਚੋਂ ਕੀਤੇ ਜਾ ਸਕਦੇ ਹਨ। ਇਸ ਏਕੋ ਨੂੰ ਮੁਖਾਤਿਬ ਹੋ ਕੇ ਗੁਰੂ ਸਾਹਿਬ ਇਸ ਕੋਲੋਂ ਮਿਹਰ ਅਤੇ ਦਇਆ ਦੀ ਮੰਗ ਕਰਦੇ ਹਨ।

ਇਸ ਸ਼ਬਦ ਦੀ ਖੂਬਸੂਰਤੀ ਇਹ ਹੈ ਕਿ ਇਸ ਇਕ ਸਬਦੁ ਵਿਚ ਹੀ ਗੁਰੂ ਸਾਹਿਬ ਨੇ ਹਿੰਦੂ ਅਤੇ ਇਸਲਾਮੀ ਫਿਲਾਸਫੀ ਵਿਚ 'ਰੱਬ' ਬਾਰੇ ਵਰਤੇ ਜਾਂਦੇ ਆਮ ਨਾਵਾਂ ਰਾਹੀਂ ਕੁਦਰਤ ਵਿਚੋਂ ਸ਼ਨਾਖਤ ਕੀਤੇ ਜਾਣ ਵਾਲੇ ਦਾਤਾਰ ਭਾਵ ਇਸ 'ਏਕੋ' (ਦਾਤਾ-ਕਰਤਾ) ਦੀ ਬੜੀ ਖੂਬਸੂਰਤ ਵਿਆਖਿਆ ਕੀਤੀ ਹੈ। ਇਹ ਏਕੋ ਹੀ ਅਲਹ, ਖੁਦਾ, ਮੌਲਾ, ਪੈਗੰਬਰ ਅਤੇ ਕੁਰਾਨ, ਕਤੇਬ ਵਿਚਲਾ ਪਵਿੱਤਰ ਰੱਬ ਹੈ। ਇਹ ਏਕੋ ਹੀ ਹਿੰਦੂ ਮਤਿ ਵਿਚਲਾ ਭਗਵੰਤ, ਗੁਸਾਈਂ, ਨਾਰਾਇਣ, ਨਰਹਰਿ, ਓਮ ਨਮੋ, ਬਾਸੁਦੇਵ, ਰਿਖੀਕੇਸ਼, ਗੋਪਾਲ, ਗੋਬਿੰਦ, ਮੁਕੰਦ, ਕ੍ਰਿਸ਼ਨ, ਜਗੰਨਾਥ, ਮਾਧੋ, ਜਗਜੀਵਨ ਹੈ। ਗੁਰਮਤਿ ਹਿੰਦੂਆਂ ਨੂੰ ਇਸੇ ਸਿਰਜਣਹਾਰ ਏਕੋ ਦੀ ਭਗਤੀ ਤੇ ਮੁਸਲਮਾਨਾਂ ਨੂੰ ਅਲਹ ਦੇ ਰੂਪ ਵਿਚ ਇਸੇ ਮਉਲਾ ਦੀ ਬੰਦਗੀ ਕਰਨ ਦੀ ਪ੍ਰੇਰਨਾ ਕਰਦੀ ਹੈ। ਗੁਰੂ ਅਰਜਨ ਦੇਵ ਜੀ 'ਸੁਖਮਨੀ' ਵਿਚ ਇਸੇ ਏਕੋ ਨੂੰ ਜਪਣ ਅਤੇ ਇਸੇ ਦੇ ਗੁਣ ਗਾਉਣ ਦੀ ਪ੍ਰੇਰਨਾ ਦਿੰਦੇ ਹਨ,

ਏਕ ਜਪਿ ਏਕੋ ਸਾਲਾਹਿ॥
ਏਕੁ ਸਿਮਰਿ ਏਕੋ ਮਨ ਆਹਿ॥
ਏਕਸ ਕੇ ਗੁਨ ਗਾਉ ਅਨੰਤ॥
ਮਨਿ ਤਨਿ ਜਾਪਿ ਏਕ ਭਗਵੰਤ॥
ਏਕੋ ਏਕੁ ਏਕੁ ਹਰਿ ਆਪਿ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥
ਅਨਿਕ ਬਿਸਥਾਰ ਏਕ ਤੇ ਭਏ॥
ਏਕੁ ਅਰਾਧਿ ਪਰਾਛਤ ਗਏ॥
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ॥
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥
(ਪੰਨਾ 289)

ਇਸ ਏਕੋ ਨੂੰ ਜਪੋ ਤੇ ਇਸ ਏਕੋ ਦੇ ਗੁਣ ਗਾਓ। ਭਾਵ ਇਸ ਏਕੋ ਨੂੰ ਹਰ ਵੇਲੇ ਯਾਦ ਰਖੋ। ਇਸ ਏਕੋ ਨੂੰ ਸਦਾ ਲਈ ਆਪਣੇ ਮਨ ਵਿਚ ਵਸਾਓ। ਇਸ ਏਕੋ ਦੇ ਅਨੰਤ ਭਾਵ ਅਣਗਿਣਤ ਗੁਣ ਹਨ। ਸਾਰਿਆਂ ਨੂੰ ਪੈਦਾ ਕਰਨ ਵਾਲੇ ਇਸ ਮਾਲਕ ਨੂੰ ਪੂਰੇ ਮਨ ਅਤੇ ਤਨ ਨਾਲ ਜਪੋ। ਇਹ ਏਕੋ ਆਪ ਹੀ ਖੁਦ ਹਰਿ ਹੈ ਅਤੇ ਇਹ ਸਾਰਿਆਂ ਵਿਚ ਵਿਆਪਤ ਹੈ। ਇਸ ਏਕੋ ਤੋਂ ਹੀ ਅਡ-ਅਡ ਵਿਸਥਾਰ ਹੋਇਆ ਹੈ। ਇਸ ਏਕੋ ਨੂੰ ਆਪਣੇ ਮਨ ਵਿਚ ਵਸਾਉਣ ਨਾਲ ਸਾਰੇ ਪਾਪ ਖਤਮ ਹੋ ਜਾਂਦੇ ਹਨ। ਭਾਵ ਇਸ ਏਕੋ ਦੇ ਸੱਚ ਨੂੰ ਜਾਣ ਕੇ ਪੁੰਨ-ਪਾਪ ਦੇ ਸਾਰੇ ਭਰਮ ਦੂਰ ਹੋ ਜਾਂਦੇ ਹਨ। ਇਹ ਏਕੋ ਹੀ ਮਨ ਅਤੇ ਤਨ ਵਿਚ ਰਮ ਰਹਿਆ ਹੈ। ਗੁਰੂ ਨਾਨਕ ਦੀ ਹੋਈ ਮਿਹਰ ਨਾਲ ਮੈਂ ਇਸ ਏਕੋ ਨੂੰ ਜਾਣਿਆ ਹੈ। ਭਾਵ ਆਪਣੇ ਆਲੇ ਦੁਆਲੇ ਚਾਰ-ਚੁਫੇਰੇ ਫੈਲਿਆ ਜੋ ਅਸੀਮ ਬ੍ਰਹਿਮੰਡ ਅਸੀਂ ਵੇਖ ਰਹੇ ਹਾਂ, ਇਹੀ ਏਕੋ ਹੈ। ਇਹ ਏਕੋ ਹੀ ਕੁਦਰਤ ਵਜੋਂ ਦਾਤਾ ਭਾਵ ਮਨੁੱਖ ਨੂੰ ਚਾਹੀਦੀਆਂ ਸੱਭੇ ਦਾਤਾਂ ਦੇਣ ਵਾਲਾ ਦਾਤਾਰ ਹੈ,

ਨਾਨਕ ਸਚੁ ਦਾਤਾਰੁ ਸਿਨਾਖਤੁ ਕੁਦਰਤੀ॥
(ਪੰਨਾ 141)

ਅਤੇ ਇਹੀ ਏਕੋ ਸਰਬਸ਼ਕਤੀਮਾਨ ਸਿਰਜਣਹਾਰ ਵਜੋਂ ਕਰਤਾ ਹੈ।

ਦਾਤਾ ਕਰਤਾ ਆਪਿ ਤੂੰ
ਤੁਸਿ ਦੇਵਹਿ ਕਰਹਿ ਪਸਾਉ॥
(ਪੰਨਾ 463)

ਜਿਹੜਾ ਸਾਰਿਆਂ ਦਾ ਪਾਲਕ ਅਤੇ ਮਾਲਕ ਹੈ। ਇਸ ਏਕੋ ਤੋਂ ਬਿਨਾ ਕਿਸੇ ਮਨ-ਕਲਪਿਤ ਦੂਜੇ 'ਰੱਬ' ਦੀ ਹੋਰ ਕੋਈ ਹੋਂਦ ਨਹੀਂ। ਬਾਕੀ ਸਾਰੇ ਕਹੇ ਜਾਂਦੇ 'ਰੱਬ' ਜਾਂ ਦੇਵੀ ਦੇਵਤੇ ਇਸ ਏਕੋ ਦੀ ਕਿਰਤ ਹਨ।

ਇਸ ਏਕੋ ਦੇ ਹੁਕਮਾਂ, ਜੋ ਕੁਦਰਤੀ ਨੇਮਾਂ ਦੇ ਰੂਪ 'ਚ ਪ੍ਰਗਟ ਹੋ ਰਹੇ ਹਨ, ਅਨੁਸਾਰ ਜ਼ਿੰਦਗੀ ਜਿਉਣੀ ਹੀ ਮਨੁੱਖ ਦੀ ਹੋਣੀ ਹੈ। ਆਪਣੀ ਇਹ ਹੋਣੀ ਮਨੁੱਖ ਨੇ ਸੁਚੇਤ ਰੂਪ ਵਿਚ ਆਪਣਾ ਧਰਮ ਸਮਝ ਕੇ ਸਹਿਜ ਅਤੇ ਭਰਪੂਰ ਸਮਾਜੀ ਜ਼ਿੰਦਗੀ ਬਸਰ ਕਰਦਿਆਂ ਨਿਭਾਉਣੀ ਹੈ ਜਾਂ ਮਜਬੂਰੀਵਸ ਆਪਣੀ ਕਿਸੇ ਝੂਠੀ ਹੋਂਦ ਦੇ ਭਰਮ ਵਿਚ ਜ਼ਿੰਦਗੀ ਜਿਉਂਦਿਆਂ, ਖਿਝਦਿਆਂ ਤੇ ਕੁੜਦਿਆਂ ਅਪਨਾਉਣੀ ਹੈ, ਇਹ ਮਨੁੱਖ ਦੀ ਆਪਣੀ ਮਰਜ਼ੀ ਹੈ।

ਭਾਵ ਅਰਥ ਬੜਾ ਸਪਸ਼ਟ ਹੈ ਕਿ ਇਹ ਕੁਦਰਤ ਹੀ ਸਰਬਸ਼ਕਤੀਮਾਨ ਤੇ ਕਰਨ ਕਰਾਵਣਹਾਰ ਹੈ। ਇਹੀ ਸਾਰਿਆਂ ਨੂੰ ਪੈਦਾ ਕਰਨ ਵਾਲੀ ਹੈ। ਕੁਦਰਤ ਦੇ ਕਣ-ਕਣ ਵਿਚ ਰਮੀ ਹੋਈ ਇਸ ਦੀ ਹਸਤੀ ਨੂੰ ਪ੍ਰਗਟ ਕਰਨ ਵਾਲਾ ਏਕੋ ਕਰਤਾ ਸਾਰਿਆਂ ਦਾ ਮਾਲਕ ਤੇ ਪਾਲਕ ਹੈ। ਹੋਂਦ ਵਜੋਂ ਕੁਦਰਤ ਦਾਤਾ ਹੈ ਤੇ ਸਿਰਜਣਹਾਰ ਹਸਤੀ ਵਜੋਂ ਕਰਤਾ। ਹੁਕਮ ਇਸ ਏਕੋ ਕਰਤਾ ਦਾ ਪ੍ਰਗਟ ਹੋਇਆ ਸੱਚ ਹੈ। ਭਾਵ ਇਹ ਕੁਦਰਤ ਹੀ ਸਾਰੇ ਜੀਵਾਂ ਨੂੰ ਆਪਣੇ ਜਿਉਂਦੇ ਰਹਿਣ ਲਈ ਚਾਹੀਦੀਆਂ ਸੱਭੇ ਵਸਤਾਂ ਦੇਣ ਵਾਲੀ ਦਾਤਾਰ ਹੈ ਤੇ ਉਨ੍ਹਾਂ ਨੂੰ ਪਾਲਣ ਵਾਲੀ ਸਰਬਸ਼ਕਤੀਮਾਨ ਤੇ ਸਿਰਜਣਹਾਰ ਹੈ। ਗੁਰੂ ਨਾਨਕ ਦੇ ਬਚਨ ਹਨ,

ਦ੍ਰਿਸਟੰਤ ਏਕੋ ਸੁਨੀਅੰਤ ਏਕੋ
ਵਰਤੰਤ ਏਕੋ ਨਰਹਰਹ॥
ਨਾਮ ਦਾਨੁ ਜਾਚੰਤਿ ਨਾਨਕ
ਦਇਆਲ ਪੁਰਖ ਕ੍ਰਿਪਾ ਕਰਹ॥
(ਪੰਨਾ 710)

ਭਾਵ ਇਕੋ ਦਿਸਦਾ ਹੈ। ਇਕੋ ਸੁਣੀਦਾ ਹੈ। ਇਕੋ ਵਰਤ ਰਿਹਾ ਹੈ। ਨਰਹਰਹ ਭਾਵ ਹਰਿ ਦਾ ਪੁਰਖ ਰੂਪ, ਜਿਹੜਾ ਬ੍ਰਹਿਮੰਡੀ ਆਤਮਾ ਵਜੋਂ ਅਸੀਮ ਸ੍ਰਿਸ਼ਟੀ ਵਿਚ ਰਮ ਰਿਹਾ ਹੈ। ਗੁਰੂ ਨਾਨਕ ਸਾਹਿਬ ਇਸੇ ਏਕੋ ਕੋਲੋਂ ਨਾਮ ਦਾਨ ਦੀ ਮੰਗ ਕਰਦੇ ਹਨ। ਇਹੀ ਦਿਆਲ ਪੁਰਖ ਕਿਰਪਾ ਕਰਨ ਵਾਲਾ ਹੈ। ਗੁਰਮਤਿ ਦੀ ਸੋਚ ਬੜੀ ਸਪਸ਼ਟ ਹੈ,

ਸਾਹਿਬੁ ਮੇਰਾ ਏਕੋ ਹੈ॥
ਏਕੋ ਹੈ ਭਾਈ ਏਕੋ ਹੈ॥ (ਪੰਨਾ 162)
ਸਾਹਿਬ ਮੇਰਾ ਏਕੁ ਹੈ ਅਵਰੁ ਨਹੀ ਭਾਈ॥
(ਪੰਨਾ 896)
ਸਾਹਿਬ ਮੇਰਾ ਨੀਤ ਨਵਾ
ਸਦਾ ਸਦਾ ਦਾਤਾਰੁ॥ (ਪੰਨਾ 660)
ਕਰਣ ਕਾਰਣ ਪ੍ਰਭੁ ਏਕੁ ਹੈ
ਦੂਸਰ ਨਾਹੀ ਕੋਇ॥
ਨਾਨਕ ਤਿਸੁ ਬਲਿਹਾਰਣੈ
ਜਲਿ ਥਲਿ ਮਹੀਅਲਿ ਸੋਇ॥
(ਪੰਨਾ 276)
ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ॥
ਨਾਨਕ ਏਕੋ ਪਸਰਿਆ
ਦੂਜਾ ਕਹ ਦ੍ਰਿਸਟਾਰ॥ (ਪੰਨਾ 292)
ਏਕੈ ਏਕੈ ਏਕੈ ਤੂਹੀ॥
ਏਕੈ ਏਕੈ ਤੂ ਰਾਇਆ॥ (ਪੰਨਾ 884)

ਭਾਵ ਇਹ ਏਕੋ ਹੀ ਮੇਰਾ ਮਾਲਕ ਹੈ। ਗੁਰੂ ਸਾਹਿਬ ਆਪਣੇ ਇਸ ਬਚਨ ਨੂੰ ਇਕ ਵਾਰ ਫਿਰ ਦੁਹਰਾਉਂਦੇ ਹਨ ਕਿ ਇਹੀ ਏਕੋ ਮੇਰਾ ਮਾਲਕ ਹੈ। ਮੇਰਾ ਇਹੀ ਮਾਲਕ ਹੈ। ਇਸ ਤੋਂ ਬਿਨਾ ਮੇਰਾ ਹੋਰ ਕੋਈ ਮਾਲਕ ਨਹੀਂ। ਮੇਰਾ ਇਹ ਮਾਲਕ (ਕੁਦਰਤ ਦੇ ਰੂਪ ਵਿਚ) ਨਿਤ ਨਵਾਂ ਹੈ। ਇਹੀ ਮਾਲਕ ਸਦੀਵੀ ਦਾਤਾਰ ਭਾਵ ਸਦਾ ਸਦਾ ਲਈ ਦਾਤਾਂ ਦੇਣ ਵਾਲਾ ਹੈ। ਕਰਨ ਵਾਲਾ ਇਕੋ ਹੈ, ਜੋ ਆਪ ਹੀ ਕਾਰਨ ਹੈ। ਹੋਰ ਦੂਜਾ ਕੋਈ ਨਹੀਂ। ਗੁਰੂ ਸਾਹਿਬ ਦੇ ਬਚਨ ਹਨ ਕਿ ਨਾਨਕ ਉਸ ਤੋਂ ਬਲਿਹਾਰ ਜਾਂਦਾ ਹੈ, ਜੋ ਪਾਣੀ, ਧਰਤੀ ਅਤੇ ਆਕਾਸ਼ ਵਿਚ ਹਰ ਥਾਂ ਸਮਾਅ ਰਿਹਾ ਹੈ। ਸਗਲ ਜੀਆ-ਜੰਤ ਨੂੰ ਪੈਦਾ ਕਰਨ ਵਾਲਾ ਅਤੇ ਉਨ੍ਹਾਂ ਨੂੰ ਪਾਲਣ ਵਾਲਾ ਇਹ ਮਾਲਕ, ਆਪਣੇ ਆਪ ਤੋਂ ਵਰਤ ਰਿਹਾ ਹੈ। ਸਾਰੇ ਪਾਸੇ ਚਾਰ-ਚੁਫੇਰੇ ਇਸੇ ਏਕੋ ਦਾ ਪਸਾਰਾ ਹੈ। ਦੂਜੇ ਭਾਵ ਕਿਸੇ ਦੂਜੇ ਮਨ-ਕਲਪਿਤ ਰੱਬ ਦੀ ਹੋਰ ਕੋਈ ਹੋਂਦ ਨਹੀਂ। ਗੁਰੂ ਸਾਹਿਬ ਵਾਰ-ਵਾਰ ਦੁਹਰਾਉਂਦੇ ਹਨ, ਤੂੰ ਇਕ ਹੈ। ਤੂੰ ਇਕ ਹੈ। ਤੂੰ ਹੀ ਤੂੰ ਹੈ। ਤੂੰ ਹੀ ਸਾਰਿਆਂ ਦਾ ਰਾਜਾ ਭਾਵ ਸਰਬਸ਼ਕਤੀਮਾਨ ਹੈਂ।

# ਪੰਜਾਬੀਆਂ ਦਾ ਲੋਕ ਧਰਮ ਕੀ ਹੈ...

**ਅਜੋਕੇ ਹਾਲ**



ਮੋਨਿਕਾ ਕੁਮਾਰ
ਫੋਨ: +91-94175-32822

ਦੋ ਸਾਲ ਪਹਿਲਾਂ ਦੀ ਗੱਲ ਹੈ, ਚੰਡੀਗੜ੍ਹੋਂ ਲੁਧਿਆਣੇ ਜਾ ਰਹੀ ਸਾਂ। ਜਨਵਰੀ ਦੀ ਅਖੀਰੀ ਠੰਢ ਵਿਚ ਲੋਕ ਉਂਜ ਹੀ ਸੀਤ ਹਵਾ ਦੇ ਚੁੱਪ ਕਰਾਏ ਹੋਏ ਸਨ ਤੇ ਇਕ ਵਾਰੀ ਬੱਸ ਅੱਡਿਓਂ ਬਾਹਰ ਨਿਕਲੀ ਤਾਂ ਮਾਹੌਲ ਰਵਾਂ ਹੋ ਗਿਆ। ਘਰ ਦੇ ਬਿਸਤਰਿਆਂ 'ਤੇ ਨੀਂਦ ਦਾ ਆਪਣਾ ਮਜ਼ਾ ਹੁੰਦਾ ਹੈ, ਪਰ ਹਿਚਕੋਲੇ ਖਾਂਦੀ ਬੱਸ ਵਿਚ ਪੰਦਰਾਂ ਮਿੰਟ ਵੀ ਜੋ ਨੀਂਦ ਆਉਂਦੀ ਏ, ਉਠ ਕੇ ਮਨ ਬਰੋਬਰ ਹੋ ਜਾਂਦਾ ਏ। ਬ੍ਰੇਕ ਦੇ ਝਟਕੇ ਨਾਲ ਡਿਗਦੀ ਧੌਣ ਵੀ ਨੀਂਦ ਦਾ ਤਲਿਸਮ ਨਹੀਂ ਤੋੜਦੀ, ਘੜੀ ਕੁ ਅੱਖ ਖੋਲ੍ਹ ਕੇ ਬੰਦਾ ਫੇਰ ਗੁੰਮ ਜਾਂਦਾ ਹੈ। ਬੱਸਾਂ ਵਿਚ ਸੁੱਤੇ ਪਏ ਲੋਕਾਂ ਦੇ ਖੁੱਲ੍ਹੇ ਮੂੰਹ ਬੜੇ ਨਿਰਦੋਸ਼ ਲੱਗਦੇ ਨੇ। ਦੁਨੀਆਂ 'ਚ ਕੋਈ ਕਿਤੇ ਵੀ ਕੰਮ ਲੱਗਾ ਹੋਵੇ, ਕੰਮ ਦੀ ਸਪੀਡ ਘਟਾਉਣ, ਵਧਾਉਣ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ; ਪਰ ਬੱਸ ਵਿਚ ਪਤਾ ਹੁੰਦੈ, ਹੁਣ ਜੋ ਕਰਨਾ, ਡਰਾਈਵਰ ਨੇ ਕਰਨਾ; ਸੋ ਸੁਰਖਰੂ ਹੋ ਕੇ ਮੈਂ ਵੀ ਸੌਂ ਗਈ।

ਉਠ ਕੇ ਜਦੋਂ ਬਾਰੀ ਵਿਚੋਂ ਝਾਕਿਆ ਤਾਂ ਰਾਹ ਓਪਰਾ ਜਿਹਾ ਲੱਗਾ। ਮੈਨੂੰ ਵਹਿਮ ਹੋਇਆ ਕਿ ਮੈਂ ਗਲਤ ਬੱਸੇ ਚੜ੍ਹ ਗਈ ਹਾਂ। ਨਾਲ ਦੀ ਸਵਾਰੀ ਨੂੰ ਪੁੱਛਿਆ ਤਾਂ ਉਹਨੇ ਪੁਸ਼ਟੀ ਕੀਤੀ ਕਿ ਬੱਸ ਲੁਧਿਆਣੇ ਚੱਲੀ ਹੈ। ਅੱਬੜਵਾਹੇ ਉਠ ਕੇ ਮੈਥੋਂ ਰਾਹ ਨਹੀਂ ਪਛਾਣ ਹੋਇਆ ਤੇ ਦੂਜਾ ਇਹ ਕਿ ਅੱਜ ਕੱਲ੍ਹ ਤਿੰਨਾਂ-ਚੌਹਾਂ ਮਹੀਨਿਆਂ ਬਾਅਦ ਹੀ ਕਿਸੇ ਸ਼ਹਿਰ ਜਾਵੋ ਤਾਂ ਸੜਕਾਂ ਪਾਸੇ ਰੱਖੀਆਂ ਰਾਹ ਦੀਆਂ ਨਿਸ਼ਾਨੀਆਂ ਗਾਇਬ ਹੋਈਆਂ ਹੁੰਦੀਆਂ ਹਨ ਜਾਂ ਉਨ੍ਹਾਂ ਦੇ ਆਲੇ-ਦੁਆਲੇ ਹੋਰ ਬੜਾ ਕੁਝ ਬਣ ਚੁਕਾ ਹੁੰਦਾ ਏ। ਉਸ ਸਵਾਰੀ ਨੇ ਦੱਸਿਆ ਕਿ ਉਹਨੇ ਲੁਧਿਆਣਿਓਂ ਉਰ੍ਹਾਂ ਕਿਸੇ ਪਿੰਡ ਉਤਰਨਾ ਹੈ। ਉਹ ਤਾਰੀਖ ਭੁਗਤਣ ਚੰਡੀਗੜ੍ਹ ਆਇਆ ਸੀ। ਮੈਂ ਰਤਾ ਕੁ ਧਿਆਨ ਕੀਤਾ, ਉਹ ਬਹੁਤ ਸੁਹਣਾ ਆਦਮੀ ਸੀ; ਖੁੱਲ੍ਹੀ ਚਿੱਟੀ ਦਾਹੜੀ, ਪੁਰਾਣੇ ਰਿਵਾਜ ਦੇ ਕੱਪੜੇ; ਪਰ ਮੁੱਖ 'ਤੇ ਕਰੜੀ ਮਿਹਨਤ ਨਾਲ ਜੋ ਆਉਂਦੀ ਹੈ, ਉਸ ਤਰ੍ਹਾਂ ਦੀ ਚਮਕ। ਮੈਂ ਬਹੁਤਾ ਸੋਚੇ ਬਿਨਾ ਪੁੱਛ ਲਿਆ, "ਤੁਸੀਂ ਵਾਹੀ ਕਰਦੇ ਓ?"

ਮੇਰੇ ਪੁੱਛਣ ਦੀ ਦੇਰ ਸੀ, ਉਹ ਕਿਸਾਨ ਦੀ ਮੰਦਹਾਲੀ ਦੀ ਵਿਥਿਆ ਸੁਣਾਉਣ ਲੱਗਾ, "ਸਾਨੂੰ ਕਮਾਈ ਦਾ ਕੋਈ ਸਵਾਦ ਨਹੀਂ ਆਉਂਦਾ, ਕਿਉਂਕਿ ਇਕ ਫਸਲ ਨਾਲ ਪਿਛਲਾ ਕਰਜ਼ਾ ਤਾਰੀਦਾ ਤੇ ਏਨੇ 'ਚ ਹੋਰ ਕਰਜ਼ਾ ਚੁੱਕ ਲਈਦਾ।" ਕਹਿੰਦਾ, ਕਈ ਕਿਸਾਨ ਹੁਣ ਅਨਾਜ ਦੀ ਥਾਂ ਸਬਜ਼ੀ ਬੀਜਣ ਲੱਗ ਪਏ ਨੇ, ਕਿਉਂਕਿ ਸ਼ਹਿਰ 'ਚ ਸਬਜ਼ੀ ਵੇਚ ਕੇ ਤਾਜ਼ੀ ਕਮਾਈ ਮਿਲ ਜਾਂਦੀ ਹੈ। ਉਂਜ, ਉਹਨੂੰ ਇਹ ਕੰਮ ਚੰਗਾ ਨਹੀਂ ਲੱਗਦਾ। ਉਹਨੇ ਦੱਸਿਆ ਕਿ ਉਹ ਖੇਤੀ ਕਰਨੀ ਜਾਣਦਾ ਹੈ, ਪਰ ਇੰਜ ਰੋਜ਼ ਜਾ ਕੇ ਆੜ੍ਹਤੀਆਂ ਨੂੰ ਸਬਜ਼ੀਆਂ ਸਸਤੇ ਭਾਅ ਵੇਚਣ ਨਾਲੋਂ ਆਪ ਸ਼ਹਿਰ ਜਾ ਕੇ ਵੇਚਣਾ ਉਹਦੇ ਵੱਸ ਦੀ ਗੱਲ ਨਹੀਂ। ਉਹ ਦੁੱਖ ਦਾ ਮਾਰਿਆ ਸੀ, ਪਰ ਉਹਦੇ ਮਨ-ਬਚਨ-ਕਰਮ ਵਿਚ ਖੋਟ ਨਹੀਂ ਸੀ। ਉਹ ਆਪਣੇ ਪਿੰਡ ਦੇ ਗੇਟ 'ਤੇ ਉਤਰ ਗਿਆ ਤੇ ਮੈਨੂੰ ਖਿਆਲ ਆਇਆ ਕਿ ਆਪਣੇ ਜੀਵਨ ਵਿਚ ਮੈਂ ਕਦੇ ਕਿਸਾਨ ਬਾਰੇ ਨਹੀਂ ਸੋਚਿਆ। ਮੇਰਾ ਪਰਿਵਾਰ ਤਾਂ ਖੇਤੀ ਨਹੀਂ ਕਰਦਾ ਪਰ ਮੇਰੇ ਸੰਪਰਕ ਵਿਚ ਵਾਹੀ ਕਰਨ ਵਾਲੇ ਕੁਝ ਲੋਕ ਜ਼ਰੂਰ ਹਨ। ਮੈਂ ਕਦੇ ਸੋਚਿਆ ਨਹੀਂ ਕਿ ਅੱਜ ਦੇ ਜ਼ਮਾਨੇ 'ਚ ਕਿਰਸਾਨੀ ਕਰਨ ਦਾ ਕੀ ਮਤਲਬ ਏ?

ਮੈਨੂੰ ਉਸ ਦਿਨ ਅਹਿਸਾਸ ਹੋਇਆ ਕਿ ਕਿਸਾਨ ਮੇਰੀ ਚੇਤਨਾ ਦਾ ਹਿੱਸਾ ਨਹੀਂ ਏ, ਇਸੇ ਲਈ ਮੇਰੇ ਚਿੰਤਨ ਜਾਂ ਚਿੰਤਾ ਦਾ ਵਿਸ਼ਾ ਨਹੀਂ ਏ। ਖੇਤਾਂ ਦੀ ਹਰਿਆਵਲ ਦਾ ਦ੍ਰਿਸ਼, ਪੱਕੀ ਕਣਕ ਦਾ ਸੋਨੇਹਾਰਾ ਦ੍ਰਿਸ਼ ਹਰ ਪੰਜਾਬੀ ਦੇ ਮਨ ਦਾ ਹਰਿਆ ਬਿੰਬ ਹੈ; ਪਰ ਮਿੱਟੀ 'ਚੋਂ ਇਹ ਚਮਤਕਾਰ ਪੈਦਾ ਕਰਦੇ ਕਿਸਾਨ ਦੇ ਜੀਵਨ ਤੋਂ ਮੇਰੇ ਵਰਗੇ ਗੈਰ-ਕਿਸਾਨ ਲੋਕ ਅਸਲੋਂ ਟੁੱਟ ਗਏ ਨੇ। ਅਜਿਹੀਆਂ ਗੱਲਾਂ ਸੋਚਦਿਆਂ ਮੈਂ ਲੁਧਿਆਣੇ ਪੁੱਜ ਗਈ ਪਰ ਉਸ ਕਿਸਾਨ ਦਾ ਚਿਹਰਾ ਮੈਨੂੰ ਯਾਦ ਆਉਂਦਾ ਰਿਹਾ ਕਿ ਉਸ ਵਿਚ ਏਡਾ ਸੁਹਣਾ ਕੀ ਸੀ? ਫਿਰ ਇਕ ਦਿਨ ਖਿਆਲ ਆਇਆ ਕਿ ਪੰਜਾਬ ਦਾ ਅਧਿਆਤਮ ਕਿਸਾਨ ਦੇ ਮੁੱਖ 'ਤੇ ਹੈ।

ਦੇਸ਼ ਵਿਚ ਵੱਸਦਾ ਤੇ ਕੰਮ ਕਰਦਾ ਹਰ ਮਨੁੱਖ ਦੇਸ਼ ਦੀ ਹੋਣੀ ਵਿਚ ਹਿੱਸਾ ਪਾਉਂਦਾ ਹੈ। ਮੋਚੀ, ਦਰਜੀ, ਧੋਬੀ, ਅਧਿਆਪਕ, ਦੁਕਾਨਦਾਰ, ਲੁਹਾਰ, ਡਾਕਟਰ, ਜਮਾਂਦਾਰ, ਵਕੀਲ ਤੇ ਰੱਦੀ ਲਈ ਹਾਕ ਮਾਰਦਾ ਸਾਈਕਲ 'ਤੇ ਫੇਰੀ ਲਾਉਂਦਾ ਬੰਦਾ ਵੀ, ਹਰ ਦੇਸ਼ ਦੇ ਕੰਮ-ਕਾਜ ਦਾ ਧੁਰਾ ਹੁੰਦਾ ਹੈ, ਜਿਸ ਦੇ ਠੀਕ ਚੱਲਣ ਨਾਲ ਗੱਡੀ ਦਾ ਸੰਤੁਲਨ ਬਣਿਆ ਰਹਿੰਦਾ ਏ। ਮੈਂ ਛੋਟੀ ਹੁੰਦੀ ਸੁਣਦੀ ਸਾਂ, 'ਉਤਮ ਖੇਤੀ, ਮੱਧਮ ਵਪਾਰ, ਨਖਿੱਧ ਨੌਕਰੀ' ਪਰ ਅੱਜ ਹਾਲਤ ਇਹ ਹੈ ਕਿ ਤਿੰਨੇ ਕੰਮ ਨਖਿੱਧ ਹੋ ਗਏ ਨੇ। ਮਤਲਬ ਪੰਜਾਬੀ ਸਮਾਜ ਦਾ ਧੁਰਾ ਹਿੱਲ ਗਿਆ ਹੈ ਤੇ ਇਹਦੀ ਮੌਲਿਕ ਰਚਨਾ ਵਿਚ ਤੋਟ ਆ ਗਈ ਹੈ। ਕਿਸੇ ਦੇਸ਼ ਵਿਚ ਸੁਹਣਾ ਵੱਸਣ-ਰੱਸਣ ਲਈ ਸਭ ਵਸਤਾਂ ਦੀ ਦਾਤ ਪੰਜਾਬ ਕੋਲ ਸੀ, ਉਪਜਾਊ ਜਾਗ੍ਰਿਤ ਮਿੱਟੀ ਹਵਾ ਪਾਣੀ, ਬਾਰਾਂਮਾਹ ਕੰਮ ਕਰਨ ਤੇ ਪ੍ਰੇਮ ਹੰਢਾਉਣ ਵਾਲੀ ਰੁੱਤ ਤੇ ਇਸ ਸਭ ਨੂੰ ਵਰਤਣ ਦੀ ਸੇਧ ਦੇਣ ਵਾਲੀ ਵਿਚਾਰਾਂ ਦੀ ਮਹਾਨ ਪਰੰਪਰਾ। ਸਾਡਾ ਧਰਮ ਇਸ ਵਿਰਸੇ ਨੂੰ ਹੋਰ ਅੱਗੇ ਲਿਜਾਣਾ ਸੀ ਪਰ ਸਾਡਾ ਤਾਂ ਚੱਕਾ ਹੀ ਜਾਮ ਹੋਣ ਲੱਗਾ ਹੈ। ਭ੍ਰਿਸ਼ਟ ਸਿਆਸਤੀ ਪ੍ਰਬੰਧ ਸਭ ਕੁਝ 'ਤੇ ਭਾਰੂ ਹੋ ਗਿਆ ਤੇ ਇਨ੍ਹਾਂ ਵਸਤਾਂ ਨੂੰ ਵਰਤਣ ਦੀ ਜਾਚ ਸਾਡੇ ਤੋਂ ਵਿਸਰ ਗਈ। ਅੱਜ ਸਾਡੇ ਕੋਲ ਇਕ ਵੀ ਸੂਤਰ ਨਹੀਂ, ਜਿਸ ਵਿਚ ਅਸੀਂ ਸਾਰੇ ਪੰਜਾਬ ਦੀ ਲੋਕਾਈ ਨੂੰ ਬੰਨ੍ਹ ਸਕੀਏ।

ਸਮਾਜਕ ਤੇ ਆਰਥਕ ਬਰਾਬਰੀ ਦਾ ਆਦਰਸ਼ ਵਿੰਢ ਕੇ ਆਜ਼ਾਦੀ ਪਿਛੋਂ ਦੇਸ਼ ਭਰ ਵਿਚ ਜੋ ਲਹਿਰਾਂ ਚੱਲੀਆਂ, ਉਹ ਪੰਜਾਬ ਵਿਚ ਵੀ ਬੜੇ ਉਤਸ਼ਾਹ ਨਾਲ ਵਗੀਆਂ ਪਰ ਹਾਲ ਇਹ ਹੈ ਕਿ ਨਾ ਇਥੇ ਔਰਤ ਦੀ ਹਾਲਤ ਬਿਹਤਰ ਹੋਈ, ਨਾ ਦਲਿਤ ਨੂੰ ਬਰਾਬਰੀ ਮਿਲੀ ਤੇ ਨਾ ਹੀ ਕਿਰਸਾਨੀ ਨੂੰ ਉਹ ਗੌਰਵ ਮਿਲਿਆ, ਜੋ ਅਸੀਂ ਰਲ ਕੇ ਉਸ ਤੋਂ ਖੋਹਿਆ ਹੈ। ਕਾਰਵਾਈ ਸਾਰੀ ਪਈ ਪਰ ਸਾਡਾ ਬਣਿਆ ਕੁਝ ਨਹੀਂ, ਕਿਉਂਕਿ ਅਸੀਂ ਕਦੇ ਇਕੱਠੇ ਹੋ ਕੇ ਨਹੀਂ ਲੜੇ। ਅਸੀਂ ਇਨ੍ਹਾਂ ਲਹਿਰਾਂ ਦੀ ਤਕਰੀਰ ਨਾਲ ਸਹਿਮਤ ਨਹੀਂ। ਸਾਨੂੰ ਅੰਦਰੋਂ ਝੋਰਾ ਨਹੀਂ ਕਿ ਅਸੀਂ ਸਦੀਆਂ ਤੋਂ ਜਾਤ ਦੇ ਆਧਾਰ 'ਤੇ ਆਪਣੇ ਹੀ ਵਰਗੇ ਮਨੁੱਖਾਂ ਦਾ ਸ਼ੋਸ਼ਣ ਕੀਤਾ ਹੈ; ਕਿ ਕੋਈ ਔਰਤ ਜੀਵਨ ਸੰਵਾਰਨ ਦੇ ਮੌਕਿਆਂ ਤੋਂ ਵਾਂਝੀ, ਪਰਿਵਾਰ ਤੇ ਸਮਾਜ ਵਿਚ ਰਹਿੰਦਿਆਂ ਸਾਰੀ ਜ਼ਿੰਦਗੀ ਸ਼ੱਕ ਤੇ ਸਾਜ਼ਿਸ਼ ਭਰੀਆਂ ਨਜ਼ਰਾਂ ਤੋਂ ਬਚਦੀ-ਬਚਦੀ ਵੀ ਜ਼ੁਲਮ ਦਾ ਸ਼ਿਕਾਰ ਹੋ ਜਾਂਦੀ ਹੈ ਤੇ ਬਾਜ਼ਾਰ ਦੇ ਭਾਅ 'ਤੇ ਆਟਾ-ਦਾਲ ਖਰੀਦ ਕੇ ਅਸੀਂ ਪੰਜਾਬ ਦੀ ਕਿਰਸਾਨੀ ਦਾ ਮੁੱਲ ਚੁਕਤਾ ਕੀਤਾ ਜਾਣਦੇ ਹਾਂ। ਇਸੇ ਸਵਾਰਥੀ ਸੋਚ ਕਰਕੇ ਅਸੀਂ ਦੇਸ਼ ਪੰਜਾਬ ਨੂੰ ਰੋਗੀ ਕਰ ਲਿਆ ਹੈ। ਇਸ ਗੱਲ ਤੋਂ ਅਣਜਾਣ ਕਿ ਸਾਡਾ ਨਿੱਜੀ ਜੀਵਨ ਸਮਾਜਕ ਜੀਵਨ ਦਾ ਅੰਸ਼ ਹੈ, ਅਸੀਂ 'ਮੈਂ ਤੇ ਮੇਰਾ ਪਰਿਵਾਰ' ਦੇ ਸਿਧਾਂਤ 'ਤੇ ਆਪਣਾ ਨਿੱਜੀ ਤੇ ਸਮਾਜਕ ਜੀਵਨ ਸਮੇਟ ਲਿਆ ਹੈ ਪਰ ਪੰਜਾਬ ਵਿਚ ਪਰਿਵਾਰਕ ਜਿਉਣ ਦੇ ਨਿਘਾਰ ਦੀ ਕਥਾ ਦਾ ਵਿਖਿਆਨ ਸਮਾਜਕ ਜੀਵਨ ਦੇ ਨਿਘਾਰ ਦੀ ਕਥਾ ਤੋਂ ਵੱਖਰਾ ਨਹੀਂ ਹੈ, ਕਿਉਂਕਿ ਸੁਥਰੇ ਸਮਾਜ 'ਚ ਹੀ ਸੁਥਰੇ ਪਰਿਵਾਰ ਪਲ ਸਕਦੇ ਹਨ। ਬਾਹਰ ਦੀ ਹਵਾ ਖਰਾਬ ਹੋਵੇ ਤਾਂ ਆਪਣਾ ਵੱਖਰਾ ਸਵਰਗ ਨਹੀਂ ਬਣਾਇਆ ਜਾ ਸਕਦਾ; ਕਿਉਂਕਿ ਘਰ ਦੀ ਸੱਜਰੀ ਹਵਾ ਵਾਸਤੇ ਤਾਕੀ ਅੰਦਰ ਵੱਲ ਦੀ ਨਹੀਂ, ਬਾਹਰ ਵੱਲ ਨੂੰ ਹੀ ਖੋਲ੍ਹਣੀ ਪੈਂਦੀ ਹੈ। ਜੇ ਇਹ ਸੱਚ ਨਾ ਹੁੰਦਾ ਤਾਂ ਅਸੀਂ ਘਰਾਂ ਅੰਦਰ ਖੱਜਲ ਨਾ ਪਏ ਹੁੰਦੇ, ਪਰਿਵਾਰਾਂ ਦੇ ਨੌਜਵਾਨ ਬੇਰੁਜ਼ਗਾਰ ਤੇ ਗੁੰਮਰਾਹ ਨਾ ਹੁੰਦੇ ਤੇ ਘਰ ਦੀਆਂ ਔਰਤਾਂ ਦੀ ਹਿਫਾਜ਼ਤ ਦੀ ਚਿੰਤਾ ਨਾ ਹੁੰਦੀ।



ਇਹ ਕਹਿਣਾ ਬੜਾ ਸੌਖਾ ਹੈ ਕਿ ਭ੍ਰਿਸ਼ਟ ਰਾਜਨੀਤੀ ਨੇ ਪੰਜਾਬ ਨੂੰ ਖਰਾਬ ਕੀਤਾ ਹੈ ਪਰ ਗੱਲ ਤਾਂ ਇਹ ਵੀ ਸੋਚਣ ਦੀ ਹੈ ਕਿ ਅਸੀਂ ਕਦੋਂ ਲੋਕਤੰਤਰ ਦਾ ਧਰਮ ਨਿਭਾਇਆ ਹੈ। ਦਫਤਰਾਂ, ਯੂਨੀਵਰਸਿਟੀਆਂ, ਪੰਚਾਇਤਾਂ ਤੋਂ ਲੈ ਕੇ ਵਿਧਾਨ ਸਭਾ ਚੋਣਾਂ ਵਿਚ ਅਸੀਂ ਜਾਤ, ਧਰਮ ਦੇ ਨਾਂ 'ਤੇ ਵੋਟਾਂ ਪਾਉਂਦੇ ਹਾਂ, ਨਹੀਂ ਤਾਂ ਲੋਕਾਂ ਦੇ ਮੂੰਹ ਨੂੰ ਵੋਟਾਂ ਪਾਉਂਦੇ ਹਾਂ ਤੇ ਇਹੋ ਜਿਹੀ ਸਰਕਾਰ ਚੁਣਦੇ ਹਾਂ ਜੋ ਸਾਡੀ ਕਮਜ਼ੋਰੀ ਨੂੰ ਆਧਾਰ ਬਣਾ ਕੇ ਹੀ ਸਾਡੀ ਸੁੱਚੀ ਕਮਾਈ ਦਾ ਸਿਲਾ ਸਾਥੋਂ ਖੋਹ ਲੈਂਦੀ ਹੈ ਤੇ ਸਾਨੂੰ ਜਾਤ, ਧਰਮ ਦੀ ਵੰਡੀ ਵਿਚ ਉਲਝਾ ਦਿੰਦੀ ਹੈ। ਆਧੁਨਿਕ ਰਾਜ ਵਿਚ ਸਰਕਾਰ ਆਪਣੀ ਤਾਸੀਰ ਜਨਤਾ ਦੀ ਤਾਸੀਰ ਤੋਂ ਗ੍ਰਹਿਣ ਕਰਦੀ ਹੈ ਤੇ ਉਸ ਨੂੰ ਵਾਚ ਕੇ ਹੀ ਜਨਤਾ ਨਾਲ ਵਰਤਦੀ ਹੈ। ਜਦ ਸਾਡੇ ਆਪਣੇ ਕਿਰਦਾਰ ਡਿੱਗੇ ਹੋਏ ਨੇ ਤਾਂ ਅਸੀਂ ਸਰਕਾਰਾਂ ਵਿਚ ਇਖਲਾਕ ਕਿਵੇਂ ਭਾਲੀਏ? ਲੋਕਤੰਤਰ ਦਾ ਮਤਲਬ 'ਜਾਗਤੇ ਰਹੋ' ਹੈ, ਜਿਸ ਦੀ ਰਾਖੀ ਕਰਨੀ ਪੈਂਦੀ ਹੈ ਤੇ ਅਸੀਂ ਵੋਟਾਂ ਪਾ ਕੇ ਸਮਝੀਦੈ ਕਿ ਹੁਣ ਜੋ ਕਰਨਾ ਸਰਕਾਰ ਕਰੇਗੀ। ਲੋਕਤੰਤਰ ਦੀ ਸਫਲਤਾ ਲੋਕ ਧਰਮ ਦੇ ਨਿਰਬਾਹ 'ਤੇ ਨਿਰਭਰ ਹੈ, ਪਰ ਸਾਡੇ ਲੋਕ ਧਰਮ ਦਾ ਘੇਰਾ ਬਹੁਤ ਸੌੜਾ ਹੈ। ਲੋਕਤੰਤਰ ਦੀ ਕਾਮਯਾਬੀ ਲਈ ਜਾਤ-ਬਰਾਦਰੀ ਦਾ ਘੇਰਾ ਵੱਡਾ ਕਰਕੇ ਹਰ ਦਿਨ ਆਪਣੇ ਘਰਾਂ, ਦਫਤਰਾਂ, ਗਲੀ-ਮੁਹੱਲਿਆਂ ਤੇ ਚੋਣ ਹਲਕਿਆਂ ਵਿਚ ਸੰਘਰਸ਼ ਕਰਨਾ ਪੈਂਦਾ ਹੈ।

ਵਧਦੇ ਵਿਸ਼ਵ ਪੂੰਜੀਵਾਦ ਨੇ ਭਰਮ ਪਾ ਦਿੱਤਾ ਹੈ ਕਿ ਘਰੇ ਬਹਿ ਕੇ ਚੀਜ਼ਾਂ ਆਰਡਰ ਕਰੀ ਜਾਣਾ ਜੀਵਨ ਦਾ ਮਜ਼ਾ ਹੈ ਤੇ ਘੋਲ ਕਰਨਾ ਜਿਵੇਂ ਵਿਹਲਾ ਤੇ ਨਾਲਾਇਕ ਕੰਮ ਹੈ। ਅੱਜ ਸਾਡਾ ਮਨੋਬਲ ਟੁੱਟਾ ਹੋਇਆ ਹੈ, ਕਿਉਂਕਿ ਸਾਨੂੰ ਯਕੀਨ ਨਹੀਂ ਕਿ ਸੰਘਰਸ਼ ਦਾ ਯੋਗ ਫਲ ਮਿਲੂ ਵੀ ਕਿ ਨਹੀਂ ਪਰ ਇਕ ਵਾਰ ਜੇ ਪੰਜਾਬ ਦੇ ਲੋਕ ਫੈਸਲਾ ਕਰ ਲੈਣ ਕਿ ਹਰ ਗਲਤ ਨੂੰ ਸਹੀ ਕਰਨਾ ਹੈ ਤਾਂ ਜੱਗ ਜਾਣਦਾ ਹੈ ਕਿ ਨੀਤਾਂ ਨੂੰ ਮੁਰਾਦਾਂ ਹੁੰਦੀਆਂ ਨੇ। ਮੇਰਾ ਅਨੁਭਵ ਹੈ ਕਿ ਪ੍ਰਮਾਣਿਕ ਜੀਵਨ ਦੀ ਸ਼ੁਰੂਆਤ ਇਸੇ ਤਰ੍ਹਾਂ ਦੇ ਫੈਸਲੇ ਕਰਕੇ ਹੁੰਦੀ ਹੈ।

ਪੰਜਾਬ ਦੇ ਉਠਾਣ ਨੂੰ ਸਹੀ ਰਾਜਨੀਤਕ ਸੇਧ ਦੇਣ ਲਈ ਹਰ ਪੰਜਾਬੀ ਨੂੰ ਕੁਕਨੂਸ ਦੀ ਤਰ੍ਹਾਂ ਆਪਣੀ ਰਾਖ ਵਿਚੋਂ ਉਠ ਕੇ ਇਸ ਕ੍ਰਾਂਤੀ ਦਾ ਨਾਇਕ ਹੋਣਾ ਚਾਹੀਦਾ ਹੈ। ਉਹ ਜਿਥੇ ਹੈ, ਜੋ ਕਰ ਰਿਹਾ ਹੈ, ਲੋਕ-ਧਰਮ ਨਿਭਾ ਰਿਹਾ ਹੈ ਤੇ ਮੁਸਤੈਦੀ ਨਾਲ ਲੋਕਤੰਤਰ ਦੀ ਰਾਖੀ ਕਰ ਰਿਹਾ ਹੈ। ਜਿਸ ਦਿਨ ਸਾਡੀਆਂ ਰਸੋਈਆਂ, ਵਿਹੜਿਆਂ, ਮੁਹੱਲਿਆਂ ਤੇ ਦਫਤਰਾਂ ਵਿਚ ਅਸੀਂ ਸਮਦਰਸ਼ੀ ਬਣ ਕੇ ਲੋਕਤੰਤਰ ਦੇ ਰਖਵਾਲੇ ਬਣ ਗਏ; ਜਿਸ ਦਿਨ ਅਸੀਂ ਦੂਜੇ ਦੇ ਹੱਕ ਦੀ ਰਾਖੀ ਵੀ ਓਵੇਂ ਕਰਨ ਲੱਗੇ, ਜਿਵੇਂ ਆਪਣੇ ਦੀ ਕਰੀਦੀ ਹੈ ਤਾਂ ਉਸ ਦਿਨ ਪਾਰਲੀਮੈਂਟ ਵਿਚ ਬੈਠੇ ਸਾਡੇ ਲੇਖ ਲਿਖਣ ਵਾਲੇ ਵੀ ਇਹ ਸਮਝ ਜਾਣਗੇ ਕਿ ਅਸੀਂ ਹੁਣ ਉਹ ਨਹੀਂ ਰਹੇ!

ਮੇਰੇ ਤਾਈ ਜੀ ਜਦੋਂ ਸਵੈਟਰ ਬੁਣਨ ਲਈ ਸਲਾਈਆਂ 'ਤੇ ਕੁੰਡੇ ਪਾਉਣ ਲੱਗਦੇ ਜਾਂ ਕੋਈ ਵੀ ਲੰਮਾ ਤੇ ਔਖਾ ਕੰਮ ਕਰਨ ਲੱਗਦੇ ਤਾਂ ਕਿਸੇ ਕਰਮਸ਼ੀਲ ਬੰਦੇ ਦਾ ਪੌਖਾ ਲੈ ਕੇ ਕੰਮ ਸ਼ੁਰੂ ਕਰਦੇ ਤਾਂ ਜੋ ਕੰਮ ਨਿਰਵਿਘਨ ਤੇ ਛੇਤੀ ਪੂਰਾ ਹੋ ਜਾਵੇ। ਮੈਨੂੰ ਲੱਗਦਾ ਹੈ, ਪੰਜਾਬ ਦੇ ਨਵ-ਨਿਰਮਾਣ ਦੇ ਸੁਪਨੇ ਦਾ ਪੌਖਾ ਸਾਨੂੰ ਕਿਸਾਨ ਦੇ ਮੁੱਖ ਤੋਂ ਲੈਣਾ ਚਾਹੀਦਾ ਹੈ, ਕਿਉਂਕਿ ਉਹਦੇ ਮੁੱਖ 'ਤੇ ਪੰਜਾਬ ਦਾ ਅਧਿਆਤਮ ਹੈ। ਇਹ ਕਿਰਤ, ਸੰਘਰਸ਼, ਸੰਜਮ ਤੇ ਸਿਦਕ ਨਾਲ ਕਮਾਇਆ ਅਧਿਆਤਮ ਹੈ। ਤਰੱਕੀ ਦੀ ਬੇਤੁਕੀ ਦੌੜ ਵਿਚ ਕਿਸਾਨ ਨੂੰ ਪਿੱਛੇ ਪਾ ਕੇ ਪੰਜਾਬ ਦੀ ਬਰਕਤ ਘਟੀ ਹੈ ਤੇ ਸਾਡੇ ਪਦਾਰਥਕ ਤੇ ਆਤਮਿਕ ਖਜਾਨੇ ਖਾਲੀ ਹੋ ਗਏ ਨੇ। ਇਹ ਵੇਲਾ ਕਿਸਾਨ ਨੂੰ ਪੰਜਾਬ ਦੀ ਲੋਕ ਚੇਤਨਾ ਵਿਚ ਗੱਭੇ ਰੱਖ ਕੇ ਪੰਜਾਬ ਦੀ ਖੁਸ਼ਹਾਲੀ ਦਾ ਸਾਂਝਾ ਸੁਪਨਾ ਵੇਖਣ ਦਾ ਹੈ। ਕਿਸਾਨ-ਮੁਖੀ ਚੇਤਨਾ ਪੰਜਾਬ ਦੇ ਲੋਕ ਧਰਮ ਵਿਚ ਓਸੇ ਤਰ੍ਹਾਂ ਵੱਸੀ ਹੋਵੇ, ਜਿਵੇਂ ਗੁਰਮੁਖ ਵਾਸਤੇ ਗੁਰੂ ਦਾ ਬਚਨ ਹੁੰਦਾ ਹੈ; ਜੋ ਸਦਾ ਉਹਦੇ ਨਾਲ ਵੱਸਦਾ ਹੈ, ਜੋ ਜਲ ਵਿਚ ਡੁੱਬਦਾ ਨਹੀਂ, ਜਿਹਨੂੰ ਤਸਕਰ ਲੁੱਟ ਨਹੀਂ ਸਕਦਾ ਤੇ ਅੱਗ ਜਲਾ ਨਹੀਂ ਸਕਦੀ।

# ਕਿਸਾਨਾਂ ਬਾਰੇ ਸੰਤ ਰਾਮ ਉਦਾਸੀ ਦੇ ਦੋ ਗੀਤ

### ਹਾਲੀਆਂ ਪਾਲੀਆਂ ਦਾ ਗੀਤ

ਦਬਾ ਦਬ ਚੱਲ ਮੇਰੇ ਬੈਲਾਂ ਦੀਏ ਜੋੜੀਏ ਨੀ,
ਬੀਜਣੇ ਨੇ ਅਸੀਂ ਹਥਿਆਰ।
ਮੁੜ੍ਹਕੇ ਦਾ ਵੱਤਰ ਮੈਂ
ਮਸਾਂ ਹੈ ਸੰਭਾਲਿਆ ਨੀ,
ਪਵੇ ਨਾ ਚੌਮਾਸਿਆਂ ਦੀ ਮਾਰ।

ਦੱਬੇ ਪੈਰੀਂ ਲੰਘ ਚੱਲ ਢਾਰਿਆਂ ਦਾ ਮੋੜ,
ਖੜਕਾਈਂ ਨਾ ਤੂੰ ਟੱਲੀਆਂ ਦੇ ਰੌਣ ਨੀ।
ਰੋਟੀ ਦੀ ਰਿਹਾੜ ਕਰ ਸੁੱਤੀ ਏ 'ਪਿਆਰੋ',
ਜੀਹਦੇ ਹੌਕੇ 'ਜੰਗੂ' ਪਾਲੀ ਨੂੰ ਜਗੌਣ ਨੀ।
ਹਨੇਰਿਆਂ ਦੀ ਓਟ ਵਿਚ
ਰੱਜੇ ਹੋਏ ਸਾਨੂੰ ਵੇਖ,
ਕਿੱਦਾਂ ਰਹੇ ਮੱਕੀਆਂ ਉਜਾੜ।
ਨੀ ਜੋੜੀਏ ਬੀਜਣੇ ਨੇ ਅਸੀਂ ਹਥਿਆਰ।

ਸਿੰਗਾਂ ਦੀਆਂ ਤਿੱਖੀਆਂ ਸੰਗੀਨਾਂ
ਕਰ ਲਵੀਂ ਤੂੰ ਵੀ,
ਥੰਮ੍ਹ ਜਾਣ ਨੂਰੀਆਂ ਦੇ ਵੇਗ ਨੀ।
ਸੀਰੀਆਂ ਦੇ ਹੌਸਲੇ ਨੂੰ
ਉਜੜਿਆਂ ਟਾਂਡਿਆਂ ਦਾ
ਪੁੱਤਾਂ ਜਿੰਨਾ ਹੁੰਦਾ ਏ ਦਰੇਗ ਨੀ।
ਹੱਥਾਂ ਦੀਆਂ ਰੇਖਾਂ ਵਾਂਗੂੰ ਯੁੱਗ-ਪਲਟਾਊ ਹੁੰਦੇ,
ਜੱਟਾਂ ਲਈ ਖੇਤਾਂ ਦੇ ਸਿਆੜ।
ਨੀ ਜੋੜੀਏ ਬੀਜਣੇ ਨੇ ਅਸੀਂ ਹਥਿਆਰ।

'ਸੂਰਜ' ਤੇ 'ਧਰਤੀ' ਦੀ ਜੱਫੀ ਵਿਚ ਅੱਗ,
ਜਿਨ੍ਹਾਂ ਸੁਣਿਆ ਏ ਭੁਖਿਆਂ ਦਾ ਹਾੜ੍ਹ ਨੀ।
'ਪਸ਼ੂ' ਅਤੇ 'ਕਿਰਤੀ' ਦਾ ਇਕੋ ਇਤਿਹਾਸ,
ਜੀਹਨੂੰ ਲਿਖਦਾ ਤਾਂ ਆਇਆ ਏ 'ਕਰਾੜ' ਨੀ।
ਜੀਹਦੇ ਕੋਲ ਵੇਚ ਕੇ ਮੈਂ ਛੈਣਾਂ ਤੇਰੀ ਜੋੜੀਏ ਨੇ
ਸਕਿਆ ਵਿਆਜ ਵੀ ਨਾ ਤਾਰ।
ਨੀ ਜੋੜੀਏ ਬੀਜਣੇ ਨੇ ਅਸੀਂ ਹਥਿਆਰ।

ਸਾਡੇ ਮੱਥਿਆਂ 'ਤੇ
ਸਾਡੇ ਵੱਡਿਆਂ ਵਡੇਰਿਆਂ ਨੇ,
ਦਿੱਤੀ ਏ ਗਰੀਬੀ ਜਿਹਤੀ ਪੋਚ ਨੀ।
ਫਸਲਾਂ ਦੇ ਮੱਥੇ ਉਤੋਂ ਸਾੜ੍ਹਸਤੀ ਕੱਲਰਾਂ ਦੀ,
ਦੇਣੀ ਹੈ 'ਕਰਾਹਾਂ' ਨੇ ਖਰੋਚ ਨੀ।
ਤਾਹੀਓਂ ਅਸੀਂ ਘੁੱਟ ਕੇ
ਮੰਡਾਸਾ ਸਿਰ ਬੰਨ੍ਹਿਆ ਏ,
ਚੁੱਕਣਾ ਮਨੁੱਖਤਾ ਦਾ ਭਾਰ।
ਨੀ ਜੋੜੀਏ ਬੀਜਣੇ ਨੇ ਅਸੀਂ ਹਥਿਆਰ।

### ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,
ਬੋਹਲਾਂ ਵਿਚੋਂ ਨੀਰ ਵਗਿਆ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿਚੋਂ ਪੁੱਤ 'ਜੱਗਿਆ'।

ਸਾਡੇ ਪਿੜ ਵਿਚ ਤੇਰੇ ਗਲ ਚੀਥੜੇ ਨੀ,
ਮੇਰੀਏ ਜੁਆਨ ਕਣਕੇ।
ਕੱਲ੍ਹ ਸ਼ਾਹਾਂ ਦੇ ਗੋਦਾਮਾਂ ਵਿਚੋਂ ਨਿਕਲੇਂ,
ਤੂੰ ਸੋਨੇ ਦਾ ਪਟੋਲਾ ਬਣ ਕੇ।
ਤੂੰ ਵੀ ਬਣ ਗਿਆ ਗਮਾਂ ਦਾ ਗੁਮੰਤਰੀ,
ਓ! ਮੇਰੇ ਬੇਜ਼ੁਬਾਨ ਢੱਗਿਆ।
ਗਲ ਲੱਗ ਕੇ ਸੀਰੀ ਦੇ...।

ਸਾਡਾ ਘੁੱਟੀਂ ਘੁੱਟੀਂ ਖੂਨ ਤੇਲ ਪੀ ਗਿਆ,
ਤੇ ਖਾਦ ਖਾ ਗਈ ਹੱਡ ਖਾਰ ਕੇ।
ਬੋਲੇ ਬੈਂਕ ਦੀ ਤਕਾਵੀ ਵਹੀ ਅੰਦਰੋਂ,
ਬੋਹਲ ਨੂੰ ਖੰਗੂਰਾ ਮਾਰ ਕੇ।
ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ,
ਕਿ ਸੱਧਰਾਂ ਨੂੰ ਲਾਂਬੂ ਲੱਗਿਆ।
ਗਲ ਲੱਗ ਕੇ ਸੀਰੀ ਦੇ...।

ਧੀਏ ਕਿਹੜੇ ਨੀ ਭੜੋਲੇ ਵਿਚ ਡੱਕ ਲਾਂ,
ਮੈਂ ਤੇਰੀਆਂ ਜੁਆਨ ਸੱਧਰਾਂ।
ਵੱਢ ਖਾਣੀਆਂ ਸੱਸਾਂ ਦਾ ਰੂਪ ਧਾਰਿਆ,
ਹੈ ਸਾਡੀਆਂ ਸਮਾਜੀ ਕਦਰਾਂ।
ਧੀਏ ਕਿਹੜੇ ਮੈਂ ਨਜੂਮੀਆਂ ਨੂੰ ਪੁੱਛ ਲਾਂ,
ਕਿਉਂ ਚੰਨ ਨੂੰ ਸਰਾਪ ਲੱਗਿਆ?
ਗਲ ਲੱਗ ਕੇ ਸੀਰੀ ਦੇ...।

ਸੁੱਕੇ ਜਾਣ ਨਾ ਬੋਹਲਾਂ ਦਾ ਮਾਰ ਮਗਰਾ,
ਜੋ ਮਾਰਦੇ ਨੇ ਜਾਂਦੇ ਚਾਂਗਰਾਂ।
ਅੱਕ ਝੱਖੜਾਂ ਨੇ ਤੂੜੀ ਨੂੰ ਬਖੇਰਿਆ,
ਹੈ ਖੇਤਾਂ 'ਚ ਬਰੂਦ ਵਾਂਗਰਾਂ।
ਹੁਣ ਸਾਡਿਆਂ ਹੀ ਹੱਥਾਂ ਨੇ ਹੀ ਚੋਵਣਾ,
ਜੋ ਮਿਹਨਤਾਂ ਨੂੰ ਮਖੋਂ ਲੱਗਿਆ।
ਗਲ ਲੱਗ ਕੇ ਸੀਰੀ ਦੇ...।

## ਲਹੂ

ਲਹੂ ਲਹੂ ਲਹੂ ਲਹੂ
ਹਰ ਪਾਸੇ ਬੱਸ ਲਹੂ ਲਹੂ।
ਏਧਰ ਡੁੱਲ੍ਹਦਾ ਏਹ ਵੀ ਲਹੂ
ਓਧਰ ਡੁੱਲ੍ਹਦਾ ਓਹ ਵੀ ਲਹੂ।

ਕਿਸ ਨੂੰ ਦਿਸਦਾ ਹੈ ਲਹੂ
ਜਿਸ ਨੂੰ ਦਿਸਦਾ ਹੈ ਲਹੂ
ਉਹ ਮਾਂ ਹਉਕੇ ਲੈ ਕਹੂ
ਕਿਸੇ ਦੀ ਵਿਧਵਾ ਹੋ ਗਈ ਬਹੂ।

ਬਦਲੇ ਦਾ ਬਦਲਾ ਲਹੂ
ਸ਼ਾਂਤੀ ਦੀ ਗੱਲ ਕੌਣ ਕਹੂ?
ਤੱਤੀ ਤਵੀ 'ਤੇ ਕੌਣ ਬਹੂ?
ਗੁਰੂ ਬਹੂ! ਤੇਰੀ ਕੌਮ ਰਹੂ।

ਆਜ਼ਾਦ ਤੂੰ ਹੈਂ! ਦਿੱਤਾ ਲਹੂ
ਤੇਰੇ ਲਈ ਪੀਤਾ ਲਹੂ।
ਪਰਤ ਕੇ ਬਸ ਦਿੱਤਾ ਜੋ ਤੂੰ
ਲਹੂ ਲਹੂ ਲਹੂ ਲਹੂ।

ਰਾਜੋਂ ਨਰਕ! ਏਹ ਹੋ ਰਹੂ
ਕੱਦ ਤੱਕ ਰੱਬ ਵਧੀਕੀ ਸਹੂ।
'ਹਮਦਮ' ਤੇ ਏਹ ਕਹੂ-ਕਹੂ
ਚਿੱਟਾ ਬਸ ਹੋ ਗਿਆ ਲਹੂ।
ਲਹੂ ਲਹੂ ਲਹੂ ਲਹੂ?

*-ਸੁਖਵਿੰਦਰ ਹਮਦਮ ਬੋਦਲਾਂਵਾਲਾ*
*ਫੋਨ: 360-281-2624*

---

## ਮੋਦੀ ਸਰਕਾਰ

ਰੁਪਈਆ ਡਾਲਰ 73 ਪਾਰ,
ਫੇਲ੍ਹ ਮੋਦੀ ਦੀ ਸਰਕਾਰ।
ਅਰਥਚਾਰਾ ਤਾਰੋ-ਤਾਰ,
ਮਹਿੰਗਾਈ ਦੀ ਮਾਰੋ-ਮਾਰ।

ਨਾ ਨੌਕਰੀ, ਨਾ ਰੁਜ਼ਗਾਰ,
ਗਊਆਂ ਖਾਤਰ ਮਾਰੋ-ਮਾਰ।
ਮੋਦੀ ਕਰਦਾ 'ਮਨ ਕੀ ਬਾਤ'
ਗਿੱਲ ਦੇ ਮਨ ਦੀ ਲਏ ਨਾ ਸਾਰ।


*-ਜੁਗਰਾਜ ਸਿੰਘ ਗਿੱਲ, ਯੌਰਕ*
*ਫੋਨ: 704-257-6693*

# ਲਾਹੌਰ ਦਾ ਰਾਜਕੁਮਾਰੀ ਬੰਬਾ ਸੰਗ੍ਰਹਿ

**ਵਿਰਾਸਤ**

***ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਰਾਜਕੁਮਾਰੀ ਬੰਬਾ ਜਿੰਦਾਂ ਸਦਰਲੈਂਡ, ਮਹਾਰਾਜਾ ਦਲੀਪ ਸਿੰਘ ਦੀ ਵੱਡੀ ਧੀ ਸੀ। ਉਸ ਵੰਸ਼ ਦੀ ਅੰਤਿਮ ਨਿਸ਼ਾਨੀ। ਉਸ ਨੇ ਆਪਣਾ ਆਖਰੀ ਸਮਾਂ ਲਾਹੌਰ ਵਿਚ ਗੁਜ਼ਾਰਿਆ। ਦਲੀਪ ਸਿੰਘ ਦੀ ਧੀ ਹੋਣ ਨਾਤੇ ਉਸ ਨੂੰ ਮਿਲੀ ਵਿਰਾਸਤ ਲਾਹੌਰ ਦੇ ਕਿਲ੍ਹੇ ਵਿਚ ਪਈ ਹੈ। ਸੁਭਾਸ਼ ਪਰਿਹਾਰ ਦੇ ਇਸ ਲੇਖ ਵਿਚ ਇਸ ਵਡਮੁੱਲੇ ਖਜਾਨੇ ਬਾਰੇ ਜਾਣਕਾਰੀ ਦਿੱਤੀ ਗਈ ਹੈ। -ਸੰਪਾਦਕ***

ਲਾਹੌਰ ਦੇ ਕਿਲ੍ਹੇ ਅੰਦਰ ਮੋਤੀ ਮਸਜਿਦ ਨਾਲ ਲਗਦੇ ਅਹਾਤੇ ਵਿਚ ਦੋ-ਮੰਜ਼ਿਲੀ ਇਮਾਰਤ ਹੈ, ਜੋ 'ਰਾਣੀ ਜਿੰਦਾਂ ਦੀ ਹਵੇਲੀ' ਦੇ ਨਾਂ ਨਾਲ ਪ੍ਰਸਿਧ ਹੈ। ਰਾਣੀ ਜਿੰਦਾਂ ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਰਾਣੀ ਸੀ। ਹਵੇਲੀ ਦੀ ਉਪਰਲੀ ਮੰਜ਼ਿਲ 'ਤੇ 87 ਪੇਂਟਿੰਗਾਂ ਅਤੇ ਹੋਰ ਪੁਰਾਤਨ ਵਸਤਾਂ ਪ੍ਰਦਰਸ਼ਿਤ ਹਨ। ਇਸ ਸਾਰੇ ਸੰਗ੍ਰਹਿ ਨੂੰ 'ਰਾਜਕੁਮਾਰੀ ਬੰਬਾ ਸੰਗ੍ਰਹਿ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਵਸਤਾਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਜਾਂਨਸ਼ੀਨਾਂ ਦੇ ਜੀਵਨ ਅਤੇ ਸਮਿਆਂ 'ਤੇ ਚੋਖੀ ਰੌਸ਼ਨੀ ਪਾਉਂਦੀਆਂ ਹਨ। ਇਨ੍ਹਾਂ ਇਤਿਹਾਸਕ ਵਸਤਾਂ ਬਾਰੇ ਜਾਣਨ ਤੋਂ ਪਹਿਲਾਂ ਅਸੀਂ ਰਾਜਕੁਮਾਰੀ ਬੰਬਾ ਬਾਰੇ ਕੁਝ ਜਾਣਕਾਰੀ ਲੈ ਲਈਏ ਤਾਂ ਬਿਹਤਰ ਹੋਵੇਗਾ।



**ਸੁਭਾਸ਼ ਪਰਿਹਾਰ**
**ਫੋਨ: 91-98728-22417**

ਮਹਾਰਾਜਾ ਰਣਜੀਤ ਸਿੰਘ ਨੇ ਤਲਵਾਰ ਦੇ ਜ਼ੋਰ 'ਤੇ ਅਤੇ ਸਿਆਸੀ ਸੂਝ-ਬੂਝ ਨਾਲ ਜੋ ਵਿਸ਼ਾਲ ਅਤੇ ਸ਼ਕਤੀਸ਼ਾਲੀ ਸਾਮਰਾਜ ਸਥਾਪਿਤ ਕੀਤਾ ਸੀ, ਉਹ ਉਸ ਦੇ 1839 ਵਿਚ ਦੇਹਾਂਤ ਮਗਰੋਂ ਦਹਾਕਾ ਪੂਰਾ ਹੋਣ ਤੋਂ ਪਹਿਲਾਂ ਹੀ ਖਤਮ ਹੋ ਗਿਆ। ਇਸ ਦੌਰਾਨ ਉਸ ਦਾ ਜੇਠਾ ਪੁੱਤਰ ਖੜਗ ਸਿੰਘ, ਪੋਤਰਾ ਨੌਨਿਹਾਲ ਸਿੰਘ ਅਤੇ ਦੂਸਰਾ ਪੁੱਤਰ ਸ਼ੇਰ ਸਿੰਘ ਥੋੜ੍ਹੇ ਥੋੜ੍ਹੇ ਸਮੇਂ ਲਈ ਰਾਜ ਗੱਦੀ 'ਤੇ ਬੈਠੇ, ਪਰ ਸਾਰੇ ਛੇਤੀ ਹੀ ਦਰਬਾਰੀ ਧੜੇਬੰਦੀ ਦੇ ਸ਼ਿਕਾਰ ਹੁੰਦੇ ਗਏ। ਆਖਿਰ 1843 ਵਿਚ ਰਾਣੀ ਜਿੰਦਾਂ ਦੀ ਕੁੱਖੋਂ ਪੈਦਾ ਹੋਏ ਮਹਾਰਾਜਾ ਰਣਜੀਤ ਸਿੰਘ ਦੇ ਛੇ ਸਾਲਾ ਰਾਜਕੁਮਾਰ ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾਇਆ ਗਿਆ, ਪਰ ਉਹ ਵੀ ਲੰਮਾ ਸਮਾਂ ਰਾਜ ਨਾ ਕਰ ਸਕਿਆ। 12 ਸਾਲਾਂ ਦਾ ਹੋਣ ਤੋਂ ਪਹਿਲਾਂ ਹੀ 21 ਫਰਵਰੀ 1849 ਦੇ ਦਿਨ ਉਸ ਨੂੰ ਵਿਰਸੇ ਵਿਚ ਪ੍ਰਾਪਤ ਹੋਇਆ ਸਾਮਰਾਜ ਦਾ ਦੀਵਾ ਈਸਟ ਇੰਡੀਆ ਕੰਪਨੀ ਦੀਆਂ ਫੌਜਾਂ ਨੇ ਸਦਾ ਲਈ ਬੁਝਾ ਦਿੱਤਾ। ਰਾਜ ਤੋਂ ਵਾਂਝਾ ਦਲੀਪ ਸਿੰਘ ਅੰਗਰੇਜ਼ਾਂ



*ਮਹਾਰਾਜਾ ਦਲੀਪ ਸਿੰਘ*



*ਮਹਾਰਾਣੀ ਜਿੰਦਾਂ*

ਦਾ ਪੈਨਸ਼ਨੀਆ ਹੋ ਨਿਬੜਿਆ। ਉਸ ਨੂੰ ਲਾਹੌਰ ਤੋਂ ਉਤਰ-ਪੱਛਮੀ ਸੂਬੇ (ਅਜੋਕਾ ਉਤਰ ਪ੍ਰਦੇਸ਼) ਵਿਚ ਗੰਗਾ ਨਦੀ ਕੰਢੇ ਸਥਿਤ ਕਸਬੇ ਫਤਹਿਗੜ੍ਹ ਵਿਖੇ ਲਿਜਾ ਕੇ ਬੰਗਾਲ ਸੈਨਾ ਦੇ ਸਰਜਨ ਡਾਕਟਰ ਜੌਹਨ ਸਪੈਂਸਰ ਲਾਜਿਨ (1809-63) ਦੀ ਸਰਪ੍ਰਸਤੀ ਵਿਚ ਰੱਖ ਦਿੱਤਾ।

1853 ਵਿਚ ਦਲੀਪ ਸਿੰਘ ਨੇ ਸਿੱਖੀ ਤਿਆਗ ਕੇ ਈਸਾਈ ਬਣ ਜਾਣ ਦਾ ਫੈਸਲਾ ਕਰ ਲਿਆ। ਅਗਲੇ ਵਰ੍ਹੇ ਹੀ ਉਹ ਇੰਗਲੈਂਡ ਚਲਿਆ ਗਿਆ, ਜਿਥੇ ਉਹ ਈਸਟ ਐਂਗਲੀਆ ਵਿਖੇ ਸਫੋਕ ਅਤੇ ਨਾਰਫੋਕ ਦੀ ਹੱਦ 'ਤੇ ਸਥਿਤ ਥੈਟਫੋਰਡ ਤੋਂ ਚਾਰ ਮੀਲ ਪਾਸੇ ਐਲਵੇਡਨ ਵਿਖੇ ਵਸ ਗਿਆ।

ਜੂਨ 1864 ਵਿਚ ਦਲੀਪ ਸਿੰਘ ਨੇ ਮਿਸਰ ਦੇ ਸ਼ਹਿਰ ਅਲੈਗਜ਼ੈਂਡਰੀਆ ਵਿਖੇ ਬੰਬਾ ਮੂਲਰ ਨਾਂ ਦੀ ਸਚਿਆਰੀ ਈਸਾਈ ਕੁੜੀ ਨਾਲ ਵਿਆਹ ਕਰਵਾ ਲਿਆ। ਬੰਬਾ ਜਰਮਨ ਬੈਂਕਰ ਲੁਦਵਿਗ ਮੂਲਰ ਦੀ ਇਥੋਪੀਆਈ ਔਰਤ ਤੋਂ ਜਨਮੀ ਔਲਾਦ



*ਰਾਜਕੁਮਾਰੀ ਬੰਬਾ*

ਸੀ। ਬਾਰਾਂ ਸਾਲਾਂ ਦੌਰਾਨ ਅਰਬੀ ਭਾਸ਼ਾ ਬੋਲਣ ਵਾਲੀ ਇਸ ਬੀਵੀ ਤੋਂ ਛੇ ਬੱਚੇ ਪੈਦਾ ਹੋਏ-ਤਿੰਨ ਮੁੰਡੇ ਅਤੇ ਤਿੰਨ ਕੁੜੀਆਂ। ਕੁੜੀਆਂ ਵਿਚੋਂ ਸਭ ਤੋਂ ਵੱਡੀ ਧੀ ਜੋ 1866 ਵਿਚ ਪੈਦਾ ਹੋਈ ਸੀ, ਦਾ ਨਾਂ ਉਸ ਦੀ ਮਾਂ ਅਤੇ ਦਾਦੀ ਦੇ ਨਾਂ ਜੋੜ ਕੇ ਬੰਬਾ ਜਿੰਦਾਂ ਰੱਖਿਆ ਗਿਆ। ਦਲੀਪ ਸਿੰਘ ਦੀ ਜ਼ਿੰਦਗੀ ਦੇ ਬਾਅਦ ਵਾਲੇ ਸਮੇਂ ਦੌਰਾਨ ਉਸ ਦੀ ਕਿਸਮਤ ਦਾ ਸਿਤਾਰਾ ਡੁੱਬ ਗਿਆ। ਟੁੱਟੇ ਦਿਲ ਵਾਲਾ ਅਤੇ ਦੀਵਾਲੀਆ ਮਹਾਰਾਜਾ ਪੈਰਿਸ ਵਿਚ 22 ਅਕਤੂਬਰ 1893 ਨੂੰ ਫੌਤ ਹੋ ਗਿਆ।

ਬੰਬਾ ਜਿੰਦਾਂ ਨੇ ਅੰਗਰੇਜ਼ ਡਾਕਟਰ ਸਦਰਲੈਂਡ ਨਾਲ ਸ਼ਾਦੀ ਕੀਤੀ। ਉਹ ਲਾਹੌਰ ਰਹਿੰਦੇ ਸਨ, ਜਿਥੇ ਸਦਰਲੈਂਡ ਕਿੰਗ ਐਡਵਰਡ ਮੈਡੀਕਲ ਕਾਲਜ ਵਿਚ ਪੜ੍ਹਾਉਂਦਾ ਸੀ। ਆਪਣੇ ਪਤੀ ਦੀ ਮੌਤ ਮਗਰੋਂ ਬੰਬਾ ਲਾਹੌਰ ਵਿਖੇ ਹੀ ਲਗਭਗ ਗੁਮਨਾਮੀ ਦੀ ਜ਼ਿੰਦਗੀ ਬਸਰ ਕਰਦੀ ਰਹੀ। ਇਕ ਵਾਰ ਮਾਡਲ ਟਾਊਨ ਵਿਖੇ ਆਪਣੀ ਰਿਹਾਇਸ਼ ਵੱਲ ਲੋਕਲ ਬੱਸ ਵਿਚ ਸਫਰ ਕਰਦਿਆਂ ਬਸ ਕੰਡਕਟਰ ਨੇ ਉਸ ਨੂੰ ਸੀਟ ਦੇਣੋਂ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਇਹ ਦੱਸਣਾ ਪਿਆ ਕਿ ਉਹ ਕੌਣ ਸੀ-ਪੰਜਾਬ ਦੇ ਸਾਬਕਾ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ।

ਮਹਾਰਾਜਾ ਦਲੀਪ ਸਿੰਘ ਦੀ ਅੰਤਿਮ ਜਿਉਂਦੀ ਸੰਤਾਨ ਹੋਣ ਕਾਰਨ ਉਸ ਨੂੰ ਆਪਣੇ ਪਿਤਾ ਦਲੀਪ ਸਿੰਘ ਦੀਆਂ ਪੇਂਟਿੰਗਾਂ ਅਤੇ ਹੋਰ ਕਲਾ-ਵਸਤਾਂ ਪ੍ਰਾਪਤ ਹੋਈਆਂ। ਆਪਣੇ ਬਾਕੀ ਦੇ ਸਾਰੇ ਭੈਣ-ਭਰਾਵਾਂ ਵਾਂਗ ਹੀ ਬੰਬਾ ਦੇ ਕੋਈ ਔਲਾਦ ਨਾ ਹੋਈ। 10 ਮਾਰਚ 1957 ਦੇ ਦਿਨ ਆਪਣੇ ਦੇਹਾਂਤ ਤੋਂ ਪਹਿਲਾਂ ਉਸ ਨੇ ਆਪਣਾ ਸਾਰਾ ਨਿੱਜੀ ਸੰਗ੍ਰਹਿ ਆਪਣੇ ਵਿਸ਼ਵਾਸਪਾਤਰ ਸੇਵਾਦਾਰ ਪੀਰ ਕਰੀਮ ਬਖਸ਼ ਸਪਰਾ ਨੂੰ ਦੇ ਦਿੱਤਾ, ਜਿਸ ਨੇ ਕੁਝ ਸਾਲਾਂ ਮਗਰੋਂ ਹੀ ਸਾਰਾ ਸਮਾਨ ਪਾਕਿਸਤਾਨ ਸਰਕਾਰ ਨੂੰ ਵੇਚ ਦਿੱਤਾ। 1965 ਵਿਚ ਰਾਣੀ ਜਿੰਦਾਂ ਦੀ ਹਵੇਲੀ ਨੂੰ ਅਜਾਇਬਘਰ ਦਾ ਰੂਪ ਦੇ ਕੇ ਇਹ ਸਾਰੀਆਂ ਵਸਤਾਂ ਉਥੇ ਪ੍ਰਦਰਸ਼ਿਤ ਕਰ ਦਿੱਤੀਆਂ ਗਈਆਂ। ਇਸ ਸੰਗ੍ਰਹਿ ਵਿਚ 10 ਤੇਲ ਰੰਗਾਂ ਵਾਲੇ ਚਿੱਤਰ, 14 ਜਲ ਰੰਗਾਂ ਵਾਲੇ ਚਿੱਤਰ, 22 ਹਾਥੀਦੰਦ 'ਤੇ ਬਣੇ ਚਿੱਤਰ, 16 ਫੋਟੋਗ੍ਰਾਫ, 10 ਧਾਤ ਦੀਆਂ ਵਸਤਾਂ ਅਤੇ 7 ਹੋਰ ਫੁਟਕਲ ਚੀਜ਼ਾਂ ਸ਼ਾਮਲ ਹਨ।

ਸੰਗ੍ਰਹਿ ਦੇ ਤੇਲ ਰੰਗਾਂ ਵਾਲੇ ਚਿੱਤਰ ਜ਼ਿਆਦਾਤਰ ਯੂਰਪੀ ਚਿੱਤਰਕਾਰਾਂ-ਅਗਸਤ ਥਿਓਡੋਰ ਸ਼ਾਫਟ, ਐਫ. ਐਕਸ. ਵਿੰਟਰਹਾਲਟਰ, ਲੈਸਲੀ ਪੂਲਸਮਿਥ, ਕੈਪਟਨ ਗੋਲਡਿੰਘਮ, ਬਲੈਕਨੀ ਵਾਰਡ, ਪੀ. ਸੀ. ਫ੍ਰੈਂਚ ਅਤੇ ਪੈਲੇਟ ਦੀਆਂ ਕਿਰਤਾਂ ਹਨ। ਇਨ੍ਹਾਂ ਚਿੱਤਰਾਂ ਦਾ ਵਧੇਰੇ ਮਹੱਤਵ ਇਨ੍ਹਾਂ ਦੇ ਵਿਸ਼ਾ-ਵਸਤੂ ਕਾਰਨ ਹੈ, ਜੋ ਕੈਮਰੇ ਵਰਗੀ ਬਾਰੀਕੀ ਨਾਲ ਚਿਤਰਿਆ ਹੋਇਆ ਹੈ।

ਆਸਟਰਿਆਈ ਚਿੱਤਰਕਾਰ ਅਗਸਤ ਸ਼ਾਫਟ (1809-88) ਦੇ ਲਾਹੌਰ ਦਰਬਾਰ ਦੇ ਵਿਸ਼ਾਲ ਤੇਲ ਰੰਗਾਂ ਵਾਲੇ ਚਿੱਤਰ ਵਿਚ ਅਹਿਲਕਾਰਾਂ ਨਾਲ ਘਿਰੇ ਮਹਾਰਾਜੇ ਨੂੰ ਨਜ਼ਰਾਨੇ ਲੈਂਦਾ ਦਰਸਾਇਆ ਗਿਆ ਹੈ। ਇਸ ਸ਼ਾਨਦਾਰ ਦਰਬਾਰ ਦੇ ਦ੍ਰਿਸ਼ ਵਿਚ ਪ੍ਰਸਿਧ ਕਲਾ-ਇਤਿਹਾਸਕਾਰ ਐਫ. ਐਸ. ਐਜਾਜ਼ੁਦੀਨ ਨੇ ਘੱਟੋ-ਘੱਟ 50 ਚਿਹਰੇ ਪਛਾਣ ਲਏ ਹਨ, ਜਿਨ੍ਹਾਂ ਵਿਚ ਸ਼ੇਰ ਸਿੰਘ, ਖੜਗ ਸਿੰਘ, ਨੌਨਿਹਾਲ ਸਿੰਘ, ਨੂਰ-ਉਦ-ਦੀਨ, ਸ਼ਾਮ ਸਿੰਘ ਅਟਾਰੀਵਾਲਾ, ਜਯਾਂ-ਫਰੈਂਕਾਇਜ ਅਲਾਰਡ, ਜਯਾਂ-ਬਾਪਤਿਸਤ ਵੈਂਚੂਰਾ, ਵਾਨ ਕੋਰਟਲੈਂਡ, ਜੋਹਾਨ ਮਾਰਟਿਨ ਹਾਨਿਗਬਰਗਰ ਆਦਿ ਸ਼ਾਮਿਲ ਹਨ। ਜੇ ਅਸੀਂ ਇਸ ਦ੍ਰਿਸ਼ ਦੀ ਮੁਗਲ ਦਰਬਾਰ ਦੇ ਚਿੱਤਰਾਂ ਨਾਲ ਤੁਲਨਾ ਕਰੀਏ ਤਾਂ ਦੋਹਾਂ ਰਾਜਾਂ ਦੇ ਸੁਭਾਅ ਦੇ ਅੰਤਰ ਬਾਰੇ ਭਲੀ-ਭਾਂਤ ਜਾਣ ਸਕਦੇ ਹਾਂ।

ਇਸੇ ਕਲਾਕਾਰ ਦੇ ਇਕ ਹੋਰ ਚਿੱਤਰ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਦਰਬਾਰ ਸਾਹਿਬ ਮੂਹਰੇ ਦਰਸਾਇਆ ਗਿਆ ਹੈ। ਆਪਣੇ ਮੁੱਖ ਧਰਮ ਸਥਾਨ ਪ੍ਰਤੀ ਸ਼ਰਧਾ-ਸਤਿਕਾਰ ਦਰਸਾਉਣ ਦੇ ਨਾਲ ਨਾਲ ਇਹ ਚਿੱਤਰ ਉਸ ਸਮੇਂ ਦਰਬਾਰ ਸਾਹਿਬ ਦੇ ਆਲੇ-ਦੁਆਲੇ ਬਾਰੇ ਵੀ ਕੀਮਤੀ ਜਾਣਕਾਰੀ ਦਿੰਦਾ ਹੈ। ਇਕ ਹੋਰ ਚਿੱਤਰ ਵਿਚ ਮਹਾਰਾਜਾ ਦੇ ਪੁੱਤਰ ਸ਼ੇਰ ਸਿੰਘ ਨੂੰ ਦਰਬਾਰੀਆਂ ਨਾਲ ਚਿਤਰਿਆ ਗਿਆ ਹੈ।

ਕਲਾਕਾਰ ਜਾਰਜ ਰਿਚਮੰਡ ਦੇ ਬਣਾਏ ਮਹਾਰਾਣੀ ਜਿੰਦਾਂ ਦੇ ਚਿੱਤਰ ਵਿਚ ਉਸ ਦੀ ਖ਼ੂਬਸੂਰਤੀ ਜਿਉਂਦੀ ਹੋ ਜਾਂਦੀ ਹੈ। ਜ਼ਰੀਦਾਰ ਪੁਸ਼ਾਕ ਵਿਚ ਗੌਰਵਸ਼ਾਲੀ ਰਾਣੀ ਨੂੰ ਲਾਲ ਗੋਲ ਸਿਰਹਾਣੇ ਨਾਲ ਢੋਅ ਲਾ ਕੇ ਬੈਠੀ ਦਰਸਾਇਆ ਗਿਆ ਹੈ। ਸ਼ੇਰ ਸਿੰਘ ਦੇ ਪੋਰਟਰੇਟ ਵਿਚ ਉਸ ਦੀ ਸ਼ਾਹੀ



*ਮਹਾਰਾਜਾ ਦਲੀਪ ਸਿੰਘ ਦੀ ਧੀਆਂ ਬੰਬਾ, ਕੈਥਰੀਨ ਤੇ ਸੋਫੀਆ।*

ਪੁਸ਼ਾਕ ਅਤੇ ਗਹਿਣਿਆਂ ਦਾ ਬਾਰੀਕ ਚਿਤਰਨ ਹੈ।


ਮਹਾਰਾਜਾ ਦਲੀਪ ਸਿੰਘ ਦਾ ਪ੍ਰਸਿਧ ਜਲ ਰੰਗਾਂ ਵਾਲਾ ਚਿੱਤਰ ਵੀ ਇਸ ਸੰਗ੍ਰਹਿ ਵਿਚ ਸ਼ਾਮਿਲ ਹੈ। ਇਸ ਚਿੱਤਰ ਵਿਚ ਮਹਾਰਾਜਾ ਸੁਨਹਿਰੀ ਪੁਸ਼ਾਕ ਅਤੇ ਇਸ ਨਾਲ ਢੁਕਦੀ ਹੀਰੇ-ਜਵਾਹਰਾਤ ਜੜੀ ਕਲਗੀ ਵਾਲੀ ਪੱਗ ਬੰਨ੍ਹੀ ਸੱਜੇ ਹੱਥ ਵਿਚ ਤਲਵਾਰ ਲਈ ਖੜ੍ਹਾ ਦਰਸਾਇਆ ਗਿਆ ਹੈ। ਗਲੇ ਵਿਚ ਰਾਣੀ ਵਿਕਟੋਰੀਆ ਦੀ ਹੀਰਿਆਂ ਵਿਚ ਜੜੀ ਛੋਟੀ ਜਿਹੀ ਤਸਵੀਰ ਹੈ, ਜੋ ਲਾਰਡ ਆਕਲੈਂਡ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਭੇਟ ਕੀਤੀ ਸੀ। ਕਲਾਕਾਰ ਪੈਲੇਟ ਦਾ ਬਣਾਇਆ ਇਹ ਚਿੱਤਰ ਮਹਾਰਾਣੀ ਵਿਕਟੋਰੀਆ ਦੇ ਪਸੰਦੀਦਾ ਪੇਂਟਰ ਐਫ. ਐਕਸ. ਵਿੰਟਰਹਾਲਟਰ ਦੇ ਬਣਾਏ ਅਸਲ ਚਿੱਤਰ ਦੀ ਨਕਲ ਹੈ। ਭਾਵੇਂ ਇਹ ਅਸਲ ਚਿੱਤਰ ਇੰਗਲੈਂਡ ਦੇ ਬਕਿੰਘਮ ਪੈਲੇਸ ਵਿਖੇ ਬਣਾਇਆ ਗਿਆ ਸੀ, ਪਰ ਮਹਾਰਾਜਾ ਦਲੀਪ ਸਿੰਘ ਦੀ ਪਿੱਠਭੂਮੀ ਵਿਚ ਲਾਹੌਰ ਦੇ ਗੁੰਬਦਾਂ ਅਤੇ ਮੀਨਾਰਾਂ ਤੀਕ ਅੱਪੜਦਾ ਪੰਜਾਬ ਦਾ ਮੈਦਾਨ ਹੀ ਦਰਸਾਇਆ ਗਿਆ ਹੈ।

ਦਲੀਪ ਸਿੰਘ ਦੇ ਬੇਟੇ ਫ੍ਰੈਡਰਿਕ (ਜਨਮ 1868) ਦਾ ਲੈਸਲੀ ਪੋਲਸਮਿਥ ਦਾ 1909 ਵਿਚ ਬਣਾਇਆ ਚਿੱਤਰ ਬ੍ਰਿਟਿਸ਼ ਮੇਜਰ ਦੀ ਪੁਸ਼ਾਕ ਵਿਚ ਹੈ। ਮਹਾਰਾਜਾ ਦਲੀਪ ਸਿੰਘ ਦੇ ਪਰਿਵਾਰ ਦੇ ਹੋਰ ਜੀਆਂ ਦੇ ਪੋਰਟਰੇਟ ਵੀ ਬੇਸ਼ਕੀਮਤੀ ਇਤਿਹਾਸਕ ਰਿਕਾਰਡ ਹਨ।

ਸੰਗ੍ਰਹਿ ਵਿਚ ਰੋਚਕ ਕਲਾ-ਵਸਤ ਚਾਂਦੀ ਦੀ ਬਣੀ ਹਾਥੀ-ਸਵਾਰ ਮਹਾਰਾਜਾ ਰਣਜੀਤ ਸਿੰਘ ਦੀ ਮੂਰਤੀ ਹੈ, ਜਿਸ ਵਿਚ ਉਸ ਨੂੰ ਅਨੇਕਾਂ ਘੋੜਸਵਾਰਾਂ ਨਾਲ ਦਿਖਾਇਆ ਗਿਆ ਹੈ। ਜੁਲਾਈ 1883 ਵਿਚ ਦਲੀਪ ਸਿੰਘ ਨੇ ਭਾਰਤ ਮੁੜਨ ਲਈ ਲੋੜੀਂਦੇ 20,000 ਪੌਂਡ ਉਗਰਾਹੁਣ ਲਈ ਇਹ ਮੂਰਤੀ ਬੋਲੀ 'ਤੇ ਲਾ ਦਿੱਤੀ ਸੀ।

ਸੰਗ੍ਰਹਿ ਦੀਆਂ ਹੋਰ ਵਸਤਾਂ ਵਿਚ 22 ਹਾਥੀਦੰਦ ਦੀਆਂ ਅੰਡਾਕਾਰ ਛੋਟੀਆਂ ਤਸਵੀਰਾਂ, ਬੰਬਾ ਦੀ ਛੋਟੀ ਭੈਣ ਰਾਜਕੁਮਾਰੀ ਸੋਫੀਆ ਨੂੰ ਸਿੱਖ ਸਿਪਾਹੀਆਂ ਵੱਲੋਂ ਜਨਵਰੀ 1916 ਵਿਚ ਭੇਟ ਕੀਤਾ ਚਾਂਦੀ ਦਾ ਕੱਪ, ਸੋਨਾ ਅਤੇ ਕੀਮਤੀ ਪੱਥਰ ਜੜਿਆ ਘੋੜੇ ਦਾ ਸਾਜ਼ੋ-ਸਮਾਨ, ਸੋਨੇ ਦੀ ਪਲੇਟ ਚੜ੍ਹਿਆ ਛਤਰ, ਦਲੀਪ ਸਿੰਘ ਦਾ ਪਲਾਸਟਰ ਦਾ ਧੜ (ਰਾਣੀ ਵਿਕਟੋਰੀਆ ਦੇ ਹੁਕਮ ਨਾਲ ਕਲਾਕਾਰ ਬੈਰਨ ਮੈਰੋਚੈਟੀ ਦਾ ਬਣਾਇਆ) ਸ਼ਾਮਿਲ ਹੈ। ਸੰਗ੍ਰਹਿ ਵਿਚ ਜ਼ਫਰਨਾਮਾ-ਏ-ਰਣਜੀਤ ਸਿੰਘ ਦੇ ਲੇਖਕ ਰਾਇ ਕਨ੍ਹਈਆ ਲਾਲ ਦੀ ਫਾਰਸੀ ਦੇ ਨਸਤਾਲਿਕ ਅੱਖਰਾਂ ਵਿਚ ਲਿਖੀ ਅਰਜਦਾਸ਼ਤ ਵੀ ਸ਼ਾਮਿਲ ਹੈ।

ਲਾਹੌਰ ਦਾ ਕਿਲ੍ਹਾ, ਜਿਸ ਵਿਚ ਇਹ ਮਿਊਜ਼ੀਅਮ ਸਥਿਤ ਹੈ, ਗੁਰਦੁਆਰਾ ਸ਼ਹੀਦੀ ਅਸਥਾਨ ਗੁਰੂ ਅਰਜਨ ਦੇਵ ਦੇ ਬਿਲਕੁਲ ਨੇੜੇ ਹੀ ਹੈ, ਜਿਥੇ ਜਥਿਆਂ ਨਾਲ ਗਏ ਯਾਤਰੂ ਇਸ ਨੂੰ ਸੌਖਿਆਂ ਹੀ ਦੇਖ ਸਕਦੇ ਹਨ।



*ਮਹਾਰਾਣੀ ਜਿੰਦਾਂ ਦੀ ਹਵੇਲੀ।*

# ਓਪਰਾ ਬੰਦਾ




"ਬੜਾ ਢੀਠ ਬੰਦਾ ਹੈ! ਕਈ ਵਾਰ ਕਹਿ ਚੁਕੀ ਹਾਂ, ਮੈਡਮ ਅੱਜ ਕਿਸੇ ਹਾਲਤ ਵਿਚ ਮਿਲ ਨਹੀਂ ਸਕਦੇ, ਪਰ ਉਹ ਸੁਣਦਾ ਹੀ ਨਹੀਂ; ਅਖੇ 'ਕੋਈ ਗੱਲ ਨਹੀਂ, ਜਦ ਉਹ ਮਿਲ ਸਕਣਗੇ, ਅਸੀਂ ਉਨ੍ਹਾਂ ਨੂੰ ਮਿਲ ਲਵਾਂਗੇ, ਤੁਸੀਂ ਜਾਓ ਆਪਣਾ ਕੰਮ ਕਰੋ।' ਦੱਸੋ, ਮੈਂ ਕੀ ਕਰਾਂ!"

"ਕਿਸੇ ਪ੍ਰਾਬਲਮ ਵਿਚ ਹੋਵੇਗਾ, ਕੋਈ ਗੱਲ ਨਹੀਂ, ਉਨ੍ਹਾਂ ਨੂੰ ਥੋੜ੍ਹੀ ਦੇਰ ਰੁਕਣ ਲਈ ਕਹਿ ਦੇਹ!" ਮੈਡਮ ਨੇ ਉਹਦੀ ਗੱਲ ਸੁਣ ਹਮਦਰਦੀ ਨਾਲ ਕਿਹਾ।

"ਇਹ ਗੱਲ ਤਾਂ ਮੈਂ ਪੰਜਾਹ ਵਾਰ ਕਹਿ ਚੁਕੀ ਹਾਂ, ਉਹ ਕੁਝ ਸੁਣੇ ਵੀ ਤਾਂ!"

"ਐਵੇਂ ਨਿੱਕੀ ਨਿੱਕੀ ਗੱਲ 'ਤੇ ਘਬਰਾ ਨਾ ਜਾਇਆ ਕਰ, ਤੂੰ ਚੱਲ, ਉਹਨੂੰ ਮੈਂ ਆਪੇ ਦੇਖ ਲਵਾਂਗੀ!" ਮੈਡਮ ਨੇ ਉਹਨੂੰ ਸਮਝਾ ਕੇ ਬਾਹਰ ਭੇਜ ਦਿੱਤਾ।



"ਸ਼ਾਲੂ, ਕੋਈ ਪੁਰਾਣਾ ਪ੍ਰੇਮੀ ਲਗਦੈ, ਜੋ ਨਿੰਠ ਕੇ ਬਹਿ ਗਿਐ!" ਉਸ ਦੇ ਪਾਸ ਬੈਠੀ ਚੰਗੀ ਵਾਕਫ ਔਰਤ ਦੇ

**ਅਸ਼ੋਕ ਵਾਸਿਸ਼ਠ**
ਫੋਨ: 91-98106-28570

ਮੂੰਹੋਂ ਨਿਕਲਿਆ।

"ਸਭ ਦੀ ਆਪੋ ਆਪਣੀ ਸਮੱਸਿਆ, ਆਪੋ ਆਪਣੇ ਦੁੱਖ, ਇਹ ਵਿਚਾਰੀ ਇਸ ਗੱਲ ਲਈ ਦੁਖੀ ਹੈ ਕਿ ਬਾਹਰ ਇਕ ਬੰਦਾ ਬੈਠਾ ਹੋਇਐ।"

"ਤੇ ਉਹ ਵਿਚਾਰਾ ਇਸ ਲਈ ਪ੍ਰੇਸ਼ਾਨ ਹੋਵੇਗਾ ਕਿ ਮੈਡਮ ਉਹਨੂੰ ਨਹੀਂ ਮਿਲਦੀ।" ਸ਼ਾਲੂ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਮਿਲਣ ਆਈ ਔਰਤ ਬੋਲ ਪਈ।

"ਉਹ ਪ੍ਰੇਸ਼ਾਨ ਹੈ ਜਾਂ ਨਹੀਂ, ਮੈਂ ਕਹਿ ਨਹੀਂ ਸਕਦੀ, ਪਰ ਉਹਦੀ ਕੋਈ ਸਮੱਸਿਆ ਵੀ ਤਾਂ ਹੋ ਸਕਦੀ ਹੈ, ਅਜਿਹੀ ਸਮੱਸਿਆ ਕਿ ਉਸ ਲਈ ਮਿਲਣਾ ਜ਼ਰੂਰੀ ਹੋਵੇ।" ਸ਼ਾਲੂ ਨੇ ਗੱਲ ਪੁੱਠੇ ਪਾਸੇ ਜਾਣ ਤੋਂ ਰੋਕਣ ਦਾ ਯਤਨ ਕਰਦਿਆਂ ਕਿਹਾ।

"ਹਾਂ ਇਹ ਤਾਂ ਹੋ ਸਕਦੈ, ਉਸ 'ਤੇ ਥੋੜ੍ਹੀ ਕਿਰਪਾ ਕਰ ਦਿਓ ਨਾ!"

"ਹੋਰ ਸਾਡਾ ਕੰਮ ਈ ਕੀ ਐ, ਅਸੀਂ ਇਥੇ ਬੈਠੇ ਹੀ ਕਿਸ ਲਈ ਹਾਂ!"

"ਪਹਿਲਾਂ ਤੁਸੀਂ ਦਸੋ, ਕੀ ਸਮੱਸਿਆ ਹੈ ਤੁਹਾਡੀ?" ਸ਼ਾਲੂ ਨੇ ਮਿਲਣ ਆਈ ਔਰਤ ਨੂੰ ਸਵਾਲ ਕੀਤਾ।

"ਕਹਿੰਦੇ ਨੇ ਜੀ, ਮਾਂ ਤੇ ਡਾਕਟਰ ਤੋਂ ਕੁਝ ਲੁਕੋਣਾ ਨਹੀਂ ਚਾਹੀਦਾ, ਪਿਛਲੇ ਕੁਝ ਦਿਨਾਂ ਤੋਂ ਢਿੱਡ ਵਿਚ ਬਹੁਤ ਦਰਦ ਹੋ ਰਿਹੈ, ਮੈਂ ਪ੍ਰੇਸ਼ਾਨ ਹੋ ਗਈ ਹਾਂ।" ਔਰਤ ਨੇ ਆਪਣੀ ਵਿਥਿਆ ਦੱਸੀ।

ਸ਼ਾਲੂ ਨੇ ਔਰਤ ਤੋਂ ਇਕ ਦੋ ਪ੍ਰਸ਼ਨ ਪੁੱਛੇ, ਢਿੱਡ ਟੋਹ ਕੇ ਦੇਖਿਆ ਤੇ ਚੰਗੀ ਤਰ੍ਹਾਂ ਜਾਂਚ ਕਰਨ ਮਗਰੋਂ ਪਰਚੀ 'ਤੇ ਲਿਖਣ ਲੱਗੀ, "ਅਹਿ ਕੁਝ ਦਵਾਈਆਂ ਨੇ, ਕੰਪਾਊਡਰ ਨੂੰ ਪਰਚੀ ਦਿਖਾ ਦਿਓ, ਓਹ ਤੁਹਾਨੂੰ ਦੇ ਦੇਵੇਗਾ, ਇਕ ਹਫਤੇ ਦਾ ਕੋਰਸ ਹੈ, ਅਰਾਮ ਆ ਜਾਵੇਗਾ, ਘਬਰਨ ਦੀ ਲੋੜ ਨਹੀਂ, ਮਾਮੂਲੀ ਇਨਫੈਕਸ਼ਨ ਹੈ।"

ਔਰਤ ਦਾ ਕੰਮ ਕਰਨ ਮਗਰੋਂ ਸ਼ਾਲੂ ਨੇ ਕਾਲ ਬੈਲ ਵਜਾਈ ਤਾਂ ਜੋ ਬਾਹਰ ਬੈਠੇ ਸੱਜਣ ਨੂੰ ਅੰਦਰ ਸੱਦ ਸਕੇ। ਸੇਵਾਦਾਰਨੀ ਨੇ ਅੰਦਰ ਵੜਦਿਆਂ ਸਾਰ ਉਸ ਦੇ ਪੁੱਛਣ ਤੋਂ ਪਹਿਲਾਂ ਹੀ ਕਹਿ ਦਿੱਤਾ, "ਜੀ ਉਹ ਹੁਣੇ ਹੁਣੇ ਕਿਤੇ ਚਲਾ ਗਿਐ!"

"ਅਜੀਬ ਆਦਮੀ ਹੈ! ਪਹਿਲਾਂ ਏਨਾ ਕਾਹਲਾ ਪਿਆ ਹੋਇਆ ਸੀ! ਕੁਝ ਕਹਿ ਕੇ ਤਾਂ ਨਹੀਂ ਗਿਆ?"

"ਜੀ ਉਹ ਕਹਿੰਦਾ ਸੀ, ਤੇਰੀ ਡਾਕਟਰ ਮੈਡਮ ਨੇ ਪਤਾ ਨਹੀਂ ਕਦ ਵਿਹਲੀ ਹੋਣਾ, ਮੈਂ ਫੇਰ ਕਦੇ ਆ ਜਾਵਾਂਗਾ।" ਸੇਵਾਦਾਰਨੀ ਨੇ ਦੱਸਿਆ।

"ਚਲ ਕੋਈ ਨਹੀਂ, ਹੁਣ ਜਦ ਉਹ ਆਇਆ ਤਾਂ ਉਹਨੂੰ ਸਿੱਧਾ ਮੇਰੇ ਪਾਸ ਭੇਜ ਦੇਈਂ!" ਸ਼ਾਲੂ ਨੇ ਇਹ ਕਹਿ ਕੇ ਸੇਵਾਦਾਰਨੀ ਬਾਹਰ ਤੋਰ ਦਿੱਤੀ।

'ਤੇਰੀ ਡਾਕਟਰ ਮੈਡਮ ਨੇ ਪਤਾ ਨਹੀਂ ਕਦ ਵਿਹਲੀ ਹੋਣਾ?' ਓਪਰੇ ਬੰਦੇ ਦੇ ਇਹ ਬੋਲ ਇਕ ਵਾਰ ਫੇਰ ਉਹਦੇ ਕੰਨਾਂ ਵਿਚ ਗੂੰਜੇ, ਉਹ ਸੋਚਾਂ ਵਿਚ ਪੈ ਗਈ, ਕੁਝ ਚੇਤੇ ਆਇਆ, ਇਕ ਅਕਸ ਦਿਮਾਗ ਦੇ ਦ੍ਰਿਸ਼ ਪਟਲ 'ਤੇ ਉਭਰਿਆ, ਉਸ ਦਾ ਚਿਹਰਾ ਖਿੜ ਗਿਆ, ਉਹ ਵੀ ਇਹੋ ਜਿਹਾ ਸੀ, ਮਜ਼ਾਲ ਏ ਇਕ ਮਿੰਟ ਵੀ ਵੇਟ ਕਰ ਲਵੇ। ਜੇ ਸਮਾਂ ਉਹਨੇ ਦਿੱਤਾ ਹੁੰਦਾ, ਜੇ ਉਸ ਸਮੇਂ ਦੂਜਾ ਬੰਦਾ ਨਾ ਪੁੱਜਦਾ ਤਾਂ ਉਹ ਕਿਸੇ ਹੋਰ ਰਾਹ ਤੁਰ ਪੈਂਦਾ ਸੀ। ਇਹ ਮਨ ਬਚਨੀ ਭੁੱਲਾਂ ਦਾ ਜੰਗਲਾ ਤੋੜ ਮੱਲੋ ਮੱਲੀ ਬਾਹਰ ਆ ਗਈ।

"ਕੌਣ ਕਿਸੇ ਹੋਰ ਰਸਤੇ ਤੁਰ ਪੈਂਦਾ ਸੀ, ਕੁਝ ਅਸੀਂ ਵੀ ਤਾਂ ਸੁਣੀਏ!" ਕੈਬਿਨ ਅੰਦਰ ਵੜਦੀ ਡਾਕਟਰ ਮੈਡਮ ਦੀ ਇਕ ਗੂੜ੍ਹੀ ਸਹੇਲੀ ਨੇ ਸਵਾਲੀ ਗੋਲਾ ਦਾਗ ਦਿੱਤਾ।

"ਤੁਸੀਂ ਪਹਿਲਾਂ ਚੱਜ ਨਾਲ ਬਹਿ ਤਾਂ ਜਾਓ, ਪਾਣੀ-ਧਾਣੀ ਪੀਓ, ਫੇਰ ਦੂਜੇ ਦੀ ਗੱਲ ਪੁੱਛ ਲਿਓ।" ਸ਼ਾਲੂ ਨੇ ਹੱਸਦਿਆਂ ਜਵਾਬ ਦਿੱਤਾ।

"ਚਲ ਕੋਈ ਨਹੀਂ ਜੀ, ਅਸੀਂ ਪਾਣੀ-ਧਾਣੀ ਵੀ ਪੀ ਲੈਂਦੇ ਹਾਂ!" ਸਹੇਲੀ ਹੱਸਦੀ ਉਸ ਦੇ ਸਾਹਮਣੇ ਵਾਲੀ ਸੀਟ 'ਤੇ ਬਹਿ ਗਈ।

"ਚਲ ਹੁਣ ਦੱਸ, ਅੰਦਰਲੀ ਗੱਲ!" ਸਹੇਲੀ ਨੇ ਪਾਣੀ ਦਾ ਘੁੱਟ ਭਰਦਿਆਂ ਪੁੱਛਿਆ।

"ਅੰਦਰ ਦੀ ਕੋਈ ਗੱਲ ਨਹੀਂ, ਜੋ ਹੈ, ਬਾਹਰ ਦੀ ਹੈ, ਕਈ ਸਾਲ ਪਹਿਲਾਂ ਮੇਰੇ ਜੀਵਨ ਵਿਚ ਵਾਪਰਦੀ ਰਹੀ ਹੈ।"

"ਕਈ ਸਾਲ ਪਹਿਲਾਂ? ਤੈਂ ਇਹ ਭੇਦ ਕਦੇ ਸਾਂਝਾ ਨਹੀਂ ਕੀਤਾ!"

"ਫੇਰ ਉਹੋ ਗੱਲ! ਕੋਈ ਭੇਦ ਨਹੀਂ ਜੀ, ਨਾ ਗੁੱਝਾ ਤੇ ਨਾ ਨਿੱਕਾ ਜਿਹਾ। ਜ਼ਿੰਦਗੀ ਵਿਚ ਕਈ ਤਰ੍ਹਾਂ ਦੇ ਲੋਕ ਆਉਂਦੇ ਨੇ, ਹਰ ਇਕ ਵਿਚ ਕੋਈ ਨਾ ਕੋਈ ਵਿਲੱਖਣ ਗੱਲ ਹੁੰਦੀ ਐ, ਉਹੋ ਜਿਹੀ ਗੱਲ ਜਾਂ ਉਹੋ ਜਿਹਾ ਕਿਰਦਾਰ ਕਿਸੇ ਮੋੜ 'ਤੇ ਆ ਜਾਂਦਾ ਹੈ ਤਾਂ ਬੀਤੇ ਪਲ ਅੱਖਾਂ ਅੱਗੇ ਰੂਪਮਾਨ ਹੋਣ ਵਿਚ ਦੇਰ ਨਹੀਂ ਲਾਉਂਦੇ।"

"ਤੈਂ ਤਾਂ ਇਸ ਨਿੱਕੀ ਜਿਹੀ ਗੱਲ ਨੂੰ ਦਾਰਸ਼ਨਿਕ ਰੰਗ ਦੇ ਦਿੱਤੈ, ਗੁੱਡ!"

"ਥੈਂਕਸ! ਪਰ ਇਹ ਤਾਂ ਆਮ ਵਰਤਾਰਾ ਏ।"

"ਚਲ ਹੁਣ ਕੰਮ ਦੀ ਗੱਲ ਕਰ!"

"ਮੈਂ ਆਪਣੇ ਕੈਰੀਅਰ ਦੇ ਸ਼ੁਰੂ ਦੇ ਦੌਰ ਵਿਚੋਂ ਗੁਜ਼ਰ ਰਹੀ ਸਾਂ। ਕਈ ਗੱਲਾਂ ਦਾ ਪਤਾ ਨਹੀਂ ਸੀ, ਆਪਣੇ ਸੀਨੀਅਰਜ਼ ਕੋਲੋਂ ਮਦਦ ਲਈਦੀ ਸੀ। ਉਹ ਵਿਚਾਰੇ ਬਹੁਤ ਚੰਗੀ ਤਰ੍ਹਾਂ ਪੇਸ਼ ਆਉਂਦੇ ਤੇ ਗੱਲ ਦੀ ਤੰਦ ਫੜਨ ਵਿਚ ਮਦਦ ਕਰਦੇ ਸਨ।"

"ਓਹ ਜ਼ਰੂਰ ਮੁੰਡੇ ਹੋਣਗੇ!"

"ਨਹੀਂ, ਕੁੜੀਆਂ ਵੀ ਹੁੰਦੀਆਂ ਸਨ, ਮੁੰਡਾ ਕੀ ਤੇ ਕੁੜੀ ਕੀ, ਸਾਡੇ ਮਨਾਂ ਵਿਚ ਲਿੰਗ ਭੇਦ ਉਕਾ ਈ ਨਹੀਂ ਸੀ ਹੁੰਦਾ, ਸਭ ਦਾ ਰੁਖ ਦੋਸਤਾਨਾ ਹੁੰਦਾ ਸੀ, ਹਮਦਰਦੀ ਵਾਲਾ, ਪਿਆਰ ਵਾਲਾ, ਨਵੇਂ ਬੰਦੇ ਨੂੰ ਉਤਸ਼ਾਹ ਦੇਣ ਵਾਲਾ। ਮੇਰੇ ਨਾਲ ਉਂਜ ਤਾਂ ਸਾਰੇ ਚੰਗੇ ਸਨ, ਪਰ ਉਨ੍ਹਾਂ ਵਿਚੋਂ ਇਕ ਭਲਾ ਲੋਕ, ਠੰਡੀ ਤਬੀਅਤ ਦਾ ਸੀ, ਗੁੱਸਾ ਤਾਂ ਕਦੇ ਉਹਨੂੰ ਚੜ੍ਹਦਾ ਹੀ ਨਹੀਂ ਸੀ। ਉਹ ਮਿਠਬੋਲੜਾ ਸੀ, ਪਰ ਬੋਲਦਾ ਬਹੁਤ ਘੱਟ, ਕੰਮ ਦੀ ਗੱਲ ਕਰਕੇ ਚੁੱਪ ਵੱਟ ਲੈਂਦਾ। ਹਾਸਾ ਮਜ਼ਾਕ ਵੀ ਬਹੁਤਾ ਨਹੀਂ ਸੀ ਕਰਦਾ। ਉਹਦੀ ਸੋਹਣੀ ਦਿੱਖ ਨੇ ਮੋਹ ਲਿਆ ਸੀ ਮੈਨੂੰ। ਮੈਂ ਅਚਨਚੇਤ ਹੀ ਉਸ ਵੱਲ ਖਿੱਚੀ ਗਈ। ਮੇਰਾ ਦਿਲ ਕਰਦਾ ਕਿ ਉਹ ਹਰ ਵੇਲੇ ਮੇਰੇ ਨਾਲ ਰਹੇ, ਮੇਰੇ ਨਾਲ ਗੱਲਾਂ ਕਰੇ, ਮੇਰੇ ਨਾਲ ਹਾਸਾ ਮਜ਼ਾਕ ਕਰੇ, ਮੇਰੇ ਨਾਲ ਸਮਾਂ ਬਿਤਾਵੇ! ਪਰ ਕਿੱਥੇ ਜੀ, ਉਹ ਹਰ ਵੇਲੇ ਆਪਣੀ ਦੁਨੀਆਂ ਵਿਚ ਗੁਆਚਾ ਰਹਿੰਦਾ!"

"ਜੇ ਏਨਾ ਚਾਹੁੰਦੀ ਸੀ ਤਾਂ ਉਹਨੂੰ ਲਿਫਟ ਦਿੰਦੀ, ਉਹਨੇ ਆਪੇ ਈ ਖੁੱਲ੍ਹ ਜਾਣਾ ਸੀ।" ਸਹੇਲੀ ਨੇ ਟੋਣਾ ਮਾਰਿਆ।

"ਲਿਫਟ ਤਾਂ ਬਥੇਰੀ ਦਿੱਤੀ ਪਰ ਉਸ ਨੇ ਕਦੇ ਗੌਲਿਆ ਈ ਨਹੀਂ!"

"ਫੇਰ ਕੀ ਹੋਇਆ?" ਸਹੇਲੀ ਨੇ ਸਵਾਦ ਲੈਣ ਲਈ ਪੁੱਛਿਆ।

"ਪੁੱਛ ਤਾਂ ਇੰਜ ਰਹੀ ਐ ਜਿੱਦਾਂ ਲੈਲਾ-ਮਜਨੂੰ ਦੀ ਕਹਾਣੀ ਹੋਵੇ, ਇਹੋ ਜਿਹੀ ਵੀ ਕੋਈ ਗੱਲ ਨਹੀਂ ਸੀ।"

"ਨਾ ਸਹੀ, ਤੂੰ ਅੱਗੇ ਦੀ ਗੱਲ ਕਰ!"

"ਪਤਾ ਨਹੀਂ ਕਿਉਂ, ਉਹ ਇਕ ਦਿਨ ਮੇਰੇ ਪਾਸ ਆਇਆ, ਕੋਲ ਬਹਿ ਗਿਆ। ਮੈਂ ਖੁਸ਼ ਹੋਈ, ਪਰ ਜਦ ਉਹਦਾ ਗੰਭੀਰ ਚਿਹਰਾ ਤੱਕਿਆ ਤਾਂ ਮੇਰੀ ਖੁਸ਼ੀ ਠੰਡੀ ਪੈ ਗਈ। ਮੈਂ ਧਿਆਨ ਨਾਲ ਉਹਦੇ ਵੱਲ ਦੇਖਣ ਲੱਗੀ। ਉਹਦੇ ਮੂੰਹੋਂ ਬੋਲ ਨਹੀਂ ਸਨ ਨਿਕਲ ਰਹੇ, ਖਬਰੇ ਇਹ ਪਿਆ ਸੋਚ ਰਿਹਾ ਹੋਵੇ, 'ਕਹਾਂ ਜਾਂ ਨਾ ਕਹਾਂ'।"

ਦਸ ਪੰਦਰਾਂ ਮਿੰਟ ਲੰਘ ਗਏ ਤਾਂ ਮੈਂ ਪੁੱਛ ਲਿਆ, "ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?"

"ਜੀ, ਨਹੀਂ ਕੁਝ ਨਹੀਂ, ਤੁਸੀਂ ਕਰੋ ਆਪਣਾ ਕੰਮ।" ਏਨਾ ਕਹਿ ਕੇ ਉਹ ਉਠਿਆ ਤੇ ਮੈਥੋਂ ਹਟ ਕੇ ਪਰ੍ਹੇ ਜਾ ਖਲੋਤਾ।

"ਚੰਗਾ ਬੰਦਾ ਏ! ਜੇ ਗੱਲ ਨਹੀਂ ਕਰਨੀ ਸੀ ਤਾਂ ਰੋਂਦੂਆਂ ਵਾਲਾ ਮੂੰਹ ਬਣਾਉਣ ਦੀ ਕੀ ਲੋੜ ਸੀ? ਮੇਰੇ ਕੋਲ ਬੈਠਣ ਨਾਲ ਉਹਨੂੰ ਕੰਡੇ ਲੱਗਦੇ ਸਨ, ਜੋ ਪਰ੍ਹੇ ਜਾ ਕੇ ਖਲੋ ਗਿਐ? ਮੈਨੂੰ ਇਸ ਗੱਲ ਦਾ ਰੋਸ ਸੀ।"

"ਉਹਨੇ ਬਾਅਦ ਵਿਚ ਗੱਲ ਕੀਤੀ?"

"ਕਿੱਥੇ ਜੀ, ਉਹਨੂੰ ਦੇਖ ਇਹੋ ਲੱਗਦਾ, ਉਹ ਕੋਈ ਗੱਲ ਕਰਨੀ ਚਾਹੁੰਦੈ, ਪਰ ਗੱਲ ਮੂੰਹੋਂ ਨਿਕਲੇ ਤਦ ਨਾ! ਅਜਿਹੀ ਹਾਲਤ ਵਿਚ ਉਹ ਚੁੱਪ ਵੱਟ ਲੈਂਦਾ!"

"ਕਿਸੇ ਸਾਹਮਣੇ ਬੋਲਣ ਤੋਂ ਝਕਦਾ ਹੋਊ, ਥੋੜ੍ਹਾ ਓਹਲੇ ਲੈ ਜਾਣਾ ਸੀ। ਹੋ ਸਕਦੈ ਉਹਦੇ ਅੰਦਰ ਦਾ ਕੜ ਪਾਟ ਜਾਂਦਾ।" ਸਹੇਲੀ ਨੇ ਦਾਨੀ ਗੱਲ ਕੀਤੀ।

"ਉਹ ਤਾਂ ਉਂਜ ਈ ਮੇਰੇ ਪਾਸ ਆਉਣ ਤੋਂ ਤ੍ਰਹਿੰਦਾ ਸੀ, ਨੇੜੇ ਹੋ ਕੇ ਵੀ ਹਟ ਕੇ ਬਹਿਣ ਦਾ ਯਤਨ ਕਰਦਾ, ਓਹਲੇ ਜਾਣ ਦੀ ਗੱਲ ਈ ਨਾ ਕਰ!"

"ਫੇਰ?"

"ਉਸ ਵੇਲੇ ਤਾਂ ਉਹਨੇ ਕੋਈ ਗੱਲ ਨਾ ਕੀਤੀ, ਦੂਜੇ ਦਿਨ ਮਿਲਿਆ ਤਾਂ ਮੈਂ ਸਹਿਜੇ ਹੀ ਪੁੱਛਿਆ, "ਕਲ੍ਹ ਤੁਸੀਂ ਮੇਰੇ ਨਾਲ ਕੋਈ ਗੱਲ ਕਰਨੀ ਚਾਹੁੰਦੇ ਸੀ, ਪਰ ਕੀਤੀ ਨਹੀਂ, ਕੋਈ ਖਾਸ ਗੱਲ ਤਾਂ ਨਹੀਂ ਸੀ!"

"ਗੱਲ ਤਾਂ ਖਾਸ ਹੀ ਸੀ।" ਉਸ ਹੌਲੀ ਜਿਹੇ ਕਿਹਾ।

"ਦਸ ਨਾ ਫੇਰ!"

"ਛੱਡੋ ਜੀ, ਤੁਸੀਂ ਕੀ ਲੈਣਾ ਨਿੱਕੀਆਂ-ਮੋਟੀਆਂ ਗੱਲਾਂ ਤੋਂ!"

"ਲੈਣਾ ਭਾਵੇਂ ਕੁਝ ਨਹੀਂ ਹੁੰਦਾ ਪਰ ਜੇ ਗੱਲ ਕਰਨ ਨਾਲ ਬੰਦੇ ਦਾ ਮਨ ਹੌਲਾ ਹੋ ਜਾਵੇ ਤਾਂ ਇਸ ਵਿਚ ਹਰਜ ਵੀ ਕੋਈ ਨਹੀਂ!"

"ਸਾਡਾ ਮਨ ਤਾਂ ਹਮੇਸ਼ਾ ਹੌਲਾ ਰਹਿੰਦੈ!"

"ਮੈਂ ਸਮਝ ਗਈ, ਉਹ ਗੱਲ ਨਹੀਂ ਕਰਨੀ ਚਾਹੁੰਦਾ, ਮੇਰੇ ਲਈ ਇਹ ਨਵੀਂ ਗੱਲ ਨਹੀਂ ਸੀ, ਅੱਗੇ ਵੀ ਕਈ ਵਾਰ ਉਹਨੂੰ ਇਹੋ ਜਿਹੀ ਮਾਨਸਿਕ ਦਸ਼ਾ ਵਿਚੋਂ ਲੰਘਦੇ ਦੇਖਿਆ ਸੀ, ਪੁੱਛਣ ਦਾ ਯਤਨ ਕਰਦੇ ਤਾਂ ਹੱਥ ਪੱਲੇ ਕੁਝ ਨਾ ਪੈਂਦਾ, ਇਹੋ ਜਿਹਾ ਸੀ, ਉਹ!"

"ਮੈਡਮ।" ਸ਼ਾਲੂ ਦੇ ਬੋਲਣ ਤੋਂ ਪਹਿਲਾਂ ਸੇਵਾਦਾਰਨੀ ਦਾ ਬੋਲ ਸੁਣਾਈ ਦਿੱਤਾ!

"ਦੱਸ!"

"ਬਾਹਰ ਕੁਝ ਲੋਕ ਬੈਠੇ ਨੇ, ਜੇ ਕਹੋ ਤਾਂ ਅੰਦਰ ਭੇਜ ਦੇਵਾਂ?"

"ਇਸ ਤੋਂ ਅਗਲੀ ਕਥਾ ਬਾਅਦ ਵਿਚ!" ਸ਼ਾਲੂ ਨੇ ਸਹੇਲੀ ਨੂੰ ਕਿਹਾ ਤੇ ਨਾਲ ਹੀ ਸੇਵਾਦਾਰਨੀ ਵੱਲ ਦੇਖਿਆ, "ਇਕ ਇਕ ਕਰਕੇ ਭੇਜੀ ਜਾਹ!"

"ਵੋ ਕਹਾਨੀ ਫਿਰ ਸਹੀ, ਚੰਗਾ ਹੁਣ ਮੈਂ ਚਲਦੀ ਹਾਂ, ਤੈਨੂੰ ਦੇਰ ਲੱਗ ਜਾਵੇਗੀ!" ਸਹੇਲੀ ਜਾਣ ਲਈ ਉਠ ਖਲੋਤੀ।

---

"ਮੈਡਮ, ਸਮਾਂ ਬਹੁਤ ਹੋ ਗਿਐ, ਹੁਣ ਉਠੋ!" ਸ਼ਾਲੂ ਅਗਲੇ ਮਰੀਜ਼ ਨੂੰ ਆਵਾਜ਼ ਮਾਰਨ ਵਾਲੀ ਹੀ ਸੀ ਕਿ ਸੇਵਾਦਾਰਨੀ ਨੇ ਵਿਚੋਂ ਟੋਕ ਦਿੱਤਾ।

"ਉਪਰ ਘੜੀ ਵੱਲ ਦੇਖੋ, ਤੁਸੀਂ ਪਹਿਲਾਂ ਈ ਲੇਟ ਹੋ!" ਸੇਵਾਦਾਰਨੀ ਕੰਧ 'ਤੇ ਲੱਗੇ ਕਲਾਕ ਵੱਲ ਮੈਡਮ ਦਾ ਧਿਆਨ ਖਿੱਚ ਰਹੀ ਸੀ।

"ਤੂੰ ਬਹੁਤ ਖਿਆਲ ਰੱਖਦੀ ਏਂ, ਦੱਸ ਮੈਂ ਤੇਰਾ ਦੇਣਾ ਕਿੱਥੇ ਦੇਵਾਂਗੀ!" ਇਹ ਕਹਿੰਦਿਆਂ ਸ਼ਾਲੂ ਮੈਡਮ ਸੀਟ ਤੋਂ ਉਠ ਖਲੋਤੀ।

"ਮੈਡਮ ਇਕ ਹੋਰ ਗੱਲ ਐ!" ਸੇਵਾਦਾਰਨੀ ਨੇ ਸੰਕੋਚ ਕਰਦਿਆਂ ਕਿਹਾ, "ਉਹ ਜਿਹੜਾ ਬੰਦਾ ਆਇਆ ਸੀ!"

"ਉਹਨੇ ਕੁਝ ਕਿਹਾ ਸੀ?"

"ਕੁਝ ਕਿਹਾ ਤਾਂ ਨਹੀਂ, ਉਹ ਬੜੇ ਆਰਾਮ ਨਾਲ ਬੈਠਾ ਰਿਹਾ, ਇਕ-ਦੋ ਵਾਰ ਵਾਲ ਕਲਾਕ ਵੱਲ ਜ਼ਰੂਰ ਦੇਖਿਆ, ਫਿਰ ਕੁਝ ਯਾਦ ਕਰਕੇ ਉਠ ਖਲੋਤਾ, ਤੇ ਚਲਾ ਗਿਆ।"

"ਹੂੰ, ਉਸ ਵਾਂਗ ਹੀ...!" ਸ਼ਾਲੂ ਦੇ ਮੂੰਹੋਂ ਆਪ ਮੁਹਾਰੇ ਨਿਕਲਿਆ।

"ਕੌਣ ਮੈਡਮ?" ਸੇਵਾਦਾਰਨੀ ਪੁੱਛ ਰਹੀ ਸੀ। ਡਾਕਟਰ ਮੈਡਮ (ਸ਼ਾਲੂ) ਦਾ ਉਸ ਵੱਲ ਧਿਆਨ ਗਿਆ ਤਾਂ ਉਹ ਸੁਚੇਤ ਹੋ ਗਈ, "ਐਵੇਂ ਕੋਈ ਪੁਰਾਣੀ ਗੱਲ ਸੀ!"

"ਠੀਕ ਹੈ ਮੈਡਮ।" ਕਹਿੰਦੀ ਸੇਵਾਦਾਰਨੀ ਬਾਹਰ ਚਲੀ ਗਈ।

ਦੂਜਾ ਦਿਨ। ਅਜੇ ਬਹੁਤੇ ਮਰੀਜ਼ ਨਹੀਂ ਸਨ ਆਏ। ਜਿਹੜੇ ਇੱਕਾ-ਦੁੱਕਾ ਆਏ, ਉਨ੍ਹਾਂ ਨੂੰ ਭੁਗਤਾਣ ਵਿਚ ਕਿੰਨੀ ਦੇਰ ਲੱਗਦੀ ਏ! ਕਹਿੰਦੇ ਨੇ ਖਾਲੀ ਦਿਮਾਗ ਸ਼ੈਤਾਨ ਦੀ ਟਕਸਾਲ ਹੁੰਦਾ ਏ, ਪਰ ਮੈਡਮ ਤਾਂ ਅਜਿਹੀ ਨਹੀਂ ਸੀ। ਉਹ ਵੀ ਖਾਲੀ ਬੈਠੀ ਸੀ, ਪਰ ਪੁਰਾਣੀਆਂ ਯਾਦਾਂ ਹੱਥ ਆਏ ਮੌਕੇ ਕਿੱਥੋਂ ਜਾਣ ਦਿੰਦੀਆਂ ਨੇ। ਮੈਡਮ ਦੇ ਨਾਂਹ ਨਾਂਹ ਕਰਦਿਆਂ ਵੀ ਉਨ੍ਹਾਂ ਦੀ ਇਕ ਕੰਨੀ ਬਦੋ ਬਦੀ ਖੁੱਲ੍ਹ ਗਈ। ਮੈਡਮ ਨੇ ਬਥੇਰਾ ਤਾਣ ਲਾਇਆ, ਇਹ ਕੰਨੀ ਹੋਰ ਨਾ ਖੁੱਲ੍ਹੇ ਪਰ ਉਹ ਖਹਿੜੇ ਪੈ ਗਈ ਤੇ ਖੁੱਲ੍ਹਦੀ ਹੀ ਚਲੀ ਗਈ।

---

ਟੀਚਰ ਅਜੇ ਆਈ ਨਹੀਂ ਸੀ। ਮੈਡੀਕਲ ਦੇ ਸਾਰੇ ਵਿਦਿਆਰਥੀ ਸਮੇਂ ਤੋਂ ਪਹਿਲਾਂ ਪੁੱਜ ਚੁਕੇ ਸਨ। ਕਹਿੰਦੇ ਨੇ, ਇੰਤਜ਼ਾਰ ਦੀਆਂ ਘੜੀਆਂ ਲੰਮੀਆਂ ਹੁੰਦੀਆਂ ਨੇ। ਫੌਜੀ ਜਵਾਨਾਂ ਵਾਂਗ ਐਵੇਂ ਤਾਂ ਕੋਈ ਅਟੈਨਸ਼ਨ ਹੁੰਦਾ ਨਹੀਂ। ਕੀ ਕੁੜੀਆਂ ਤੇ ਕੀ ਮੁੰਡੇ, ਸਭ ਆਪੋ ਆਪਣੀ ਥਾਂ ਬੈਠੇ ਦਰਵਾਜ਼ੇ ਵੱਲ ਤੱਕ ਰਹੇ ਸਨ। ਮੁੰਡੇ-ਕੁੜੀਆਂ ਵਿਚ ਘੁਸਰ-ਮੁਸਰ ਹੋਣ ਲੱਗੀ।

"ਲੱਗਦੈ, ਅੱਜ ਟੀਚਰ ਲੇਟ ਆਏਗੀ!" ਇਕ ਨਾਲ ਦੀ ਸੀਟ 'ਤੇ ਬੈਠੇ ਆਪਣੇ ਸਾਥੀ ਨੂੰ ਕਹਿ ਰਿਹਾ ਸੀ।

"ਮੈਨੂੰ ਨਹੀਂ ਲੱਗਦਾ, ਉਹ ਲੇਟ ਹੋਵੇਗੀ, ਉਂਜ ਵੀ ਅਜੇ ਪੰਜ ਮਿੰਟ ਰਹਿੰਦੇ ਨੇ।" ਦੂਜੇ ਨੇ ਘੜੀ ਦੇਖਦਿਆਂ ਕਿਹਾ।

"ਮੈਂ ਉਨ੍ਹਾਂ ਨੂੰ ਰਾਹ ਵਿਚ ਕਾਲਜ ਆਉਂਦਿਆਂ ਦੇਖਿਆ ਸੀ।" ਪਿਛਲੀ ਸੀਟ 'ਤੇ ਬੈਠੀ ਵਿਦਿਆਰਥਣ ਨੇ ਦਸਿਆ।

"ਫੇਰ ਉਹ ਆਈ ਕਿ ਆਈ!" ਨਾਲ ਦੀ ਨੇ ਤਸੱਲੀ ਦਿੱਤੀ।

ਜਿਥੇ ਅਜਿਹੀਆਂ ਗੱਲਾਂ ਹੋ ਰਹੀਆਂ ਸਨ, ਉਥੇ ਕੁਝ ਜਣੇ ਸੀਟਾਂ 'ਤੇ ਬੈਠੇ ਸੁਸਤਾ ਰਹੇ ਸਨ, ਕੁਝ ਗੱਪਾਂ ਮਾਰ ਰਹੇ ਸਨ, ਕੁਝ ਇਕ-ਦੂਜੇ ਨਾਲ ਮਜ਼ਾਕ ਕਰ ਰਹੇ ਸਨ। ਇਕ-ਦੋ ਤਾਂ

## ਕਹਾਣੀ

ਕਿਸੇ ਡੂੰਘੀ ਸੋਚ ਵਿਚ ਮਗਨ ਸਨ। ਸਭ ਕੁਝ ਆਮ ਵਾਂਗ। ਟੀਚਰ ਆਈ। ਰੋਲ ਕਾਲ ਮਗਰੋਂ ਲੈਕਚਰ ਸ਼ੁਰੂ ਕੀਤਾ, ਕਲਾਸ ਵਿਚ ਪਿਨ ਡਰਾਪ ਸਾਈਲੈਂਸ ਸੀ। ਵਿਸ਼ਾ ਚੀੜ੍ਹਾ ਸੀ, ਸਾਰੇ ਪੂਰੇ ਧਿਆਨ ਨਾਲ ਸੁਣ ਰਹੇ ਸਨ, ਪਰ ਪਿੱਛੇ ਬੈਠੀ ਸ਼ਾਲੂ ਦੀ ਤਬੀਅਤ ਅਚਾਨਕ ਵਿਗੜ ਗਈ। ਨਾਲ ਬੈਠੇ ਕੁੜੀਆਂ-ਮੁੰਡਿਆਂ ਦਾ ਧਿਆਨ ਉਸ ਵੱਲ ਬਦੋਂ ਬਦੀ ਖਿਚਿਆ ਗਿਆ, "ਕੀ ਹੋਇਐ, ਕੀ ਹੋਇਐ, ਕੀ ਹੋਇਐ?" ਸਾਰੀ ਕਲਾਸ ਵਿਚੋਂ ਆਵਾਜ਼ਾਂ ਉਠਣ ਲੱਗੀਆਂ। ਟੀਚਰ ਉਹਦੀ ਸੀਟ ਵੱਲ ਭੱਜੀ ਆਈ, ਉਸ ਨੂੰ ਦੇਖਿਆ, "ਡਿਹਾਈਡਰੇਸ਼ਨ ਤਾਂ ਨਹੀਂ ਲੱਗਦੀ, ਘਾਬਰਨ ਦੀ ਲੋੜ ਨਹੀਂ, ਇਹਨੂੰ ਮੇਰੇ ਕਮਰੇ ਵਿਚ ਲੈ ਆਓ, ਡਾਕਟਰ ਨੂੰ ਦਿਖਾਉਂਦੇ ਹਾਂ।" ਉਸ ਇਕ-ਦੋ ਵਿਦਿਆਰਥੀਆਂ ਨੂੰ ਕੁਝ ਹਦਾਇਤਾਂ ਦਿੱਤੀਆਂ ਤੇ ਪ੍ਰਿੰਸੀਪਲ ਦੇ ਕਮਰੇ ਵਿਚ ਚਲੀ ਗਈ।

---

"ਇਹੋ ਜਿਹੀ ਗਲਤੀ ਫੇਰ ਨਾ ਕਰਿਓ।" ਡਿਸਪੈਂਸਰੀ ਵਿਚੋਂ ਬਾਹਰ ਨਿਕਲਦਾ ਸਮੀਰ ਬੋਲ ਰਿਹਾ ਸੀ।

"ਕੁਝ ਨਹੀਂ ਹੋਇਆ ਮੈਨੂੰ, ਐਵੇਂ ਚੱਕਰ ਜਿਹਾ ਆ ਗਿਆ। ਕਦੇ ਅੱਗੇ ਨਾ ਪਿੱਛੇ, ਅਜਿਹੀ ਹਾਲਤ ਪਹਿਲਾਂ ਕਦੇ ਨਹੀਂ ਹੋਈ!" ਸ਼ਾਲੂ ਨੇ ਉਸ ਦਾ ਖਿੜਿਆ ਚਿਹਰਾ ਦੇਖ ਸਫਾਈ ਦੇਣ ਦਾ ਯਤਨ ਕੀਤਾ।

"ਚਲ ਕੋਈ ਨਾ, ਅਸੀਂ ਤਾਂ ਘਬਰਾ ਈ ਗਏ ਸੀ! ਡਾਕਟਰ ਨੇ ਵੀ ਇਹੋ ਕਿਹਾ ਸੀ, ਬਦਲਦੇ ਮੌਸਮ ਦਾ ਅਸਰ ਹੈ!" ਸਮੀਰ ਨੇ ਸ਼ਾਲੂ ਦੀ ਸੰਭਲੀ ਹਾਲਤ ਦੇਖ ਤਸੱਲੀ ਪ੍ਰਗਟਾਈ।

ਪ੍ਰੈਕਟੀਕਲ ਦਾ ਕੁਝ ਕੰਮ ਕਰਨ ਵਾਲਾ ਰਹਿੰਦਾ ਸੀ, ਦੋਵੇਂ ਜਣੇ ਕਾਲਜ ਦੀ ਲੈਬਾਰਟਰੀ ਵੱਲ ਹੋ ਤੁਰੇ। ਸਵੇਰ ਦੀ ਢਿੱਲੀ, ਹੌਲੀ ਹੌਲੀ ਤੁਰਨ ਵਾਲੀ ਸ਼ਾਲੂ ਦੀ ਗਤੀ ਪਹਿਲਾਂ ਨਾਲੋਂ ਤੇਜ਼ ਹੋ ਚੁਕੀ ਸੀ। ਉਹਦੀ ਚਾਲ ਦੇਖ ਸਮੀਰ ਸੋਚਣ ਲੱਗਾ, ਇਹ ਉਹੀ ਸ਼ਾਲੂ ਏ ਜਿਸ ਨੂੰ ਦੇਖ ਉਹ ਚਿੰਤਿਤ ਹੋਇਆ ਪੁੱਛ ਬੈਠਾ ਸੀ, "ਕੀ ਗੱਲ ਤੁਸੀਂ ਠੀਕ ਤਾਂ ਹੋ?"

"ਸਵੇਰ ਦੀ ਤਬੀਅਤ ਠੀਕ ਨਹੀਂ!"

"ਜੇ ਤਬੀਅਤ ਠੀਕ ਨਹੀਂ ਸੀ ਤਾਂ ਕਾਲਜ ਕਿਉਂ ਆਏ?"

"ਕੁਝ ਕੰਮ ਸੀ ਕਰਨ ਵਾਲਾ, ਇਸ ਲਈ ਮੇਰਾ ਆਉਣਾ ਜ਼ਰੂਰੀ ਸੀ।"

"ਉਹ ਤਾਂ ਠੀਕ ਹੈ, ਪਰ ਜੇ ਬੰਦਾ ਕੰਮ ਕਰਨ ਦੀ ਹਾਲਤ ਵਿਚ ਹੀ ਨਾ ਹੋਵੇ ਤਾਂ ਦੇਖਣਾ ਪੈਂਦੈ।"

"ਯੂ ਆਰ ਰਾਈਟ, ਕੰਮ ਖਤਮ ਕਰਕੇ ਮੈਂ ਛੁੱਟੀ ਕਰ ਲਵਾਂਗੀ।"

"ਮੈਂ ਕੁਝ ਕਰ ਸਕਦਾਂ ਤਾਂ ਤੁਸੀਂ ਨਿਰਸੰਕੋਚ ਕਹਿ ਸਕਦੇ ਹੋ!" ਸਮੀਰ ਨੇ ਮਦਦ ਦਾ ਹੱਥ ਅੱਗੇ ਵਧਾਇਆ। ਗੱਲ ਆਈ ਗਈ ਹੋ ਗਈ। ਹੁਣ ਉਹ ਠੀਕ ਠਾਕ ਸੀ।

"ਜੇ ਕੋਈ ਜ਼ਰੂਰੀ ਕੰਮ ਨਹੀਂ ਤਾਂ ਮੇਰੇ ਨਾਲ ਲੈਬਾਰਟਰੀ ਵਿਚ ਚੱਲੋਗੇ?" ਸ਼ਾਲੂ ਦੇ ਮਾਖਿਓਂ ਮਿੱਠੇ ਬੋਲ ਉਹਦੇ ਕੰਨਾਂ ਵਿਚ ਪਏ।

"ਜ਼ਰੂਰ!"


ਸਮੀਰ ਨੇ ਕੋਈ ਕਿੰਤੂ-ਪ੍ਰੰਤੂ ਨਹੀਂ ਸੀ ਕੀਤਾ। ਉਹ ਚੁਪ ਚੁਪੀਤਾ ਸ਼ਾਲੂ ਦੇ ਮਗਰ ਤੁਰ ਪਿਆ। ਉਹਨੂੰ ਵੀ ਲੈਬਾਰਟਰੀ ਵਿਚ ਥੋੜ੍ਹਾ ਬਹੁਤਾ ਕੰਮ ਸੀ, ਪਰ ਏਨਾ ਵੀ ਜ਼ਰੂਰੀ ਨਹੀਂ ਸੀ ਕਿ ਇਸ ਸਮੇਂ ਉਥੇ ਗਏ ਬਿਨਾ ਸਰਦਾ ਨਾ ਹੋਵੇ, ਸ਼ਾਲੂ ਦੇ ਬੋਲ ਸੁਣ ਉਹ ਵੀ ਉਧਰ ਈ ਤੁਰ ਪਿਆ। ਉਹਦਾ ਕੰਮ ਤਾਂ ਜਾਂਦਿਆਂ ਈ ਮੁਕ ਗਿਆ ਸੀ, ਪਰ ਸ਼ਾਲੂ ਨੇ ਜਾਣੋ ਗਿੱਲਾ ਪੀਹਣ ਪਾ ਲਿਆ ਹੋਵੇ, ਦੋ ਘੰਟਿਆਂ ਤੋਂ ਵੱਧ ਸਮਾਂ ਲੱਗ ਗਿਆ ਸੀ। ਉਹ ਵਿਹਲੀ ਹੋਈ ਤਾਂ ਸਮੀਰ ਦੀ ਜਾਨ ਛੁੱਟੀ। ਭਾਵੇਂ ਡਾਕਟਰ ਨੇ ਇਹ ਕਹਿ ਕੇ ਤੋਰ ਦਿੱਤਾ ਸੀ, "ਮਾਮੂਲੀ ਬੁਖਾਰ ਹੈ। ਘਬਰਾਉਣ ਦੀ ਲੋੜ ਨਹੀਂ। ਦਵਾਈ ਖਾ ਕੇ ਆਰਾਮ ਕਰੋ, ਸ਼ਾਮ ਤਕ ਨੌਂ ਬਰ ਨੌਂ ਹੋ ਜਾਵੋਗੇ!" ਤਾਂ ਉਹਦੇ ਸਿਰੋਂ ਮਣ ਮੂੰਹੀਂ ਬੋਝ ਲੱਥ ਗਿਆ ਸੀ, ਪਰ ਜਿਸ ਤਰ੍ਹਾਂ ਸ਼ਾਲੂ ਸਭ ਭੁੱਲ ਭੁਲਾ ਕੇ ਕੰਮ ਵਿਚ ਜੁਟ ਗਈ ਸੀ, ਉਸ ਨੂੰ ਥੋੜ੍ਹੀ ਚਿੰਤਾ ਜ਼ਰੂਰ ਹੋਈ।

ਸਾਲਾਂ ਬਾਅਦ ਖੁੱਲ੍ਹੀਆਂ ਯਾਦਾਂ ਦੀ ਇਸ ਨਿੱਕੀ ਜਿਹੀ ਕੰਨੀ ਨੇ ਸਮੀਰ ਨਾਲ ਬਿਤਾਏ ਇਕ-

*(ਅਗਲੇ ਸਫੇ 'ਤੇ ਜਾਰੀ)*

# ਸਤਿ ਬਚਨ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਮੈਨੂੰ ਛੋਟੇ ਹੁੰਦਿਆਂ ਹੀ ਭੀਖ ਮੰਗਣ ਵਾਲਿਆਂ ਤੋਂ ਬੜੀ ਚਿੜ ਆਉਂਦੀ ਸੀ। ਉਨ੍ਹੀਂ ਦਿਨੀਂ ਲਗਭਗ ਹਰ ਰੋਜ਼ ਸਾਡੇ ਘਰ ਇਕ ਸਾਧੂ ਗੁਜ਼ਾ ਕਰਨ ਆਉਂਦਾ ਸੀ। ਉਹ ਜਦ ਵੀ ਦਰ 'ਤੇ ਆਉਂਦਾ, ਮੈਂ ਕੋਈ ਨਾ ਕੋਈ ਕੁਰੱਖਤ ਬੋਲ ਬੋਲ ਦਿੰਦਾ, ਗਾਲ੍ਹ ਤੱਕ ਕੱਢ ਦਿੰਦਾ, ਪਰ ਉਹ ਹਰ ਵਾਰੀ ਬੜੇ ਮਿੱਠੇ ਲਹਿਜੇ ਵਿਚ ਘੜਿਆ-ਘੜਾਇਆ ਜਵਾਬ ਦਿੰਦਾ, "ਸਤਿ ਬਚਨ।"


ਗੱਲ ਕੀ ਉਹ ਮੇਰੇ ਕਿਸੇ ਵੀ ਅਪਸ਼ਬਦ ਦੀ ਪ੍ਰਤੀਕ੍ਰਿਆ ਵਜੋਂ ਟੱਸ ਤੋਂ ਮੱਸ ਨਾ ਹੁੰਦਾ, ਬੱਸ 'ਸਤਿ ਬਚਨ' ਦੀ ਰੱਟ ਲਾਈ ਰੱਖਦਾ। ਅਕਸਰ ਉਸ ਦੀ ਉਪਜੀਵਕਾ ਦਾ ਮਸਲਾ ਸੀ। ਉਸ ਦਾ ਅਨੁਭਵ ਰਿਹਾ ਹੋਵੇਗਾ ਕਿ ਔਰਤਾਂ ਬਹੁਤ ਨਰਮ ਦਿਲ ਹੁੰਦੀਆਂ ਹਨ, ਜਿਸ ਦੇ ਆਧਾਰ 'ਤੇ ਉਸ ਨੂੰ ਪਤਾ ਸੀ ਕਿ ਮੇਰੀ ਮਾਂ ਮੇਰੀ ਚੱਲਣ ਨਹੀਂ ਦੇਵੇਗੀ। ਨਿੱਤ ਅਨੁਸਾਰ ਉਹ ਮੈਨੂੰ ਝਿੜਕਦੀ ਹਰ ਵਾਰ ਮੁੱਠ ਆਟੇ ਦੀ ਲੈ ਕੇ ਆਉਂਦੀ ਤੇ ਉਸ ਦੀ ਝੋਲੀ ਵਿਚ ਪਾ ਦਿੰਦੀ। ਮੈਨੂੰ ਬਾਅਦ ਵਿਚ 'ਸਾਧੂ ਭੁੱਖੇ ਭੋਜਨ ਦੇ' ਉਕਤੀ ਦੀ ਸਮਝ ਆਈ!

'ਸਤਿ ਬਚਨ' ਸ਼ਬਦ ਅਕਸਰ ਸਾਧੂਆਂ, ਸੰਤਾਂ, ਭਗਤਾਂ, ਫਕੀਰਾਂ ਦੇ ਬੋਲੇ ਹਨ। ਗੁਰੂ ਸਾਹਿਬ ਦੀ ਇਸ ਤੁਕ ਤੋਂ ਪ੍ਰਗਟ ਹੁੰਦਾ ਹੈ, "ਜਿਨਿ ਜਾਤਾ ਤਿਸ ਕੀ ਇਹ ਰਹਤ॥ ਸਤਿ ਬਚਨ ਸਾਧੂ ਸਭਿ ਕਹਤ॥ ਜੋ ਜੋ ਹੋਇ ਸੋਈ ਸੁਖੁ ਮਾਨੈ॥" 'ਸਤਿ ਬਚਨ' ਦਰਅਸਲ ਪਹੁੰਚੇ ਹੋਏ ਦੈਵੀ ਪੁਰਸ਼ਾਂ ਦੇ ਬੋਲ ਹਨ, ਜੋ ਹਮੇਸ਼ਾ ਸੱਚੇ ਮੰਨੇ ਜਾਂਦੇ ਹਨ। 'ਸਤਿ ਬਚਨ' ਬੋਲੇ ਦਾ ਸ਼ਾਬਦਿਕ ਅਰਥ ਹੀ 'ਸੱਚਾ ਬੋਲ' ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦੇ ਸ਼ਬਦਾਂ ਨੂੰ ਅਟੱਲ ਸੱਚਾਈ ਇਸ ਲਈ ਉਪਦੇਸ਼ ਵਜੋਂ ਪ੍ਰਵਾਨ ਕੀਤਾ ਗਿਆ ਹੈ, 'ਗੁਰ ਕਾ ਬਚਨੁ ਸਦਾ ਅਬਿਨਾਸੀ॥', 'ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ॥' (ਗੁਰੂ ਅਰਜਨ ਦੇਵ)

ਐਪਰ ਕਲਯੁਗ ਵਿਚ ਵਰਤੀ ਸ਼ਬਦਾਂ ਦੀ ਇਹ ਪੁੱਠੀ ਖੇਲ੍ਹ ਹੀ ਸਮਝੀ ਜਾਵੇਗੀ ਕਿ ਸਾਧੂ ਲੋਕ ਮੇਰੇ ਵਰਗੇ ਨਾਸਮਝਾਂ ਵਲੋਂ ਉਨ੍ਹਾਂ ਨੂੰ ਉਚਾਰੇ ਦੁਰਬਚਨ ਵੀ ਸਤਿ ਬਚਨ ਕਰਕੇ ਜਾਣਦੇ ਹਨ! ਬਚਨ ਸੰਸਕ੍ਰਿਤ ਸ਼ਬਦ ਵਚਨ ਦਾ ਤਦਭਵ ਹੈ, ਜਿਸ ਦਾ ਅਰਥ ਬੋਲ ਹੀ ਹੈ, ਪਰ ਇਹ ਅਧਿਆਤਮਕਤਾ ਤੇ ਸਦਾਚਾਰ ਦੀ ਰੰਗਣ ਵਿਚ ਰੰਗਿਆ ਜਾਣ ਕਰਕੇ ਸੱਚੇ ਬੋਲ ਦੇ ਅਰਥ ਗ੍ਰਹਿਣ ਕਰ ਗਿਆ ਹੈ। ਸਤਿ ਬਚਨ ਤੋਂ ਇਲਾਵਾ ਸਾਡੇ ਕੋਲ ਗੁਰਬਚਨ ਜਾਂ ਗੁਰ ਕੇ ਬਚਨ ਜਿਹੀਆਂ ਉਕਤੀਆਂ ਵੀ ਆ ਗਈਆਂ ਹਨ। ਗੁਰਬਚਨ ਤਾਂ ਖਾਸ ਨਾਂ ਵਜੋਂ ਵੀ ਖੂਬ ਪ੍ਰਚਲਿਤ ਹੈ।

ਦਰਅਸਲ ਮਨੁੱਖ ਜੋ ਵੀ ਬੋਲਦਾ ਹੈ, ਉਸ ਨੂੰ ਸੱਚ ਸਮਝਿਆ ਗਿਆ ਹੈ। ਭਾਸ਼ਾ-ਵਿਗਿਆਨ ਅਨੁਸਾਰ ਸ਼ਬਦ ਬਾਹਰੀ ਸੱਚਾਈ ਦੇ ਚਿੰਨ-ਮਾਤਰ ਹਨ। ਇੱਕ ਉਕਤੀ ਮਸ਼ਹੂਰ ਹੈ, "ਸ਼ੇਰ ਨੂੰ ਸ਼ੇਰ ਕਿਉਂ ਕਿਹਾ ਜਾਂਦਾ ਹੈ?...ਕਿਉਂਕਿ ਏਹੀ ਸ਼ੇਰ ਵਰਗਾ ਹੁੰਦਾ ਹੈ!" ਗੂੜ੍ਹ ਗਿਆਨ ਵਿਚ ਨਾ ਪੈਂਦਿਆਂ ਬਚਨ ਸ਼ਬਦ ਦੇ ਥੋੜ੍ਹਾ ਹੋਰ ਅਰਥ ਵਿਸਤਾਰ ਵੱਲ ਜਾਂਦੇ ਹਾਂ। ਬਚਨ ਦੇ ਸੱਚਾ ਹੋਣ ਕਰਕੇ ਅੱਗੇ ਇਸ ਦਾ ਅਰਥ ਇਕਰਾਰ, ਕੌਲ ਜਿਹਾ ਵੀ ਹੋ ਗਿਆ, ਜਿਸ ਨੂੰ ਸੱਚਾ ਮੰਨਦਿਆਂ ਨਿਭਾਉਣਾ ਜ਼ਰੂਰੀ ਹੈ। ਯਾਦ ਕਰੋ, ਭਗਤ ਤੁਲਸੀ ਦਾਸ ਦੇ ਬੋਲ, "ਰਘੁਕੁਲ ਰੀਤ ਸਦਾ ਚਲੀ ਆਈ, ਪ੍ਰਾਣ ਜਾਏ ਪਰ ਵਚਨ ਨਾ ਜਾਈ।"

ਇਸ ਤਰ੍ਹਾਂ ਮਨੁੱਖ ਦੇ ਬੋਲਾਂ ਵਿਚ ਹੀ ਸੱਚਾਈ, ਇਕਰਾਰ ਆਦਿ ਦੇ ਭਾਵ ਨਿਹਿਤ ਹਨ। ਅਸੀਂ ਬੋਲਾਂ ਨੂੰ ਪੁਗਾਉਣਾ ਵੀ ਕਹਿੰਦੇ ਹਾਂ। ਅੰਗਰੇਜ਼ੀ Word ਦਾ ਵੀ ਇਕ ਅਰਥ ਇਕਰਾਰ, ਕੌਲ ਹੈ, "Keep ones words"; ਇਸ ਦੇ ਅਰਥ ਮਹਾਂਵਾਕ, ਮੁਹਾਵਰਾ, ਉਕਤੀ, ਅਫਵਾਹ ਵੀ ਹਨ, ਪਰ ਕਿਸੇ ਵੀ ਤਰ੍ਹਾਂ ਦੀ ਲੱਗਲਪੇਟ ਤੋਂ ਬਿਨਾ ਆਪਣੇ ਨਿਰਪੱਖ ਰੂਪ ਵਿਚ ਬਚਨ/ਵਚਨ, ਮੂੰਹ 'ਚੋਂ ਨਿਕਲਿਆ ਬੋਲ, ਸ਼ਬਦ, ਕਥਨ ਹੀ ਹੈ। ਇਸ ਤਰ੍ਹਾਂ ਹਮਾਤੜ ਦੇ ਬੋਲ ਵੀ ਮੁਢਲੇ ਤੌਰ 'ਤੇ ਬਚਨ ਹੀ ਹਨ।



ਵਚਨ ਸ਼ਬਦ ਸੰਸਕ੍ਰਿਤ ਧਾਤੂ 'ਵਚ' ਨਾਲ ਜਾ ਜੁੜਦਾ ਹੈ, ਜਿਸ ਵਿਚ ਬੋਲਣ ਦੇ ਭਾਵ ਹਨ। ਇਸ ਤੋਂ ਅੱਗੇ ਬਣੇ 'ਵਾਚ' ਦਾ ਅਰਥ ਬਾਣੀ, ਬੋਲੀ, ਭਾਸ਼ਾ ਹੈ। ਅਸੀਂ ਇਸ ਨੂੰ ਬਹੁਤਾ ਇਸ ਦੇ ਕ੍ਰਿਆ ਰੂਪ 'ਵਾਚਣਾ' ਵਜੋਂ ਪਛਾਣਦੇ ਹਾਂ, ਜਿਸ ਦਾ ਅਰਥ ਪੜ੍ਹਨਾ ਹੈ, ਪਰ ਮੁਢਲੇ ਤੌਰ 'ਤੇ ਬੋਲ ਕੇ ਸੁਣਾਉਣਾ ਹੈ, "ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥" (ਗੁਰੂ ਨਾਨਕ ਦੇਵ); "ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ॥" (ਗੁਰੂ ਰਾਮਦਾਸ)। 'ਕਥਾ ਵਾਚਣਾ' ਤੋਂ ਇਹ ਗੱਲ ਹੋਰ ਸਪੱਸ਼ਟ ਹੁੰਦੀ ਹੈ। ਇਸ ਤੋਂ ਅੱਗੇ ਵਾਚਕ ਦਾ ਅਰਥ 'ਬੋਧ ਕਰਾਉਣ ਵਾਲਾ' ਹੈ, ਪਰ ਮੁਢਲੇ ਤੌਰ 'ਤੇ ਬੋਲ ਕੇ ਸਮਝਾਉਣ ਵਾਲਾ ਹੈ। ਜ਼ਿਕਰਯੋਗ ਹੈ ਕਿ ਪਹਿਲਿਆਂ ਵਿਚ ਬੋਲ ਕੇ ਹੀ ਪੜ੍ਹਿਆ ਜਾਂਦਾ ਸੀ, ਇਸ ਲਈ ਇਸ ਸ਼ਬਦ ਵਿਚ ਪਾਠ ਦੇ ਭਾਵ ਵੀ ਹਨ। ਅੱਜ ਬਹੁਤਾ ਮਨ ਵਿਚ ਪੜ੍ਹਿਆ ਜਾਂਦਾ ਹੈ।

ਵਾਚ ਦੇ ਅਰਥ ਬੋਲ ਦਾ ਪਤਾ 'ਦਸਮ ਗ੍ਰੰਥ' ਵਿਚ 'ਗੋਪੀ ਵਾਚ' ਤੋਂ ਵੀ ਲੱਗਦਾ ਹੈ, ਮਤਲਬ ਗੋਪੀ ਦੇ ਬੋਲ। 'ਕਵੀ-ਓ-ਵਾਚ' ਹੈ, ਕਵੀ ਦੇ ਬੋਲ। 'ਪਤਰਾ ਵਾਚਣਾ' ਵਿਚ ਵੀ ਇਸ ਦੇ ਬੋਲ ਕੇ ਪੜ੍ਹਨ ਦੇ ਭਾਵ ਉਜਾਗਰ ਹੁੰਦੇ ਹਨ। ਇਸ ਬਾਰੇ ਪੂਰਾ ਲੇਖ ਲਿਖਿਆ ਜਾ ਚੁਕਾ ਹੈ। ਵਿਆਕਰਣ ਵਿਚ ਵਾਚ ਅਜਿਹਾ ਸੰਕਲਪ ਹੈ, ਜਿਸ ਤੋਂ ਕ੍ਰਿਆ ਦਾ ਕਰਤਾ, ਕਰਮ ਜਾਂ ਭਾਵ ਵਿਚਕਾਰ ਸਬੰਧਾਂ ਦਾ ਪਤਾ ਲਗਦਾ ਹੈ, ਜਿਵੇਂ ਕਰਤਰੀਵਾਚ। ਵਾਚਣ ਦਾ ਅਰਥ 'ਐਲਾਨ ਕਰਨਾ' ਵੀ ਹੋ ਜਾਂਦਾ ਹੈ, ਜਿਸ ਤੋਂ ਅੱਗੇ ਇਸ ਵਿਚ ਪੜਤਾਲਣ ਦੇ ਭਾਵ ਵੀ ਆ ਗਏ ਹਨ, ਜਿਵੇਂ 'ਨਾਨਕ ਸ਼ਾਹ ਫਕੀਰ' ਫਿਲਮ ਨੂੰ ਮੁੜ ਵਾਚਣ ਦੀ ਲੋੜ ਹੈ। ਮਤਲਬ ਇਸ ਬਾਰੇ ਮੁੜ ਐਲਾਨ ਕਰਨ ਜਾਂ ਦੱਸਣ ਦੀ ਲੋੜ ਹੈ। ਸੰਸਕ੍ਰਿਤ ਵਿਚ ਤਾਂ ਵਾਚ ਸ਼ਬਦ ਵਿਚ ਝਿੜਕਣ, ਮੰਦਾ ਬੋਲਣ ਦੇ ਭਾਵ ਵੀ ਹਨ।

'ਵਚ' ਧਾਤੂ ਤੋਂ ਹੀ ਵਾਕ ਸ਼ਬਦ ਬਣਦਾ ਹੈ, ਜਿਸ ਦਾ ਵਧੇਰੇ ਜਾਣਿਆ ਜਾਂਦਾ ਅਰਥ ਤਾਂ 'ਫਿਕਰਾ' ਹੈ। ਸੰਸਕ੍ਰਿਤ ਵਾਕ ਸ਼ਬਦ ਵਿਚ ਬੋਲਣ ਦੇ ਭਾਵ ਹਨ, ਪਰ ਇਹ ਇਕ ਅਗੇਤਰ ਵਜੋਂ ਹੀ ਵਰਤਿਆ ਮਿਲਦਾ ਹੈ, ਜਿਵੇਂ ਵਾਕਕੀਰ ਦਾ ਅਰਥ ਹੈ, 'ਤੋਤਾ', ਅਰਥਾਤ ਜੋ ਮਨੁੱਖ ਵਲੋਂ ਬੋਲੇ ਗਏ ਸ਼ਬਦ ਨੂੰ ਰਟਦਾ ਹੈ। ਵਾਕਕੀਰ ਦਾ ਅਰਥ 'ਸਾਲਾ' ਵੀ ਹੈ! ਵਾਕ ਛਲ (ਗੋਲਮੋਲ ਗੱਲ ਜਾਂ ਜਵਾਬ) ਵਿਚ ਅਸੀਂ ਇਸ ਨੂੰ ਦੇਖ ਸਕਦੇ ਹਾਂ। ਫਿਕਰੇ ਦੇ ਅਰਥਾਂ ਵਾਲਾ ਵਾਕ ਦਰਅਸਲ ਸੰਸਕ੍ਰਿਤ ਵਾਕਯ ਦਾ ਪੰਜਾਬੀ ਰੂਪ ਹੈ। ਸੰਸਕ੍ਰਿਤ ਵਾਕਯ ਦਾ ਅਰਥ ਹੈ-ਬੋਲ, ਕਥਨ, ਬਿਆਨ, ਆਦੇਸ਼, ਸ਼ਬਦ ਆਦਿ। ਹੋਰ ਅੱਗੇ ਵਿਕਸਿਤ ਹੋ ਕੇ ਇਸ ਦੇ ਅਰਥ ਟੂਕ, ਸੱਚੇ ਬੋਲ, ਸੂਤਰ, ਕਹਾਵਤ, ਜੁਮਲਾ ਵੀ ਹੋ ਗਏ ਹਨ।

ਸਿੱਖ ਧਰਮ ਦੇ ਅੰਤਰਗਤ ਗੁਰੂ ਗ੍ਰੰਥ ਸਾਹਿਬ ਵਿਚੋਂ ਲਈਆਂ ਗਈਆਂ ਟੂਕਾਂ ਇਹੋ ਹਨ। 'ਵਾਕ ਲੈਣਾ' ਦਾ ਮਤਲਬ ਹੈ, ਖੋਲ੍ਹੇ ਗਏ ਗੁਰੂ ਗ੍ਰੰਥ ਸਾਹਿਬ ਦੇ ਖੱਬੇ ਪੱਤਰੇ ਵਿਚਲਾ ਪਹਿਲਾ ਪਦ। ਸ਼ਿਵ ਕੁਮਾਰ ਨੇ ਵਾਕ ਦਾ ਅੱਗੇ ਵਿਸਤਾਰ ਕੀਤਾ, 'ਜਦ ਰੋਹੀਆਂ ਵਿਚ ਪੰਛੀ ਤੜਕੇ ਵਾਕ ਕੋਈ ਲੈਂਦਾ ਹੈ।' ਸੱਭ ਦੀ ਗੱਲ ਹੈ ਕਿ ਸੰਸਕ੍ਰਿਤ ਵਿਚ ਵਾਕਯ ਸ਼ਬਦ ਦੇ ਅਰਥ ਪੰਛੀਆਂ ਦੀ ਚਹਿਚਹਾਟ ਵੀ ਹੈ। ਉਂਜ ਗੁਰਬਾਣੀ ਵਿਚ ਇਸ ਦਾ ਅਰਥ ਵਚਨ, ਬੋਲ ਹੀ ਹੈ, 'ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ॥' (ਗੁਰੂ ਨਾਨਕ ਦੇਵ); 'ਜਨ ਕਾ ਕੀਨੋ ਪੂਰਨ ਵਾਕੁ॥' (ਗੁਰੂ ਅਰਜਨ ਦੇਵ)। ਮਹਾਂਪੁਰਸ਼ਾਂ ਦੇ ਵਾਕਾਂ ਨੂੰ ਅਸੀਂ ਮਹਾਂਵਾਕ ਵੀ ਕਹਿ ਦਿੰਦੇ ਹਾਂ।

ਵਾਕ ਤੋਂ ਵਾਕੰਸ਼ ਬਣਿਆ, ਜੋ ਸ਼ਾਬਦਿਕ ਤੌਰ 'ਤੇ 'ਵਾਕ ਦਾ ਇੱਕ ਹਿੱਸਾ' ਹੈ, ਪਰ ਇਸ ਨੂੰ ਜੁਮਲਾ, ਉਕਤੀ ਵਜੋਂ ਵੀ ਲਿਆ ਜਾਣ ਲੱਗਾ ਹੈ। ਵਾਕਯ ਤੋਂ ਹੀ ਵਕਯਤਵ/ਵਕਤੱਵਯ ਬਣਿਆ, ਜੋ ਹਿੰਦੀ ਤੇ ਕਦੇ ਕਦਾਈਂ ਪੰਜਾਬੀ ਵਿਚ ਵੀ ਬਿਆਨ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਧਿਆਨਯੋਗ ਹੈ ਕਿ ਭਾਵੇਂ ਬਿਆਨ ਸ਼ਬਦ ਦੀ ਧੁਨੀ ਚਰਚਾ ਵਿਚ ਆ ਰਹੇ ਸ਼ਬਦਾਂ ਨਾਲ ਮਿਲਦੀ-ਜੁਲਦੀ ਹੈ, ਪਰ ਇਹ ਅਰਬੀ ਵਲੋਂ ਆਇਆ ਹੈ। ਵਕ ਤੋਂ ਹੀ ਵਕਤਾ ਸ਼ਬਦ ਬਣਿਆ, ਜਿਸ ਦਾ ਅਰਥ ਬੋਲਣਹਾਰਾ, ਭਾਸ਼ਣਕਾਰ ਹੈ। ਵਾਕ ਦਾ ਇੱਕ ਭੇਦ 'ਵਾਗ' ਵੀ ਹੈ, ਜੋ ਸਮਾਸੀ ਸ਼ਬਦਾਂ ਵਿਚ ਹੀ ਵਰਤਿਆ ਮਿਲਦਾ ਹੈ।

ਚੁਣਨ ਦੇ ਅਰਥਾਂ ਵਿਚ ਵਰਤਿਆ ਜਾਂਦਾ ਸ਼ਬਦ ਨਿਰਵਾਚਨ ਵੀ ਇਥੇ ਸ਼ਾਂ ਸਿਰ ਹੈ। ਇਹ ਬਣਿਆ ਹੈ, ਨਿਰ+ਵਚਨ ਤੋਂ। ਇਸ ਦਾ ਸ਼ਾਬਦਿਕ ਅਰਥ ਹੈ, ਬਹੁਤ ਸਾਰੇ ਵਚਨਾਂ ਵਿਚੋਂ ਅਰਥ ਵੱਖ ਕਰਨਾ, ਕੱਢਣਾ ਜਾਂ ਚੁਣਨਾ। ਇਸ ਤਰ੍ਹਾਂ ਇਸ ਸ਼ਬਦ ਵਿਚ ਚੁਣਨ ਦਾ ਭਾਵ ਆ ਗਿਆ। ਸੰਸਕ੍ਰਿਤ ਵਿਚ ਸਾਹਿਤ ਦੇ ਸ਼ਬਦਾਂ ਦੀ ਵਿਆਖਿਆ ਜਾਂ ਟੀਕਾ ਕਰਨ ਦੀ ਪ੍ਰਣਾਲੀ ਨੂੰ ਨਿਰਵਚਨ ਕਿਹਾ ਜਾਂਦਾ ਸੀ। ਪ੍ਰਸ਼ਾਸਨ ਦੀ ਚੋਣ-ਪ੍ਰਣਾਲੀ ਵਿਚ ਆ ਕੇ ਸ਼ਬਦ ਦੇ ਅਰਥ ਕਿਧਰੇ ਚਲੇ ਗਏ!

ਵਚਨ ਸ਼ਬਦ ਦਾ ਪ੍ਰਾਕ੍ਰਿਤ ਰੂਪ 'ਵਯਣ' ਹੋਇਆ, ਜਿਸ ਵਿਚ ਬੋਲ, ਕਥਨ ਆਦਿ ਦੇ ਹੀ ਭਾਵ ਹਨ। ਵਿਰਲਾਪ ਦੇ ਅਰਥਾਂ ਵਾਲੇ ਪੰਜਾਬੀ ਸ਼ਬਦ ਵੈਣ/ਬੈਣ ਦਾ ਇਹੀ ਪਹਿਲਾ ਰੂਪ ਹੈ। ਇਨ੍ਹਾਂ ਵੈਣਾਂ ਨੂੰ ਜਦ ਕਾਵਿਕ ਰੂਪ ਦਿੱਤਾ ਗਿਆ ਤਾਂ ਉਹ ਵੀ ਵੈਣ ਕਹਾਏ। 'ਵੈਣ ਪਾਉਣੇ' ਦਾ ਅਰਥ ਹੈ, ਕੀਰਨੇ ਪਾਉਣਾ, ਵਿਰਲਾਪ ਕਰਨਾ। ਵੈਣ/ਬੈਣ ਸ਼ਬਦ ਦਾ ਮੁਢਲਾ ਅਰਥ ਬੋਲ ਕਥਨ ਹੀ ਹੈ, ਜਿਵੇਂ ਗੁਰੂ ਨਾਨਕ ਦੇਵ ਦੀਆਂ ਇਨ੍ਹਾਂ ਸਤਰਾਂ ਵਿਚ, "ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ॥" ਗੁਰੂ ਰਾਮਦਾਸ ਨੇ ਵੀ ਏਹੀ ਭਾਵ ਲਿਆ ਹੈ, "ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ॥" ਕੁਝ ਹੋਰ ਭਾਰਤੀ ਭਾਸ਼ਾਵਾਂ ਵਿਚ ਬੈਣ ਜਿਹੇ ਸ਼ਬਦਾਂ ਦਾ ਅਰਥ ਬੋਲ, ਕਥਨ ਹੈ। ਪਲੈਟਸ ਅਨੁਸਾਰ ਫਾਰਸੀ ਵਲੋਂ ਆਇਆ ਆਵਾਜ਼ ਸ਼ਬਦ ਵਾਚ ਦਾ ਹੀ ਸਜਾਤੀ ਹੈ। ਇਸ ਦਾ ਜ਼ੰਦ ਰੂਪ ਆਵਚ ਅਤੇ ਪਹਿਲਵੀ ਅਫਾਜ਼ ਹੈ। ਇਸ ਤੋਂ ਬਣੇ ਆਵਾਜ਼ਾ ਦਾ ਅਰਥ ਉਚੀ ਆਵਾਜ਼ ਹੈ। ਅਸੀਂ ਇਸ ਨੂੰ 'ਅਵਾਜ਼ੇ ਕੱਸਣਾ' ਮੁਹਾਵਰੇ ਵਿਚ ਦੇਖ ਸਕਦੇ ਹਾਂ, ਜਿਸ ਦਾ ਅਰਥ ਕਿਸੇ ਦਾ ਮਖੌਲ ਉਡਾਉਣਾ ਹੈ। ਪੰਜਾਬੀ ਆਵਾਜ਼ ਵੀ ਨਾ ਕੱਢ ਸਕੇ ਤਾਂ 'ਵਾਜ਼ ਬਣਾ ਲਿਆ।

ਵਚਨ ਸ਼ਬਦ ਦੇ ਸਕੇ-ਸੋਹਦਰੇ ਹੋਰ ਹਿੰਦ-ਯੁਰਪੀ ਭਾਸ਼ਾਵਾਂ ਵਿਚ ਵੀ ਮਿਲਦੇ ਹਨ। ਇਸ ਦਾ ਭਾਰੋਪੀ ਮੂਲ 'Wekw' ਮਿਥਿਆ ਗਿਆ ਹੈ, ਜਿਸ ਵਿਚ ਬੋਲਣ ਦੇ ਭਾਵ ਹਨ। ਇਸ ਤੋਂ ਬਣੇ ਕਈ ਸ਼ਬਦ ਮਿਲਦੇ ਹਨ। ਅੰਗਰੇਜ਼ੀ ਦਾ ਜਾਣਿਆ-ਪਛਾਣਿਆ ਸ਼ਬਦ Voice ਇਸ ਦੀ ਮਿਸਾਲ ਹੈ। ਇਸ ਦਾ ਅਰਥ ਆਵਾਜ਼, ਧੁਨੀ ਹੈ। ਇਹ ਸ਼ਬਦ ਲਾਤੀਨੀ Vocem ਤੋਂ ਫਰਾਂਸੀਸੀ ਰਾਹੀਂ ਹੁੰਦਾ ਅੰਗਰੇਜ਼ੀ ਵਿਚ ਇਸ ਰੂਪ ਵਿਚ ਪੁੱਜਾ। ਲਾਤੀਨੀ ਵਿਚ ਇਸ ਦਾ ਅਰਥ ਬੋਲ, ਆਵਾਜ਼, ਸੱਦ ਆਦਿ ਹੈ। ਇਤਾਲਵੀ Voce ਅਤੇ ਸਪੈਨਿਸ਼ Voz ਵਿਚ ਵੀ ਇਸੇ ਸ਼ਬਦ ਦਾ ਝਾਉਲਾ ਪ੍ਰਤੀਤ ਹੁੰਦਾ ਹੈ। ਮੌਖਿਕ ਇਮਤਿਹਾਨ ਦੇ ਅਰਥਾਂ ਵਿਚ ਲਾਤੀਨੀ ਵਲੋਂ ਆਏ 'ਵੀਵਾ ਵੋਚੇ' Viva Voce ਉਕਤੀ ਵਿਚ ਇਸ ਸ਼ਬਦ ਨੂੰ ਦੇਖ ਸਕਦੇ ਹਾਂ। Vocal, Vocabulary, Convocation, Vocation, Advocate Revoke, Provoke, Vouch, Vowel, Epic, Evoke ਆਦਿ ਸ਼ਬਦਾਂ ਵਿਚ ਇਹ ਮੂਲ ਸਪੱਸ਼ਟ ਝਲਕਦਾ ਹੈ।

# ਓਪਰਾ ਬੰਦਾ

*(ਪਿਛਲੇ ਸਫੇ ਦੀ ਬਾਕੀ)*

ਇਕ ਪਲ ਨੂੰ ਮੁੜ ਸੁਰਜੀਤ ਕਰ ਦਿੱਤਾ।

"ਵੈਰੀ ਕੋਆਪਰੇਟਿਵ, ਵੈਰੀ ਕੇਅਰਿੰਗ, ਅਜਿਹੇ ਬੰਦੇ ਕਿਥੇ ਮਿਲਦੇ ਨੇ! ਜਾਨ ਤਕ ਦੀ ਬਾਜ਼ੀ ਲਾ ਦਿੰਦਾ ਸੀ ਉਹ, ਪਰਵਾਹ ਨਹੀਂ ਸੀ ਕਰਦਾ, ਪਿੱਛੇ ਹਟਣ ਦਾ ਤਾਂ ਸਵਾਲ ਹੀ ਨਹੀਂ, ਇਹੋ ਜਿਹਾ ਸੀ, ਵਿਲੱਖਣ, ਸਭ ਤੋਂ ਅੱਡ।" ਸ਼ਾਲੂ ਨੇ ਮਨ ਹੀ ਮਨ ਸਮੀਰ ਦੀ ਸ਼ਲਾਘਾ ਕੀਤੀ।

ਯਾਦਾਂ ਦੀ ਇਕ ਹੋਰ ਕੰਨੀ ਬਦੋ ਬਦੀ ਖੁੱਲ੍ਹ ਗਈ। ਇਕ ਦਿਨ ਦੀ ਗੱਲ ਹੈ। ਉਹ ਆਪਣੇ ਕੰਮ ਦੇ ਸਬੰਧ ਵਿਚ ਕਿਸੇ ਦੁਰੇਡੀ ਥਾਂ ਗਈ। ਘਰ ਮੁੜਦਿਆਂ ਦੇਰ ਹੋ ਗਈ। ਕਾਲੋਨੀ ਦਾ ਸਟਾਪ ਆਇਆ, ਉਹ ਬੱਸ ਤੋਂ ਉਤਰੀ, ਘਰ ਜਾਣ ਲਈ ਅੱਗੇ ਵਧੀ ਸੀ ਕਿ ਕੁਝ ਗੁੰਡਿਆਂ ਨੇ ਹਨੇਰੇ ਦਾ ਲਾਭ ਲੈ ਕੇ ਅੱਗੋਂ ਘੇਰ ਲਿਆ। ਇਕ ਨੇ ਤਾਂ ਉਸ ਨੂੰ ਪਿੱਛੋਂ ਜੱਫਾ ਮਾਰ ਲਿਆ। ਗੁੰਡਿਆਂ ਦੇ ਅਚਨਚੇਤ ਹਮਲੇ ਤੋਂ ਉਹ ਘਾਬਰ ਜਰੂਰ ਗਈ ਪਰ ਹੌਸਲਾ ਨਹੀਂ ਛੱਡਿਆ, ਉਨ੍ਹਾਂ ਦਾ ਮੁਕਾਬਲਾ ਕਰਨ ਦਾ ਯਤਨ ਕੀਤਾ। ਗੁੰਡਿਆਂ ਦੀ ਗਿਣਤੀ ਵੱਧ ਸੀ, ਉਸ ਦੀ ਕੋਈ ਪੇਸ਼ ਨਾ ਗਈ, ਤਾਂ ਉਸ ਰੌਲਾ ਪਾ ਦਿੱਤਾ। ਚੰਗੇ ਭਾਗਾਂ ਨੂੰ ਉਸ ਸਮੇਂ ਇਕ ਹੋਰ ਬਸ ਸਟਾਪ 'ਤੇ ਰੁਕੀ, ਕੁਝ ਮੁਸਾਫਰ ਹੇਠਾਂ ਉਤਰੇ, ਚੀਕ ਦੀ ਆਵਾਜ਼ ਉਨ੍ਹਾਂ ਦੇ ਕੰਨਾਂ ਵਿਚ ਪਈ, 'ਕੀ ਹੋਇਆ, ਕੀ ਹੋਇਆ', ਉਨ੍ਹਾਂ ਦੇ ਮੂੰਹੋਂ ਨਿਕਲਿਆ। ਉਹ ਉਧਰ ਦੌੜੇ ਤਾਂ ਗੁੰਡੇ ਉਹਨੂੰ ਛੱਡ ਖਿਸਕ ਗਏ। ਉਹ ਵਾਲ ਵਾਲ ਬਚ ਗਈ, ਪਰ ਇਸ ਘਟਨਾ ਦਾ ਦਰਦ ਉਹਨੂੰ ਪੂਰੀ ਰਾਤ ਸਤਾਉਂਦਾ ਰਿਹਾ।

"ਤੂੰ ਮੈਨੂੰ ਦੱਸ ਨਹੀਂ ਸਕਦੀ ਸੀ?" ਸਮੀਰ ਦਾ ਰੋਸਾ ਬੋਲ ਰਿਹਾ ਸੀ।

"ਇਸ ਵਿਚ ਦੱਸਣ ਵਾਲੀ ਕਿਹੜੀ ਗੱਲ ਸੀ?"

"ਜੇ ਕੋਈ ਗੱਲ ਨਹੀਂ ਸੀ ਤਾਂ ਦੂਜਿਆਂ ਨੂੰ ਇਸ ਦੀ ਭਿਣਕ ਕਿਵੇਂ ਪੈ ਗਈ?"

"ਦੋਸਤਾਂ ਮਿੱਤਰਾਂ ਨੂੰ ਦਸ ਹੋ ਜਾਂਦੈ!"

"ਤੇ ਅਸੀਂ ਬੇਗਾਨੇ ਹੋਏ, ਤਾਂ ਹੀ...!" ਸਮੀਰ ਚੀਕਿਆ।

"ਓ ਨੋ ਮਾਈ ਡੀਅਰ, ਪਲੀਜ਼ ਡੌਂਟ ਮਾਈਂਡ, ਗਲਤੀ ਹੋ ਗਈ!" ਸ਼ਾਲੂ ਨੇ ਕੰਨਾਂ ਨੂੰ ਹੱਥ ਲਾਏ।

"ਮਾਫੀ ਮਿਲ ਸਕਦੀ ਹੈ, ਪਰ ਇਕ ਸ਼ਰਤ 'ਤੇ!" ਸਮੀਰ ਨੇ ਢੈਲਾ ਪੈਂਦਿਆਂ ਕਿਹਾ।

"ਤੁਸੀਂ ਜੋ ਕਹੋਗੇ, ਮੈਂ ਉਹੋ ਕਰਾਂਗੀ। ਖੁਸ਼?"

"ਮੈਂ ਤੁਹਾਨੂੰ ਘਰ ਛੱਡਣ ਜਾਵਾਂਗਾ।"

"ਨਹੀਂ, ਇਹ ਨਹੀਂ ਹੋ ਸਕਦਾ। ਉਹ ਬੜੇ ਖਤਰਨਾਕ ਬੰਦੇ ਨੇ, ਉਨ੍ਹਾਂ ਦਾ ਇੰਤਜਾਮ ਮੈਂ ਕਰ ਦਿੱਤੈ, ਤੁਸੀਂ ਚਿੰਤਾ ਨਾ ਕਰੋ!"

"ਕੀ ਇੰਤਜਾਮ ਕੀਤਾ ਏ?"

"ਰਿਸ਼ਤੇ ਵਿਚੋਂ ਮੇਰੇ ਭਰਾ ਪੁਲਿਸ ਦੇ ਵੱਡੇ ਅਫਸਰ ਨੇ, ਉਨ੍ਹਾਂ ਨੂੰ ਮੈਂ ਕਹਿ ਦਿੱਤਾ ਹੈ, ਉਹ ਕੁਝ ਨਾ ਕੁਝ ਕਰ ਦੇਣਗੇ, ਸਮੱਸਿਆ ਕੇਵਲ ਅੱਜ ਦੀ ਹੈ।" ਉਸ ਚਿੰਤਿਤ ਹੁੰਦਿਆਂ ਕਿਹਾ।

ਸ਼ਾਲੂ ਦੀ ਗੱਲ ਸੁਣ ਉਹ ਨਾ ਡਰਿਆ ਨਾ ਝਿਝਕਿਆ, ਇਕ ਦਮ ਬੋਲ ਪਿਆ, "ਕੋਈ ਗੱਲ ਨਹੀਂ। ਤੂੰ ਘਾਬਰ ਨਾ, ਅੱਜ ਮੈਂ ਜਾਵਾਂਗਾ ਤੇਰੇ ਨਾਲ। ਤੇ ਨਾਲੇ ਦੇਖ ਲਵਾਂਗਾ ਉਹ ਕਿਹੜਾ ਖੱਬੀ ਖਾਨ ਹੈ, ਜਿਸ ਸਾਡੀ ਸ਼ਾਲੂ ਨੂੰ ਛੇੜਨ ਦੀ ਹਿਮਾਕਤ ਕੀਤੀ ਏ।"

ਇਕ ਦਿਨ ਤਾਂ ਕੀ ਉਹ ਕਈ ਦਿਨ ਸ਼ਾਲੂ ਨੂੰ ਉਹਦੇ ਘਰ ਛੱਡਣ ਜਾਂਦਾ ਰਿਹਾ। ਅਜਿਹਾ ਸੀ ਉਹ! ਅਜਿਹੇ ਹੋਰ ਵੀ ਕਈ ਮੌਕੇ ਆਏ, ਜਦ ਉਸ ਅੱਗੇ ਵਧ ਕੇ ਸ਼ਾਲੂ ਦੀ ਮਦਦ ਕੀਤੀ ਸੀ। ਡਾਕਟਰੀ ਦੀਆਂ ਪੜ੍ਹਾਈਆਂ ਖਤਮ ਹੋਈਆਂ। ਜ਼ਿੰਦਗੀ ਦੇ ਕਿਆਸੇ ਰਾਹਾਂ 'ਤੇ ਚੱਲਦੇ ਉਹ ਇਕ ਦੂਜੇ ਤੋਂ ਜੁਦਾ ਹੋ ਗਏ। ਕਾਰੋਬਾਰੀ ਤੇ ਗ੍ਰਿਹਿਸਥੀ ਜੀਵਨ ਦੀਆਂ ਜਿੰਮੇਵਾਰੀਆਂ ਆਉਂਦੀਆਂ ਗਈਆਂ, ਨਿਭਾਈਆਂ ਜਾਂਦੀਆਂ ਰਹੀਆਂ, ਪਰ ਕਿੰਨਾ ਵੀ ਰੁਝੇਵਾਂ ਕਿਉਂ ਨਾ ਹੋਵੇ, ਸਮੀਰ ਦੀਆਂ ਨਿੱਘੀਆਂ ਯਾਦਾਂ ਦੀ ਪੰਡ ਦਾ ਕੋਈ ਨਾ ਕੋਈ ਸਿਰਾ ਖੁੱਲ੍ਹਦਾ ਹੀ ਰਿਹਾ, ਤੇ ਸ਼ਾਲੂ ਮੁੜ ਮੁੜ ਉਨ੍ਹਾਂ ਵਿਚ ਗੁਆਚ ਜਾਂਦੀ। ਇਹ ਜੀਵਨ ਵੀ ਕਿੰਨਾ ਅਜੀਬ ਏ, ਸੱਚ!

---

ਸ਼ਾਲੂ ਮਰੀਜ਼ ਦੇਖਣ ਵਿਚ ਰੁੱਝੀ ਹੋਈ ਸੀ। ਹੁਣ ਤਕ ਸਿਰ ਖੁਰਕਣ ਦੀ ਵਿਹਲ ਨਹੀਂ ਸੀ ਮਿਲੀ। ਇਕ ਜਾਂਦਾ ਤੇ ਦੋ ਹੋਰ ਆ ਜਾਂਦੇ। ਮਸ਼ੀਨ ਵੀ ਜ਼ਿਆਦਾ ਗਰਮ ਹੋ ਜਾਣ 'ਤੇ ਕੰਮ ਨਹੀਂ ਕਰਦੀ, ਕੁਝ ਦੇਰ ਰੁਕਣਾ ਪੈ ਜਾਂਦਾ ਏ; ਫੇਰ ਇਨਸਾਨ, ਹੱਡ ਮਾਸ ਦਾ ਪੁਤਲਾ, ਕਿੱਥੋਂ ਤਕ ਚੱਲਦਾ ਰਹੇ! ਜੇ ਉਹ ਆਪ ਨਹੀਂ ਰੁਕਦਾ ਤਾਂ ਸ਼ਰੀਰ ਅੜ ਜਾਂਦਾ ਏ, ਉਹ ਨਹੀਂ ਚਲਦਾ। ਸ਼ਾਲੂ ਦਾ ਹਾਲ ਵੀ ਕੁਝ ਇਹੋ ਜਿਹਾ ਹੋ ਗਿਆ ਸੀ। ਇਕ ਮਰੀਜ਼ ਨੂੰ ਦੇਖ ਕੇ ਉਸ ਅੱਖਾਂ ਬੰਦ ਕਰ ਲਈਆਂ, ਮੁਸ਼ਕਿਲ ਨਾਲ ਦੋ-ਚਾਰ ਮਿੰਟ ਹੋਏ ਹੋਣਗੇ ਕਿ ਸੇਵਾਦਾਰਨੀ ਦੀ ਆਵਾਜ਼ ਕੰਨੀਂ ਪਈ, "ਮੈਡਮ!"

"ਹੂੰ!"

"ਜੀ ਉਦਣ ਵਾਲਾ ਬੰਦਾ ਫੇਰ ਆਇਆ ਏ!"

"ਕਦੇ ਕਿਸੇ ਜਾਨਵਰ ਨੂੰ ਵੀ ਇਥੇ ਆਉਂਦਾ ਤੱਕਿਆ ਏ?"

"ਜੀ!"

"ਭਲੀਏ ਲੋਕੇ ਇਥੇ ਬੰਦੇ ਈ ਆਉਂਦੇ ਨੇ, ਕੋਈ ਤਕਲੀਫ ਵਿਚ ਹੋਵੇਗਾ, ਉਦਣ ਨਹੀਂ ਮਿਲ ਸਕੀ, ਅੱਜ ਮਿਲ ਲਵਾਂਗੀ। ਭੇਜ ਦੇ ਉਹਨੂੰ...!" ਸ਼ਾਲੂ ਦਾ ਦਿਲ ਹੋਰ ਕਿਸੇ ਮਰੀਜ਼ ਨੂੰ ਦੇਖਣ ਲਈ ਨਹੀਂ ਸੀ ਕਰਦਾ, "ਇਹ ਬੰਦਾ ਆਪਣੀ ਤਕਲੀਫ ਲੈ ਕੇ ਦੂਜੀ ਵਾਰ ਮਿਲਣ ਆਇਆ ਏ, ਉਹਨੂੰ ਨਾ ਮਿਲਾਂ, ਇਹ ਹੋ ਨਹੀਂ ਸਕਦਾ।" ਉਹ ਮਨ ਹੀ ਮਨ ਬੁਦਬੁਦਾਈ।

"ਮੈਂ ਅੰਦਰ ਆ ਸਕਦਾਂ?" ਬਾਹਰੋਂ ਆਏ ਬੰਦੇ ਨੇ ਪੁੱਛਿਆ।

"ਅੰਦਰ ਤਾਂ ਤੁਸੀਂ ਆ ਈ ਚੁਕੇ ਹੋ, ਬਹਿ ਜਾਓ ਤੇ ਆਪਣੀ ਤਕਲੀਫ ਦੱਸੋ!" ਸ਼ਾਲੂ ਨੇ ਉਸ ਵੱਲ ਦੇਖੇ ਬਿਨਾ ਕਿਹਾ।

"ਤਕਲੀਫ ਹੈ ਵੀ ਤੇ ਨਹੀਂ ਵੀ?"

"ਮਤਲਬ?"

"ਮਤਲਬ ਇਹ ਕਿ ਜਿਸ ਮਹਾਨ ਹਸਤੀ ਨੂੰ ਮਿਲਣ ਲਈ ਏਨੇ ਦਿਨਾਂ ਤੋਂ ਹੱਥ ਪੈਰ ਮਾਰਦਾ ਰਿਹਾਂ, ਉਹ ਨੇ ਤਾਂ ਸਾਡੇ ਵੱਲ ਦੇਖਿਆ ਈ ਨਹੀਂ!"

ਉਹਦੀ ਗੱਲ ਸੁਣ ਸ਼ਾਲੂ ਨੇ ਅੱਖਾਂ ਖੋਲ੍ਹੀਆਂ, ਸਾਹਮਣੇ ਬੈਠਾ ਬੰਦਾ ਜਾਣਿਆ-ਪਛਾਣਿਆ ਲੱਗਾ, ਪਰ ਇਹ ਹੈ ਕੌਣ, ਉਹ ਚੰਗੀ ਤਰ੍ਹਾਂ ਸਿਆਣ ਨਾ ਸਕੀ। ਬੰਦੇ ਤੋਂ ਉਹਦੀ ਦੁਚਿੱਤੀ ਗੁੱਝੀ ਨਹੀਂ ਰਹਿ ਸਕੀ, ਉਹ ਫੇਰ ਬੋਲਿਆ, "ਡਾਕਟਰ ਸ਼ਾਲੂ, ਨਹੀਂ ਸ਼ਾਲੂ ਈ ਕਾਫੀ ਏ, ਬਹੁਤ ਸਾਲ ਪਹਿਲਾਂ ਤੁਸੀਂ...!"

'ਡਾਕਟਰ ਸ਼ਾਲੂ, ਨਹੀਂ ਸ਼ਾਲੂ ਹੀ ਕਾਫੀ ਏ' ਉਸ ਦੇ ਨਿੱਘੇ ਬੋਲ ਸੁਣ ਸ਼ਾਲੂ ਤ੍ਰਭਕੀ। ਉਸ ਇਕ ਭਰਵੀਂ ਨਜ਼ਰ ਨਾਲ ਉਹਨੂੰ ਤੱਕਿਆ। "ਹਾਏ, ਇਹ ਤਾਂ ਉਹੀ ਏ!" ਇਹ ਉਸ ਦੇ ਦਿਲ ਦੀ ਆਵਾਜ਼ ਸੀ। ਇਸ ਤੋਂ ਪਹਿਲਾਂ ਕਿ ਓਪਰਾ ਬੰਦਾ ਕੁਝ ਹੋਰ ਬੋਲਦਾ, ਸ਼ਾਲੂ ਆਪ ਮੁਹਾਰੇ ਬੋਲ ਪਈ, "ਹਾਂ ਜੀ ਬਹੁਤ ਸਾਲ ਪਹਿਲਾਂ, ਇਸ ਸ਼ਹਿਰ ਵਿਚ, ਇਕ ਸੁਹਿਰਦ ਇਨਸਾਨ ਮੇਰੇ ਨਾਲ ਪੜ੍ਹਦਾ ਸੀ, ਮੇਰੇ ਦੁੱਖ-ਸੁੱਖ ਦਾ ਭਾਈਵਾਲ, ਹਰ ਵੇਲੇ ਮੇਰਾ ਖਿਆਲ ਰੱਖਣ ਵਾਲਾ। ਪੜ੍ਹਾਈ ਮੁਕਾ ਲੈਣ ਮਗਰੋਂ ਉਹ ਪਤਾ ਨਹੀਂ ਕਿਧਰ ਚਲਾ ਗਿਐ, ਮੁੜ ਕਦੇ ਦਿਸਿਆ ਈ ਨਹੀਂ, ਜੇ ਉਹ ਤੁਹਾਨੂੰ ਕਿਤੇ ਘੁੰਮਦਾ ਫਿਰਦਾ ਨਜ਼ਰ ਆ ਜਾਵੇ ਤਾਂ ਫੜ ਕੇ ਲੈ ਆਉਣਾ ਮੇਰੇ ਪਾਸ, ਫੇਰ ਮੈਂ ਜਾਣਾ ਤੇ ਮੇਰਾ ਕੰਮ ਜਾਣੇ, ਸੁੱਕਾ ਨਹੀਂ ਜਾਣ ਦਿੰਦੀ ਉਸ ਮਹਾਪੁਰਸ਼ ਨੂੰ!"

ਸ਼ਾਲੂ ਬੋਲਦੀ-ਬੋਲਦੀ ਕਦ ਕੋਲ ਆ ਕੇ ਖਲੋ ਗਈ, ਓਪਰੇ ਬੰਦੇ ਨੂੰ ਪਤਾ ਈ ਨਾ ਲੱਗਾ। ਉਹ ਤ੍ਰਭਕਿਆ, ਆਪਣੀ ਥਾਂ ਤੋਂ ਉਠ ਖਲੋਤਾ, ਸ਼ਾਲੂ ਉਹਦੀ ਹਿੱਕ ਨਾਲ ਲੱਗ, "ਸਮੀਰ, ਸਮੀਰ! ਉਹ ਮਾਈ ਗਾਡ!...ਉਹ ਓਪਰਾ ਬੰਦਾ ਤੂੰ ਹੀ ਸੀ, ਐਕਸਕਿਊਜ਼ ਮੀ ਪਲੀਜ਼!" ਉਹਦਾ ਗੱਚ ਭਰ ਆਇਆ

---

*I-263 ਕਰਮਪੁਰਾ, ਨਵੀਂ ਦਿੱਲੀ।

## ਜੀਣ ਤੋਂ ਥੀਣ ਤੱਕ ਦੀ ਯਾਤਰਾ

## ਪੁਸਤਕ ਪੜਚੋਲ

# ਉਂਕਾਰਪ੍ਰੀਤ ਦਾ ਦੀਵਾਨ 'ਆਪਣੀ ਛਾਂ ਦੇ ਸ਼ਬਦ'

ਵਰਿਆਮ ਸਿੰਘ ਸੰਧੂ

ਉਂਕਾਰਪ੍ਰੀਤ ਕੈਨੇਡਾ ਦੇ ਬਰੈਂਪਟਨ ਸ਼ਹਿਰ ਵੱਸਦਾ ਪੰਜਾਬੀ ਸ਼ਾਇਰ ਤੇ ਨਾਟਕਕਾਰ ਹੈ। ਉਹਦੇ ਤਿੰਨ ਨਾਟਕ (ਪ੍ਰਗਟਿਓ ਖਾਲਸਾ, ਆਜ਼ਾਦੀ ਦੇ ਜਹਾਜ, ਰੋਟੀ ਵਾਇਆ ਲੰਡਨ) ਤੇ ਇਕ ਗਜ਼ਲ-ਸੰਗ੍ਰਿਹ (ਮਿੱਪਲ ਦੀ ਕੈਨਵਸ) ਛਪ ਚੁਕੇ ਨੇ। ਹੁਣੇ ਜਿਹੇ ਉਹਦਾ ਗਜ਼ਲਾਂ ਦਾ ਨਵਾਂ ਦੀਵਾਨ 'ਆਪਣੀ ਛਾਂ ਦੇ ਸ਼ਬਦ' ਛਪ ਕੇ ਆਇਆ ਹੈ। ਅਸੀਂ ਇਸੇ ਬਾਰੇ ਗੱਲ ਕਰਨੀ ਹੈ।

ਜਿਸ ਵਿਧਾ ਵਿਚ ਕੋਈ ਲੇਖਕ ਲਿਖਦਾ ਹੈ, ਉਸ ਵਿਧਾ ਦੀ ਬੁਨਿਆਦੀ ਸਮਝ ਬਿਨ ਸਭੇ ਗੱਲਾਂ ਕੂੜੀਆਂ। ਪੰਜਾਬੀ ਸਾਹਿਤ ਦਾ ਇਹੋ ਦੁਖਾਂਤ ਹੈ ਕਿ ਬਹੁਤੇ ਲੇਖਕ ਵਿਧਾ ਦੀ ਬੁਨਿਆਦੀ ਲੋੜ ਨੂੰ ਸਮਝੇ ਬਿਨਾ ਲਿਖੀ ਜਾ ਰਹੇ ਨੇ। ਇਸੇ ਕਰ ਕੇ ਉਨ੍ਹਾਂ ਦੀ ਲਿਖਤ ਦਿਲ-ਮਨ ਨੂੰ ਪੋਂਹਦੀ ਨਹੀਂ।

ਅਸੀਂ ਜਾਣਦੇ ਹਾਂ ਕਿ ਗਜ਼ਲ ਦਾ ਹਰੇਕ ਸ਼ਿਅਰ ਮੁਕੰਮਲ ਕਵਿਤਾ ਹੁੰਦਾ ਹੈ। ਇਕ ਸ਼ਿਅਰ ਵਿਚ ਅਨੇਕਾਂ ਰੰਗ ਤੇ ਅਰਥ ਹੁੰਦੇ ਨੇ। ਸ਼ਿਅਰ ਸਹੀ ਅਰਥਾਂ ਵਿਚ 'ਸ਼ਿਅਰ' ਹੋਵੇ ਸਹੀ, ਉਹਦੇ ਅਰਥਾਂ ਦੀ ਵਿਆਖਿਆ ਕਰਨੀ ਡਾਢੀ ਮੁਸ਼ਕਿਲ ਹੁੰਦੀ ਹੈ। ਇਥੇ ਤਾਂ ਪੂਰਾ 'ਦੀਵਾਨੇ-ਪ੍ਰੀਤ' ਹੈ। ਇਹਦੇ ਸਮੁੱਚ ਨੂੰ ਮਹਿਸੂਸਿਆ ਤਾਂ ਜਾ ਸਕਦਾ ਏ, ਪਰ ਬਿਆਨਿਆ ਕਿਵੇਂ ਜਾ ਸਕਦਾ ਏ!

ਅਸੀਂ ਇਹ ਵੀ ਜਾਣਦੇ ਹਾਂ ਕਿ ਜਿਵੇਂ ਹਰੇਕ ਗਜ਼ਲ ਦਾ ਇਕ ਹਾਸਿਲੇ-ਗਜ਼ਲ ਸ਼ਿਅਰ ਹੁੰਦਾ ਹੈ, ਇੰਜ 'ਦੀਵਾਨੇ-ਪ੍ਰੀਤ' ਦਾ 'ਹਾਸਿਲੇ-ਦੀਵਾਨ' ਸ਼ਿਅਰ ਸ਼ੁਰੂ ਵਿਚ ਹੀ ਦਰਜ ਹੈ। ਇਹ ਸ਼ਿਅਰ ਪੂਰੇ ਦੀਵਾਨ ਵੱਲ ਖੁੱਲ੍ਹਦੀ ਛੋਟੀ ਜਿਹੀ ਖਿੜਕੀ ਹੈ, ਜਿਸ ਵਿਚੋਂ ਪ੍ਰੀਤ-ਕਾਵਿ ਦਾ ਤਰਦਾ ਜਿਹਾ ਨਜ਼ਾਰਾ ਲਿਆ ਜਾ ਸਕਦਾ ਹੈ।

ਉਂਕਾਰਪ੍ਰੀਤ ਕਵਿਤਾ ਦੀ ਆਤਮਾ ਨੂੰ ਪਛਾਣਦਾ ਵੀ ਹੈ ਤੇ ਉਸ ਨੂੰ ਸ਼ਾਇਰਾਨਾ ਅੰਦਾਜ਼ ਵਿਚ ਪ੍ਰਭਾਸ਼ਿਤ ਵੀ ਕਰਦਾ ਹੈ। ਇਸ ਸ਼ੁਰੂਆਤੀ ਸ਼ਿਅਰ ਦੇ ਸ਼ਬਦ ਹੀ ਉਹਦੀ ਕਾਵਿਕ ਸਮਝ ਦੀ ਗਵਾਹੀ ਦਿੰਦੇ ਨੇ,

ਜੇ ਛਾਂ ਚਾਹੀਏ ਸ਼ਬਦਾਂ ਕੋਲੋਂ,
ਆਪਣੀ ਛਾਂ ਦੇ ਸ਼ਬਦ ਬਣਾਈਏ।

ਸਫਰ ਵਿਚ ਪਏ ਰਾਹੀਆਂ, ਪਾਂਧੀਆਂ ਲਈ ਰਾਹ ਵਿਚਲੀ 'ਛਾਂ' ਵੱਡਾ ਆਸਰਾ ਹੁੰਦਾ ਹੈ। ਕੁਝ ਪਲ ਛਾਂਵੇਂ ਬੈਠ ਕੇ ਮੁਸਾਫਰ ਅਗਲੇ ਸਫਰ ਲਈ ਤਰੋਤਾਜ਼ਾ ਹੋ ਕੇ ਨਵੇਂ ਉਤਸ਼ਾਹ ਨਾਲ ਆਪਣੀ ਮੰਜ਼ਿਲ ਵੱਲ ਤੁਰਦਾ ਹੈ। ਕਵਿਤਾ ਜਾਂ ਸਾਹਿਤ ਵੀ ਪਾਠਕ ਲਈ ਛਾਂ ਬਣਦੇ ਨੇ, ਉਦੋਂ, ਜਦੋਂ ਉਹ ਜ਼ਿੰਦਗੀ ਦੇ ਦੁੱਖਾਂ-ਸੰਤਾਪਾਂ ਦਾ ਭਾਰ ਢੋ-ਢੋ ਕੇ ਮਾਨਸਿਕ ਤੌਰ 'ਤੇ ਅੱਕ-ਥੱਕ ਜਾਂਦਾ ਹੈ। ਉਹ ਕਵਿਤਾ ਦੀ ਛਾਂਵੇਂ ਬੈਠਦਾ ਹੈ। ਉਸ ਛਾਂ ਵਿਚ ਆਪਣੇ ਦੁੱਖਾਂ-ਸੁੱਖਾਂ, ਭਾਵਾਂ-ਭਾਵਨਾਵਾਂ, ਤੋਟਾਂ-ਤ੍ਰਿਪਤੀਆਂ ਦਾ ਅਕਸ ਵੇਖਦਾ ਹੈ ਤਾਂ ਉਸ ਨੂੰ ਠੰਢਕ ਮਹਿਸੂਸ ਹੁੰਦੀ ਹੈ, ਰੂਹ ਨੂੰ ਤਾਜ਼ਗੀ ਮਿਲਦੀ ਹੈ। ਜ਼ਿੰਦਗੀ ਦੀ ਸਮਝ, ਜ਼ਿੰਦਗੀ ਨਾਲ ਮੋਹ ਤੇ ਜ਼ਿੰਦਗੀ ਜੀਣ ਦਾ ਉਤਸ਼ਾਹ ਮਿਲਦਾ ਹੈ। ਕਵਿਤਾ ਦੀ ਛਾਂ ਉਹਦੀ ਧਿਰ ਤੇ ਧਰਵਾਸ ਬਣਦੀ ਹੈ।

ਸ਼ਾਇਰ ਸ਼ਾਇਰਾਨਾ ਆਪੇ ਨੂੰ ਮੁਖਾਤਬ ਹੋ ਕੇ ਆਖਦਾ ਏ ਕਿ ਜੇ ਅਸੀਂ ਸ਼ਬਦਾਂ ਕੋਲੋਂ ਅਜਿਹੀ ਛਾਂ ਲੋੜਦੇ ਹਾਂ ਤਾਂ 'ਆਪਣੀ ਛਾਂ' ਦੇ ਸ਼ਬਦ ਬਣਾਉਣੇ ਪੈਣਗੇ। 'ਆਪਣੀ ਛਾਂ ਦੇ ਸ਼ਬਦ' ਬਣਾਉਣ ਦਾ ਭਾਵ 'ਸਾਡੇ ਚੰਮ ਦੀਆਂ ਜੁੱਤੀਆਂ ਕਰੇ ਕੋਈ, ਜਿਹੜਾ ਜਿਉ ਦਾ ਰੋਗ ਗਵਾਂਵਦਾ ਈ' ਵਾਲੇ ਅਨੁਭਵ ਵਿਚੋਂ ਗੁਜ਼ਰਨ ਬਰਾਬਰ ਹੈ। 'ਜਿਉ ਦਾ ਰੋਗ' ਉਹੋ ਕਵਿਤਾ ਦੂਰ ਕਰ ਸਕਦੀ ਹੈ, ਜਿਹਨੂੰ ਸ਼ਾਇਰ ਆਪਣੀ ਦੇਹ-ਜਾਨ 'ਤੇ ਹੱਡੀਂ-ਹੰਢਾਏ ਅਨੁਭਵ (ਆਪਣੇ ਚੰਮ ਦੀ ਜੁੱਤੀ ਸਿਉਣ ਵਾਂਗ) 'ਚੋਂ ਕਸ਼ੀਦ ਕਰ ਕੇ ਕਾਗਜ਼ 'ਤੇ ਉਤਾਰਦਾ ਹੈ। ਪ੍ਰਮਾਣਿਕ ਕਵਿਤਾ ਦੀ ਇਹੋ ਨਿਸ਼ਾਨੀ ਹੈ।

ਅਸੀਂ ਇਸ ਦੀਵਾਨ ਦੀ ਸ਼ਾਇਰੀ ਵਿਚੋਂ ਲੰਘਦਿਆਂ ਵੇਖਣਾ ਹੈ ਕਿ ਸਾਡੇ ਕਵੀ ਨੇ ਆਪਣੇ ਹਲਫੀਆ ਬਿਆਨ ਵਿਚ ਕਿੰਨਾ ਕੁ ਸੱਚ ਬੋਲਿਆ ਹੈ।

ਸ਼ਬਦ ਸਾਡੇ ਸਭਿਆਚਾਰ ਦਾ ਬਹੁਤ ਪਵਿੱਤਰ, ਅਰਥਵਾਨ ਤੇ ਅਹਿਮ ਅੰਗ ਹੈ, ਜਿਸ ਵਿਚ ਅਨੇਕਾਂ ਉਦਾਸੀਆਂ ਦਾ ਤਰਕ, ਜਜ਼ਬਾ ਤੇ ਆਤਮ-ਗਿਆਨ ਹੈ; ਬਲਦੀ ਧਰਤੀ ਨੂੰ ਆਪਣੀ ਰੱਤ ਦੇ ਛਿੱਟੇ ਮਾਰ ਕੇ ਬੁਝਾਉਣ ਦਾ ਉਦਮ ਹੈ; ਰਬਾਬ ਨਾਲ ਸਾਥ ਤੇ ਸੰਗਮ ਦਾ ਪ੍ਰਤੀਕ ਹੈ। ਸ਼ਬਦ ਸਾਡੇ ਸੁਹਜ, ਸਲੀਕੇ ਤੇ ਰੂਹ ਦੇ ਰੰਗਾਂ ਦਾ ਮੁਹਾਂਦਰਾ ਹੈ। ਸ਼ਬਦ ਬਿਨਾ ਸਭ ਹਨੇਰ ਹੈ। ਸ਼ਬਦ ਸੰਵਾਦ ਹੈ, ਸ਼ਬਦ ਹਸਰਤ ਹੈ, ਸ਼ਬਦ ਹਰਕਤ ਹੈ, ਸ਼ਬਦ ਹੁਸਨ ਹੈ, ਸ਼ਬਦ ਅੱਥਰੂਆਂ ਦਾ ਦਰਿਆ ਹੈ; ਸ਼ਬਦ ਬਿਜਲੀ ਦੀ ਲਿਸ਼ਕ ਹੈ, ਸ਼ਬਦ ਪਰਿਵਾਰ ਹੈ, ਸ਼ਬਦ ਸੰਸਾਰ ਹੈ। ਸ਼ਬਦ ਨਾਲ ਹੀ ਖੰਡ-ਬ੍ਰਹਿਮੰਡ ਹਨ। ਸ਼ਬਦ ਨਾਲ ਹੀ ਆਕਾਸ਼-ਪਾਤਾਲ ਹਨ।

ਸ਼ਬਦ ਦੀ ਛਾਂਵੇਂ ਬੈਠਣ ਲਈ, ਇਸ ਦਾ ਲਾਹਾ ਲੈਣ ਲਈ ਲੋੜ ਇਸ ਗੱਲ ਦੀ ਹੈ ਕਿ ਲੇਖਕ ਜਾਂ ਸ਼ਾਇਰ ਸ਼ਬਦ ਤੇ ਉਸ ਦੀ ਛਾਂ ਦੀ ਅਹਿਮੀਅਤ ਸਮਝਦਾ ਹੋਵੇ। ਸ਼ਬਦ ਨੂੰ ਠੀਕ ਤਰਤੀਬ ਵਿਚ ਜੋੜਨ, ਬੀੜਨ ਦਾ ਹੁਨਰ ਜਾਣਦਾ ਹੋਵੇ।


ਉਂਕਾਰਪ੍ਰੀਤ

ਉਂਕਾਰਪ੍ਰੀਤ ਆਪਣੇ ਸ਼ਿਅਰਾਂ ਵਿਚ ਕਵਿਤਾ ਨੂੰ ਪ੍ਰਭਾਸ਼ਿਤ ਕਰਦਿਆਂ ਦੱਸਦਾ ਹੈ ਕਿ ਕਵਿਤਾ 'ਧੁੱਪ ਵਿਚ ਸੜਦੇ' ਪਾਠਕ ਲਈ ਛਾਂ ਹੈ, ਠੰਢ ਦੇਣ ਵਾਲੀ। ਕਥਾਰਸਿਸ ਕਰਦੀ। ਦੁਖ-ਸੁਖ, ਗਮ-ਖੁਸ਼ੀ, ਮੁਹੱਬਤ-ਨਫਰਤ, ਮੋਹ-ਵਿਦਰੋਹ, ਆਸ-ਨਿਰਾਸ ਜਿਹੇ ਅਹਿਸਾਸਾਂ ਨੂੰ ਜ਼ਬਾਨ ਦੇਣ ਵਾਲੀ। ਸ਼ਿਅਰ ਤਾਂ ਹੀ ਅਸਰ ਕਰੇਗਾ, ਜੇ ਉਹਦੀ ਜੜ੍ਹ ਧਰਤੀ ਦੇ ਧੁਰ ਵਿਚ ਹੋਵੇ। ਸ਼ਾਇਰ ਕਹਿੰਦਾ ਏ ਕਿ ਜਿਸ ਸ਼ਿਅਰ ਦੀ ਜੜ੍ਹ ਧਰਤੀ ਵਿਚ ਨਹੀਂ, ਉਹ ਬੇਝਿਜਕ ਵਰਕਿਆਂ ਵਿਚੋਂ ਕੱਟ ਦਿੱਤਾ ਜਾਣਾ ਚਾਹੀਦਾ ਹੈ।

ਉਂਕਾਰਪ੍ਰੀਤ ਦਾ ਮੰਨਣਾ ਏ ਕਿ ਸ਼ਾਇਰ ਦਾ ਧਰਮ ਕੇਵਲ ਕਵਿਤਾ ਲਿਖਣਾ ਹੀ ਨਹੀਂ ਹੁੰਦਾ, ਸਗੋਂ ਕਵਿਤਾ ਨੂੰ ਜੀਣਾ ਵੀ ਹੈ। ਜੇ ਕਵਿਤਾ ਜੀ ਨਹੀਂ ਸਕਦੇ ਤਾਂ ਲਿਖਣਾ, ਸੁਣਾਉਣਾ ਕਿਸ ਅਰਥ! ਕਵਿਤਾ ਜੀਣ ਦੀ ਖਾਹਿਸ਼ ਹੀ ਸ਼ਾਇਰ ਨੂੰ ਜ਼ਿੰਦਾ ਰੱਖ ਸਕਦੀ ਹੈ। ਅਜਿਹੀ ਕਵਿਤਾ ਹੀ ਬੰਦੇ ਦੇ ਜੀਣ ਨੂੰ ਥੀਣ ਦੇ ਅਰਥ ਸਮਝਾਉਂਦੀ ਹੈ। ਮਨ ਹੋਰ ਤੇ ਮੁੱਖ ਹੋਰ ਦਾ ਚਲਨ ਇਸ ਖੇਤਰ ਵਿਚ ਨਹੀਂ ਚੱਲਦਾ। ਜੇ ਕਵਿਤਾ ਨੂੰ ਜ਼ਿੰਦਗੀ ਦੀ ਚਾਲ ਢਾਲ ਨਹੀਂ ਬਣਾ ਸਕਦੇ ਤਾਂ ਤੁਸੀਂ ਰਿਵਾਜਨ ਹੀ ਕਵਿਤਾ ਲਿਖ ਰਹੇ ਹੋ। ਨੌਕਰੀ ਵੀ ਕਰ ਰਹੇ ਓ, ਸ਼ਿਅਰ ਵੀ ਕਹੀ ਜਾ ਰਹੇ ਓ। ਅਜਿਹੀ ਸ਼ਾਇਰੀ ਤੁਹਾਡੀ ਰੂਹ ਦਾ ਰੰਗ ਨਹੀਂ ਬਣਦੀ। ਅਜਿਹੀ ਸ਼ਾਇਰੀ ਜੁਮਲੇਬਾਜ਼ੀ ਜਾਂ ਫਿਕਰੇਬਾਜ਼ੀ ਤਾਂ ਹੋ ਸਕਦੀ ਹੈ, ਹੋਰ ਕੁਝ ਨਹੀਂ। ਅਜਿਹੇ ਸ਼ਾਇਰ ਸ਼ੁਹਰਤ ਤੇ ਸੋਭਾ ਲਈ ਲਿਖਦੇ ਨੇ; ਤਮਗਿਆਂ ਲਈ ਲਿਖਦੇ ਨੇ।

ਅਫਸੋਸ! ਜ਼ਮਾਨਾ ਇਸ ਜੀਣੇ ਨੂੰ
ਜੀਣਾ ਕਹਿੰਦਾ ਹੈ,
ਜਿਸ ਵਿਚ ਆਪਣੇ ਦਿਲ ਨੂੰ ਵੀ
ਚੋਰੀ ਮਿਲਣਾ ਪੈਂਦਾ ਹੈ।

ਇਹ ਠੀਕ ਹੈ ਕਿ ਉਂਕਾਰਪ੍ਰੀਤ ਮੁਤਾਬਕ ਅਸਲੀ ਸ਼ਾਇਰ ਉਹ ਹੈ, ਜੋ ਲੋਕਾਂ ਦੇ ਦੁੱਖ-ਸੁੱਖ ਤੇ ਧਰਤੀ ਦੇ ਪੁੱਤਾਂ ਦੀ ਬਾਤ ਪਾਉਂਦਾ ਹੈ। ਪਰ ਇਹ ਬਾਤ ਤਾਂ ਲੇਖਾਂ ਤੇ ਭਾਸ਼ਣਾਂ ਵਿਚ ਵੀ ਪਾਈ ਜਾ ਸਕਦੀ ਹੈ। ਜੇ ਇਹ ਬਾਤ ਕਵਿਤਾ ਵਿਚ ਪਾਉਣੀ ਹੈ ਤਾਂ ਉਹਦੀ ਪਹਿਲੀ ਸ਼ਰਤ 'ਕਵਿਤਾ ਹੋਣਾ' ਹੈ। ਸ਼ਾਇਰ ਦੀ ਆਤਮਾ ਵਿਚ ਸ਼ਾਇਰੀ ਦਾ ਘੁਲਣਾ ਲਾਜ਼ਮੀ ਹੈ। ਸ਼ਾਮ ਵੇਲੇ ਜਿਵੇਂ ਸੂਰਜ ਦਾ ਰੰਗ ਸੁਰਮਈ ਸ਼ਾਮ ਵਿਚ ਘੁਲ ਕੇ ਅਸਮਾਨ ਨੂੰ ਕੇਸਰੀ ਰੰਗ ਵਿਚ ਰੰਗ ਦਿੰਦਾ ਏ, ਇੰਜ ਹੀ ਸ਼ਾਇਰ ਤੇ ਸ਼ਾਇਰੀ, ਵਿਚਾਰ ਤੇ ਕਲਾ ਆਪਸ ਵਿਚ ਘੁਲ ਕੇ ਰੂਹਾਂ ਨੂੰ ਕੇਸਰੀ ਰੰਗ ਵਿਚ ਰੰਗਣ ਦਾ ਕਾਰਜ ਕਰਦੇ ਹਨ,

ਸ਼ਾਮ ਵਿਚ ਘੁਲਦਾ ਹੈ ਸੂਰਜ ਇਸ ਤਰ੍ਹਾਂ,
ਸ਼ਾਇਰੀ ਵਿਚ ਕੋਈ ਸ਼ਾਇਰ ਜਿਸ ਤਰ੍ਹਾਂ।

ਸੱਚੇ ਸ਼ਾਇਰ ਨੂੰ ਜਦੋਂ ਅਜਿਹਾ ਸ਼ਿਅਰ ਸੁੱਝਦਾ ਹੈ ਤਾਂ ਅਜਿਹੀ ਖੁਸ਼ੀ ਹੁੰਦੀ ਹੈ, ਜਿਵੇਂ ਪਰਵਾਸੀ ਨੂੰ ਰਹਿਣ ਲਈ ਥਾਂ ਜੁੜ ਗਈ ਹੋਵੇ।

ਸ਼ਾਇਰ ਦਾ ਇਹ ਵੀ ਮੰਨਣਾ ਏ ਕਿ ਨਾ ਪਰਵਾਸ (ਮਿੱਪਲ) ਦੀ ਨਾ ਮੂਲ-ਵਾਸ (ਪਿੱਪਲ) ਦੀ ਛਾਂ ਸੁਖ ਦਿੰਦੀ ਹੈ। ਅਸਲੀ ਸੁਖ ਆਪਣੀ ਛਾਂ ਦਾ ਸੁਖ ਹੈ। ਸਵੈ ਚਿੰਤਨ, ਆਤਮ ਗਿਆਨ ਹੀ ਬੰਦੇ ਲਈ ਅਸਲੀ ਛਾਂ ਹੈ। ਇੰਜ ਉਹ ਕਵਿਤਾ ਨੂੰ ਗਹਿਰੇ ਧਰਾਤਲ 'ਤੇ ਲੈ ਜਾਂਦਾ ਹੈ।

ਇਸੇ ਗਹਿਰਾਈ ਵਿਚੋਂ ਉਹ ਆਪਣਾ ਸੁਪਨਾ ਤੇ ਆਦਰਸ਼ ਤਲਾਸ਼ਦਾ ਹੈ। ਉਹਦਾ ਸੁਪਨਾ ਨਾਨਕ ਹੋਣਾ ਹੈ, ਬੁੱਧ ਹੋਣਾ ਹੈ। ਇਹ ਆਪਣੇ ਆਪ ਵਿਚ ਵੱਡੀ ਗੱਲ ਹੈ। ਲੋਕ ਤਾਂ ਅੱਜ ਵੀ ਕਹਿੰਦੇ ਹਨ, 'ਬਾਬਾ! ਤੂੰ ਆ ਜਾਹ। ਸਾਡੇ ਦੁੱਖਾਂ ਦਾ ਨਿਵਾਰਣ ਕਰ।' ਪਰ ਉਹ ਇਹ ਨਹੀਂ ਕਹਿੰਦੇ ਜਾਂ ਸੋਚਦੇ ਕਿ ਮਹਾਤਮਾ ਬੁੱਧ ਜਾਂ ਬਾਬਾ ਨਾਨਕ ਖੁਦ ਵੀ ਤਾਂ ਹੋਇਆ ਜਾ ਸਕਦਾ ਹੈ। ਉਹ ਪਹਿਲਾਂ ਹੀ ਅਪਹੁੰਚ ਬਣਾ ਦਿੱਤੇ ਜਾਂਦੇ ਨੇ। ਜਿਹੜੇ ਅਪਹੁੰਚ ਨੇ, ਉਨ੍ਹਾਂ ਤੱਕ ਪਹੁੰਚਣ ਦਾ ਯਤਨ ਵੀ ਕੀ ਕਰਨਾ ਹੋਇਆ! ਸੋ ਆਦਰਸ਼ ਤੇ ਸੁਪਨੇ ਵਿਚ ਪਾੜਾ ਬਣਿਆ ਹੀ ਰਹਿੰਦਾ ਹੈ। ਪਰ ਸਾਡਾ ਸ਼ਾਇਰ ਅਪਹੁੰਚ ਤੱਕ ਪਹੁੰਚਣ ਦਾ ਹੌਸਲਾ ਵੀ ਰੱਖਦਾ ਹੈ ਤੇ ਸਮਝ ਵੀ।

ਉਂਕਾਰਪ੍ਰੀਤ ਸਿਰਫ ਸੁਪਨਾ ਹੀ ਨਹੀਂ ਲੈਂਦਾ, ਉਹਦੀ ਪੂਰਤੀ ਲਈ ਰਾਹ ਵੀ ਸੁਝਾਉਂਦਾ ਹੈ। ਮਸਲਨ ਸਵੈ-ਚਿੰਤਨ ਬਹੁਤ ਜ਼ਰੂਰੀ ਹੈ। ਆਪਣੇ ਆਪ ਨੂੰ ਆਪਣੇ ਲਾਗੇ ਹੋ ਕੇ ਵੇਖਣ ਦੀ ਲੋੜ ਹੈ। ਇਹ ਤਾਂ ਹੀ ਹੋ ਸਕਦਾ ਹੈ, ਜੇ ਆਪਣੀ ਪਛਾਣ, ਆਪਣੀ ਮੈਂ ਨੂੰ ਗਵਾਓਗੇ। ਅੰਦਰ ਨੂੰ ਖਾਲੀ ਕਰੋਗੇ ਤਾਂ ਹੀ ਨਵਾਂ ਕੁਝ ਅੰਦਰ ਦਾਖਲ ਹੋਵੇਗਾ,

ਮੀਚ ਕੇ ਅੱਖਾਂ ਅਤੇ ਲਬਾਂ ਨੂੰ ਢੋਅ ਕੇ ਵੇਖੋ,
ਵਿਹਲ ਮਿਲੇ ਤਾਂ ਆਪਣੇ ਲਾਗੇ ਹੋ ਕੇ ਵੇਖੋ।

ਇਸ ਸੁਪਨੇ ਨੂੰ ਪਾਉਣ ਲਈ ਉਹਦੀ ਸ਼ਾਇਰੀ ਦਾ ਕੇਂਦਰੀ ਸੂਤਰ ਮੁਹੱਬਤ ਤੇ ਪ੍ਰੀਤ ਹੈ। ਪ੍ਰੀਤ ਵੀ ਅਜਿਹੀ ਜਿਸ ਵਿਚ ਦੀਵਾਨਾਪਨ ਵੀ ਹੋਵੇ ਤੇ ਪ੍ਰਵਾਨਾਪਨ ਵੀ। ਅਜਿਹੀ ਮੁਹੱਬਤੀ ਦੀਵਾਨਗੀ ਵਿਅਕਤੀ ਲਈ ਵੀ ਹੈ, ਲੋਕਤਾ ਲਈ ਵੀ। ਪ੍ਰਵਾਨਾਪਨ ਹੈ, ਸਪਰਪਣ ਭਾਵਨਾ। ਅਜਿਹੀ ਅਵਸਥਾ ਵਿਚ ਹਰ ਚਿਹਰੇ ਵਿਚੋਂ ਆਪਣਾ ਚਿਹਰਾ ਦਿਸਣ ਲੱਗਦਾ ਹੈ। ਰਾਂਝਾ ਰਾਂਝਾ ਕਰਦਿਆਂ ਬੰਦਾ ਖਦ ਰਾਂਝਾ ਹੋ ਜਾਂਦਾ ਹੈ। ਇਹ ਮੁਹੱਬਤ ਪ੍ਰੇਮੀ ਨਾਲ ਵੀ, ਪਰਿਵਾਰ ਨਾਲ ਵੀ, ਸਮਾਜ ਨਾਲ ਵੀ ਤੇ ਪ੍ਰਕਿਰਤੀ ਨਾਲ ਵੀ ਹੈ। ਪੌਣ, ਪਾਣੀ, ਧਰਤ ਉਹਦੇ 'ਨਾਨਕੀ ਏਜੰਡੇ' ਉਤੇ ਰਹਿੰਦੇ ਨੇ,

ਧਰਤੀ ਅੰਬਰ ਜਦ ਵਿਛੜੇ ਸਨ,
ਦੁਨੀਆਂ 'ਤੇ ਦੁੱਖ-ਸੁੱਖ ਬਣੇ ਸਨ।

ਨੈਣ ਸਜਨ ਦੇ ਤੇ ਲਬ ਦਸਦੇ,
ਸਾਗਰ ਤੇ ਫੁੱਲ ਕਿੰਜ ਬਣੇ ਸਨ।

ਉਹਦੀ ਕਵਿਤਾ ਦਾ ਇਕ ਹੋਰ ਅਹਿਮ ਚਿਹਨ ਹੈ, ਘਰ। ਘਰ ਕੰਧਾਂ ਨੂੰ ਨਹੀਂ ਕਹਿੰਦੇ। ਕੰਧਾਂ ਨੂੰ ਅਲਵਿਦਾ ਕਹਿਣ ਨਾਲ ਕੋਈ ਬੇਘਰਾ ਨਹੀਂ ਹੁੰਦਾ। ਬਹੁਤੀ ਵਾਰ ਪੱਥਰਾਂ ਦੀ ਛੱਤ ਵਿਚ ਸੁਪਨੇ ਘੁੱਟ ਕੇ ਮਰ ਜਾਂਦੇ ਨੇ,

ਚਹੁੰ ਕੰਧਾਂ ਤੇ ਛੱਤ ਘਰ ਨਹੀਂ ਹੁੰਦਾ।
ਹਰ ਇਕ ਦਰਵਾਜਾ ਦਰ ਨਹੀਂ ਹੁੰਦਾ।

---

ਥਮਲਾ ਬਣ ਕੇ ਪੱਥਰਾਂ ਦੀ ਛੱਤ ਦਾ
ਖਾਬ ਇਕ, ਘਰ ਦਾ,
ਘੁਟ-ਘੁਟ ਕੇ ਮਰ ਗਿਆ।
ਕੰਧਾਂ ਨੂੰ ਕਹੀ ਉਸ ਨੇ ਅਲਵਿਦਾ
ਲੋਕੀਂ ਕਹਿਣ ਉਹ ਘਰ ਨਹੀਂ ਪਰਤਿਆ।

ਘਰ ਉਦੋਂ ਬਣਦਾ ਹੈ, ਜਦੋਂ ਘਰ ਵਿਚ ਹਾਸੇ-ਖੇੜੇ ਹੋਣ। ਕਿਲਕਾਰੀਆਂ ਹੋਣ। ਜ਼ਿੰਦਗੀ ਧੜਕਦੀ ਹੋਵੇ,

ਚੌਂਹ ਰੁੱਤਾਂ 'ਤੇ ਜਸ਼ਨ ਦੀ ਛੱਤ,
ਪਾ ਕੇ ਦੇਖੋ।
ਇਸ ਤਰ੍ਹਾਂ ਦਾ ਵੀ ਕੋਈ ਘਰ
ਬਣਾ ਕੇ ਦੇਖੋ।

ਉਹਦਾ ਸੁਪਨਾ ਹਰੇਕ ਦੇ ਦਿਲ ਵਿਚ ਘਰ ਕਰ ਜਾਣ ਦੀ ਰੀਝ ਵੀ ਹੈ। ਅਸੀਂ ਦੁਨਿਆਵੀ ਘਰਾਂ ਦੀ ਨਿੱਜ-ਲਾਲਸਾ ਤੋਂ 'ਬੇਘਰ' ਹੋ ਕੇ ਹੀ ਹਰੇਕ ਦੇ ਦਿਲ ਵਿਚ ਪੁੱਜ ਸਕਦੇ ਹਾਂ। ਜਿਵੇਂ ਨਾਨਕ ਤੇ ਬੁੱਧ ਪਹੁੰਚੇ ਸਨ।


ਪਰ ਇਨ੍ਹਾਂ ਘਰਾਂ ਨੂੰ ਘਰ ਬਣਨੋ ਕੌਣ ਰੋਕਦਾ ਹੈ? ਇਹਦੇ ਅਨੇਕਾਂ ਵਿਸਥਾਰ ਉਹਦੀ ਕਵਿਤਾ ਵਿਚ ਪਏ ਹਨ, ਜਿਨ੍ਹਾਂ ਵਿਚੋਂ ਕੁਝ ਇਕ ਦਾ ਹੀ ਸੰਕੇਤਕ ਜ਼ਿਕਰ ਕੀਤਾ ਜਾ ਸਕਦਾ ਹੈ।

(ੳ) ਅਜ਼ਨਬੀਅਤ-ਬੇਗਾਨਗੀ: ਜਿਸ ਦਰਵਾਜੇ 'ਤੇ ਜਾਂਦੇ ਹਾਂ ਅੱਗੋਂ ਇਨਸਾਨ ਨਹੀਂ 'ਮਕਾਨ' ਜੀ ਆਇਆਂ ਆਖਦੇ ਨੇ।

(ਅ) ਦੋਸਤੀ ਦਾ ਰਿਸ਼ਤਾ ਵੀ ਅਜ਼ਨਬੀ ਹੋਂਦ ਅਖਤਿਆਰ ਕਰ ਗਿਆ ਹੈ। ਦੋਸਤੀ ਲੋੜ ਦੀ ਥਾਂ ਅਹਿਸਾਸ ਦੀ ਹੋਵੇਗੀ ਤਾਂ ਹੀ ਜ਼ਿੰਦਗੀ ਬਣੇਗੀ।

(ੲ) ਨਿੱਜੀ ਰਿਸ਼ਤੇ: ਜਦ ਨਿੱਜੀ ਰਿਸ਼ਤੇ ਵੀ ਬਘਿਆੜਾਂ ਵਰਗੇ ਬਣ ਜਾਣ ਤਾਂ ਇਨ੍ਹਾਂ ਵਿਚ ਫਸਿਆ ਬੰਦਾ ਲੇਲੇ ਵਾਂਗ ਮਹਿਸੂਸ ਕਰਦਾ ਹੈ। ਘਰ ਦਿਆਂ ਹੱਥੋਂ ਘਰ ਦੇ ਮਰ ਰਹੇ ਨੇ।

(ਸ) ਮਾੜੇ ਰਾਹਬਰ: ਜਿਨ੍ਹਾਂ ਪਿੱਛੇ ਅਸੀਂ ਖੋਪੇ ਲਾ ਕੇ ਤੁਰੇ ਰਹਿੰਦੇ ਹਾਂ, ਜਿਹੜੇ ਅਸਲ ਵਿਚ ਰਾਹਜ਼ਨ ਨੇ। ਜਦ ਰਾਹਬਰ ਚੰਗੇ ਹੋਣਗੇ, ਤਦ ਹੀ ਜ਼ਿੰਦਗੀ ਦੀ ਭਟਕਣ ਦੂਰ ਹੋਵੇਗੀ।




(ਹ) ਮਾੜੀ ਸਿਆਸਤ: ਮੁਖਬਰਾਂ ਦੇ ਖਾਨਦਾਨ ਕੁਰਸੀਆਂ 'ਤੇ ਬੈਠ ਜਾਣ ਤਾਂ ਲੋਕਾਂ ਦਾ ਭਲਾ ਕਿਸ ਨੇ ਕਰਨਾ ਹੋਇਆ?

ਸਿਆਸਤ ਦੀ ਗੱਲ ਕਰਦਿਆਂ ਉਹ ਸਾਮਰਾਜੀ ਤਾਕਤਾਂ ਵੱਲ ਵੀ ਸੰਕੇਤ ਕਰਦਾ ਹੈ, ਜੋ ਜਾਹਰਾ ਤੌਰ 'ਤੇ 'ਅਮਨ ਦੀ ਘੁੱਗੀ' ਉਡਾਉਂਦੀਆਂ ਨੇ, ਪਰ ਹਕੀਕਤ ਵਿਚ 'ਹੱਡਾਰੋੜੀਆਂ' ਬਣਾਉਂਦੀਆਂ ਨੇ।

(ਕ) ਸ਼੍ਰੇਣੀ ਵੰਡ: ਜਦ ਤੱਕ ਮਹਿਲਾਂ ਤੋਂ ਝੁੱਗੀਆਂ ਦੇ ਗੀਤ ਉਚੇ ਨਹੀਂ ਹੁੰਦੇ, ਤਦ ਤੱਕ ਲੋਕਾਂ ਦਾ ਭਲਾ ਨਹੀਂ ਹੋਣਾ।

(ਖ) ਮਜ਼੍ਹਬ: ਜਿਹੜੇ ਲੋਕਾਂ ਦੀ ਹੋਸ਼ ਖੋਹ ਲੈਂਦੇ ਨੇ। ਜਿੱਥੇ ਕਾਣੇ ਗੁਰੂ ਤੇ ਅੰਨ੍ਹੇ ਭਗਤ। ਦਰਬਾਰ ਸਾਹਿਬ ਵਿਚ ਖਿਦਰਾਣੇ ਦੀ ਢਾਬ 'ਤੇ ਪਿੱਠ ਦੇਣ ਵਾਲੇ ਬੈਠੇ।

ਇੰਜ ਉਹਦੀ ਕਵਿਤਾ ਦਾ ਕਲਾਵਾ ਬਹੁਤ ਮੋਕਲਾ ਹੈ। ਇਸ ਕਵਿਤਾ ਦੀ ਜ਼ਮੀਨ ਨਾਲ ਰਿਸ਼ਤਗੀ ਵੀ ਤੇ ਅਸਮਾਨ ਨਾਲ ਦੋਸਤੀ ਵੀ।

ਪਤਾਲ ਦੀ ਧਰਤੀ ਨਾਲ ਦੂਹਰੇ ਰਿਸ਼ਤੇ ਨੂੰ ਬਿਆਨ ਕਰਦਿਆਂ ਉਹ 'ਮਿੱਪਲ' ਤੇ 'ਪਿੱਪਲ' ਦਾ ਰੂਪਕ ਵਰਤਦਾ ਹੈ। ਮੇਪਲੀ ਧੁੱਪ ਦੀ ਕਿਤਾਬ ਜਦੋਂ ਪਿੱਪਲੀ ਧੁੱਪ ਵਿਚ ਛਪਦੀ ਹੈ ਤਾਂ ਉਹ ਸਮਝਦਾ ਹੈ ਕਿ ਪਤਝੜਾਂ ਵਿਚ ਇਕ ਹੋਰ ਮਿੱਪਲ ਡਾਲੀ ਡਾਲੀ 'ਤੇ ਖਿੜ ਉਠਦਾ ਹੈ। ਉਹਦਾ ਪਾਠਕ ਪਿੱਪਲ ਧਰਤੀ 'ਤੇ ਹੈ, ਇਸੇ ਲਈ ਕਿਤਾਬ ਉਥੇ ਛਪਦੀ ਹੈ, ਪਰ ਮਿੱਪਲ ਦੀ ਪਤਝੜ, ਪਰਵਾਸ ਦੇ ਅਨੁਭਵ ਦੇ ਰੰਗ ਵੀ ਉਸ ਵਿਚ ਖਿੜ ਪੈਂਦੇ ਨੇ।

ਪਰ ਪਿੱਪਲ ਦੀ ਧਰਤੀ ਪੰਜਾਬ ਦਾ ਦਰਦ ਵੀ ਉਹਦੇ ਅੰਗ-ਸੰਗ ਤੁਰਦਾ ਰਹਿੰਦਾ ਹੈ। ਇਕ ਪੂਰੀ ਮੁਸੱਲਸਲ ਗਜ਼ਲ (ਪੰਨਾ 97) ਪੰਜਾਬ ਦੇ ਗੁਲਾਬੀ ਰੂਪ ਦੇ ਗੁੰਮਦੇ ਗਵਾਚਦੇ ਸਰੂਪ ਦੀ ਪੀੜਾ ਦਾ ਬਿਆਨ ਹੈ। ਉਸ ਦੀ ਪੱਗ ਉਹਦੇ ਪੁੱਤਾਂ ਨੇ ਹੀ ਰੋਲ ਛੱਡੀ ਹੈ। ਤਖਤੇ 'ਤੇ ਬੇਕਸੂਰ ਤੇ ਤਖਤ 'ਤੇ ਦੋਸ਼ੀ ਬੈਠੇ ਨੇ। ਵੰਝਲੀ ਤੇ ਰਬਾਬ ਦੀਆਂ ਸੁਰਾਂ ਉਸ ਚੀਕ ਭਰੇ ਹਾਸੇ ਵਿਚ ਗਵਾਚ ਗਈਆਂ ਨੇ, ਜੋ ਚੀਕ ਇਕ ਬਾਪ ਆਪਣੇ ਪੁੱਤ ਦੀ ਮੌਤ ਦੇ ਮੁਆਵਜ਼ੇ ਦਾ ਚੈੱਕ ਵੇਖ ਕੇ ਮਾਰਦਾ ਹੈ।

ਪਰ ਇਹ ਵੀ ਸੱਚ ਹੈ ਕਿ ਇਹ ਕਿਤਾਬ 'ਪਰਵਾਸੀ ਸਾਹਿਤ' ਦੇ ਜੁਮਰੇ ਵਿਚ ਨਹੀਂ ਆਉਂਦੀ। ਇਹ ਮੁੱਖ-ਧਾਰਾ ਦੀ ਸ਼ਾਇਰੀ ਹੈ। ਇਹਦਾ ਪਾਠਕ ਤੇ ਸਰੋਕਾਰ ਸਮੁੱਚੇ ਸੰਸਾਰ ਵਿਚ ਵੱਸਦੇ ਪੰਜਾਬੀ ਹਨ।

ਬੇਸ਼ੱਕ ਸੰਸਾਰ ਵਿਚ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ, ਜੋ ਸ਼ਾਇਰ ਦੀਆਂ ਇਛਾਵਾਂ ਦੇ ਅਨੁਕੂਲ ਨਹੀਂ। ਪਰ ਉਹ ਆਸ ਦਾ ਪੱਲਾ ਨਹੀਂ ਛੱਡਦਾ। ਆਸ਼ਾਵਾਦ ਉਹਦੀ ਸਭ ਤੋਂ ਵੱਡੀ ਟੇਕ ਹੈ। ਭਾਵੇਂ ਉਹ ਜਾਣਦਾ ਹੈ ਕਿ ਸੱਚ ਦੇ ਰਾਹ ਤੁਰਨ 'ਤੇ ਜ਼ਿੰਦਗੀ ਨੂੰ ਕਵਿਤਾ ਵਰਗੀ ਬਣਾਉਣ ਲਈ ਮਨਸੂਰ ਜਾਂ ਸੁਕਰਾਤ ਵੀ ਬਣਨਾ ਪੈਣਾ, ਪਰ ਉਹਦਾ ਅਟੱਲ ਵਿਸ਼ਵਾਸ ਹੈ ਕਿ ਸੱਚ ਨੇ ਮਰਨਾ ਨਹੀਂ। ਇਸ ਸਫਰ 'ਤੇ ਤੁਰਨ ਲਈ ਸਾਰੇ ਪੂਰਵ-ਆਗ੍ਰਹਿਆਂ ਤੋਂ ਮੁਕਤ ਹੋਣਾ ਪਵੇਗਾ। ਆਪਣੇ ਸਫਰ 'ਤੇ ਬੰਦੇ ਨੇ ਆਪ ਹੀ ਤੇ ਆਪਣੇ ਭਰੋਸੇ 'ਤੇ ਹੀ ਤੁਰਨਾ ਹੈ। ਬਿਗਾਨੇ ਖੰਭਾਂ ਨਾਲ ਉਡਾਣ ਨਹੀਂ ਭਰੀ ਜਾ ਸਕਦੀ। ਨਾ ਹੀ ਸਫਰ 'ਤੇ ਤੁਰਨ ਤੋਂ ਪਹਿਲਾਂ ਕਿਸੇ ਅਣ-ਦਿਸਦੇ ਰੱਬ ਅੱਗੇ ਅਰਦਾਸ ਕਰਨ ਦੀ ਲੋੜ ਹੈ। ਸਵੈ-ਮਾਣ, ਸਵੈ-ਭਰੋਸਾ ਤੇ ਹੋਰਨਾਂ ਸੰਗ ਹੱਥ ਨਾਲ ਹੱਥ ਮਿਲਾ ਕੇ ਤੁਰਨ ਦੀ ਜਾਚ ਹੀ ਜ਼ਿੰਦਗੀ ਦੇ ਸਫਰ ਦਾ ਹਾਸਲ ਹੈ,

ਨ ਮੰਜ਼ਿਲ ਨ ਰਸਤਾ, ਨ ਰਹਿਬਰ ਹੈ ਕੋਈ।
ਹੁਣ ਅਸਲੀ, ਸਫਰ ਦੀ ਸ਼ੁਰੂਆਤ ਹੈ ਹੋਈ।

---

'ਕੱਲ੍ਹੇ 'ਕੱਲ੍ਹੇ ਦਾ ਹੈ ਹਰ ਇਕ ਕਾਫਲਾ।
ਹਮਸਫਰ ਜੇ ਹੈ ਕੋਈ ਤਾਂ ਫਾਸਲਾ।

ਦਿਲ ਤੋਂ ਸਿਰ ਤਾਂ ਦੋ ਕੁ ਹੱਥ ਦੀ ਵਿੱਥ 'ਤੇ
ਸਿਰ ਤੇ ਦਿਲ ਤੋਂ ਉਮਰੋਂ ਲੰਮਾ ਫਾਸਲਾ।

---

ਸਿਰ ਉਠੇ, ਜਿਸ ਵਿਚ ਮਿਲੇ ਅੱਖ,

*(ਬਾਕੀ ਅਗਲੇ ਸਫੇ 'ਤੇ)*

# ਮਨੁੱਖੀ ਜਿੰਮੇਵਾਰੀਆਂ ਅਤੇ ਨੈਤਿਕ ਸਿੱਖਿਆ

**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਮਿੱਥ ਮੁਤਾਬਕ ਧਰਤੀ 'ਤੇ 84 ਲੱਖ ਜੂਨਾਂ ਹਨ, ਜਿਨ੍ਹਾਂ 'ਚੋਂ 42 ਲੱਖ ਵਨਸਪਤੀ ਅਤੇ ਇੰਨੇ ਹੀ ਜੀਵ ਹਨ, ਜਿਨ੍ਹਾਂ ਵਿਚੋਂ ਅੱਧੇ ਜਲ ਅਤੇ ਅੱਧੇ ਥਲ ਵਿਚ ਵੱਸਦੇ ਹਨ। ਇਨ੍ਹਾਂ ਨੂੰ ਚਾਰ ਖਾਣੀਆਂ-ਅੰਡਜ, ਜੇਰਜ, ਸੇਤਜ ਅਤੇ ਉਤਭੁਜ 'ਚ ਵੰਡਿਆ ਗਿਆ ਹੈ। ਅੰਡਾ, ਝਿੱਲੀ, ਪਸੀਨਾ ਤੇ ਜਮੀਨ ਇਨ੍ਹਾਂ ਦੇ ਉਪਜਣ ਦੇ ਕਾਰਨ ਤੇ ਸਾਧਨ ਹਨ।

ਇਨ੍ਹਾਂ ਵਿਚੋਂ ਮਨੁੱਖ ਨੇ ਖੁਦ ਨੂੰ ਸਰਬੋਤਮ ਮੰਨਿਆ ਹੋਇਆ ਹੈ। ਉਸ ਨੇ ਆਪਣੇ ਆਪ 'ਤੇ ਇਨ੍ਹਾਂ ਚਾਰੇ ਖਾਣੀਆਂ ਦੀ ਜਿੰਮੇਵਾਰੀ ਆਇਦ ਕੀਤੀ ਹੋਈ ਹੈ, ਜਿਸ ਨੂੰ ਸਰਵੋਦਯ ਕਿਹਾ ਗਿਆ ਹੈ, ਜਿਸ ਦਾ ਅਰਥ ਹੈ, ਸਰਬੱਤ ਦਾ ਭਲਾ।

ਸਵਾਲ ਹੈ ਕਿ ਤਮਾਮ ਜੂਨਾਂ ਵਿਚੋਂ ਮਨੁੱਖ ਆਪਣੇ ਆਪ ਨੂੰ ਸਰਬੋਤਮ ਕਿਉਂ ਮੰਨਦਾ ਹੈ? ਜਦਕਿ ਬਹੁਤ ਸਾਰੇ ਜੀਵ ਮਨੁੱਖ ਤੋਂ ਕਿਤੇ ਬਿਹਤਰ ਦੇਖ, ਸੁਣ ਤੇ ਸੁੰਘ ਸਕਦੇ ਹਨ, ਬੋਲ ਸਕਦੇ ਹਨ, ਚੁੱਪ ਰਹਿ ਸਕਦੇ ਹਨ, ਖਾ ਪੀ ਸਕਦੇ ਹਨ, ਭੁੱਖੇ ਪਿਆਸੇ ਰਹਿ ਸਕਦੇ ਹਨ, ਸ਼ਾਂਤ ਰਹਿ ਸਕਦੇ ਜਾਂ ਖੜਦੁੰਮ ਮਚਾ ਸਕਦੇ ਹਨ, ਉਛਲ, ਕੁੱਦ, ਦੌੜ ਤੇ ਬੈਠ ਸਕਦੇ ਹਨ। ਇਨ੍ਹਾਂ ਸਭ ਮੁਹਾਰਤਾਂ 'ਚ ਮਨੁੱਖ ਅਨੰਤ ਜੀਵਾਂ ਤੋਂ ਕਿਤੇ ਘੱਟ ਸਮਰਥ ਹੈ।

ਸਿਰਫ ਸੋਚ ਸਕਣ ਦੀ ਸਮਰੱਥਾ ਕਾਰਨ ਹੀ ਮਨੁੱਖ ਖੁਦ ਨੂੰ ਸ਼ਿਰੋਮਣੀ ਸਮਝਦਾ ਹੈ, ਜੋ ਬਾਕੀ ਜੀਵ ਜੰਤੂਆਂ ਵਿਚ ਸੀਮਤ ਜਿਹੀ, ਨਾਂਮਾਤਰ ਹੀ ਹੁੰਦੀ ਹੈ। ਸੋਚ ਸਕਣ ਦੀ ਸਮਰੱਥਾ ਦਾ ਅਰਥ ਹੈ, ਕੁਝ ਕਰਨ ਜਾਂ ਨਾ ਕਰਨ ਦੀ ਸੁਤੰਤਰਤਾ।

ਪਸ਼ੂ ਜਗਤ ਦੀ ਇੱਛਾ ਲੋੜ 'ਚੋਂ ਉਪਜਦੀ ਹੈ ਤੇ ਲੋੜ ਪੂਰੀ ਹੋਣ ਤੱਕ ਕਾਇਮ ਰਹਿੰਦੀ ਹੈ। ਪਰ ਮਨੁੱਖ ਦੀ ਇੱਛਾ ਲੋੜ ਪੂਰੀ ਹੋਣ 'ਤੇ ਵੀ ਕਾਇਮ ਰਹਿ ਸਕਦੀ ਹੈ ਤੇ ਲੋੜ ਪੂਰੀ ਹੋਣ ਤੋਂ ਬਿਨਾ ਹੀ ਖਤਮ ਵੀ ਹੋ ਸਕਦੀ ਹੈ। ਮਾਨਵੀ ਚਾਹਤ ਲੋੜ ਦੀ ਮੁਥਾਜ ਨਹੀਂ ਹੈ। ਮਨੁੱਖ ਰੱਜਿਆ ਹੋਇਆ ਵੀ ਹੋਰ ਖਾ ਸਕਦਾ ਹੈ ਤੇ ਭੁੱਖ ਲੱਗੀ ਹੋਣ ਦੇ ਬਾਵਜੂਦ ਵੀ ਭੁੱਖਾ ਰਹਿ ਸਕਦਾ ਹੈ।

ਹਰਮਨ ਹੈਸ ਦੇ ਨਾਵਲ 'ਸਿਧਾਰਥ' ਦਾ ਨਾਇਕ ਨੌਕਰੀ ਲੱਭਣ ਜਾਂਦਾ ਹੈ ਤਾਂ ਉਸ ਨੂੰ ਪੁੱਛਿਆ ਜਾਂਦਾ ਹੈ ਕਿ ਉਹ ਕੀ ਕਰ ਸਕਦਾ ਹੈ? ਸਿਧਾਰਥ ਦੱਸਦਾ ਹੈ ਕਿ ਉਹ ਸੋਚ ਸਕਦਾ ਹੈ, ਉਡੀਕ ਕਰ ਸਕਦਾ ਹੈ ਅਤੇ ਭੁੱਖਾ ਰਹਿ ਸਕਦਾ ਹੈ। ਇਹ ਤਿੰਨੇ ਗੁਣ ਹੀ ਮਨੁੱਖ ਨੂੰ ਬਾਕੀ ਦੇ ਤਮਾਮ ਜੀਵ ਜੰਤੂਆਂ ਨਾਲੋਂ ਨਿਖੇੜਦੇ ਹਨ; ਪਰ ਮਨੁੱਖ ਦੇ ਇਹ ਗੁਣ ਜਮਾਂਦਰੂ ਨਹੀਂ ਹੁੰਦੇ। ਕੋਈ ਵੀ ਬੱਚਾ ਜਨਮ ਤੋਂ ਨਾ ਵਿਚਾਰ ਕਰ ਸਕਦਾ ਹੈ, ਨਾ ਉਡੀਕ ਕਰ ਸਕਦਾ ਹੈ ਤੇ ਨਾ ਭੁੱਖਾ ਰਹਿ ਸਕਦਾ ਹੈ। ਬੱਚੇ ਨੂੰ ਇਹ ਗੁਣ ਦੱਸੇ, ਸਿਖਾਏ ਅਤੇ ਸਮਝਾਏ ਜਾਂਦੇ ਹਨ।

ਸਾਡੇ ਸੱਭਿਆਚਾਰ ਦਾ ਸ਼ਬਦ ਹੈ, 'ਦ੍ਵਿਜ', ਜਿਸ ਦਾ ਅਰਥ ਹੈ, ਦੂਜੇ ਜਨਮ ਵਾਲਾ। ਭਲਾ ਦੂਜਾ ਜਨਮ ਕੀ ਹੋਇਆ? ਸਾਡਾ ਪਹਿਲਾ ਜਨਮ ਮਾਪਿਆਂ ਦੇ ਘਰੇ ਹੁੰਦਾ ਹੈ, ਜੋ ਕੁਦਰਤਨ ਹੁੰਦਾ ਹੈ। ਪਹਿਲੇ ਜਨਮ ਪਿਛੋਂ ਬੱਚਾ ਉਹੀ ਕੁਝ ਕਰਦਾ ਹੈ, ਜੋ ਉਸ ਦਾ ਮਨ ਕਰੇ ਜਾਂ ਕਹੇ। ਇਹ ਉਮਰ ਦਾ ਉਹ ਮੁਢਲਾ ਪੜਾਅ ਹੁੰਦਾ ਹੈ, ਜਦ ਕਿਸੇ ਬੱਚੇ ਨੂੰ ਆਪਣੇ ਨਿੱਜ ਅਤੇ ਹਿੱਤ ਦੇ ਇਲਾਵਾ ਕਿਸੇ ਹੋਰ ਗੱਲ ਦਾ ਪਤਾ ਹੀ ਨਹੀਂ ਹੁੰਦਾ।

ਇਸ ਪੜਾਅ ਦਾ ਜੀਵਨ ਢੰਗ ਬਿਲਕੁਲ ਪਾਸ਼ਵਿਕ ਹੁੰਦਾ ਹੈ। ਇਸ ਸਮੇਂ ਬੱਚਾ ਨਾ ਕਿਸੇ ਗੱਲ ਦੀ ਵਿਚਾਰ ਕਰ ਸਕਦਾ ਹੈ, ਨਾ ਉਡੀਕ ਤੇ ਨਾ ਹੀ ਭੁੱਖਾ ਰਹਿ ਸਕਦਾ ਹੈ। ਬੱਚੇ ਨੂੰ ਭੁੱਖ ਲੱਗੀ ਹੋਵੇ ਤਾਂ ਉਹ ਹਰ ਸ਼ੈ ਮੂੰਹ 'ਚ ਪਾ ਲੈਂਦਾ ਹੈ। ਜੇ ਉਸ ਨੂੰ ਭੁੱਖ ਨਾ ਲੱਗੀ ਹੋਵੇ ਤਾਂ ਕੋਈ ਉਸ ਨੂੰ ਮੱਲੋ ਮੱਲੀ ਕੁਝ ਵੀ ਖੁਆ ਨਹੀਂ ਸਕਦਾ।

ਬੱਚੇ ਦਾ ਇਹ ਸੁਭਾ ਤੇ ਆਦਤ ਉਦ ਤੱਕ ਬਰਕਰਾਰ ਰਹਿੰਦੀ ਹੈ, ਜਦ ਤੱਕ ਉਸ ਨੂੰ ਸੁਰਤ ਨਹੀਂ ਆਉਂਦੀ। ਜਾਂ ਇਉਂ ਕਹਿ ਲਉ ਕਿ ਜਦ ਤੱਕ ਉਹ ਆਪਣੇ ਮਨ (Instinct) ਵਿਚ ਮੱਤ (Intellect) ਨਹੀਂ ਉਤਾਰਦਾ। ਛੇ-ਸੱਤ ਸਾਲ ਦੀ ਉਮਰ ਤੋਂ ਪਹਿਲਾਂ ਬੱਚੇ ਅੰਦਰ ਮੱਤ ਅਰਥਾਤ ਸੁਰਤ ਨਹੀਂ ਹੁੰਦੀ। ਇਸੇ ਲਈ ਅਸੀਂ ਆਪਣੀ ਉਮਰ ਦੇ ਇਸ ਪੜਾਅ ਦਾ ਹਵਾਲਾ ਇਸ ਤਰ੍ਹਾਂ ਦਿੰਦੇ ਹਾਂ ਕਿ 'ਰੌਲਿਆਂ ਵੇਲੇ ਮੈਨੂੰ ਸੁਰਤ ਨਹੀਂ ਸੀ' ਜਾਂ 'ਰੌਲੇ ਮੇਰੀ ਸੁਰਤ ਵਿਚ ਹੀ ਪਏ।'

ਉਮਰ ਦੀ ਇਹ ਤਬਦੀਲੀ ਕਰੀਬ 6-7 ਸਾਲ ਦੀ ਉਮਰੇ ਆਉਂਦੀ ਹੈ। ਇਸ ਨੂੰ ਕਹਿੰਦੇ ਹਨ, 'ਮਨ ਸੁਮੱਤਿਆ ਪੈਣੀ' ਅਰਥਾਤ ਮਨ ਵਿਚ ਸੁਮੱਤ ਦਾ ਉਤਾਰਾ। ਪੁਰਾਣੇ ਸਮਿਆਂ ਵਿਚ ਇਸ ਤਬਦੀਲੀ ਸਮੇਂ ਇੱਕ ਰਸਮ ਕੀਤੀ ਜਾਂਦੀ ਸੀ, ਜਿਸ ਨੂੰ ਉਪਨਯਨ ਕਿਹਾ ਜਾਂਦਾ ਸੀ, ਜਿਸ ਦਾ ਅਰਥ ਹੈ, ਮਨ ਨੂੰ ਮੱਤ ਦੇ ਨੇੜੇ ਲੈ ਜਾਣਾ।

ਇਸ ਸਮੇਂ ਬੱਚੇ ਨੂੰ ਅਧਿਆਪਕ ਕੋਲ ਲੈ ਜਾਇਆ ਜਾਂਦਾ ਸੀ ਤੇ ਇਸ ਦੀ ਪਛਾਣ ਵਜੋਂ ਉਸ ਦੇ ਉਪਵੀਤ ਅਰਥਾਤ ਜਨੇਊ ਪਹਿਨਾਇਆ ਜਾਂਦਾ, ਜਿਸ ਨੂੰ ਜੰਞੂ ਵੀ ਕਿਹਾ ਜਾਂਦਾ ਹੈ। ਖੇਤ ਵਿਚੋਂ ਕਪਾਹ ਚੁਗ ਕੇ, ਖੂਹ 'ਚ ਲਾਟੂ ਲਮਕਾ ਕੇ ਵੱਟੇ ਹੋਏ ਤ੍ਰੈ ਲੜੇ ਧਾਗੇ ਨੂੰ ਦੋਹਰਾ ਕਰਕੇ ਜਨੇਊ ਬਣਦਾ ਹੈ।

ਬ੍ਰਾਹਮਣ ਦਾ ਜਨੇਊ ਸੂਤ ਦਾ, ਖੱਤਰੀ ਦਾ ਸਣ ਦਾ ਅਤੇ ਵੈਸ਼ ਦਾ ਮੀਂਢੇ ਦੀ ਉਨ ਦੇ ਜਨੇਊ ਦਾ ਵਿਧਾਨ ਹੈ। ਇਸ ਦੇ ਇਲਾਵਾ ਬ੍ਰਾਹਮਣ ਦੇ ਬਸੰਤ ਰੁੱਤ ਵਿਚ, ਖੱਤਰੀ ਦੇ ਗਰਮੀਆਂ ਤੇ ਵੈਸ਼ ਦੇ ਸਰਦੀਆਂ 'ਚ ਜਨੇਊ ਪਾਉਣ ਦਾ ਵਿਧਾਨ ਹੈ। ਇਸੇ ਤਰ੍ਹਾਂ ਬ੍ਰਾਹਮਣ ਦੇ ਅੱਠਵੇਂ ਸਾਲ 'ਚ, ਖੱਤਰੀ ਦੇ ਗਿਆਰ੍ਹਵੇਂ ਅਤੇ ਵੈਸ਼ ਦੇ ਬਾਰ੍ਹਵੇਂ ਸਾਲ 'ਚ ਉਪਨਯਨ ਸੰਸਕਾਰ ਹੋਣਾ ਚਾਹੀਦਾ ਹੈ।

ਕਿਸੇ ਬ੍ਰਾਹਮਣ ਨੂੰ ਕਿਤੇ ਲੁਟੇਰਿਆਂ ਨੇ ਘੇਰ ਕੇ ਲੁੱਟ ਲਿਆ ਤੇ ਉਸ ਦੇ ਕੱਪੜੇ ਵੀ ਲੁਹਾ ਲਏ। ਉਹ ਵਿਚਾਰਾ ਰੋਂਦਾ ਪਿੱਟਦਾ ਬਾਬਾ ਫਰੀਦ ਜੀ ਦੇ ਦਰਬਾਰ ਵਿਚ ਚਲਿਆ ਗਿਆ। ਉਸ ਦੀ ਦੁਰਦਸ਼ਾ ਦੇਖ ਕੇ ਕਿਸੇ ਨੇ ਕਿਹਾ 'ਇਸ ਵਿਚਾਰੇ ਕੋਲ ਕੱਖ ਨਹੀਂ ਬਚਿਆ; ਲੁਟੇਰਿਆਂ ਨੇ ਇਸ ਦਾ ਸਭ ਕੁਝ ਲੁੱਟ ਲਿਆ।' ਬਾਬਾ ਜੀ ਕਹਿਣ ਲੱਗੇ, 'ਨਹੀਂ, ਇਸ ਕੋਲ ਬਹੁਤ ਕੁਝ ਬਚਿਆ ਹੈ; ਇਸ ਦਾ ਜਨੇਊ, ਇਸ ਦਾ ਸਰਵੋਦਯ ਪ੍ਰਣ ਇਸ ਕੋਲ ਹੈ; ਬੰਦੇ ਦਾ ਹੋਣਾ ਇਸ ਪ੍ਰਣ ਵਿਚ ਹੀ ਨਿਹਿਤ ਹੈ।'

ਪ੍ਰਣ ਹੀ ਸਿਰੜ ਹੁੰਦਾ ਹੈ, ਜਿਸ ਨੂੰ ਸਿਦਕ ਵੀ ਕਹਿੰਦੇ ਹਨ। ਪੁਰਾਤਨ ਸਿੰਘ ਅਕਸਰ ਆਖਦੇ, 'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।' ਨੌਵੇਂ ਪਾਤਸ਼ਾਹ ਦੀ ਸ਼ਹਾਦਤ ਬਾਬਤ ਦਸਮ ਪਾਤਸ਼ਾਹ ਨੇ ਆਖਿਆ, 'ਸੀਸ ਦੀਆ ਪਰ ਸਿਰਰ ਨ ਦੀਆ।' ਭਾਰਤੀ ਪਰੰਪਰਾ ਵਿਚ ਬੰਦੇ ਦੀ ਅਸਲ ਪ੍ਰਾਪਤੀ ਉਸ ਦੇ ਪ੍ਰਣ ਦਾ ਨਿਭਣਾ ਹੈ। ਬਾਬਾ ਫਰੀਦ ਜੀ ਨੇ ਜਨੇਊ ਦੇ ਇਸ ਤੱਥ/ਸੱਚ ਵੱਲ ਹੀ ਸੰਕੇਤ ਕੀਤਾ।

ਗੁਰੂ ਨਾਨਕ ਪਾਤਸ਼ਾਹ ਜਨਮ ਤੋਂ ਹੀ ਵਾਹਿਗੁਰੂ ਦੇ ਚੁਣੇ ਹੋਏ ਪੈਗੰਬਰ ਸਨ ਅਰਥਾਤ ਗੁਰੂ ਸਨ। ਇਸ ਲਈ ਉਨ੍ਹਾਂ ਦਾ ਉਪਨਯਨ ਹਾਸੋਹੀਣੀ ਗੱਲ ਸੀ। ਇਹ ਗੱਲ ਵੀ ਸੀ ਕਿ ਗੁਰੂ ਨਾਨਕ ਬ੍ਰਾਹਮਣ ਨੂੰ ਆਪਣਾ ਗੁਰੂ ਤਸਲੀਮ ਨਹੀਂ ਸਨ ਕਰਦੇ; ਉਹ ਹਿੰਦੂ-ਮੁਸਲਿਮ ਦੇ ਸਾਂਝੇ ਗੁਰੂ, ਪੀਰ ਜਾਂ ਪੈਗੰਬਰ ਸਨ। ਇਸੇ ਲਈ ਉਨ੍ਹਾਂ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ।

ਉਪਨਯਨ ਦੀ ਰਸਮ ਮਨੁੱਖ ਵਿਚ ਰੰਗ ਅਤੇ ਨਸਲ ਭੇਦ ਵਾਲੇ ਵਰਣ ਵੰਡ ਦਾ ਕਾਰਨ ਤੇ ਪ੍ਰਤੀਕ ਵੀ ਬਣ ਚੁਕੀ ਸੀ। ਇਸੇ ਕਰਕੇ ਦਸਮੇਸ਼ ਪਿਤਾ ਨੇ ਹਰ ਤਰ੍ਹਾਂ ਦੀਆਂ ਸ਼ਰਤਾਂ ਹਟਾ ਕੇ, ਉਪਨਯਨ ਦੀ ਥਾਂ ਅੰਮ੍ਰਿਤਪਾਨ ਦੀ ਰੀਤ ਜਾਰੀ ਕੀਤੀ, ਜੋ ਸਗਲੇ ਮਨੁੱਖ ਮਾਤਰ ਲਈ ਸਾਂਝੀ ਸੀ ਅਤੇ ਜਿਸ ਵਿਚ ਕਿਸੇ ਤਰ੍ਹਾਂ ਦਾ ਭੇਦ ਭਾਵ ਨਹੀਂ ਸੀ। ਦਸਮੇਸ਼ ਪਿਤਾ ਨੇ ਖਾਲਸੇ ਨੂੰ ਆਪਣਾ ਗੁਰੂ ਤਸਲੀਮ ਕਰ ਲਿਆ ਸੀ, ਇਸ ਲਈ ਉਨ੍ਹਾਂ ਖਾਲਸੇ ਤੋਂ ਅੰਮ੍ਰਿਤਪਾਨ ਕਰ ਲਿਆ ਸੀ। ਬੇਸ਼ੱਕ ਅੰਮ੍ਰਿਤਪਾਨ ਵਿਚ ਵੀ ਚੌਥੇ ਪੌੜੇ ਜਿਹੇ ਭੇਦਭਾਵ ਘਸੋੜਨ ਦੀ ਨਾਪਾਕ ਕੋਸ਼ਿਸ਼ ਹੋਈ, ਪਰ ਉਸ ਨੂੰ ਕਤੱਈ ਕਾਮਯਾਬੀ ਹਾਸਲ ਨਾ ਹੋਈ।

ਉਪਨਯਨ ਜਾਂ ਅੰਮ੍ਰਿਤਪਾਨ ਪਿਛੋਂ ਬੱਚਾ ਵਿੱਦਿਆ ਪ੍ਰਾਪਤ ਕਰਨ ਵਾਲਾ ਵਿਦਿਆਰਥੀ, ਸਿਖਿਆਰਥੀ ਅਰਥਾਤ ਸਿੱਖ ਹੁੰਦਾ ਹੈ। ਇਹ ਉਸ ਦਾ ਦੂਜਾ ਜਨਮ ਹੁੰਦਾ ਹੈ। ਪਹਿਲੇ ਅਤੇ ਦੂਜੇ ਜਨਮ ਵਿਚ ਅੰਤਰ ਇਹ ਹੁੰਦਾ ਹੈ ਕਿ ਪਹਿਲਾਂ ਬੱਚੇ ਨੇ ਉਹੋ ਕੁਝ ਕਰਨਾ ਹੁੰਦਾ ਹੈ, ਜੋ ਉਹ ਕਰਨਾ ਚਾਹੁੰਦਾ ਹੈ। ਪਰ ਬਾਅਦ ਵਿਚ ਉਸ ਨੇ ਉਹ ਕੁਝ ਕਰਨਾ ਹੁੰਦਾ ਹੈ, ਜੋ ਉਸ ਨੂੰ ਕਰਨਾ ਚਾਹੀਦਾ ਹੈ। ਉਪਨਯਨ ਜਾਂ ਅੰਮ੍ਰਿਤਪਾਨ ਤੋਂ ਪਹਿਲਾਂ ਅਤੇ ਬਾਅਦ ਦੇ ਜੀਵਨ ਵਿਚ ਚਾਹੁੰਦਾ ਅਤੇ ਚਾਹੀਦਾ ਜਿੰਨਾ ਅੰਤਰ ਹੈ।

ਮੈਂ ਕੀ ਕਰਨਾ ਚਾਹੁੰਦਾ ਹਾਂ, ਇਹ ਮੇਰਾ ਮਨ (Instinct) ਦੱਸਦਾ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ, ਇਹ ਮੇਰੀ ਮੱਤ (Intellect) ਦੱਸਦੀ ਹੈ। ਇਸੇ ਲਈ ਉਪਨਯਨ ਜਾਂ ਅੰਮ੍ਰਿਤਪਾਨ ਪਿਛੋਂ ਬੱਚੇ ਦੇ ਮਨ ਵਿਚ ਮੱਤ ਉਤਾਰੀ ਜਾਂਦੀ ਹੈ; ਅਣਜਾਣ ਨੂੰ ਜਾਣਕਾਰ ਬਣਾਇਆ ਜਾਂਦਾ ਹੈ।

ਭਾਰਤੀ ਸੱਭਿਆਚਾਰ ਵਿਚ ਮਨ ਨਾਲੋਂ ਮੱਤ ਦਾ ਦਰਜਾ ਉਚੇਰਾ ਹੈ। ਇਸੇ ਲਈ ਅਸੀਂ ਆਖਦੇ ਹਾਂ, 'ਮਨ ਨੀਵਾਂ ਮੱਤ ਉਚੀ।'

ਮੱਤ ਕੀ ਹੈ? ਮੱਤ ਸਿਰਫ ਤੇ ਸਿਰਫ ਗਲਤ ਤੇ ਠੀਕ ਦੀ ਸ਼ਨਾਖਤ ਅਰਥਾਤ ਸਮਝ ਹੈ। ਬੱਚਾ ਜੋ ਕੁਝ ਵੀ ਕਰਦਾ ਹੈ, ਉਸ ਨੂੰ ਗਲਤ-ਠੀਕ ਦਾ ਨਹੀਂ ਪਤਾ ਹੁੰਦਾ। ਇਸ ਲਈ ਬੱਚੇ ਨੇ ਕੀ ਕਰਨਾ ਹੈ, ਇਸ ਦਾ ਫੈਸਲਾ ਵੱਡੇ ਕਰਦੇ ਹਨ। ਬੱਚੇ ਦੀ ਜਿੰਮੇਵਾਰੀ ਵੱਡੇ ਚੁੱਕਦੇ ਹਨ। ਬੱਚੇ ਦੀ ਗਲਤੀ ਦੇ ਜਿੰਮੇਵਾਰ ਵੱਡੇ ਹੁੰਦੇ ਹਨ।

ਪਰ ਉਪਨਯਨ ਜਾਂ ਅੰਮ੍ਰਿਤਪਾਨ ਬੱਚਾ ਸਿੱਖਿਆ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਹੁੰਦਾ ਹੈ। ਵਿਦਿਆਰਥੀ ਨੂੰ ਪਤਾ ਹੁੰਦਾ ਹੈ ਕਿ ਗਲਤ ਕੀ ਹੈ ਤੇ ਠੀਕ ਕੀ ਹੈ। ਇਸ ਕਰਕੇ ਜਦ ਵਿਦਿਆਰਥੀ ਗਲਤੀ ਕਰਦਾ ਹੈ ਤਾਂ ਉਸੇ ਨੂੰ ਸਜ਼ਾ ਦਿੱਤੀ ਜਾਂਦੀ ਹੈ, ਕਿਉਂਕਿ ਉਸ ਨੂੰ ਤਾਂ ਗਲਤ-ਠੀਕ ਦਾ ਪਤਾ ਹੋਣਾ ਚਾਹੀਦਾ ਸੀ!

ਸੁਰਤ ਵਾਲੇ ਮਨੁੱਖ ਦੇ ਸਿਰ ਵੱਡੀ ਜਿੰਮੇਵਾਰੀ ਹੁੰਦੀ ਹੈ। ਇਹੀ ਉਸ ਦੀ ਨੈਤਿਕਤਾ ਹੁੰਦੀ ਹੈ। ਉਹ ਅਨੈਤਿਕ ਕੰਮ ਨਹੀਂ ਕਰਦਾ ਕਿਉਂਕਿ ਉਸ ਦੇ ਸਿਰ ਜ਼ਮਾਨੇ ਦੀ ਜਿੰਮੇਵਾਰੀ ਹੁੰਦੀ ਹੈ। ਇਹੀ ਜਿੰਮੇਵਾਰੀ ਹੈ, ਜਿਸ ਦਾ ਅਹਿਸਾਸ ਨੈਤਿਕਤਾ ਦਾ ਸਬਕ ਹੈ।

ਹਰਮਨ ਹੈਸ ਨੇ 'ਸਿਧਾਰਥ' ਵਿਚ ਇਹੀ ਸਬਕ ਸਿਖਾਇਆ ਹੈ। ਸਾਡੀ ਸਿੱਖਿਆ ਵੀ ਸਾਨੂੰ ਵਿਚਾਰ ਕਰਨਾ ਸਿਖਾਉਂਦੀ ਹੈ, ਉਡੀਕ ਅਰਥਾਤ ਸਬਰ ਕਰਨਾ ਦੱਸਦੀ ਹੈ ਅਤੇ ਭੁੱਖ ਅਰਥਾਤ ਸੰਜਮ ਵਿਚ ਰਹਿਣਾ ਸਿਖਾਉਂਦੀ ਹੈ।

ਅਜੋਕੇ ਯੁੱਗ ਵਿਚ ਉਪਰੋਕਤ ਸਿੱਖਿਆ ਲਈ ਸਕੂਲ ਵਿਚ ਦਾਖਲ ਹੋਣਾ ਹੀ ਉਪਨਯਨ ਅਤੇ ਅੰਮ੍ਰਿਤਪਾਨ ਹੈ, ਜਿਸ ਵਿਚ ਕਿਸੇ ਪ੍ਰਕਾਰ ਦਾ ਵਰਣਾਸ਼ਰਮ ਭਿੰਨ ਭੇਦ ਨਹੀਂ ਹੈ। ਇਹ ਅਵਸਰ ਸਭ ਦਾ ਸਾਂਝਾ ਹੈ। ਆਉ, ਇਸ ਅਵਸਰ ਦਾ ਲਾਹਾ ਲਈਏ; ਕਮ ਸੇ ਕਮ ਆਪੋ ਆਪਣੀ ਜਿੰਮੇਵਾਰੀ ਚੁੱਕੀਏ ਅਤੇ ਨੈਤਿਕ ਹੋਈਏ।

ਜੇ ਚਾਰੇ ਖਾਣੀਆਂ ਅਰਥਾਤ ਚੁਰਾਸੀ ਲੱਖ ਜੂਨਾਂ ਵਿਚੋਂ ਮਨੁੱਖ ਸਰਬੋਤਮ ਹੈ ਤਾਂ ਇਸ ਦਾ ਅਰਥ ਇਹੀ ਹੈ ਜੀਵ ਅਤੇ ਵਨਸਪਤੀ ਦੀ ਸੰਭਾਲ ਦੀ ਜਿੰਮੇਵਾਰੀ ਮਨੁੱਖ ਦੀ ਹੈ। ਉਪਨਯਨ, ਅੰਮ੍ਰਿਤਪਾਨ ਜਾਂ ਪੜ੍ਹੇ-ਲਿਖੇ ਮਨੁੱਖ ਦਾ ਪਰਮ ਫਰਜ ਹੈ ਕਿ ਉਹ ਸਰਵੋਦਯ ਅਰਥਾਤ ਸਰਬੱਤ ਦੇ ਭਲੇ ਨੂੰ ਸਮਰਪਿਤ ਹੋਵੇ। ਮਨੁੱਖ ਹੋਣ ਦਾ ਇਹੋ ਉਪਲਕਸ਼ ਹੈ।

---

## 'ਆਪਣੀ ਛਾਂ ਦੇ ਸ਼ਬਦ'

*(ਪਿਛਲੇ ਸਫੇ ਦੀ ਬਾਕ)*

ਹੱਥ ਵਧੇ,
ਹਾਂ ਅਸੀਂ ਤਾਂ ਕਾਇਲ ਉਸ ਅਰਦਾਸ ਦੇ।

ਵੇਖਿਆ ਜਾ ਸਕਦਾ ਹੈ ਕਿ ਉਹਦੇ ਸ਼ਿਅਰਾਂ ਵਿਚ ਕਲਾਤਮਕ ਪੁਖਤਗੀ ਦੇ ਨਾਲ-ਨਾਲ ਦਾਰਸ਼ਨਿਕ ਡੂੰਘਾਈ ਵੀ ਹੈ।

ਅਸੀਂ ਜਾਣਦੇ ਹਾਂ ਕਿ ਸ਼ਬਦ ਦੀ ਅਜ਼ਮਤ ਪਛਾਣੇ ਬਿਨਾ ਕੋਈ ਸ਼ਾਇਰ ਨਹੀਂ ਬਣ ਸਕਦਾ। ਸ਼ਬਦਾਂ ਦੇ ਹੁਸਨ ਤੇ ਬਹੁ-ਰੰਗਤਾ ਨੂੰ ਪਛਾਣਨਾ ਤੇ ਉਨ੍ਹਾਂ ਨੂੰ ਠੀਕ ਤਰਤੀਬ ਵਿਚ ਇਸ ਅੰਦਾਜ਼ ਵਿਚ ਜੋੜਨਾ-ਬੀੜਨਾ ਕਿ ਸਤਰਾਂ ਵਿਚੋਂ ਕਾਵਿਕ ਜਲੌਅ ਦਘ-ਮਘ ਉਠੇ, ਸੱਚੇ ਸ਼ਾਇਰ ਦੀ ਪਛਾਣ ਹੈ। ਉਂਕਾਰਪ੍ਰੀਤ ਸ਼ਬਦਾਂ ਨੂੰ ਟੁਣਕਾਉਣਾ-ਵਜਾਉਣਾ ਅਤੇ ਸਹਿਲਾਉਣਾ ਤੇ ਗਾਉਣਾ ਜਾਣਦਾ ਹੈ। ਉਹ ਸ਼ਬਦਾਂ ਦੇ ਰੰਗਾਂ ਰਸਾਂ ਨੂੰ ਹੀ ਨਹੀਂ ਪਛਾਣਦਾ, ਸਗੋਂ ਕੁਝ ਨਵੇਂ ਸ਼ਬਦਾਂ ਦੀ ਸਿਰਜਣਾ ਵੀ ਕਰਦਾ ਹੈ। ਮਸਲਨ ਅਸੀਂ ਪਤਵੰਤੇ ਸ਼ਬਦ ਤਾਂ ਵਰਤਦੇ ਹਾਂ ਪਰ ਘਰਵੰਤੇ ਸ਼ਬਦ ਪਹਿਲੀ ਵਾਰ ਪੜ੍ਹਿਆ ਹੈ। ਇੰਜ ਹੀ ਬਹੁ-ਮੱਤ ਤਾਂ ਅਸੀਂ ਅਕਸਰ ਪੜ੍ਹਦੇ ਸੁਣਦੇ ਹਾਂ ਪਰ 'ਦਿਲਮੱਤ' ਸ਼ਬਦ ਉਂਕਾਰਪ੍ਰੀਤ ਦੀ ਸਿਰਜਣਾ ਹੈ।

ਵਿਅੰਗ ਉਹਦੀ ਕਵਿਤਾ ਦਾ ਵੱਡਾ ਹਥਿਆਰ ਹੈ। ਕਿਤੇ ਇਹ ਵਿਅੰਗ ਬੜੇ ਸੂਖਮ ਧਰਾਤਲ 'ਤੇ ਨਜ਼ਰ ਆਉਂਦਾ ਹੈ ਤੇ ਕਿਤੇ ਬੜੇ ਉਗਰ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ।

ਅਸੀਂ ਵੇਖਦੇ ਹਾਂ ਕਿ ਉਂਕਾਰਪ੍ਰੀਤ ਦੀ ਕਵਿਤਾ ਵਿਚ ਸਥਾਨਕ ਸਰੋਕਾਰਾਂ ਤੋਂ ਲੈ ਕੇ ਵਿਸ਼ਵ ਤੱਕ ਦੇ ਸਰੋਕਾਰ ਕਲਾਵੇ ਵਿਚ ਲਏ ਦ੍ਰਿਸ਼ਟੀਗੋਚਰ ਹੁੰਦੇ ਹਨ। ਬਾਬੇ ਨਾਨਕ ਦਾ ਪੁੱਤ ਬਣ ਕੇ ਉਹ ਜਲ-ਬਲ ਰਹੀ ਸਾਰੀ ਧਰਤੀ ਦੇ ਦੁੱਖਾਂ-ਸੰਤਾਪਾਂ 'ਤੇ ਮਲ੍ਹਮ ਲਾਉਣੀ ਲੋੜਦਾ ਹੈ। ਘਰ-ਪਰਿਵਾਰ ਤੋਂ ਲੈ ਕੇ ਸੰਸਾਰ ਦੀ ਸਿਆਸਤ ਉਹਦੀ ਕਵਿਤਾ ਵਿਚ ਸੁਹਜੀਲੇ ਬਿੰਬਾਂ ਵਿਚ ਢਲ ਕੇ ਰੂਪਮਾਨ ਹੁੰਦੀ ਹੈ।

ਉਂਕਾਰਪ੍ਰੀਤ ਉਲਫਤ ਬਾਜਵਾ ਦਾ ਸ਼ਾਗਿਰਦ ਰਿਹਾ ਹੈ। ਉਸਤਾਦ ਦੇ ਅੰਦਾਜ਼ ਦਾ ਉਹਦੇ ਕਾਵਿਕ ਮੁਹਾਵਰੇ 'ਤੇ ਅਸਰ ਹੋਣਾ ਲਾਜ਼ਮੀ ਹੈ। ਇਹੋ ਕਾਰਨ ਹੈ ਕਿ ਉਹਦੀਆਂ ਕੁਝ ਇਕ ਗਜ਼ਲਾਂ ਵਿਚੋਂ ਬਾਜਵਾ ਬੋਲਦਾ ਲੱਗਦਾ ਹੈ। ਭਾਵੇਂ ਕਿ ਇਹ ਗਿਣਤੀ ਵਿਚ ਐਵੇਂ ਦੋ-ਚਾਰ ਹੀ ਹਨ। ਆਪਣੀ ਲਿਖਤ ਵਿਚ ਲੇਖਕ 'ਆਪ ਹੀ' ਦਿਸਣਾ ਤੇ ਬੋਲਣਾ ਚੰਗਾ ਲੱਗਦਾ ਹੈ। ਇਸ ਗੱਲ ਦਾ ਉਂਕਾਰ ਨੂੰ ਵੀ ਪਤਾ ਹੈ।

ਉਂਜ ਨਿਸਚੇ ਹੀ ਉਂਕਾਰਪ੍ਰੀਤ ਨੇ ਆਪਣਾ ਵਿਲੱਖਣ ਕਾਵਿਕ-ਅੰਦਾਜ਼ ਸਿਰਜਿਆ ਹੈ। ਭਾਸ਼ਾਈ ਮੁਹਾਵਰੇ ਦੀ ਤਾਜ਼ਗੀ ਤੇ ਪਰਵਾਜ਼ ਦੀ ਬੁਲੰਦੀ, ਵਿਚਾਰਧਾਰਕ ਸਪੱਸ਼ਟਤਾ ਤੇ ਪ੍ਰਤੀਬੱਧਤਾ ਦੇ ਨਾਲ-ਨਾਲ ਦਾਰਸ਼ਨਿਕ ਡੂੰਘਾਈ ਉਹਦੀ ਸ਼ਾਇਰੀ ਨੂੰ ਪਾਠਕ ਦੇ ਦਿਲ ਦੇ ਨੇੜੇ ਵੀ ਕਰਦੀ ਹੈ ਤੇ ਦਿਮਾਗ ਵਿਚ ਰੌਸ਼ਨੀ ਦੀਆਂ ਕਿਰਨਾਂ ਵੀ ਬੀਜਦੀ ਹੈ।

ਸੱਤ-ਰੰਗੀ ਰੌਸ਼ਨੀ ਨੂੰ ਅਸੀਂ ਮੁੱਠੀ ਵਿਚ ਫੜ ਨਹੀਂ ਸਕਦੇ। ਕਿਉਂ ਨਾ 'ਹੀਰ' ਦੇ ਹੁਸਨ ਨੂੰ ਬਿਆਨ ਕਰਨ ਦੀ ਥਾਂ 'ਹੀਰ ਦੇ ਦੀਦਾਰ' ਕਰ ਕੇ ਵੇਖਣ ਦਾ ਚਾਰਾ ਕਰੀਏ। ਇਸ ਕਿਤਾਬ ਨੂੰ ਪੜ੍ਹਨਾ ਹੀਰ ਦਾ ਦੀਦਾਰ ਕਰਨ ਦੇ ਤੁੱਲ ਹੈ।

ਕਿਤਾਬ ਕੁਕਨੂਸ ਪ੍ਰਕਾਸ਼ਨ, ਜਲੰਧਰ ਨੇ ਛਾਪੀ ਹੈ।

## ਉਂਕਾਰਪ੍ਰੀਤ ਦੀਆਂ ਕੁਝ ਗਜ਼ਲਾਂ

ਬਿਖਰੀ ਬਿਖਰੀ ਜ਼ਿੰਦਗੀ, ਅੱਛੀ ਲੱਗੀ।
ਕਤਰਾ ਕਤਰਾ ਦਿਲਬਰੀ, ਅੱਛੀ ਲੱਗੀ।

ਅੱਛਾ ਲੱਗਿਆ ਪੋਟੇ ਪੋਟੇ ਹੋਇਆ ਦਿਲ
ਉਲਝੀ ਉਲਝੀ ਲਟ ਤਿਰੀ, ਅੱਛੀ ਲੱਗੀ।

ਵਸਣ ਦੇ ਲਈ ਭਟਕਦੇ ਘਰ ਖੂਬ ਸਨ
ਵਸ ਰਿਹਾਂ ਦੀ ਬੇਘਰੀ, ਅੱਛੀ ਲੱਗੀ।

ਰਾਹੋਂ ਹਟਕੇ ਜੀਅ ਰਹੇ ਥਲ ਦੇ ਲਈ
ਜਦ ਕੁਈ ਭਟਕੀ ਨਦੀ ਅੱਛੀ ਲੱਗੀ।

ਕਰਦੇ ਕਰਦੇ ਪੱਥਰਾਂ ਦਾ ਖੁਸ਼-ਬਿਆਨ
ਜਦ ਕਿਸੇ ਦੀ ਅੱਖ ਭਰੀ, ਅੱਛੀ ਲੱਗੀ।

ਛਲਕਦੇ ਨੈਣਾਂ ਨੇ ਗੱਚ ਭਰ ਕੇ ਕਿਹਾ
'ਪ੍ਰੀਤ' ਤੇਰੀ ਸ਼ਾਇਰੀ ਅੱਛੀ ਲੱਗੀ।

*2*

ਲਿਖੀ ਜਾ ਰਹੀ ਹੈ, ਸੁਣੀ ਜਾ ਰਹੀ ਹੈ।
ਕਿ ਜੀਣੇ 'ਚੋਂ ਕਵਿਤਾ, ਪੁਣੀ ਜਾ ਰਹੀ ਹੈ।

ਖੱਡੀਆਂ ਜੁਲਾਹੇ, ਨੇ ਕੇਵਲ ਦਿਖਾਵੇ
ਦਰੀ ਹੋਰ ਕਿਧਰੇ, ਬੁਣੀ ਜਾ ਰਹੀ ਹੈ।

ਘੁੱਗੀਆਂ ਨੂੰ ਗਿਰਝਾਂ, ਕਰੇ ਉਸ ਦਾ ਧੂੰਆਂ
'ਚਿੱਟੇ ਘਰ' ਜੋ ਕਾਲਖ, ਧੁਣੀ ਜਾ ਰਹੀ ਹੈ।

ਜਿਤਾ ਜਿਹਨੂੰ ਹਰਦੇ ਨੇ ਹਰ ਵਾਰ ਲੋਕੀਂ
ਇਹ ਸਰਕਾਰ ਕੈਸੀ, ਚੁਣੀ ਜਾ ਰਹੀ ਹੈ।

ਨਸ਼ਾ ਦੇ ਰਿਹਾ ਦਾਦ, ਸੁਣ ਸੁਣ ਤਰੰਨੁਮ
ਨਾ ਸਮਝੋ ਕਿ ਕਵਿਤਾ, ਸੁਣੀ ਜਾ ਰਹੀ ਹੈ।

'ਖੁਣੀਆਂ' ਨਜ਼ਰ ਦਾ, ਮੁਹੱਬਤ ਨਕਾਸ਼ਣ
ਦਿਲਾਂ 'ਤੇ ਗਜ਼ਲ ਇਕ, ਖੁਣੀ ਜਾ ਰਹੀ ਹੈ।

*3*

ਚੌਂਹ ਕੰਧਾਂ ਤੇ ਛਤ, ਘਰ, ਨਈਂ ਹੁੰਦਾ।
ਹਰ ਇਕ ਦਰਵਾਜਾ ਦਰ, ਨਈਂ ਹੁੰਦਾ।

ਆਸ਼ਕ, ਬੇ-ਪੀਰ ਨੇ ਰੱਬ ਦੇ ਵਾਗੂੰ
ਇਸ਼ਕ ਪੁੱਛ-ਪੁੱਛ ਕੇ, ਕਰ ਨਈਂ ਹੁੰਦਾ।

ਦਿਲ ਤਰਦਾ ਹੈ ਸਦਾ ਦਿਲ ਦੀ ਸੇਧੇ
ਦਿਲ ਤੋਂ ਨੱਕ ਦੀ ਸੇਧੇ ਤਰ ਨਈਂ ਹੁੰਦਾ।

ਸਿਰ, ਹੱਥ ਵੇਚ ਕੇ ਢਿੱਡ ਭਰੇ ਜਿੱਥੇ
ਉਥੇ ਰੂਹ ਤੋਂ ਕੁਝ ਵੀ ਕਰ ਨਈਂ ਹੁੰਦਾ।

ਬੜਾ ਕੁਝ ਹੋਰ ਵੀ ਬੋਲੇ ਦਿਲ 'ਚੋਂ
ਹਰ ਬੋਲ ਸ਼ਵੇਤਾਂਬਰ ਨਈਂ ਹੁੰਦਾ।

*4*

ਸ਼ਾਇਰੀ ਨੇ ਜ਼ਿੰਦਗੀ ਬਣਨਾ ਅਜੇ।
ਜ਼ਿੰਦਗੀ ਨੇ ਜ਼ਿੰਦਗੀ ਬਣਨਾ ਅਜੇ।

ਪੋਥੀਆਂ 'ਚੋਂ ਪਾਠੀਆਂ ਹੋਣਾ ਰਿਹਾ
ਬੰਦਗੀ ਨੇ ਜ਼ਿੰਦਗੀ ਬਣਨਾ ਅਜੇ।

ਚੰਧੜਾਂ ਦੇ ਤੀਰ ਫੁੱਲ ਬਣਨੇ ਅਜੇ
ਆਸ਼ਕੀ ਨੇ ਜ਼ਿੰਦਗੀ ਬਣਨਾ ਅਜੇ।

ਧੂਫ-ਬੱਤੀ, ਥਾਲੀ-ਕੌਲੀ 'ਚੋਂ ਨਿਕਲ
ਆਰਤੀ ਨੇ ਜ਼ਿੰਦਗੀ ਬਣਨਾ ਅਜੇ।

ਲੋੜ ਤੋਂ ਅਹਿਸਾਸ ਤੀਕਰ ਪਹੁੰਚ ਕੇ
ਦੋਸਤੀ ਨੇ ਜ਼ਿੰਦਗੀ ਬਣਨਾ ਅਜੇ।

ਜਾਗ ਕੇ ਹੱਥਾਂ ਜਗਾਉਣੇ ਸੁਪਨ-ਦੀਪ
ਜਗਮਗੀ ਨੇ ਜ਼ਿੰਦਗੀ ਬਣਨਾ ਅਜੇ।

ਕਹਿ ਰਹੀ ਹੈ ਜ਼ਿੰਦਗੀ ਦੀ ਭਟਕਣਾ
ਰਾਹਬਰੀ ਨੇ ਜ਼ਿੰਦਗੀ ਬਣਨਾ ਅਜੇ।

ਮਹਿਲੋਂ ਉਚੇ ਹੋਵਣੇ ਝੁੱਗੀਆਂ ਦੇ ਗੀਤ
ਨਗਮਗੀ ਨੇ ਜ਼ਿੰਦਗੀ ਬਣਨਾ ਅਜੇ।

*5*

ਜੀਭਾਂ ਤੇ ਕੰਨਾਂ ਦੇ ਦਰੋਂ,
ਲੈ ਰੂਹ-ਦਿਲ ਦੇ ਘਰ ਗਈ।
ਇਕ ਤਾਂਘ ਕਵਿਤਾ ਜੀਣ ਦੀ,
ਸ਼ਾਇਰ ਨੂੰ ਜ਼ਿੰਦਾ ਕਰ ਗਈ।

ਤੇਰੀ ਨਜ਼ਰ ਨੇ ਪੀ ਲਿਆ,
ਹਰ ਇਕ ਮਾਰੂਥਲ ਮੇਰਾ।
ਬਰਸਾਤ ਤੇਰੀ ਪਿਆਸ ਦੀ,
ਮੈਨੂੰ ਸਮੁੰਦਰ ਕਰ ਗਈ।

ਚੁੰਮਣ ਇੱਕ ਦਾ ਨਿਕਲਿਆ,
ਧਰਤੀ ਗਗਨ ਵਿਚ ਫਾਸਲਾ।
ਚੁੰਮ ਕੇ ਤੂੰ ਮੇਰੀ ਧਰਤ ਨੂੰ,
ਆਕਾਸ਼-ਗੰਗਾ ਕਰ ਗਈ।

ਤਿਰੇ ਇਸ਼ਕ ਦੀ ਮਘਦੀ ਕਣੀ,
ਇਸ ਤੋਂ ਹੀ ਹਰ ਧੜਕਣ ਬਣੀ।
ਜੀ ਨਾ ਸਕੇਗੀ ਜ਼ਿੰਦਗੀ,
ਜੇਕਰ ਕਣੀ ਇਹ ਠਰ ਗਈ।

ਕਵਿਤਾ, ਨਾ ਕੋਈ ਗੀਤ ਹੈ,
ਇਹ ਤਾਂ ਉਹ ਤੇਰੀ ਪ੍ਰੀਤ ਹੈ।
ਛੋਹ ਛੋਹ ਦਿਲਾਂ ਦੇ ਵਰਕੇ ਜੋ
ਬਣ ਲੋਅ ਦੇ ਅੱਖਰ ਗਈ।

*6*

ਆਦਮੀ ਉਹ ਚੁਪ ਜਿਹਾ ਕਿੱਥੇ ਗਿਆ।
ਕਰ ਕੇ ਖੁਦ ਹੀ ਤੇ ਗਿਲਾ ਕਿੱਥੇ ਗਿਆ।

ਹਸਤੀ ਦੇ ਮੇਲੇ 'ਚੋਂ ਭਾਲਣ ਖੁਦ ਨੂੰ ਉਹ
ਦੁਨੀਆਂ ਤੋਂ ਉਂਗਲੀ ਛੁਡਾ ਕਿੱਥੇ ਗਿਆ।

ਤੁਰ ਗਿਆ ਉਹ ਦਿਲ ਮਹੱਲਾਂ 'ਚੋਂ ਕਿਧਰ
ਉਹ ਸੁਦਾਮਾ, ਕ੍ਰਿਸ਼ਨ ਦਾ ਕਿੱਥੇ ਗਿਆ।

ਜੰਡ ਤੀਕਰ ਸੀ ਜੋ ਦਾਨਾਬਾਦ ਤੋਂ
ਰਾਸਤਾ ਉਹ 'ਮੋਖ' ਦਾ ਕਿੱਥੇ ਗਿਆ।

ਚੀ ਗੁਵੇਰਾ, ਹੋ ਚੀ ਮਿਨ, ਨਾ ਭਗਤ ਸਿੰਘ
ਅਣਖ ਦਾ ਉਹ ਸਿਲਸਿਲਾ, ਕਿੱਥੇ ਗਿਆ।

ਔਝੜਾਂ ਦੀ ਸੁੰਨ ਪੁੱਛੇ 'ਪ੍ਰੀਤ' ਨੂੰ,
"ਪ੍ਰੀਤਮਾਂ ਦਾ ਕਾਫਲਾ ਕਿੱਥੇ ਗਿਆ?"

###

# ਐਵੇਂ ਨਹੀਂ ਖਿੱਤੀਆਂ ਘੁੰਮ ਰਹੀਆਂ...

ਵਿਗਿਆਨ ਦੀ ਦੁਨੀਆਂ

ਪ੍ਰੋ. ਮੋਹਨ ਸਿੰਘ ਨੇ ਕਦੇ ਕਿਹਾ ਸੀ: ਕੁਝ ਹੋਰ ਵੀ ਹੋਵਣ ਵਾਲਾ ਹੈ/ਐਵੇਂ ਨਹੀਂ ਖਿੱਤੀਆਂ ਘੁੰਮ ਰਹੀਆਂ।

ਉਸ ਨੇ ਗੱਲ ਇਨਕਲਾਬ ਦੀ ਕੀਤੀ ਸੀ। ਧਰਤੀ ਉਤਲੀ ਕ੍ਰਾਂਤੀ ਅਤੇ ਇਸ ਦੀ ਪਿੱਠਭੂਮੀ ਲਈ ਅਚੇਤ ਹੀ ਪੁਲਾੜੀ ਚਿਹਨਕ ਵਰਤੇ ਸਨ, ਪਰ ਜੇ ਅਸੀਂ ਪੁਲਾੜੀ ਚਿਹਨਕਾਂ ਨੂੰ ਸੁਚੇਤ ਰੂਪ ਵਿਚ ਵਰਤ ਕੇ ਪੁਲਾੜੀ ਭਵਿਖ ਦੀ ਗੱਲ ਕਰੀਏ ਤਾਂ ਵੀ ਇਹ ਬੋਲ ਓਨੇ ਹੀ ਸੱਚੇ ਹਨ। ਸ਼ਾਇਦ ਹੋਰ ਵੀ ਵਧੇਰੇ ਸੱਚੇ ਹਨ। ਭਵਿਖ ਵਿਚ ਸੱਚਮੁੱਚ ਪੁਲਾੜ ਵਿਚ ਕੁਝ ਹੋਰ ਹੀ ਹੋਵਣ ਵਾਲਾ ਹੈ। ਉਹ, ਜਿਸ ਬਾਰੇ ਅੱਜ ਤੋਂ ਅੱਧੀ ਸਦੀ ਪਹਿਲਾਂ ਚੰਨ ਉਤੇ ਪਹਿਲਾ ਕਦਮ ਧਰਨ ਵੇਲੇ ਮਨੁੱਖ ਨੇ ਕਦੇ ਕਲਪਨਾ ਵੀ ਨਹੀਂ ਸੀ ਕੀਤੀ। ਹਾਲੀਵੁੱਡ ਦੀਆਂ ਫਿਲਮਾਂ ਇਸ ਕਲਪਨਾ ਲੋਕ ਦੀਆਂ ਗੱਲਾਂ ਅਕਸਰ ਕਰਦੀਆਂ ਹਨ।



**ਡਾ. ਕੁਲਦੀਪ ਸਿੰਘ ਧੀਰ**
ਫੋਨ: +91-98722-60550

ਇਸ ਲਈ ਗੱਲ ਹਾਲੀਵੁੱਡ ਦੀ ਹੀ ਫਿਲਮ 'ਟੋਟਲ ਰੀਕਾਲ' ਤੋਂ ਹੀ ਸ਼ੁਰੂ ਕਰਦੇ ਹਾਂ। ਇਹ ਫਿਲਮ ਮੰਗਲ ਉਤੇ ਇਕ ਸਜੇ-ਧਜੇ ਖੂਬਸੂਰਤ ਸ਼ਹਿਰ ਦੇ ਦ੍ਰਿਸ਼ ਪੇਸ਼ ਕਰਦੀ ਹੈ। ਦੇਖਣ ਨੂੰ ਆਕਰਸ਼ਕ ਇਹ ਕਲਪਿਤ ਸ਼ਹਿਰ ਬਹੁਤ ਚੰਗੇ ਲੱਗਦੇ ਹਨ, ਪਰ ਪ੍ਰਾਪਤ ਟੈਕਨਾਲੋਜੀ ਨਾਲ ਇਨ੍ਹਾਂ ਦੀ ਉਸਾਰੀ ਨਾਸਾ ਦੇ ਬਜਟ ਦੇ ਵੱਸ ਅਜੇ ਨਹੀਂ। ਹਰ ਕਿੱਲ, ਕਾਬਲਾ, ਕਾਗਜ਼, ਪਿੰਨ, ਭਾਵ ਹਰ ਨਿੱਕੀ ਤੋਂ ਨਿੱਕੀ ਚੀਜ਼ ਸ਼ੁਰੂ ਵਿਚ ਮੰਗਲ ਉਤੇ ਧਰਤੀ ਤੋਂ ਹੀ ਲੈ ਕੇ ਜਾਣੀ ਪਵੇਗੀ। ਕਰੋੜਾਂ ਮੀਲ ਦੂਰ। ਨੈਨੋਟੈਕਨਾਲੋਜੀ ਤੇ ਮਸਨੂਈ ਬੁੱਧੀ/ਰੋਬੋਟ ਇਸ ਸਿਲਸਿਲੇ ਵਿਚ ਸਾਡੀ ਮਦਦ ਕਰ ਸਕਦੇ ਹਨ।

ਇਕੀਵੀਂ ਸਦੀ ਦੇ ਅੰਤਲੇ ਦਹਾਕਿਆਂ ਤਕ ਟੈਕਨਾਲੋਜੀ ਦੇ ਵਿਕਾਸ ਨਾਲ ਅਸੀਂ ਅਸਲੋਂ ਹਲਕੇ ਗਰਾਫੀਨ ਤੇ ਕਾਰਬਨ ਨੈਨੋਟਿਊਬਾਂ ਵੱਡੀ ਮਾਤਰਾ ਵਿਚ ਬਣਾ ਸਕਾਂਗੇ, ਜਿਸ ਨਾਲ ਹਰ ਤਰ੍ਹਾਂ ਦੀ ਉਸਾਰੀ ਵਿਚ ਇਨਕਲਾਬੀ ਤਬਦੀਲੀ ਆਵੇਗੀ। ਗਰਾਫੀਨ ਹੈ ਕੀ? ਇਹ ਕਾਰਬਨ ਐਟਮਾਂ ਦੀ ਮਾਲੀਕਿਊਲ ਮੋਟੀ ਯਾਨਿ ਅਤਿ ਪਤਲੀ ਸ਼ੀਟ ਹੈ। ਲਗਪਗ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਭਾਰ ਜਿਵੇਂ ਹੈ ਹੀ ਨਹੀਂ। ਪਤਲੀ ਪਲਾਸਟਿਕ ਸ਼ੀਟ ਤੋਂ ਵੀ ਪਤਲੀ ਪਰ ਮਜ਼ਬੂਤ ਹੀਰੇ ਨਾਲੋਂ ਵੀ ਵੱਧ। ਸਟੀਲ ਨਾਲੋਂ ਦੋ ਸੌ ਗੁਣਾ ਵੱਧ ਮਜ਼ਬੂਤ। ਮੰਨ ਲਓ, ਇਕ ਪੈਨਸਿਲ ਉਪਰ ਹਾਥੀ ਖਲੋ ਜਾਵੇ। ਇਸ ਪੈਨਸਿਲ ਦੀ ਘੜੀ ਹੋਈ ਨੋਕ ਹਾਥੀ ਸਮੇਤ ਗਰਾਫੀਨ ਸ਼ੀਟ ਉਤੇ ਟਿਕਾਈਏ ਤਾਂ ਵੀ ਸ਼ੀਟ ਨਾ ਪਾਟੇਗੀ ਤੇ ਨਾ ਉਸ ਵਿਚ ਮੋਰੀ ਹੋਵੇਗੀ। ਕਮਾਲ ਇਹ ਵੀ ਹੈ ਕਿ ਗਰਾਫੀਨ ਬਿਜਲੀ ਦੀ ਸੁਚਾਲਕ ਹੈ। ਇਸ ਸ਼ੀਟ ਉਤੇ ਵਿਗਿਆਨੀ ਟਰਾਂਜਿਸਟਰ ਉਲੀਕਣੇ ਸਿੱਖ ਚੁਕੇ ਹਨ। ਗਰਾਫੀਨ ਨਵੇਂ ਯੁੱਗ ਦੇ ਕੰਪਿਊਟਰਾਂ ਦਾ ਆਧਾਰ ਬਣੇਗੀ।

ਕਾਰਬਨ ਨੈਨੋ-ਟਿਊਬਾਂ ਗਰਾਫੀਨ ਸ਼ੀਟਾਂ ਨੂੰ ਰੋਲ ਕਰ ਕੇ ਬਣ ਸਕਦੀਆਂ ਹਨ। ਇਹ ਇੰਨੀਆਂ ਮਜ਼ਬੂਤ ਹਨ ਕਿ ਟੁੱਟਦੀਆਂ ਹੀ ਨਹੀਂ। ਪਤਲੀਆਂ ਇੰਨੀਆਂ ਕਿ ਦਿਸਦੀਆਂ ਹੀ ਨਹੀਂ। ਜੇ ਕਿਤੇ ਫਲੋਟਿੰਗ ਰੈਸਤਰਾਂ ਲਈ ਪੁਲ ਕਾਰਬਨ ਨੈਨੋ-ਟਿਊਬਾਂ ਦਾ ਬਣਿਆ ਹੋਵੇ ਤਾਂ ਲੱਗੇਗਾ ਹਵਾ ਵਿਚ ਹੀ ਖੜ੍ਹਾ ਹੈ। ਉਸ ਦੇ ਥੱਲੇ ਸਹਾਰਾ ਦੇਣ ਨੂੰ ਕੁਝ ਹੈ ਹੀ ਨਹੀਂ। ਤੁਸੀਂ ਕਹੋਗੇ ਕਿ ਘਰ, ਪੁਲ, ਇਮਾਰਤਾਂ ਵਿਚ ਅਸੀਂ ਗਰਾਫੀਨ ਤੇ ਕਾਰਬਨ ਨੈਨੋ-ਟਿਊਬਾਂ ਕਿਉਂ ਨਹੀਂ ਵਰਤ ਰਹੇ। ਗੱਲ ਇਹ ਹੈ ਕਿ ਇਸ ਵਕਤ ਇਨ੍ਹਾਂ ਪਦਾਰਥਾਂ ਨੂੰ ਬਣਾਉਣਾ ਅਤਿ ਔਖਾ ਅਤੇ ਮਹਿੰਗਾ ਕਾਰਜ ਹੈ। ਭਾਰੀ ਮਾਤਰਾ ਵਿਚ ਇਨ੍ਹਾਂ ਨੂੰ ਬਣਾਉਣਾ ਅਜੇ ਸੰਭਵ ਨਹੀਂ। ਇਸ ਵੇਲੇ ਤਾਂ ਇਕ ਰਸੀਦੀ ਟਿਕਟ ਤੋਂ ਵਡੇਰੀ ਗਰਾਫੀਨ ਸ਼ੀਟ ਬਣਾਉਣੀ ਔਖੀ ਹੈ। ਮੌਲੀਕਿਊਲਰ ਪੱਧਰ ਉਤੇ ਰਤਾ ਕੁ ਅਸ਼ੁੱਧੀ ਨਾਲ ਹੀ ਇਸ ਪਦਾਰਥ ਦੇ ਜਾਦੂਈ ਗੁਣ ਖਤਮ ਹੋ ਜਾਂਦੇ ਹਨ। ਹਾਂ, ਇਸ ਸਦੀ ਦੇ ਅੰਤ ਤਕ ਇਨ੍ਹਾਂ ਪਦਾਰਥਾਂ ਨੂੰ ਥੋਕ ਰੇਟ 'ਤੇ ਬਣਾਉਣਾ ਸੰਭਵ ਹੋ ਸਕਦਾ ਹੈ। ਉਦੋਂ ਇਨ੍ਹਾਂ ਨੂੰ ਮੰਗਲ ਅਤੇ ਹੋਰ ਪੁਲਾੜੀ ਭਵਨਾਂ ਤੇ ਬਸਤੀਆਂ ਦੇ ਨਿਰਮਾਣ ਲਈ ਵਰਤਿਆ ਜਾ ਸਕੇਗਾ। ਇਨ੍ਹਾਂ ਤੋਂ ਬਣੇ ਭਵਨ ਮਜ਼ਬੂਤ ਤੇ ਪਾਰਦਰਸ਼ੀ ਹੋਣਗੇ। ਸਪੇਸ ਸੂਟ ਅਤਿ ਪਤਲੇ ਤੇ ਸਕਿਨ-ਟਾਈਟ। ਕਾਰਾਂ ਅਤਿ ਹਲਕੀਆਂ। ਪੁਲਾੜੀ ਪਰੋਬਾਂ ਹਲਕੀਆਂ ਫੁਲਕੀਆਂ। ਸਪਸ਼ਟ ਹੈ ਕਿ ਇਸ ਨਾਲ ਚੰਨ/ਮੰਗਲ ਤਕ ਮਨੁੱਖੀ ਉਡਾਰੀਆਂ ਦੇ ਰਾਹ ਦੀਆਂ ਅਨੇਕਾਂ ਸਮੱਸਿਆਵਾਂ ਮੁੱਕ ਜਾਣਗੀਆਂ। ਰਹਿੰਦੀ ਕਸਰ ਮਸਨੂਈ ਬੁੱਧੀ ਕੱਢੇਗੀ।

ਦੋ ਸਾਲ ਪਹਿਲਾਂ 2016 ਵਿਚ ਮਸਨੂਈ ਬੁੱਧੀ/ਖੋਜ ਕਾਰਜਾਂ ਨੂੰ ਉਦੋਂ ਵੱਡਾ ਹੁਲਾਰਾ ਮਿਲਿਆ, ਜਦੋਂ ਡੀਪ ਮਾਈਂਡ ਕੰਪਨੀ ਦੇ ਐਲਫਾ ਗੋ ਨਾਮ ਦੇ ਕੰਪਿਊਟਰ ਪ੍ਰੋਗਰਾਮ ਨੇ ਗੋ ਨਾਮ ਦੀ ਪੁਰਾਤਨ ਖੇਡ ਦੇ ਵਿਸ਼ਵ ਚੈਂਪੀਅਨ ਲੀ ਸੇਡੋਲ ਨੂੰ ਮਾਤ ਦਿੱਤੀ। ਵਿਗਿਆਨੀ ਇਸ ਨੂੰ ਬੜੀ ਵੱਡੀ ਗੱਲ ਸਮਝਦੇ ਹਨ। ਸ਼ਤਰੰਜ ਵਿਚ ਤਾਂ ਇਕ ਸਮੇਂ ਵੀਹ ਪੰਝੀ ਚਾਲਾਂ ਦੀ ਹੀ ਸੰਭਾਵਨਾ ਹੁੰਦੀ ਹੈ। ਗੋ ਵਿਚ ਇਕੋ ਸਮੇਂ ਢਾਈ ਸੌ ਚਾਲਾਂ ਸੰਭਵ ਹਨ ਤੇ ਖੇਡ ਦੀਆਂ ਸੰਭਵ ਸਮੂਹ ਸੈਟਿੰਗਾਂ ਵਿਚ ਚਾਲਾਂ ਦੀ ਗਿਣਤੀ ਅਰਬਾਂ ਵਿਚ ਚਲੀ ਜਾਂਦੀ ਹੈ। ਕੰਪਿਊਟਰ ਨੇ ਬੰਦੇ ਨੂੰ ਇਸ ਖੇਡ ਵਿਚ ਹਰਾ ਦਿੱਤਾ। ਇਹ ਵਿਕੋਲਿਤਰੀ ਘਟਨਾ ਹੀ ਕਹੀ ਜਾ ਸਕਦੀ ਹੈ। ਇਸ ਦੇ ਬਾਵਜੂਦ ਇਹ ਕੰਪਿਊਟਰ 'ਗੋ' ਬਾਰੇ ਕੁਝ ਨਹੀਂ ਦੱਸ ਸਕਦਾ। ਇਸ ਨੂੰ ਕੋਈ ਇਸ ਪ੍ਰਾਪਤੀ ਲਈ ਵਧਾਈ ਦੇਵੇ ਤਾਂ ਇਹ ਧੰਨਵਾਦ ਜਾਂ ਖੁਸ਼ੀ ਦੇ ਬੋਲ ਨਹੀਂ ਬੋਲ ਸਕਦਾ। ਇਸ ਨੂੰ ਨਹੀਂ ਪਤਾ ਕਿ ਇਹ ਪ੍ਰਾਪਤੀ ਇਤਿਹਾਸਕ ਮਹੱਤਵ ਵਾਲੀ ਹੈ। ਇਸ ਨੂੰ ਇਹ ਵੀ ਨਹੀਂ ਪਤਾ ਕਿ ਇਹ ਮਸ਼ੀਨ ਹੈ। ਹੈ ਤਾਂ ਇਹ ਮਸ਼ੀਨ ਹੀ ਜਿਸ ਵਿਚ ਚੇਤਨਾ, ਸਿਰਜਣਾਤਮਕਤਾ, ਭਾਵਨਾਵਾਂ ਤੇ ਸਾਧਾਰਨ ਸੂਝ ਵਰਗਾ ਕੁਝ ਵੀ ਨਹੀਂ। ਫਿਰ ਵੀ ਮਸਨੂਈ ਬੁੱਧੀ ਨਾਲ ਚਲਦੇ ਰੋਬੋਟਾਂ ਨੂੰ ਬਿਨਾ ਹੀਲ ਹੁੱਜਤ ਔਖੇ, ਖਤਰਨਾਕ ਕੰਮਾਂ ਲਈ ਡਾਹੁਣਾ ਸੰਭਵ ਹੈ। ਵੋਏਜਰ, ਵਾਈਕਿੰਗ ਤੇ ਕੈਸਿਨੀ ਵਰਗੇ ਮਿਸ਼ਨਾਂ ਪਿੱਛੇ ਮਨੁੱਖ ਸਨ, ਪਰ ਉਨ੍ਹਾਂ ਨੇ ਰੋਬੋਟਾਂ ਨੂੰ ਕਿੰਨੇ ਹੀ ਕਾਰਜਾਂ ਨੂੰ ਰਿਮੋਟ ਕੰਟਰੋਲ ਰਾਹੀਂ ਕਰਨ ਲਈ ਵਰਤਿਆ।

ਵਿਗਿਆਨੀ ਇਨ੍ਹਾਂ ਕਠਪੁਤਲੀ ਰੋਬੋਟਾਂ ਤੋਂ ਅਗਾਂਹ ਵਧ ਕੇ ਆਪਣੇ ਫੈਸਲੇ ਆਪ ਕਰਨ ਵਾਲੇ ਸਵੈਚਾਲਿਤ ਰੋਬੋਟ ਵਿਕਸਿਤ ਕਰਨ ਦੀ ਸੋਚ ਰਹੇ ਹਨ। ਉਹ ਚਾਹੁੰਦੇ ਹਨ ਕਿ ਇਹ ਰੋਬੋਟ ਮਨੁੱਖ ਦੇ ਘੱਟੋ-ਘੱਟ ਦਖਲ ਨਾਲ ਆਪੇ ਕੰਮ ਕਰਨਾ ਸਿੱਖਣ। ਇਨ੍ਹਾਂ ਨੂੰ ਹੁਕਮ ਦਿਓ, ਚੱਲ ਭਾਈ ਚੁੱਕ ਕਬਾੜ। ਬੱਸ ਇਹ ਆਪੇ ਕਬਾੜ ਚੁੱਕਣ ਲੱਗ ਪਵੇ। ਵਿਗਿਆਨੀ ਖਤਰਨਾਕ, ਗੰਦੇ ਤੇ ਅਕਾਊ ਕੰਮ ਇਨ੍ਹਾਂ ਹਵਾਲੇ ਕਰਨ ਦੀ ਸੋਚ ਰਹੇ ਹਨ। ਪੁਲਾੜੀ ਬਸਤੀਆਂ ਵਸਾਉਣ ਸਮੇਂ ਤਾਂ ਇਹੋ ਜਿਹੇ ਕੰਮ ਢੇਰ ਹੋਣੇ ਹਨ। ਇਸ ਲਈ ਪੁਲਾੜੀ ਬਸਤੀਆਂ ਵਾਸਤੇ ਵਿਕਸਿਤ ਕਿਸਮ ਦੇ ਸਵੈ-ਚਾਲਿਤ ਸਿਆਣੇ ਰੋਬੋਟਾਂ ਦੀ ਲੋੜ ਹੋਰ ਵੱਧ ਹੋਵੇਗੀ। ਭਾਰੀ ਗਾਰਡਰ/ਮਸ਼ੀਨਾਂ ਚੁੱਕਣਾ, ਬਿਨਾ ਆਕਸੀਜਨ/ਸਪੇਸ ਸੂਟ ਦੇ ਤਪਦੀ ਲੂ ਵਿਚ ਜਾਂ ਜੰਮੀਆਂ ਬਰਫਾਂ ਉਤੇ ਤੁਰ ਕੇ ਕੰਮ ਕਰਨੇ ਮਨੁੱਖ ਦੇ ਵੱਸ ਨਹੀਂ। ਰੋਬੋਟ ਤਾਂ ਅੱਗ ਦੀਆਂ ਲਾਟਾਂ ਵਿਚੋਂ ਵੀ ਲੰਘ ਜਾਣਗੇ। ਇਹ ਗਰਮੀ/ਸਰਦੀ, ਭੁੱਖ/ਪਿਆਸ ਨਾਲ ਨਾ ਬੇਹੋਸ਼ ਹੋਣਗੇ ਤੇ ਨਾ ਮਰਨਗੇ। ਖਰਾਬ ਹੋ ਗਏ ਤਾਂ ਮੁਰੰਮਤ ਹੋ ਜਾਵੇਗੀ। ਚੰਨ/ਮੰਗਲ ਦੀਆਂ ਬਰਫਾਨੀ ਟੋਪੀਆਂ, ਟਾਈਟਨ ਦੀਆਂ ਬਰਫਾਂ ਕੱਜੀਆਂ ਝੀਲਾਂ, ਮੰਗਲ/ਚੰਨ ਦੀਆਂ ਜ਼ਮੀਨਦੋਜ਼ ਲਾਵੇ ਦੀਆਂ ਸੁਰੰਗਾਂ ਤੇ ਮਾਰੂ ਵਿਕੀਰਨ ਵਾਲੇ ਖੇਤਰ, ਭਾਵ ਰੋਬੋਟ ਹਰ ਔਖੀ ਹਾਲਤ ਵਿਚ ਵਿਗਿਆਨੀਆਂ ਦੇ ਅੜੇ-ਥੁੜ੍ਹੇ ਕਾਰਜ ਕਰ ਸਕਦੇ ਹਨ, ਬਿਨਾ ਅੱਕੇ ਥੱਕੇ। ਪੁਲਾੜੀ ਬਸਤੀਆਂ ਵਿਚ ਫੈਕਟਰੀਆਂ ਵਿਚ ਕਈ ਕਿਸਮ ਦੇ ਅਕਾਊ ਕੰਮ ਹੋਣਗੇ। ਉਹ ਵੀ ਇਨ੍ਹਾਂ ਨੂੰ ਸੌਂਪੇ ਜਾ ਸਕਣਗੇ। ਸੀਵਰੇਜ ਅਤੇ ਸੈਨੀਟੇਸ਼ਨ ਦੇ ਕੰਮ ਵੀ ਇਨ੍ਹਾਂ ਹਵਾਲੇ ਕਰਕੇ ਮਨੁੱਖ ਬੇਫਿਕਰ ਹੋ ਸਕਦਾ ਹੈ। ਇਹ ਸਾਰਾ ਕੁਝ ਤਾਂ ਇਹ ਕਰਨਗੇ ਪਰ ਸਵਾਲ ਹੈ ਕਿ ਕੀ ਇਹੋ ਜਿਹੇ ਰੋਬੋਟ ਬਣ ਵੀ ਸਕਦੇ ਹਨ?

ਮਸਨੂਈ ਬੁੱਧੀ ਨਾਲ ਇਹੋ ਜਿਹੇ ਰੋਬੋਟ ਬਣਾਉਣ ਦੀ ਗੱਲ 1955 ਵਿਚ ਡਾਰਟਮਾਊਥ ਵਿਚ ਬੜੇ ਜੋਸ਼-ਖਰੋਸ਼ ਨਾਲ ਸ਼ੁਰੂ ਹੋਈ। 1965 ਵਿਚ ਹਰਬਰਟ ਸਾਈਮਨ ਨੇ ਇਥੋਂ ਤਕ ਕਿਹਾ ਕਿ ਵੀਹ ਸਾਲ ਪਿਛੋਂ ਮਸ਼ੀਨਾਂ ਹਰ ਉਹ ਕੰਮ ਕਰਨ ਯੋਗ ਹੋ ਜਾਣਗੀਆਂ, ਜੋ ਮਨੁੱਖ ਕਰ ਸਕਦੇ ਹਨ, ਪਰ ਵੀਹ ਸਾਲ ਪਿਛੋਂ ਸਮਝ ਆ ਗਈ ਕਿ ਅਜੇ ਦਿੱਲੀ ਦੂਰ ਹੈ। ਦੋ ਵੱਡੀਆਂ ਮੁਸ਼ਕਿਲਾਂ ਸਨ: ਪੈਟਰਨਾਂ ਦੀ ਪਛਾਣ ਤੇ ਸਾਧਾਰਨ ਸੂਝ। ਰੋਬੋਟ ਦੇਖ ਤਾਂ ਸਕਦੇ ਹਨ ਪਰ ਦੇਖੇ ਨੂੰ ਸਮਝ, ਪਛਾਣ ਕੇ ਪੈਟਰਨ ਨਹੀਂ ਨਿਸ਼ਚਿਤ ਕਰ ਸਕਦੇ। ਗੋਲ/ਤਿਕੋਣ/ਚੌਰਸ/ਅੰਡਾਕਾਰ ਰੂਪਾਂ ਵਿਚ ਵੰਡੇ ਕਿਸੇ ਦ੍ਰਿਸ਼ ਨੂੰ ਸਮਝ, ਵੇਖ ਲੈਣਗੇ। ਰੋਬੋਟ ਇਨ੍ਹਾਂ ਤੱਤਾਂ ਨੂੰ ਸੰਗਠਨ ਵਿਚ ਬੰਨ ਕੇ ਸਾਧਾਰਨ ਸੂਝ ਨਾਲ ਇਨ੍ਹਾਂ ਦੀ ਵਿਆਖਿਆ ਜਾਂ ਨਵੇਂ ਉਦੇਸ਼ਾਂ ਲਈ ਵਰਤਣ ਦੀਆਂ ਨਵੀਆਂ ਸੰਭਾਵਨਾਵਾਂ ਬਾਰੇ ਆਪਣੇ ਆਪ ਇਕ ਕਦਮ ਵੀ ਨਹੀਂ ਪੁੱਟ ਸਕਦੇ। ਸੜਕ 'ਤੇ ਤੁਰੇ ਜਾਂਦੇ ਰੋਬੋਟ ਅੱਗੇ ਅਚਾਨਕ ਕੁੱਤਾ, ਬਿੱਲਾ, ਝੋਟਾ, ਬੱਚਾ, ਰੁੱਖ, ਅਪਾਹਜ ਬੰਦਾ ਆ ਜਾਵੇ ਤਾਂ ਇਹ ਫੈਸਲਾ ਨਹੀਂ ਕਰ ਸਕਦੇ ਕਿ ਕੀ





ਕਰਨਾ ਵਾਜਿਬ ਹੈ। ਇਨ੍ਹਾਂ ਵਿਚ ਸਾਡੇ ਬੱਚਿਆਂ ਵਰਗੀ ਸਾਧਾਰਨ ਸੂਝ ਵੀ ਨਹੀਂ ਹੈ। ਇਹ ਨਹੀਂ ਜਾਣਦੇ ਕਿ ਪਾਣੀ ਨਾਲ ਕੋਈ ਚੀਜ਼ ਗਿੱਲੀ ਹੋ ਜਾਂਦੀ ਹੈ, ਅੱਗ ਗਰਮ ਹੈ, ਸੱਪ ਜ਼ਹਿਰੀ ਹੈ। ਮਾਂਵਾਂ ਵੱਡੀਆਂ ਹੁੰਦੀਆਂ ਹਨ ਤੇ ਧੀਆਂ ਛੋਟੀਆਂ। ਬੱਚਿਆਂ ਨੇ ਇਹ ਸਾਰਾ ਕੁਝ ਕਿਸੇ ਕੰਪਿਊਟਰ ਪ੍ਰੋਗਰਾਮ ਜਾਂ ਗਣਿਤ ਸਮੀਕਰਨਾਂ ਨਾਲ ਨਹੀਂ ਸਿੱਖਿਆ। ਹਰ ਬੱਚਾ ਹਰ ਰੋਜ਼ ਹਰ ਘੜੀ ਕੁਝ ਨਵਾਂ ਜਾਣ/ਸਿੱਖ/ਸਮਝ ਰਿਹਾ ਹੈ। ਕੰਪਿਊਟਰ ਇੰਜ ਨਹੀਂ ਕਰ ਸਕਦਾ। ਇਸ ਨੂੰ ਜੋ ਦੱਸਣਾ/ਸਿੱਖਣਾ ਹੈ, ਉਹ ਮਨੁੱਖ ਨੇ ਪ੍ਰੋਗਰਾਮਿੰਗ ਕਰਕੇ ਹੀ ਇਸ ਦੇ ਦਿਮਾਗ ਵਿਚ ਪਾਉਣਾ ਹੈ। ਉਸ ਦੱਸੇ ਸਿਖਾਏ ਵਿਚ ਦਿੱਤੀਆਂ ਹਦਾਇਤਾਂ, ਪ੍ਰਾਪਤ ਸੰਭਾਵਨਾਵਾਂ, ਚੋਣਾਂ, ਪ੍ਰਤੀਕਰਮਾਂ ਜਾਂ ਪ੍ਰਤੀਕਰਮਾਂ ਦੀ ਪਹਿਲ-ਦੂਜ ਦਾ ਨਿਰਣਾ ਹੀ ਰੋਬੋਟ ਕਰੇਗਾ। ਉਸ ਤੋਂ ਬਾਹਰ ਇਹ ਕੁਝ ਵੀ ਨਹੀਂ ਕਰ ਸਕਦਾ। ਇਸ ਪੱਖੋਂ ਸਾਧਾਰਨ ਸਕੂਲ ਜਾਂਦੇ ਬੱਚੇ ਵੱਡੇ ਵੱਡੇ ਕੰਪਿਊਟਰਾਂ ਤੋਂ ਸਿਆਣੇ ਹਨ।

2011 ਵਿਚ ਜਾਪਾਨ ਦੇ ਫੁਕੂਸ਼ੀਮਾ ਨਿਊਕਲੀ ਹਾਦਸੇ ਪਿਛੋਂ ਵੱਡੀ ਮਾਤਰਾ ਵਿਚ ਮਾਰੂ ਰੇਡੀਏਸ਼ਨ ਨਿਕਲੀ। ਮਾਹਿਰਾਂ ਨੇ ਕਿਹਾ ਕਿ ਸਾਧਾਰਨ ਟੈਕਨਾਲੋਜੀ ਨਾਲ ਇਸ ਨੂੰ ਖਤਮ ਕਰਨ ਲਈ ਤੀਹ-ਚਾਲੀ ਸਾਲ ਲੱਗ ਜਾਣਗੇ ਅਤੇ 180 ਅਰਬ ਡਾਲਰ ਖਰਚਾ ਆਵੇਗਾ। 2013 ਵਿਚ ਇਸ ਵੰਗਾਰ ਨਾਲ ਰੋਬੋਟਿਕ ਤਰੀਕੇ ਨਾਲ ਨਿਬੜਨ ਲਈ ਅਮਰੀਕਾ ਦੀ ਡਿਫੈਂਸ ਐਡਵਾਂਸਡ ਰਿਸਰਚ ਪ੍ਰੋਜੈਕਟਸ ਏਜੰਸੀ (ਡੈਰਪਾ) ਨੇ ਪੈਂਤੀ ਲੱਖ ਡਾਲਰ ਦੇ ਡੈਰਪਾ ਰੋਬੋਟਿਕਸ ਚੈਲੰਜ ਪੁਰਸਕਾਰ ਦਾ ਐਲਾਨ ਕੀਤਾ। ਜਿੱਤਣ ਵਾਲੇ ਰੋਬੋਟ ਲਈ ਅੱਠ ਸਰਲ ਕੰਮ ਮਿੱਥੇ ਗਏ: ਕਾਰ ਚਲਾਓ, ਕਬਾੜ ਚੁੱਕੋ, ਦਰਵਾਜਾ ਖੋਲ੍ਹੋ, ਲੀਕ ਕਰ ਰਿਹਾ ਵਾਲਵ ਬੰਦ ਕਰੋ, ਪਾਈਪ ਜੋੜੋ, ਵਾਲਵ ਖੋਲ੍ਹੋ। ਮੁਕਾਬਲਾ ਸਖਤ ਸੀ ਪਰ ਕਿਸੇ ਨੂੰ ਵੀ ਇਸ ਵਿਚ ਸਫਲਤਾ ਨਾ ਮਿਲੀ। ਦਿੱਲੀ ਅਜੇ ਵੀ ਪਹਿਲਾਂ ਜਿੰਨੀ ਦੂਰ ਪ੍ਰਤੀਤ ਹੋਈ।

ਵਿਗਿਆਨੀ, ਜੋ ਪਹਿਲਾਂ ਦਿਮਾਗ ਨੂੰ ਇਕ ਕੰਪਿਊਟਰ ਵਾਂਗ ਮੰਨ ਕੇ ਤੁਰ ਰਹੇ ਸਨ, ਹੱਥ ਖੜ੍ਹੇ ਕਰ ਗਏ। ਉਹ ਮੰਨ ਗਏ ਕਿ ਦਿਮਾਗ ਨਿਰਾ ਡਿਜੀਟਲ ਕੰਪਿਊਟਰ ਨਹੀਂ। ਨਾ ਪ੍ਰੋਗਰਾਮਿੰਗ, ਨਾ ਸੀ. ਪੀ. ਯੂ., ਨਾ ਪੈਂਟੀਅਮ ਚਿਪ, ਨਾ ਕੋਡਿੰਗ। ਕੰਪਿਊਟਰ ਵਿਚੋਂ ਤਾਂ ਇਕ ਟਰਾਂਜ਼ਿਸਟਰ ਹੀ ਕੱਢ ਲਓ ਤਾਂ ਉਹ ਬੰਦ ਹੋ ਜਾਵੇਗਾ।

ਮਨੁੱਖੀ ਦਿਮਾਗ ਦਾ ਕੀ ਕਹੀਏ! ਅਪਰੇਸ਼ਨ ਕਰ ਕੇ ਇਸ ਦਾ ਕਿੰਨਾ ਹੀ ਹਿੱਸਾ ਕੱਢ ਦਿੰਦੇ ਹਨ। ਇਹ ਫਿਰ ਵੀ ਚੱਲੀ ਜਾਂਦਾ ਹੈ। ਬਸ ਕੁਝ ਕਾਰਜ ਹੀ ਪ੍ਰਭਾਵਿਤ ਹੁੰਦੇ ਹਨ। ਦਿਮਾਗ ਤਾਂ ਨਿਊਰਲ ਨੈਟਵਰਕ ਹੈ। ਹਰ ਪਲ, ਹਰ ਛਿਣ ਇਹ ਕੁਝ ਨਵਾਂ ਸਿੱਖ ਕੇ ਆਪਣੇ ਨੈਟਵਰਕ ਨੂੰ ਮੁੜ ਸੰਗਠਿਤ ਕਰਦਾ ਹੈ।

ਪੁਲਾੜ ਵਿਚ ਨਿੱਤ ਨਵੀਆਂ ਵੰਗਾਰਾਂ, ਅਨੁਭਵਾਂ ਅਤੇ ਖਤਰਿਆਂ ਦੇ ਸਾਹਮਣੇ ਮਨੁੱਖੀ ਦਿਮਾਗ ਹਰ ਘੜੀ ਨਿਊਰਲ ਨੈਟਵਰਕ ਨੂੰ ਪੁਨਰ-ਵਿਵਸਥਿਤ ਕਰ ਕੇ ਉਸ ਦੇ ਟਾਕਰੇ ਦੀਆਂ ਤਰਕੀਬਾਂ ਸੋਚ ਸਕਦਾ ਹੈ, ਪਰ ਰੋਬੋਟ ਕੀ ਕਰੇ? ਹਾਲ ਤਕ ਦੇ ਪ੍ਰਾਪਤ ਰੋਬੋਟ ਇਨ੍ਹਾਂ ਵੰਗਾਰਾਂ ਦੇ ਸਨਮੁੱਖ ਬੇਕਾਰ ਹਨ। ਵਿਗਿਆਨੀ ਤਾਂ ਮੱਛਰਾਂ ਦੇ ਦਿਮਾਗ ਦੀ ਸਮਰੱਥਾ ਉਤੇ ਹੀ ਹੈਰਾਨ ਹਨ, ਜਿਸ ਵਿਚ ਮਸਾਂ ਇਕ ਲੱਖ ਨਿਊਰੋਨ ਹੋਣਗੇ। ਮਨੁੱਖ ਵਿਚ ਤਾਂ ਇਨ੍ਹਾਂ ਦੀ ਗਿਣਤੀ ਅਰਬਾਂ-ਖਰਬਾਂ ਵਿਚ ਹੈ। ਵਿਗਿਆਨੀ ਇਸੇ ਕਿਸਮ ਦੇ ਨਿਊਰਲ ਨੈਟਵਰਕ ਵਾਲੇ ਕੰਪਿਊਟਰਾਂ ਬਾਰੇ ਖੋਜ ਵਿਚ ਲੱਗ ਗਏ ਹਨ। ਇਸ ਖੋਜ ਪ੍ਰੋਜੈਕਟ/ਵਿਗਿਆਨ ਨੂੰ ਡੀਪ ਲਰਨਿੰਗ ਦਾ ਨਾਮ ਦਿੱਤਾ ਗਿਆ ਹੈ।

ਰੋਬੋਟਾਂ ਦੀ ਲੋੜ ਤੇ ਵਰਤੋਂ ਤਾਂ ਭਵਿੱਖ ਦੀਆਂ ਪੁਲਾੜ ਉਡਾਰੀਆਂ ਵਿਚ ਵਧਣੀ ਹੀ ਵਧਣੀ ਹੈ, ਪਰ ਇਹ ਵਧੇਰੇ ਸਵੈ-ਚੇਤਨਾ ਅਤੇ ਆਪਣੇ ਪ੍ਰਾਰੂਪ ਆਪੇ ਬਣਾ ਲੈਣ ਵਾਲੇ ਬਣਾਉਣੇ ਪੈਣਗੇ। ਜੀਵ ਵਿਗਿਆਨ ਦੱਸਦਾ ਹੈ ਕਿ ਵਾਇਰਸ ਸਾਡੇ ਸੈਲ ਵਰਤ ਕੇ ਆਪਣੀ ਗਿਣਤੀ ਵਧਾ ਲੈਂਦੇ ਹਨ। ਬੈਕਟੀਰੀਆ ਆਪ ਹੀ ਟੁੱਟ-ਟੁੱਟ ਕੇ ਨਵੇਂ ਬੈਕਟੀਰੀਆ ਬਣਾਈ ਜਾਂਦੇ ਹਨ। ਇਹ ਸੂਖਮ ਜੀਵ ਆਪਣੇ ਹੀ ਇਕ ਤੋਂ ਦੋ, ਦੋ ਤੋਂ ਚਾਰ ਹੋ ਕੇ ਵਧੀ ਜਾਂਦੇ ਹਨ। ਮਨੁੱਖੀ ਭਰੂਣ ਦਾ ਬੀਜ ਵੀ ਤਾਂ ਜ਼ਾਈਗੋਟ ਨਾਂ ਦਾ ਫਰਟੀਲਾਈਜ਼ਡ ਸੈਲ ਹੈ, ਜੋ ਇਕ ਤੋਂ ਦੋ, ਦੋ ਤੋਂ ਚਾਰ ਹੋ ਕੇ ਫਲਦਾ-ਫੁੱਲਦਾ ਨੌਂ ਕੁ ਮਹੀਨੇ ਵਿਚ ਬੱਚੇ ਦਾ ਰੂਪ ਧਾਰ ਲੈਂਦਾ ਹੈ। ਇਹ ਡੀ. ਐਨ. ਏ. ਆਸਰੇ ਇੰਜ ਕਰਦਾ ਹੈ। ਡੀ. ਐਨ. ਏ. ਮੌਲੀਕਿਊਲ ਹੋਰ ਮੌਲੀਕਿਊਲਾਂ ਤੋਂ ਦੋ ਗੱਲਾਂ ਕਰਕੇ ਵੱਖਰਾ ਹੈ। ਪਹਿਲਾ, ਇਸ ਵਿਚ ਜੀਵਨ ਦੇ ਨਕਸ਼ ਸਿਰਜਣ, ਸਾਂਭਣ, ਸੰਚਾਰਿਤ ਕਰਨ ਵਾਲੀ ਢੇਰਾਂ ਦੀ ਢੇਰ ਜਾਣਕਾਰੀ। ਦੂਜਾ, ਇਹ ਆਪਣਾ ਪੁਨਰ ਉਤਪਾਦਨ ਕਰ ਸਕਦਾ ਹੈ। ਕੀ ਇਹ ਦੋ ਗੁਣ ਮਸ਼ੀਨਾਂ ਵਿਚ ਨਹੀਂ ਪਾਏ ਜਾ ਸਕਦੇ? ਇਸ ਨੁਕਤੇ ਉਤੇ ਸੋਚਦਿਆਂ ਜਾਨ ਵਾਨ ਨਿਊਮਾਨ ਨੇ ਇਸ ਪ੍ਰਸ਼ਨ ਤੋਂ ਸ਼ੁਰੂਆਤ ਕੀਤੀ ਕਿ ਛੋਟੀ ਤੋਂ ਛੋਟੀ ਸਵੈ-ਸਿਰਜਕ ਮਸ਼ੀਨ ਕੀ ਹੋ ਸਕਦੀ ਹੈ?

ਉਸ ਨੇ ਮਸਲੇ ਦਾ ਪੜਾਵਾਂ ਵਿਚ ਵੰਡ ਕੇ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ। ਪਹਿਲਾ, ਕੁਝ ਨਿਰਮਾਣਕਾਰੀ ਬਲਾਕ ਲਓ। ਦੂਜਾ, ਉਨ੍ਹਾਂ ਨੂੰ ਅਸੈਂਬਲ ਕਰੋ। ਇਹ ਕੰਮ ਆਪ ਨਾ ਕਰੋ ਇਕ ਅਸੈਂਬਲਰ ਕਰੇ, ਜੋ ਕੰਪਿਊਟਰ ਨਾਲ ਚੱਲੇ। ਤੀਜਾ, ਇਕ ਕੰਪਿਊਟਰ ਪ੍ਰੋਗਰਾਮ ਤਿਆਰ ਕਰੋ, ਜੋ ਅਸੈਂਬਲਰ ਨੂੰ ਦੱਸੇ ਕਿ ਕਿਹੜੇ ਬਲਾਕ, ਕਿਸ ਕ੍ਰਮ ਲੜੀ ਵਿਚ ਅਸੈਂਬਲ ਕਰਨੇ ਹਨ। ਚੌਥਾ, ਆਪਣੀ ਸਵੈ-ਸਿਰਜਣਾ ਲਈ ਇਹ ਮਸ਼ੀਨ ਤੇ ਅਸੈਂਬਲਰ ਕਦਮ ਚੁੱਕਣ। ਨਿਊਮਨ ਨੇ ਇਹ ਯਤਨ 1940-50 ਵਿਚ ਕੀਤੇ, ਪਰ ਨਿਰਾਸ਼ ਹੋ ਕੇ ਛੱਡ ਦਿੱਤੇ। 1980 ਵਿਚ ਨਾਸਾ ਨੇ ਪੁਲਾੜੀ ਮਿਸ਼ਨਾਂ ਲਈ ਇਸ ਮਸਲੇ ਨੂੰ ਫਿਰ ਛੇੜਿਆ। ਦਸ ਕੁ ਸਾਲ ਬਾਅਦ ਫਿਰ ਗੱਲ ਮੱਠੀ ਪੈ ਗਈ। ਹੁਣ ਇਕੀਵੀਂ ਸਦੀ ਵਿਚ ਮੁੜ ਇਸ ਉਤੇ ਕੰਮ ਸ਼ੁਰੂ ਹੋਇਆ ਹੈ। ਥ੍ਰੀ-ਡੀ ਪ੍ਰਿੰਟਰ ਨਾਲ ਇਸ ਯਤਨ ਨੂੰ ਅੱਗੇ ਤੋਰਨ ਦੀ ਆਸ ਵਧੀ ਹੈ, ਪਰ ਕੁੱਲ ਮਿਲਾ ਕੇ ਅਜੇ ਸਾਡੇ ਹੱਥ ਖਾਲੀ ਹਨ।

2017 ਵਿਚ ਦੋ ਅਰਬਪਤੀ ਅਮਰੀਕੀ ਉਦਮੀਆਂ ਵਿਚ ਮਸਨੂਈ ਬੁੱਧੀ ਦੇ ਭਵਿੱਖ ਬਾਰੇ ਵਿਵਾਦ ਪੈਦਾ ਹੋ ਗਿਆ। ਮਾਰਕ ਜ਼ੁਕਰਬਰਗ ਨੇ ਕਿਹਾ ਕਿ ਮਸਨੂਈ ਬੁੱਧੀ ਦੌਲਤ ਤੇ ਖੁਸ਼ਹਾਲੀ ਦੇ ਰਾਹ ਖੋਲ੍ਹ ਸਕਦੀ ਹੈ। ਉਸ ਦੇ ਉਲਟ ਐਲਨ ਮਸਕ ਨੇ ਕਿਹਾ ਕਿ ਇਹ ਮਨੁੱਖਤਾ ਲਈ ਖਤਰੇ ਖੜ੍ਹੇ ਕਰੇਗੀ। ਸੁਪਰ ਸਮਾਰਟ ਰੋਬੋਟਾਂ ਨੇ ਸਾਡੀ ਗੱਲ ਕਿਥੇ ਸੁਣਨੀ ਹੈ? ਉਦੋਂ ਰੋਬੋਟ ਸਾਡੇ ਗੁਲਾਮ ਨਹੀਂ ਰਹਿਣੇ। ਅਸੀਂ ਉਨ੍ਹਾਂ ਦੇ ਗੁਲਾਮ ਹੋ ਕੇ ਰਹਿ ਜਾਵਾਂਗੇ। ਇਹ ਤ੍ਰਾਸਦੀ ਉਦੋਂ ਹੀ ਸ਼ੁਰੂ ਹੋਵੇਗੀ, ਜਦੋਂ ਰੋਬੋਟਾਂ ਨੂੰ ਪਤਾ ਲੱਗ ਗਿਆ ਕਿ ਉਹ ਰੋਬੋਟ ਹਨ ਤੇ ਮਨੁੱਖ ਉਨ੍ਹਾਂ ਨੂੰ ਆਪਣੇ ਹਿੱਤਾਂ ਲਈ ਵਰਤ ਰਿਹਾ ਹੈ। ਉਦੋਂ ਉਹ ਮਨੁੱਖ ਤੋਂ ਬਾਗੀ ਹੋਣ ਦੇ ਰਾਹ ਪੈ ਸਕਦੇ ਹਨ। 2050 ਤੱਕ ਤਾਂ ਰੋਬੋਟ ਮਨੁੱਖੀ ਬੁੱਧੀ ਦੀ ਬਰਾਬਰੀ ਕਰਨ ਜੋਗੇ ਵੀ ਨਹੀਂ ਹੋਣੇ। ਹਾਂ, ਕੰਮ ਇਹ ਬਥੇਰੇ ਕਰਨਗੇ ਤੇ ਕਰਨਗੇ ਵੀ ਤੇਜ਼ੀ/ਕੁਸ਼ਲਤਾ ਨਾਲ ਬਿਨਾ ਅੱਕੇ ਥੱਕੇ।

ਮਨੁੱਖ ਸਵੈਚੇਤਨ ਹੈ। ਕੇਵਲ ਵਰਤਮਾਨ ਵਿਚ ਨਹੀਂ, ਅਤੀਤ ਤੇ ਭਵਿਖ ਵੀ ਇਸ ਦੇ ਦਿਮਾਗ ਵਿਚ ਨਿਰੰਤਰ ਇਸ ਦੀਆਂ ਯੋਜਨਾਵਾਂ ਨੂੰ ਵਿਵਸਥਿਤ ਕਰਦੇ ਹਨ। ਮਸ਼ੀਨਾਂ ਸਵੈਚੇਤਨ ਨਹੀਂ। ਮਨੁੱਖ ਨਿਰੰਤਰ ਆਪਣੇ ਉਦੇਸ਼ ਮਿਥਦਾ ਤੇ ਬਦਲਦਾ ਹੈ। ਮਸ਼ੀਨਾਂ ਇੰਜ ਨਹੀਂ ਕਰ ਸਕਦੀਆਂ। ਮਨੁੱਖ ਹੀ ਮਸ਼ੀਨਾਂ/ਰੋਬੋਟਾਂ ਵਿਚ ਇਕ ਫੇਲ੍ਹ-ਸੇਫ ਚਿਪ ਲਾ ਸਕਦਾ ਹੈ, ਜੋ ਉਨ੍ਹਾਂ ਦੇ ਬਾਗੀ ਹੋਣ ਦੇ ਪਹਿਲੇ ਹੀ ਕਦਮ ਉਤੇ ਜਾਮ ਕਰ ਦੇਵੇ। ਸਪਸ਼ਟ ਹੈ ਕਿ ਵਿਗਿਆਨੀ ਮਸਨੂਈ ਬੁੱਧੀ ਤੇ ਰੋਬੋਟਾਂ ਤੋਂ ਪੈਦਾ ਹੋਣ ਵਾਲੇ ਖਤਰਿਆਂ ਉਤੇ ਕੁੰਡਾ ਰੱਖ ਕੇ ਅੱਗੇ ਵਧਣ ਲਈ ਬਜ਼ਿੱਦ ਹਨ।

ਭਵਿੱਖ ਦੇ ਪੁਲਾੜ ਵਿਗਿਆਨ ਲਈ ਵਰਦਾਨ ਬਣਨ ਵਾਲੀ ਅੰਤਿਮ ਸ਼ੈਅ ਕੁਆਂਟਮ ਕੰਪਿਊਟਰ ਨਾਲ ਹੀ ਇਹ ਚਰਚਾ ਖਤਮ ਕਰਨੀ ਬਣਦੀ ਹੈ। ਇਹ ਕੰਪਿਊਟਰ ਸੂਚਨਾਵਾਂ ਨੂੰ ਐਟਮਾਂ ਰਾਹੀਂ ਪ੍ਰੋਸੈਸ ਕਰਨਗੇ। ਇੰਨੇ ਸੂਖਮ ਕਿ ਨਾਲ ਦੇ ਕਮਰੇ ਵਿਚ ਕੋਈ ਛਿੱਕ ਵੀ ਮਾਰੇ ਤਾਂ ਇਹ ਡਿਸਟਰਬ ਹੋ ਜਾਣ। ਅੱਜ ਦੇ ਕੁਆਂਟਮ ਕੰਪਿਊਟਰ ਨਿੱਕੀਆਂ-ਮੋਟੀਆਂ ਗਣਨਾਵਾਂ ਹੀ ਕਰਨ ਦੇ ਸਮਰੱਥ ਹਨ। ਇਸ ਸਮੇਂ ਕੁਆਂਟਮ ਕੰਪਿਊਟਰ ਦਾ ਵਿਸ਼ਵ ਰਿਕਾਰਡ ਬਸ ਵੀਹ ਕਿਊਬਿਟ ਦਾ ਹੈ। ਕੁਆਂਟਮ ਕੰਪਿਊਟਰ ਦਾ ਵਿਕਾਸ ਐਟਮਾਂ ਦੀ ਇਕ-ਦੂਜੇ ਨਾਲ ਸੁਮੇਲ ਵਿਚ ਰਹਿ ਕੇ ਥਰਕਣ ਦੀ ਯੋਗਤਾ/ਅਯੋਗਤਾ ਉਤੇ ਨਿਰਭਰ ਹੈ।

# ਪੰਜਾਬੀ ਫਿਲਮ ਨਿਰਦੇਸ਼ਨ 'ਚ ਨਵੀਆਂ ਪੈੜਾਂ ਪਾ ਰਿਹਾ ਨਿਰਦੇਸ਼ਕ ਸ਼ਿਵਤਾਰ ਸ਼ਿਵ

'ਕੌਮ ਦੇ ਹੀਰੇ', 'ਪੱਤਾ ਪੱਤਾ ਸਿੰਘਾਂ ਦਾ ਵੈਰੀ', 'ਯਾਰ ਅਨਮੁੱਲੇ-2', 'ਨਿੱਕਾ ਜ਼ੈਲਦਾਰ-2', 'ਧਰਮ ਯੁੱਧ ਮੋਰਚਾ', 'ਵਨਸ ਅਪੌਨ ਟਾਈਮ ਇਨ ਅੰਮ੍ਰਿਤਸਰ', 'ਸੱਗੀ ਫੁੱਲ' ਆਦਿ ਫਿਲਮਾਂ ਨਾਲ ਚਰਚਾ ਵਿਚ



ਆਇਆ ਸਫਲ ਸਿਨਮੇਟੋਗ੍ਰਾਫਰ ਅਤੇ ਨਿਰਦੇਸ਼ਕ ਸ਼ਿਵਤਾਰ ਸ਼ਿਵ ਇਨ੍ਹੀਂ ਦਿਨੀਂ ਆਪਣੀ ਨਵੀਂ ਫਿਲਮ 'ਖਤਰੇ ਦਾ ਘੁੱਗੂ' ਨਾਲ ਮੁੜ ਸਰਗਰਮ ਹੈ। 'ਅਨੰਤਾ ਫਿਲਮਜ਼' ਦੇ ਬੈਨਰ ਹੇਠ ਬਣ ਰਹੀ ਇਸ ਫਿਲਮ ਵਿਚ ਜੌਰਡਨ ਸੰਧੂ, ਦਿਲਜੋਤ, ਬੀ. ਐਨ. ਸ਼ਰਮਾ, ਅਮਨ, ਨੀਟੂ ਪੰਧੇਰ, ਅਨੀਤਾ ਸਬਦੀਸ਼ ਅਤੇ ਰਵਿੰਦਰ ਮੰਡ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਨਿਰਮਾਤਾ ਅਮਨ ਚੀਮਾ ਹੈ, ਜੋ ਫਿਲਮ ਦਾ ਸਹਿ ਨਿਰਦੇਸ਼ਕ ਵੀ ਹੈ।

ਫਿਲਮ ਦੇ ਨਿਰਦੇਸ਼ਕ ਸ਼ਿਵਤਾਰ ਸ਼ਿਵ ਨੇ ਦੱਸਿਆ ਕਿ ਇਹ ਫਿਲਮ ਆਮ ਫਿਲਮਾਂ ਤੋਂ ਹਟ ਕੇ ਪਿਆਰ ਮੁਹੱਬਤ ਵਰਗੇ ਇੱਕ ਦਿਲਚਸਪ ਵਿਸ਼ੇ ਦੀ ਕਹਾਣੀ 'ਤੇ ਆਧਾਰਤ ਹੈ, ਜੋ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ। ਫਿਲਮ ਦਾ ਗੀਤ-ਸੰਗੀਤ ਵੀ ਕਮਾਲ ਦਾ ਹੈ।

ਜ਼ਿਕਰਯੋਗ ਹੈ ਕਿ ਸ਼ਿਵਤਾਰ ਸ਼ਿਵ ਬਹੁਤ ਮਿਹਨਤੀ ਤੇ ਲਗਨ ਵਾਲਾ ਕਲਾ ਪ੍ਰੇਮੀ ਹੈ। ਸਹਿਨਸ਼ੀਲਤਾ ਅਤੇ ਨਿਮਰਤਾ ਉਸ ਵਿਚ ਕੁੱਟ ਕੁੱਟ ਕੇ ਭਰੀ ਹੋਈ ਹੈ। ਉਸ ਨੇ ਆਪਣੀ ਸ਼ੁਰੂਆਤ ਇੱਕ ਫੋਟੋਗ੍ਰਾਫਰ ਤੋਂ ਕੀਤੀ ਸੀ ਤੇ ਅੱਜ ਉਹ ਬਤੌਰ ਨਿਰਦੇਸ਼ਕ ਪੰਜਾਬੀ ਫਿਲਮਾਂ ਲਈ ਸਰਗਰਮ ਹੈ। ਨਾਭਾ ਸ਼ਹਿਰ ਦੇ ਜੰਮ-ਪਲ ਸ਼ਿਵਤਾਰ ਸ਼ਿਵ ਨੇ ਦੱਸਿਆ ਕਿ ਕਲਾ ਨਾਲ ਉਸ ਨੂੰ ਬਚਪਨ ਤੋਂ ਹੀ ਲਗਾਓ ਹੈ। ਫਿਲਮ ਤਕਨੀਕ ਦੇ ਖੇਤਰ ਵਿਚ ਉਸ ਨੂੰ ਇਲਾਕੇ ਦਾ ਰੰਗਮੰਚ ਕਲਾਕਾਰ ਕੁਲਵੰਤ ਖੱਟੜਾ ਲੈ ਕੇ ਆਇਆ। ਉਸ ਨੇ ਪੰਜਾਬੀ ਗਾਇਕਾਂ ਦੇ ਵੀਡੀਓ ਬਣਾਉਣ ਤੋਂ ਸ਼ੁਰੂਆਤ ਕੀਤੀ। ਪਰਿਵਾਰ ਵਲੋਂ ਵੀ ਉਸ ਨੂੰ ਇਸ ਖੇਤਰ ਵਿਚ ਆਉਣ ਲਈ ਭਰਪੂਰ ਸਹਿਯੋਗ ਮਿਲਿਆ ਤੇ ਉਹ ਕਿਸਮਤ ਅਜ਼ਮਾਉਣ ਲਈ ਬੰਬੇ ਗਿਆ, ਜਿੱਥੇ ਕਲਾ ਦੀਆਂ ਬਾਰੀਕੀਆਂ ਦਾ ਗਿਆਨ ਹਾਸਿਲ ਕੀਤਾ।

ਹਿੰਦੀ ਫਿਲਮ 'ਕਿਸਮਤ' ਨਾਲ ਆਪਣੇ ਕਲਾ ਸਫਰ ਦਾ ਆਗਾਜ਼ ਕਰਨ ਵਾਲੇ ਸ਼ਿਵਤਾਰ ਸ਼ਿਵ ਨੇ ਫਿਲਮਾਂ ਦੇ ਨਾਲ ਨਾਲ ਹਿੰਦੀ, ਪੰਜਾਬੀ ਦੇ ਅਨੇਕਾਂ ਚੈਨਲਾਂ ਤੋਂ ਚੱਲਦੇ ਨਾਮੀ ਸੀਰੀਅਲਾਂ ਲਈ ਬਤੌਰ ਅਸਿਸਟੈਂਟ ਕੰਮ ਕੀਤਾ, ਜਿਨ੍ਹਾਂ ਵਿਚ 'ਇੰਡੀਆ ਮੋਸਟ ਵਾਂਟਿਡ', 'ਅਗਨੀ', 'ਸੰਘਰਸ਼', 'ਕੇ ਸਟਰੀਟ ਪਾਲੀ', 'ਕਹਿਤਾ ਹੈ ਦਿਲ', 'ਕੁਛ ਇਸ ਤਰ੍ਹਾਂ', 'ਦਾਨੇ ਅਨਾਰ ਕੇ', 'ਸਿਰਨਾਵਾਂ', 'ਤੂਤਾਂ ਵਾਲਾ ਖੂਹ', 'ਆਪਨੇ ਬਿਗਾਨੇ', 'ਦੋ ਅਕਾਲਗੜ੍ਹ', 'ਚੰਡੀਗੜ੍ਹ ਕੈਂਪਸ', 'ਸੌਦੇ ਦਿਲਾਂ ਦੇ', 'ਕੌੜਾ ਸੱਚ, 'ਯੰਗ ਪੰਜਾਬੀ ਸਟਾਰ', 'ਗੇੜੀ ਪੰਜਾਬ ਦੀ' ਆਦਿ ਚਰਚਿਤ ਲੜੀਵਾਰ ਸਨ। ਸ਼ਿਵਤਾਰ ਸ਼ਿਵ ਨੇ ਪੰਜਾਬੀ ਗਾਇਕਾਂ ਦੇ ਵੀਡੀਓ ਲਈ ਵੀ ਕੰਮ ਕੀਤਾ।

ਇਸ ਤੋਂ ਇਲਾਵਾ ਚਰਚਿਤ ਲਘੂ ਫਿਲਮਾਂ 'ਬਰਫ', 'ਵੰਡ' ਅਤੇ 'ਵਾਰੀ' ਵੀ ਕੀਤੀਆਂ। ਫਿਲਮ ਨਿਰਦੇਸ਼ਨ ਬਾਰੇ ਸ਼ਿਵਤਾਰ ਸ਼ਿਵ ਦਾ ਕਹਿਣਾ ਹੈ ਕਿ ਕੈਮਰਾਮੈਨ ਤੇ ਨਿਰਦੇਸ਼ਨ ਦਾ ਕੰਮ ਆਪਸ ਵਿਚ ਜੁੜਿਆ ਹੋਇਆ ਹੁੰਦਾ ਹੈ। ਉਸ ਨੇ ਲੰਮੇ ਸਮੇਂ ਦੇ ਤਜ਼ਰਬੇ ਤੋਂ ਬਾਅਦ ਹੀ ਇੱਧਰ ਕਦਮ ਵਧਾਇਆ ਹੈ। ਉਹ ਕਹਿੰਦਾ ਹੈ, ਚੰਗੀਆਂ ਫਿਲਮਾਂ ਕਰਨ ਦਾ ਇੱਕ ਵੱਖਰਾ ਹੀ ਮਜ਼ਾ ਹੁੰਦਾ ਹੈ।

***-ਹਰਜਿੰਦਰ ਸਿੰਘ ਜਵੰਦਾ***
***ਫੋਨ: 91-94638-28000***

# 'ਮੰਜੇ ਬਿਸਤਰੇ-2' ਵਿਚ ਗਿੱਪੀ ਗਰੇਵਾਲ ਨਾਲ ਨਜ਼ਰ ਆਵੇਗੀ ਸਿੰਮੀ ਚਾਹਲ

12 ਅਪਰੈਲ ਨੂੰ ਰਿਲੀਜ਼ ਹੋ ਰਹੀ ਗਿੱਪੀ ਗਰੇਵਾਲ ਦੀ ਮਨੋਰੰਜਨ ਭਰਪੂਰ ਕਾਮੇਡੀ ਫਿਲਮ 'ਮੰਜੇ ਬਿਸਤਰੇ-2' ਵਿਚ ਸਿੰਮੀ ਚਾਹਲ ਮੁੱਖ ਭੂਮਿਕਾ ਵਿਚ ਨਜ਼ਰ ਆਵੇਗੀ। ਇਸ ਤੋਂ ਪਹਿਲਾਂ ਸਿੰਮੀ ਚਾਹਲ ਫਿਲਮ 'ਰੱਬ ਦਾ ਰੇਡੀਓ' ਵਿਚ ਇੱਕ ਮਾਸੂਮ ਜਿਹੀ ਪੇਂਡੂ ਕੁੜੀ ਦੇ ਕਿਰਦਾਰ ਨਾਲ ਵਾਹ ਵਾਹ ਖੱਟ ਚੁਕੀ ਹੈ, ਜਦਕਿ ਇਸ ਫਿਲਮ ਵਿਚ ਉਸ ਦਾ ਕਿਰਦਾਰ ਉਸ ਦੇ ਪਹਿਲੇ ਕਿਰਦਾਰਾਂ ਤੋਂ ਬਹੁਤ ਹਟ ਕੇ ਵਿਦੇਸ਼ੀ ਲਹਿਜ਼ੇ ਵਾਲਾ ਹੋਵੇਗਾ। ਉਹ ਕੈਨੇਡੀਅਨ ਪੰਜਾਬੀ ਪਰਿਵਾਰ ਦੀ ਕੁੜੀ ਹੈ। ਉਸ ਨੂੰ ਇਸ ਫਿਲਮ ਵਿਚਲੇ ਆਪਣੇ ਕਿਰਦਾਰ ਤੋਂ ਬਹੁਤ ਆਸਾਂ ਹਨ, ਜੋ ਦਰਸ਼ਕਾਂ ਨੂੰ ਬੇਹੱਦ ਪਸੰਦ ਆਵੇਗਾ। ਟੀਜ਼ਰ ਵਿਚ ਸਿੰਮੀ ਚਾਹਲ ਗਿੱਪੀ ਗਰੇਵਾਲ ਨਾਲ ਫੋਰਡ ਟਰੈਕਟਰ 'ਤੇ ਬੈਠੀ ਨਜ਼ਰ ਆਵੇਗੀ। ਇਸ ਜੋੜੀ ਦਾ ਇੱਕ ਦੋਗਾਣਾ 'ਕਰੰਟ' ਵੀ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਦਰਸ਼ਕਾਂ ਵਿਚ ਵੀ ਸਿੰਮੀ-ਗਿੱਪੀ ਦੀ ਰੁਮਾਂਟਿਕ ਜੋੜੀ ਦੇ ਚਰਚੇ ਹੋ ਰਹੇ ਹਨ।

ਸਾਲ 2017 ਦੀ ਬਹੁਚਰਚਿਤ ਪੰਜਾਬੀ ਫਿਲਮ 'ਮੰਜੇ ਬਿਸਤਰੇ' ਦੀ ਬੇਮਿਸਾਲ ਕਾਮਯਾਬੀ ਤੋਂ ਬਾਅਦ ਗਾਇਕ ਅਤੇ ਅਦਾਕਾਰ ਗਿੱਪੀ ਗਰੇਵਾਲ ਹੁਣ ਹਾਸੇ ਮਜ਼ਾਕ ਆਧਾਰਤ ਨਵੇਂ ਤਜਰਬਿਆਂ ਵਾਲੀ ਫਿਲਮ 'ਮੰਜੇ ਬਿਸਤਰੇ-2' ਲੈ ਕੇ ਆ ਰਿਹਾ ਹੈ। ਪੰਜਾਬ ਵਿਚ ਮੰਜੇ ਬਿਸਤਰੇ ਇਕੱਠੇ ਕਰਨਾ ਆਮ ਗੱਲ ਹੈ, ਪਰ ਇਸ ਵਾਰ ਫਿਲਮ ਦੇ ਕਲਾਕਾਰਾਂ ਨੇ ਪੰਜਾਬ ਦੀ ਥਾਂ ਕੈਨੇਡਾ ਜਾ ਕੇ ਮੰਜੇ ਬਿਸਤਰੇ ਇਕੱਠੇ ਕੀਤੇ ਹਨ। ਪਿਸ਼ੌਰੇ ਮਾਸੜ ਦਾ ਨਾਂ ਲੈ ਕੇ ਗੋਰੇ ਗੁਆਂਢੀਆਂ ਦੇ ਘਰੇ ਮੰਜੇ ਬਿਸਤਰੇ ਲੈਣ ਜਾਣਾ ਫਿਲਮ ਦਾ ਮਨੋਰੰਜਨ ਭਰਪੂਰ ਕਾਮੇਡੀ ਪੱਖ ਹੈ। ਜਿਵੇਂ ਕਿ ਟੀਜ਼ਰ ਵਿਚ ਵਿਖਾਇਆ ਗਿਆ ਹੈ, ਗਿੱਪੀ ਗਰੇਵਾਲ ਤੇ ਸਾਥੀ ਫੋਰਡ ਟਰੈਕਟਰ ਨਾਲ ਟਰਾਲੀ ਜੋੜ ਕੇ ਕੈਨੇਡੀਅਨ ਪੰਜਾਬੀਆਂ ਦੇ ਘਰਾਂ 'ਚੋਂ ਮੰਜੇ ਬਿਸਤਰੇ ਇੱਕਠੇ ਕਰਦੇ ਕਰਦੇ ਅੰਗਰੇਜ਼ ਗੁਆਂਢਣਾਂ ਦੇ ਘਰ ਵੀ ਚਲੇ ਜਾਂਦੇ ਹਨ,



ਜਿੱਥੇ ਪੰਜਾਬੀ ਅੰਗਰੇਜ਼ੀ ਦੀ ਮਿਕਸਿੰਗ ਮਨੋਰੰਜਨ ਭਰੀ ਕਾਮੇਡੀ ਮਾਹੌਲ ਸਿਰਜਦੀ ਹੈ। ਫਿਲਮ ਦੇ ਵਿਆਹ ਸਮਾਗਮ ਵਿਚ ਪੰਜਾਬੀਆਂ ਵਲੋਂ ਲਾਈਆਂ ਰੌਣਕਾਂ ਗੋਰਿਆਂ ਨੂੰ ਵੀ ਨੱਚਣ ਲਈ ਮਜਬੂਰ ਕਰਦੀਆਂ ਹਨ। ਦੂਜੀ ਗੱਲ, ਕਾਮੇਡੀ ਦੇ ਨਾਲ ਨਾਲ ਫਿਲਮ ਦਾ ਰੁਮਾਂਟਿਕ ਟਰੈਕ ਵੀ ਦਰਸ਼ਕਾਂ ਨੂੰ ਪ੍ਰਭਾਵਿਤ ਕਰੇਗਾ।

ਹੰਬਲ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਨਿਰਮਾਤਾ ਗਿੱਪੀ ਗਰੇਵਾਲ ਦੀ ਇਸ ਫਿਲਮ ਦਾ ਨਿਰਦੇਸ਼ਨ ਬਲਜੀਤ ਸਿੰਘ ਦਿਓ ਨੇ ਕੀਤਾ ਹੈ। ਫਿਲਮ ਦੀ ਕਹਾਣੀ ਅਤੇ ਸਕਰੀਨ ਪਲੇਅ ਗਿੱਪੀ ਗਰੇਵਾਲ ਅਤੇ ਡਾਇਲਾਗ ਨਰੇਸ਼ ਕਥੂਰੀਆ ਨੇ ਲਿਖੇ ਹਨ। ਫਿਲਮ ਵਿਚ ਗਿੱਪੀ ਗਰੇਵਾਲ, ਸਿੰਮੀ ਚਾਹਲ, ਗੁਰਪ੍ਰੀਤ ਘੁੱਗੀ, ਸਰਦਾਰ ਸੋਹੀ, ਕਰਮਜੀਤ ਅਨਮੋਲ, ਹੌਬੀ ਧਾਲੀਵਾਲ, ਮਲਕੀਤ ਰੌਣੀ, ਅਨੀਤਾ ਦੇਵਗਣ, ਨਿਸ਼ਾ ਬਾਨੋ, ਗੁਰਪ੍ਰੀਤ ਕੌਰ ਭੰਗੂ, ਬੀ. ਐਨ. ਸ਼ਰਮਾ, ਰਾਣਾ ਜੰਗ ਬਹਾਦਰ, ਬਨਿੰਦਰ ਬੰਨੀ, ਰਾਣਾ ਰਣਬੀਰ, ਬੀ. ਕੇ. ਰੱਖੜਾ, ਪ੍ਰਕਾਸ਼ ਗਾਧੂ ਆਦਿ ਅਹਿਮ ਕਲਾਕਾਰ ਹਨ।

***-ਸੁਰਜੀਤ ਜੱਸਲ***
***ਫੋਨ: 91-98146-07737***

# ਫਿਲਮੀ ਪਰਦੇ 'ਤੇ ਮੁੜ ਨਜ਼ਰ ਆਵੇਗਾ ਗਾਇਕ ਤੇ ਅਦਾਕਾਰ ਪ੍ਰੀਤ ਹਰਪਾਲ

ਪੰਜਾਬ ਦੇ ਸਰਹੱਦੀ ਜਿਲੇ ਗੁਰਦਾਸਪੁਰ ਦੇ ਇਕ ਛੋਟੇ ਜਿਹੇ ਪੱਛੜੇ ਹੋਏ ਪਿੰਡ ਤੋਂ ਉਠ ਕੇ ਆਪਣੀ ਗਾਇਕੀ ਦੇ ਜ਼ਰੀਏ ਦੁਨੀਆਂ ਭਰ ਵਿਚ ਆਪਣੀ ਪਛਾਣ ਬਣਾਉਣ ਵਾਲਾ ਗਾਇਕ ਅਤੇ ਅਦਾਕਾਰ ਪ੍ਰੀਤ ਹਰਪਾਲ ਲੰਮੇ ਸਮੇਂ ਤੋਂ ਪੰਜਾਬੀ ਗਇਕੀ ਦੀ ਫੁੱਲਵਾੜੀ 'ਚ ਮਹਿਕਾਂ ਖਿਲਾਰ ਰਿਹਾ ਹੈ। ਉਹ ਆਪਣੇ ਗੀਤਾਂ ਰਾਹੀਂ ਨਾ ਸਿਰਫ ਮਨੋਰੰਜਨ ਕਰਦਾ ਹੈ ਸਗੋਂ ਸਮਾਜ ਨੂੰ ਉਸਾਰੂ ਸੁਨੇਹਾ ਵੀ ਦਿੰਦਾ ਹੈ। ਇਸੇ ਕਰਕੇ ਉਹ ਹਰ ਉਮਰ ਦੇ ਸਰੋਤਿਆਂ ਦਾ ਪਸੰਦੀਦਾ ਗਾਇਕ ਹੈ। ਜ਼ਿਆਦਾਤਰ ਆਪਣੇ ਹੀ ਲਿਖੇ ਗੀਤ ਗਾਉਣ ਵਾਲੇ ਇਸ ਗਾਇਕ ਨੇ ਪੰਜਾਬੀ ਸੱਭਿਆਚਾਰ ਦਾ ਕਦੇ ਪੱਲਾ ਨਹੀਂ ਛੱਡਿਆ। ਉਸ ਦੇ ਹਰ ਗੀਤ 'ਚ ਪੰਜਾਬੀ ਮਿੱਟੀ ਦੀ ਖੁਸ਼ਬੋ ਅਤੇ ਪੇਂਡੂ ਸੱਭਿਆਚਾਰ ਦਾ ਸਾਦਾਪਣ ਜ਼ਰੂਰ ਝਲਕਦਾ ਹੈ।



ਪ੍ਰੀਤ ਹਰਪਾਲ ਗਾਇਕ ਦੇ ਨਾਲ ਨਾਲ ਵਧੀਆ ਅਦਾਕਾਰ ਵੀ ਹੈ, ਇਸ ਗੱਲ ਦਾ ਅਹਿਸਾਸ ਉਹ ਆਪਣੀਆਂ ਦੋ ਪੰਜਾਬੀ ਫਿਲਮਾਂ 'ਸਿਰਫਿਰੇ' ਅਤੇ 'ਮਾਈ ਸੈਲਫ ਪੇਂਡੂ' ਜ਼ਰੀਏ ਕਰਵਾ ਚੁਕਾ ਹੈ। ਗਾਇਕੀ ਅਤੇ ਨਿੱਜੀ ਰੁਝੇਵਿਆਂ ਕਾਰਨ ਉਹ ਕਈ ਸਾਲਾਂ ਤੋਂ ਸਿਨੇਮੇ ਤੋਂ ਦੂਰ ਸੀ। ਉਹ ਆਪਣੀ ਇਹ ਦੂਰੀ ਨਵੀਂ ਫਿਲਮ 'ਲੁਕਣ ਮੀਚੀ' ਜ਼ਰੀਏ ਖਤਮ ਕਰਨ ਜਾ ਰਿਹਾ ਹੈ।

ਪ੍ਰੀਤ ਹਰਪਾਲ ਜਾਣਦਾ ਹੈ ਕਿ ਉਹ ਉਮਰ ਦੇ ਹਿਸਾਬ ਨਾਲ ਹਰ ਫਿਲਮ 'ਚ ਨਾਇਕ ਵਜੋਂ ਪੇਸ਼ ਨਹੀਂ ਹੋ ਸਕਦਾ। ਸਿਨੇਮੇ ਦੀਆਂ ਲੋੜਾਂ ਅਤੇ ਢੁਕਵੇਂ ਵਿਸ਼ੇ ਦੇ ਇੰਤਜ਼ਾਰ ਕਾਰਨ ਹੀ ਉਸ ਨੂੰ ਕੁਝ ਸਾਲ ਫਿਲਮਾਂ ਤੋਂ ਦੂਰ ਰਹਿਣਾ ਪਿਆ। ਉਸ ਦੀ ਇੱਛਾ ਸੀ ਕਿ ਗਾਇਕੀ ਵਾਂਗ ਫਿਲਮਾਂ 'ਚ ਵੀ ਉਸ ਨੂੰ ਦਰਸ਼ਕਾਂ ਦਾ ਭਰਪੂਰ ਪਿਆਰ ਮਿਲੇ। ਇਸੇ ਲਈ ਉਹ ਬਿਨਾ ਕਿਸੇ ਕਾਹਲ ਦੇ ਅਜਿਹੇ ਵਿਸ਼ੇ ਦੀ ਭਾਲ 'ਚ ਸੀ, ਜੋ ਪਰਦੇ 'ਤੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਦੇ ਨਾਲ ਨਾਲ ਉਸ ਨੂੰ ਨਿੱਜੀ ਤੌਰ 'ਤੇ ਵੀ ਸੁਤੰਸ਼ਟ ਕਰ ਸਕੇ।

'ਲੁਕਣ ਮੀਚੀ' ਅਜਿਹੀ ਪੰਜਾਬੀ ਫਿਲਮ ਹੈ, ਜੋ ਰਿਸ਼ਤਿਆਂ ਦੀਆਂ ਤੰਦਾਂ ਅਤੇ ਆਪਸੀ ਪਿਆਰ ਵਿਚ ਹਉਮੈ ਕਾਰਨ ਆਉਂਦੀਆਂ ਤਰੇੜਾਂ ਨੂੰ ਬਿਆਨ ਕਰੇਗੀ। ਫਿਲਮ ਦੀ ਪਟਕਥਾ ਰਾਜੂ ਵਰਮਾ ਨੇ ਲਿਖੀ ਹੈ ਅਤੇ ਨਿਰੇਦਸ਼ਕ ਐਮ. ਹੁੰਦਲ ਹਨ। ਫਿਲਮ ਦਾ ਨਿਰਮਾਤਾ ਅਵਤਾਰ ਸਿੰਘ ਬੱਲ ਹੈ। ਫਿਲਮ ਵਿਚ ਦਰਸ਼ਕ ਪ੍ਰੀਤ ਹਰਪਾਲ ਨੂੰ ਪੰਜਾਬੀ ਅਦਾਕਾਰ ਗੱਗੂ ਗਿੱਲ ਦੇ ਛੋਟੇ ਭਰਾ ਦੇ ਰੂਪ ਵਿਚ ਦੇਖਣਗੇ। ਉਸ ਦਾ ਕਿਰਦਾਰ ਬੇਹੱਦ ਦਿਲਚਸਪ ਹੈ।

ਫਿਲਮ 'ਚ ਦਿਖਾਇਆ ਗਿਆ ਹੈ ਕਿ ਕਿਵੇਂ ਦੋ ਦੋਸਤ ਇਕ ਦੂਜੇ ਦੇ ਦੁਸ਼ਮਣ ਬਣ ਬੈਠਦੇ ਹਨ ਅਤੇ ਫਿਰ ਕਿਵੇਂ ਦਿਲੋਂ ਗਿਲੇ ਸ਼ਿਕਵੇ ਕੱਢ ਕੇ ਮੁੜ ਤੋਂ ਇਕ ਦੂਜੇ ਦੇ ਦੋਸਤ ਬਣਦੇ ਹਨ। ਇਹ ਫਿਲਮ ਉਸ ਦੇ ਅਦਾਕਾਰੀ ਕੱਦ ਨੂੰ ਹੋਰ ਉਚਾ ਚੁੱਕਣ ਦਾ ਦਮ ਰੱਖਦੀ ਹੈ। ਫਿਲਮ 'ਚ ਉਹ ਗੀਤ ਵੀ ਗਾ ਰਿਹਾ ਹੈ, ਜੋ ਦਰਸ਼ਕਾਂ ਨੂੰ ਪਸੰਦ ਆਉਣਗੇ। ਉਸ ਦਾ ਕਹਿਣਾ ਹੈ ਕਿ ਬੇਸ਼ੱਕ ਉਹ ਫਿਲਮਾਂ 'ਚ ਵੀ ਸਰਗਰਮ ਹੋ ਗਿਆ ਹੈ, ਪਰ ਗਾਇਕੀ 'ਤੇ ਇਸ ਦਾ ਅਸਰ ਨਹੀਂ ਪੈਣ ਦੇਵੇਗਾ। ਕੁਝ ਦਿਨ ਪਹਿਲਾਂ ਹੀ ਉਸ ਦਾ ਨਵਾਂ ਗੀਤ 'ਪਿੰਕ ਸੂਟ' ਰਿਲੀਜ਼ ਹੋਇਆ ਹੈ। ਆਪ ਲਿਖੇ ਉਸ ਦੇ ਇਸ ਗੀਤ ਨੂੰ ਪਹਿਲਾਂ ਵਾਂਗ ਹੀ ਭਰਪੂਰ ਪਿਆਰ ਮਿਲ ਰਿਹਾ ਹੈ।

***-ਆਸ਼ਿਮਾ ਸੱਚਦੇਵਾ, ਫੋਨ: 91-73072-66783***

# ਸੋਨਮ ਬਾਜਵਾ ਲਈ 'ਗੁੱਡੀਆਂ ਪਟੋਲੇ' ਲੈ ਆਇਆ ਗੁਰਨਾਮ ਭੁੱਲਰ

ਪੰਜਾਬੀ ਗਾਇਕਾਂ ਦਾ ਫਿਲਮੀ ਪਰਦੇ 'ਤੇ ਨਾਇਕ ਬਣ ਕੇ ਆਉਣਾ ਭਾਵੇਂ ਕੋਈ ਨਵੀਂ ਗੱਲ ਨਹੀਂ ਹੈ, ਪਰ ਗੁਰਨਾਮ ਭੁੱਲਰ ਵਰਗੇ ਸੋਹਣੇ ਸੁਨੱਖੇ ਸੋਲਾਂ ਕਲਾਂ ਸੰਪੂਰਨ ਕਲਾਕਾਰ ਦੀ ਗੱਲ ਕਰੀਏ ਤਾਂ ਪੰਜਾਬੀ ਸਿਨਮੇ 'ਚ ਇੱਕ ਅਸਲ ਨੌਜਵਾਨ ਨਾਇਕ ਦੀ ਚਿਰਾਂ ਤੋਂ ਘਾਟ ਪੂਰੀ ਹੁੰਦੀ ਜਾਪਦੀ ਹੈ। ਆਪਣੇ ਗੀਤਾਂ ਨਾਲ ਲੱਖਾਂ ਦਿਲਾਂ 'ਤੇ ਰਾਜ ਕਰਨ ਵਾਲਾ ਇਹ ਗਾਇਕ ਪੰਜਾਬੀ ਸਿਨਮੇ ਦਾ ਨਾਇਕ ਬਣ ਕੇ ਆਪਣੀ ਕਾਮਯਾਬ ਅਦਾਕਾਰੀ ਸਦਕਾ ਡੂੰਘੀਆਂ ਪੈੜਾਂ ਪਾਉਣ ਦੇ ਸਮਰੱਥ ਹੈ। ਆਪਣੇ ਕੁਝ ਕੁ ਗੀਤਾਂ ਨਾਲ ਦਿਨਾਂ ਵਿਚ ਹੀ ਸਟਾਰ ਬਣਿਆ ਗੁਰਨਾਮ ਭੁੱਲਰ ਮੁੱਢ ਤੋਂ ਹੀ ਸਖਤ ਮਿਹਨਤ ਅਤੇ ਲਗਨ ਵਾਲਾ ਕਲਾਕਾਰ ਹੈ। ਗਾਇਕੀ ਤੋਂ ਫਿਲਮਾਂ ਵੱਲ ਆਉਣਾ ਵੀ ਉਸ ਦਾ ਇੱਕ ਵੱਡਾ ਸੁਪਨਾ ਸੀ, ਜੋ ਫਿਲਮ 'ਗੁੱਡੀਆਂ ਪਟੋਲੇ' ਨਾਲ ਸਾਕਾਰ ਹੋਇਆ ਹੈ। ਇਸ ਫਿਲਮ ਵਿਚ ਉਸ ਦਾ ਕਿਰਦਾਰ ਇੱਕ ਪੇਂਡੂ ਦਿੱਖ ਵਾਲੇ ਰੁਮਾਂਟਿਕ ਤੇ ਹੱਸਮੁਖ ਜਿਹੇ ਮੁੰਡੇ ਦਾ ਹੈ, ਜੋ ਵਲੈਤੋਂ ਨਾਨਕੇ ਪਿੰਡ ਆਈਆਂ ਕੁੜੀਆਂ ਨੂੰ ਪ੍ਰਭਾਵਿਤ ਕਰਦਾ ਹੈ। ਫਿਲਮ ਦੇ ਟਰੇਲਰ 'ਚ ਗੁਰਨਾਮ ਭੁੱਲਰ ਤੇ ਸੋਨਮ ਦੀ ਜੋੜੀ ਨੂੰ ਪਸੰਦ ਕੀਤਾ ਜਾ ਰਿਹਾ ਹੈ, ਜਿਸ ਦੇ ਚਰਚੇ ਹਰੇਕ ਸਿਨੇਪ੍ਰੇਮੀ ਦੀ ਜ਼ੁਬਾਨ 'ਤੇ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਐਮੀ ਵਿਰਕ ਵਾਂਗ ਗੁਰਨਾਮ ਭੁੱਲਰ ਵੀ ਫਿਲਮੀ ਪਰਦੇ 'ਤੇ ਲੰਮੀ ਰੇਸ ਦਾ ਘੋੜਾ ਬਣ ਸਕਦਾ ਹੈ।




ਫਿਲਮ ਦੀ ਕਹਾਣੀ ਦੀ ਗੱਲ ਕਰੀਏ ਤਾਂ ਇਹ ਪੰਜਾਬ ਦੇ ਇਕ ਕੌੜੇ ਸੱਚ ਨਾਲ ਜੁੜੀ ਮੋਹ ਮੁਹੱਬਤ ਦੇ ਰੰਗ ਵਿਚ ਰੰਗੀ ਇੱਕ ਦਿਲਚਸਪ ਕਹਾਣੀ ਹੈ, ਜੋ ਦਰਸ਼ਕਾਂ ਦਾ ਹਰ ਪੱਖੋਂ ਮਨੋਰੰਜਨ ਕਰੇਗੀ। ਵਲੈਤੋਂ ਪੰਜਾਬ ਆਪਣੇ ਨਾਨਕੇ ਘਰ ਆਈਆਂ ਦੋ ਕੁੜੀਆਂ ਦੀ ਪਰਿਵਾਰਕ ਸਾਂਝ ਅਤੇ ਅਧਮੋਏ ਰਿਸ਼ਤਿਆਂ ਦੀ ਸੁੱਚੀ ਦਾਸਤਾਨ ਹੈ।

ਵਿਲੇਜ਼ਰ ਸਟੂਡੀਓ ਪ੍ਰੋਡਕਸ਼ਨ ਦੇ ਬੈਨਰ ਹੇਠ ਇਸ ਫਿਲਮ ਦਾ ਨਿਰਮਾਣ ਨਿਰਮਾਤਾ ਭਗਵੰਤਪਾਲ ਸਿੰਘ ਵਿਰਕ ਅਤੇ ਨਵ ਵਿਰਕ ਨੇ ਕੀਤਾ ਹੈ ਤੇ ਨਿਰਦੇਸ਼ਨ ਵਿਜੇ ਕੁਮਾਰ ਅਰੋੜਾ ਨੇ ਦਿੱਤਾ ਹੈ। ਫਿਲਮ ਦੀ ਕਹਾਣੀ 'ਕਿਸਮਤ', 'ਨਿੱਕਾ ਜ਼ੈਲਦਾਰ' ਸੀਰੀਜ਼ ਦੀਆਂ ਫਿਲਮਾਂ ਲਿਖਣ ਵਾਲੇ ਜਗਦੀਪ ਸਿੰਘ ਸਿੱਧੂ ਦੀ ਕਲਮ ਤੋਂ ਹੈ, ਜਿਸ ਨੇ ਕਹਾਣੀ, ਡਾਇਲਾਗ, ਸਕਰੀਨ ਸਿਰਜਣਾ ਕਰਦਿਆਂ 'ਕਿਸਮਤ' ਵਰਗਾ ਇਤਿਹਾਸ ਦੁਹਰਾਇਆ ਹੈ।

ਫਿਲਮ ਵਿਚ ਗੁਰਨਾਮ ਭੁੱਲਰ, ਸੋਨਮ ਬਾਜਵਾ, ਨਿਰਮਲ ਰਿਸ਼ੀ, ਤਾਨੀਆ, ਰੁਪਿੰਦਰ ਰੂਪੀ, ਗੁਰਪ੍ਰੀਤ ਭੰਗੂ, ਗੁਰਮੀਤ ਸਾਜਨ, ਸੀਮਾ ਕੌਸ਼ਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੇ ਗੀਤ ਗੁਰਨਾਮ ਭੁੱਲਰ, ਵਿੱਕੀ ਧਾਲੀਵਾਲ, ਗੈਰੀ ਵਿੰਦਰ ਤੇ ਹਰਿੰਦਰ ਕੌਰ ਨੇ ਲਿਖੇ ਹਨ।

'ਆਵਾਜ਼ ਪੰਜਾਬ ਦੀ-5' ਦੇ ਜੇਤੂ ਬਣ ਕੇ ਵਪਾਰਕ ਗਾਇਕੀ ਵੱਲ ਆਇਆ ਇਹ ਗਾਇਕ ਰੱਖ ਲਈ ਪਿਆਰ ਨਾਲ, ਸ਼ਨੀਵਾਰ, ਵਿਨੀਪੈਗ, ਸਾਡੇ ਆਲੇ, ਜਿੰਨਾ ਤੇਰਾ ਮੈਂ ਕਰਦੀ, ਪਹੁੰਚ ਆਦਿ ਗੀਤਾਂ ਨਾਲ ਕਦਮ ਦਰ ਕਦਮ ਅੱਗੇ ਤੁਰਦਾ ਗਿਆ, ਪਰ ਗੀਤ 'ਡਾਇਮੰਡ ਦੀ ਝਾਂਜਰ' ਨਾਲ ਗੁਰਨਾਮ ਸੋਹਰਤ ਦੇ ਸਿਖਰਲੇ ਡੰਡੇ 'ਤੇ ਜਾ ਬੈਠਾ।

ਗੁਰਨਾਮ ਭੁੱਲਰ ਨੇ ਕਿਹਾ ਕਿ ਉਹ ਆਪਣੇ ਚਾਹੁਣ ਵਾਲਿਆਂ ਦਾ ਸਦਾ ਸ਼ੁਕਰਗੁਜ਼ਾਰ ਹੈ। ਭਵਿੱਖ ਵਿਚ ਉਸ ਕੋਲ ਕਈ ਚੰਗੀਆਂ ਫਿਲਮਾਂ ਹਨ। ਫਿਲਮਾਂ ਦੇ ਨਾਲ ਨਾਲ ਉਹ ਗਾਇਕੀ ਨੂੰ ਵੀ ਬਰਾਬਰ ਲੈ ਕੇ ਤੁਰੇਗਾ। ਉਸ ਦੀ ਅਗਲੀ ਫਿਲਮ 'ਵਲੈਤੀ ਯੰਤਰ' ਵੀ ਜਲਦੀ ਰਿਲੀਜ਼ ਹੋਵੇਗੀ।

***-ਸੁਰਜੀਤ ਜੱਸਲ***
***ਫੋਨ: 91-98146-07737***

# ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਸ. ਅਮਰੀਕ ਸਿੰਘ ਸ਼ਿਕਾਗੋ

ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ

ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

## Amar Carpets Inc

ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249



# Sky Film & DJ Vic




ਸਕਾਈ ਐਂਟਰਟੇਨਮੇਂਟ ਨੂੰ ਇਹ ਪੁਰਸਕਾਰ ਨਵੇਂ ਜੋੜਿਆਂ ਨਾਲ ਕੰਮ ਕਰਨ ਵਿੱਚ ਆਪਣੀ ਸ਼ਾਨਦਾਰ ਕਾਰਜਕਾਰੀ ਲਈ ਦਿੱਤਾ ਗਿਆ ਹੈ।

DJ/MC, Dhol, 4K Video, Photography, Room Lighting, Live Video Display,LED Dance Floor, Cloud Effects, Fireworks and More





Team Sky Films & Production

Contact - Gagan 734 674 1854
www.skymademymemories.com



# US Business Brokers Inc.

## American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ









## Financing - Loans

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

*Contact us Buy or Sell business*

**AJ Sandhu (MBA)**
*Managing Broker/Realtor/Consultant*
*Licensed in IL, IN, WA*

Contact us for any Financing Need Nationwide.

- FAST APPROVAL • QUICK CLOSINGS • SBA 504 & 7A
- CONVENTIONAL LOANS • HOTELS, MOTELS
- GAS STATIONS, TRUCK STOPS • INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

916-995-0783 (Cell)
425-529-6283 (Cell)
*630-206-2467 (Fax)*
www.ubbchicago.com aj@ubbchicago.com